**Golden State Realty** | **JASSI GILL** *Broker/Owner*

Listing and Selling Homes
From San Jose to Sacramento

**Ph:510-304-9292**

**Refinance Now**
@ZERO COST

Call Sukhi Gill:510-207-9067

CA DRE Lic.#01180969 CA DRE# 00966763

Covered California — Certified Insurance Agent — Global Green Insurance Agency

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ

ਫੋਨ:510-487-1000

MANN@GGIABA.COM

Gurdawar Singh Mann — Gurcharan Singh Mann

**Mann Insurance Brokers Inc.**
4123 Dyer St., #230, Union City, CA 94587

**MOVING To INDIANA?**

ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Beenu Sikand
Legacy Homes Intl.
Broker Owner,
Realtor, CRS, MBA

Contact me today to BUY/SELL/INVEST in Indiana.

Ph: (317) 670-1055

Beenu.sikand@gmail.com
www.LegacyHomesInternational.com

Successfully Selling Real Estate for 17 Years!



Twenty-Second Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 07, February 13, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਮੋਦੀ ਨੇ ਕਿਸਾਨਾਂ ਨੂੰ ਠਿੱਠ ਕੀਤਾ

## ਗੈਰ-ਜ਼ਿੰਮੇਵਾਰਾਨਾ ਰਵੱਈਏ ਦੀ ਚੁਫੇਰਿਓਂ ਨਿੰਦਾ ਸ਼ੁਰੂ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਸ਼ਟਰਪਤੀ ਦੇ ਭਾਸ਼ਣ ਬਾਰੇ ਧੰਨਵਾਦ ਮਤੇ 'ਤੇ ਦਿੱਤੇ ਗੈਰ-ਜ਼ਿੰਮੇਵਾਰਾਨਾ ਅਤੇ ਅੜੀਅਲ ਰਵੱਈਏ ਵਾਲੇ ਭਾਸ਼ਣ ਦੀ ਚਰਚਾ ਜ਼ੋਰਾਂ ਉਤੇ ਹੈ। ਮੋਦੀ ਨੇ ਆਪਣੇ ਭਾਸ਼ਣ ਵਿਚ ਲੋਕਤੰਤਰੀ ਹੱਕਾਂ ਅਤੇ ਮਰਿਆਦਾ ਨੂੰ ਇਕ ਪਾਸੇ ਕਰਦਿਆਂ ਖੇਤੀ ਕਾਨੂੰਨਾਂ ਖਿਲਾਫ ਪਿਛਲੇ ਢਾਈ ਮਹੀਨਿਆਂ ਤੋਂ ਅੰਦੋਲਨ ਕਰ ਰਹੇ ਕਿਸਾਨਾਂ ਦੇ ਸੰਘਰਸ਼ ਉਤੇ ਹੀ ਸਵਾਲ ਖੜ੍ਹੇ ਕਰ ਦਿੱਤੇ।

ਗਣਤੰਤਰ ਦਿਵਸ ਮੌਕੇ ਅਤੇ ਬਾਅਦ ਵਿਚ ਵਾਪਰੀਆਂ ਘਟਨਾਵਾਂ, ਅੰਦੋਲਨ ਨੂੰ ਕੌਮਾਂਤਰੀ ਪੱਧਰ ਉਤੇ ਮਿਲੀ ਹਮਾਇਤ ਅਤੇ ਸੰਸਦ ਵਿਚ ਵਿਰੋਧੀ ਧਿਰਾਂ ਵੱਲੋਂ ਜਿਸ ਢੰਗ ਨਾਲ ਖੇਤੀ ਕਾਨੂੰਨਾਂ ਦੇ ਮਾਰੂ ਪ੍ਰਭਾਵਾਂ ਦੇ ਮੁੱਦੇ ਨੂੰ ਉਭਾਰਿਆ। ਇਸ ਕਰ ਕੇ ਉਮੀਦ ਕੀਤੀ ਜਾ ਰਹੀ ਸੀ ਕਿ ਲੋਕਤੰਤਰ ਦੇ ਹਾਮੀ ਮੁਲਕ ਦਾ ਪ੍ਰਧਾਨ ਮੰਤਰੀ ਇਸ ਮਸਲੇ ਦੀ ਗੰਭੀਰਤਾ ਨੂੰ ਸਮਝੇਗਾ ਪਰ ਮੋਦੀ ਨੇ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ 'ਅੰਦੋਲਨ-ਜੀਵੀ', ਪਰਜੀਵੀ ਤੇ 'ਆਦਤ ਤੋਂ ਮਜਬੂਰ' ਦਾ ਨਾਮ ਦੇ ਕੇ ਆਪਣਾ ਸਟੈਂਡ ਸਪਸ਼ਟ ਕਰ ਦਿੱਤਾ। ਇਸ ਤੋਂ ਪਹਿਲਾਂ ਸੰਸਦ ਵਿਚ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਵੀ ਸੰਘਰਸ਼ ਨੂੰ ਇਕ ਸੂਬੇ (ਪੰਜਾਬ) ਨਾਲ ਜੋੜ ਇਸ ਦੀ ਕੋਈ ਵੀ ਅਹਿਮੀਅਤ ਨਾ ਹੋਣ ਬਾਰੇ ਸਪਸ਼ਟ ਕਰ ਦਿੱਤਾ।

ਸਰਕਾਰ ਇਸ ਤਰ੍ਹਾਂ ਦਾ ਸਟੈਂਡ ਉਸ ਸਮੇਂ ਲੈ ਰਹੀ ਹੈ, ਜਦੋਂ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਧੱਕੇਸ਼ਾਹੀਆਂ ਦਾ ਮੁੱਦਾ ਕੌਮਾਂਤਰੀ ਪੱਧਰ ਉਤੇ ਛਾਇਆ ਹੋਇਆ ਹੈ। ਵੱਡੀ ਗਿਣਤੀ ਕੌਮਾਂਤਰੀ ਹਸਤੀਆਂ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਆ ਖੜ੍ਹੀਆਂ ਹਨ। ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਤੋਂ ਬਾਅਦ ਇਹ ਅੰਦੋਲਨ ਪੂਰੇ ਮੁਲਕ ਵਿਚ ਫੈਲ ਗਿਆ ਹੈ। ਸੰਸਦ ਵਿਚ ਵਿਰੋਧੀ ਧਿਰਾਂ ਦੇ ਆਗੂਆਂ ਨੇ ਇਨ੍ਹਾਂ ਕਾਨੂੰਨਾਂ ਦੇ ਇਕ-ਇਕ ਮਾਰੂ ਪ੍ਰਭਾਵ ਨੂੰ ਸੰਸਦ ਵਿਚ ਖੁੱਲ੍ਹ ਕੇ ਰੱਖਿਆ ਹੈ, ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਨੂੰ ਅੰਦੋਲਨ ਵਾਪਸ ਲੈਣ ਦੀ ਸਲਾਹ ਦੇ ਕੇ ਸਾਫ ਕਰ ਦਿੱਤਾ ਕਿ ਉਹ (ਕਿਸਾਨ) ਉਨ੍ਹਾਂ ਦੀ ਸਰਕਾਰ ਤੋਂ ਉਮੀਦ ਨਾ ਰੱਖਣ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਇਹ ਸਪਸ਼ਟ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਲੋਕਾਂ ਨੂੰ ਉਹ (ਸਰਕਾਰ) ਟੁਕੜੇ-ਟੁਕੜੇ ਗੈਂਗ,



ਨਕਸਲੀ, ਦੇਸ਼-ਧ੍ਰੋਹੀ, ਦੇਸ਼ ਕੇ ਗੱਦਾਰ ਤੇ ਖਾਲਿਸਤਾਨੀ ਹੋਣ ਦਾ 'ਰੁਤਬਾ' ਦੇਣ ਤੋਂ ਗੁਰੇਜ਼ ਨਹੀਂ ਕਰੇਗੀ।

ਯਾਦ ਰਹੇ ਕਿ ਖੇਤੀ ਕਾਨੂੰਨ ਨੂੰ ਰੱਦ ਕਰਵਾਉਣ, ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਨੂੰ ਲੈ ਕੇ ਲੱਖਾਂ ਦੀ ਗਿਣਤੀ ਵਿਚ ਕਿਸਾਨ ਪਿਛਲੇ ਢਾਈ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਮੱਲੀ ਬੈਠੇ ਹਨ। ਇਸ ਸੰਘਰਸ਼ ਵਿਚ 200 ਤੋਂ ਜ਼ਿਆਦਾ ਕਿਸਾਨਾਂ ਦੀਆਂ ਜਾਨਾਂ ਗਈਆਂ ਹਨ। ਹਜ਼ਾਰਾਂ ਬਜ਼ੁਰਗਾਂ, ਔਰਤਾਂ, ਬੱਚਿਆਂ ਅਤੇ ਹੋਰਨਾਂ ਨੇ ਪੋਹ-ਮਾਘ ਦੀਆਂ ਸਰਦ ਰਾਤਾਂ ਸੜਕਾਂ 'ਤੇ ਗੁਜ਼ਾਰੀਆਂ ਹਨ। 26 ਜਨਵਰੀ ਗਣਤੰਤਰ ਦਿਵਸ ਮੌਕੇ ਵਾਪਰੀਆਂ ਘਟਨਾਵਾਂ ਕਾਰਨ ਲੱਗੇ ਝਟਕੇ ਪਿੱਛੋਂ ਹੋਰ ਤਕੜਾ ਹੋ ਕੇ ਉਠੇ ਅੰਦੋਲਨ ਤੋਂ ਬਾਅਦ ਪ੍ਰਧਾਨ ਮੰਤਰੀ ਦੇ 'ਇਕ ਕਾਲ ਦੀ ਦੂਰੀ' ਵਾਲੇ ਬਿਆਨ ਤੋਂ ਜਾਪ ਰਿਹਾ ਸੀ ਕਿ ਸਰਕਾਰ ਦੇ ਮਨ ਵਿਚ ਕੋਈ ਚੀਸ ਉਠੀ ਹੈ ਤੇ ਮਸਲਾ ਹੱਲ ਹੋ ਜਾਵੇਗਾ ਪਰ ਇਸ ਬਿਆਨ ਦੇ ਅਗਲੇ ਕੁਝ ਦਿਨਾਂ ਵਿਚ ਜੋ ਹੋਇਆ, ਉਸ ਨੇ ਪੂਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਅੰਦੋਲਨ ਵਾਲੀਆਂ ਥਾਵਾਂ ਉਤੇ ਵੱਡੀ ਗਿਣਤੀ ਫੋਰਸ ਦੀ ਤਾਇਨਾਤੀ, ਬਿਜਲੀ-ਪਾਣੀ ਸਣੇ ਹੋਰ ਬੁਨਿਆਦੀ ਲੋੜਾਂ ਨੂੰ ਕੱਟ, ਇੰਟਰਨੈਟ ਪਾਬੰਦੀ, ਬੈਰੀਕੇਡਾਂ ਅੱਗੇ ਲੋਹੇ ਦੇ ਤਿੱਖੇ ਕਿੱਲ ਲਾਉਣ ਸਣੇ ਭਾਜਪਾ ਆਗੂਆਂ ਵੱਲੋਂ ਕਿਸਾਨਾਂ ਉਤੇ ਕਰਵਾਈ ਪੱਥਰਬਾਜ਼ੀ ਪਿੱਛੋਂ ਸੰਘਰਸ਼ ਕੌਮਾਂਤਰੀ ਹਮਦਰਦੀ ਲੈ ਗਿਆ।

ਅਮਰੀਕੀ ਪੌਪ ਸਟਾਰ ਰਿਆਨਾ, ਸਾਫ-ਸੁਥਰੇ ਵਾਤਾਵਰਨ ਲਈ ਆਵਾਜ਼ ਬੁਲੰਦ ਕਰਨ ਵਾਲੀ ਕਿਸ਼ੋਰ ਕਾਰਕੁਨ ਗ੍ਰੇਟਾ ਥੁਨਬਰਗ, ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ, ਗਾਇਕਾ ਜੇਅ ਸੀਨ, ਡਾਕਟਰ ਜ਼ਿਊਸ, ਬਾਲਗ ਫਿਲਮਾਂ ਦੀ ਸਾਬਕਾ ਸਟਾਰ ਮੀਆ ਖਲੀਫਾ, ਹੌਲੀਵੁੱਡ ਸਟਾਰ ਜੌਹਨ ਕੁਸੈਕ ਸਮੇਤ ਹੋਰ ਕੌਮਾਂਤਰੀ ਹਸਤੀਆਂ ਨੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਬਾਰਡਰਾਂ 'ਤੇ ਡਟੇ ਕਿਸਾਨਾਂ ਦੇ ਅੰਦੋਲਨ ਦੀ ਹਮਾਇਤ ਲਈ ਨਿੱਤਰ ਆਈਆਂ। ਤ੍ਰਾਸਦੀ ਇਹ ਹੈ ਕਿ ਮੋਦੀ ਸਰਕਾਰ ਨੇ ਇਸ ਹਮਦਰਦੀ ਨੂੰ


*(ਬਾਕੀ ਸਫਾ 6 ਉਤੇ)*


## 'ਕਿਸਾਨਾਂ ਨਾਲ ਲੜ ਕੇ ਨਾ ਕੋਈ ਜਿੱਤਿਆ, ਨਾ ਜਿੱਤੇਗਾ'

**ਨਵੀਂ ਦਿੱਲੀ:** ਰਾਜ ਸਭਾ 'ਚ ਨੇਤਾ ਗੁਲਾਮ ਨਬੀ ਆਜ਼ਾਦ ਨੇ 'ਪਗੜੀ ਸੰਭਾਲ ਜੱਟਾ' ਗੀਤ ਦੀ ਯਾਦ ਦਿਵਾਉਂਦੇ ਹੋਏ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਅੰਗਰੇਜ਼ਾਂ ਨੂੰ ਵੀ ਕਿਸਾਨਾਂ ਦੇ ਅੱਗੇ ਝੁਕਣਾ ਪਿਆ ਸੀ। ਕਿਸਾਨਾਂ ਨਾਲ ਲੜਾਈ ਕਰ ਕੇ ਨਾ ਕੋਈ ਜਿੱਤਿਆ, ਨਾ ਜਿੱਤੇਗਾ। ਆਜ਼ਾਦ ਨੇ ਕਿਸਾਨੀ ਸੰਘਰਸ਼ ਦੇ ਪਿਛੋਕੜ ਦਾ ਜ਼ਿਕਰ ਕਰਦਿਆਂ ਕਿਹਾ ਕਿ 1906 ਵਿਚ ਅੰਗਰੇਜ਼ ਹਕੂਮਤ ਨੇ ਕਿਸਾਨਾਂ ਖਿਲਾਫ ਤਿੰਨ ਕਾਨੂੰਨ ਬਣਾਏ ਸੀ ਤੇ ਉਨ੍ਹਾਂ ਦਾ ਮਾਲਕਾਨਾ ਹੱਕ ਲਿਆ ਸੀ, ਜਿਸ ਦੇ ਵਿਰੋਧ 'ਚ 1907 ਵਿਚ ਭਗਤ ਸਿੰਘ ਦੇ ਚਾਚੇ ਅਜੀਤ ਸਿੰਘ ਦੀ ਅਗਵਾਈ ਵਿਚ ਪੰਜਾਬ 'ਚ ਅੰਦੋਲਨ ਹੋਇਆ ਜਿਸ ਨੂੰ ਲਾਲਾ ਲਾਜਪਤ ਰਾਏ ਦਾ ਵੀ ਸਮਰਥਨ ਮਿਲਿਆ। ਅੰਤ ਸਰਕਾਰ ਨੂੰ ਝੁਕਣਾ ਪਿਆ ਸੀ।

## ਦਿੱਲੀ ਪੁਲਿਸ ਵੱਲੋਂ ਦੀਪ ਸਿੱਧੂ ਗ੍ਰਿਫਤਾਰ

**ਨਵੀਂ ਦਿੱਲੀ:** ਗਣਤੰਤਰ ਦਿਵਸ ਮੌਕੇ ਦਿੱਲੀ ਦੇ ਲਾਲ ਕਿਲੇ ਵਿਚ ਹੋਈ ਹਿੰਸਾ ਮਾਮਲੇ 'ਚ ਸਭ ਤੋਂ ਵੱਧ ਚਰਚਾ ਵਿਚ ਰਹੇ ਅਦਾਕਾਰ ਦੀਪ ਸਿੱਧੂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਹਾਲਾਂਕਿ ਇਹ ਗ੍ਰਿਫਤਾਰੀ ਕਿਥੋਂ ਤੇ ਕਿਵੇਂ ਹੋਈ, ਇਸ ਨੂੰ ਲੈ ਕੇ ਦਿੱਲੀ ਪੁਲਿਸ ਉਤੇ ਸਵਾਲ ਉਠ ਰਹੇ ਹਨ।

ਸ਼ੁਰੂ ਵਿਚ ਦਾਅਵਾ ਕੀਤਾ ਗਿਆ ਕਿ ਇਹ ਗ੍ਰਿਫਤਾਰੀ ਪੰਜਾਬ ਦੇ ਜ਼ੀਰਕਪੁਰ ਤੋਂ ਹੋਈ ਹੈ ਪਰ ਸ਼ਾਮ ਹੁੰਦੇ-ਹੁੰਦੇ



ਆਖ ਦਿੱਤਾ ਗਿਆ ਸਿੱਧੂ ਨੂੰ ਕਰਨਾਲ ਤੋਂ ਕਾਬੂ ਕੀਤਾ ਹੈ। ਇਹ ਵੀ ਚਰਚਾ ਹੈ ਕਿ ਦੀਪ ਸਿੱਧੂ ਨੇ ਆਤਮ ਸਮਰਪਣ ਕੀਤਾ ਹੈ। ਯਾਦ ਰਹੇ ਕਿ ਲਾਲ ਕਿਲ੍ਹੇ ਦੀ ਹਿੰਸਾ ਤੋਂ ਬਾਅਦ ਦੀਪ ਸਿੱਧੂ ਖਿਲਾਫ ਕਾਰਵਾਈ ਨੂੰ ਲੈ ਕੇ ਪੁਲਿਸ ਉਤੇ ਸਵਾਲ ਉਠ ਰਹੇ ਹਨ। ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਨੇ ਪਹਿਲੇ ਹੀ ਦਿਨ ਤੋਂ ਸਾਫ ਕਰ ਦਿੱਤਾ ਸੀ ਕਿ ਲਾਲ ਕਿਲ੍ਹੇ ਉਤੇ ਜੋ ਵੀ ਹੋਇਆ, ਉਹ ਦੀਪ ਸਿੱਧੂ ਨੇ ਸਰਕਾਰੀ ਇਸ਼ਾਰੇ ਉਤੇ ਕੀਤਾ। ਇਸ ਸਬੰਧੀ ਦੀਪ ਸਿੱਧੂ ਦੀਆਂ ਪ੍ਰਧਾਨ ਮੰਤਰੀ ਮੋਦੀ, ਗੁਰਦਾਸਪੁਰ ਤੋਂ ਸੰਸਦ ਮੈਂਬਰ ਸਨੀ ਦਿਓਲ ਨਾਲ ਪੁਰਾਣੀਆਂ ਤਸਵੀਰਾਂ ਵੀ ਸਾਹਮਣੇ ਆਈਆਂ। ਇਸ ਅਦਾਕਾਰ ਖਿਲਾਫ ਪੁਲਿਸ ਦੀ ਢਿੱਲੀ ਕਾਰਵਾਈ ਉਤੇ ਵੀ


*(ਬਾਕੀ ਸਫਾ 6 ਉਤੇ)*



**Harmit Toor**
*Your Realtor® For Life!*

Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing

Broker Associate
BRE Lic.# 01462579
NMLS ID 358820

2015-19 Awarded Grand Master Achievement Club Certificate

BEB BAY EAST BROKERS — EQUAL HOUSING OPPORTUNITY

**Ph: 925-202-7027**
HDtoor@gmail.com
WWW.BayEastBrokers.Com

Raja™ SWEETS & CATERING®
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine — Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)

Manpreet S. Gahra
Attorny At Law

Berkeley Office
2161 Shattuck Ave., 304, Berkeley

**Ph:510-841-4582**
Fax:510-217-6847
Email: manpreet@gahralaw.com

# ਖੇਤੀ ਕਾਨੂੰਨ: ਸੰਸਦ ਵਿਚ ਵੀ ਮੋਦੀ ਸਰਕਾਰ ਨੂੰ ਘੇਰਾ ਪਿਆ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂੰਹਾਂ 'ਤੇ ਡਟੇ ਕਿਸਾਨਾਂ ਦੇ ਮੁੱਦੇ 'ਤੇ ਵਿਰੋਧੀ ਪਾਰਟੀਆਂ ਨੇ ਸੰਸਦ ਦੇ ਦੋਵਾਂ ਸਦਨਾਂ ਵਿਚ ਸਰਕਾਰ ਨੂੰ ਘੇਰਿਆ। ਹਾਲਾਂਕਿ ਰਾਜ ਸਭਾ ਵਿਚ ਵਿਰੋਧੀ ਧਿਰਾਂ ਨੇ ਜੰਮ ਕੇ ਮੋਦੀ ਸਰਕਾਰ ਨੂੰ ਰਗੜੇ ਲਾਏ ਤੇ ਖਰੀਆਂ ਖਰੀਆਂ ਸੁਣਾਈਆਂ। ਵਿਰੋਧੀ ਪਾਰਟੀਆਂ ਨੇ ਇਥੋਂ ਤੱਕ ਆਖ ਦਿੱਤਾ ਕਿ ਸਰਕਾਰ ਕਿਸੇ ਦੀ ਵੀ ਗੱਲ ਸੁਣਨ ਦਾ ਸਬਰ ਗੁਆ ਚੁੱਕੀ ਹੈ ਤੇ ਹਰੇਕ ਵਿਰੋਧੀ ਸੁਰ ਨੂੰ ਦੇਸ਼ ਵਿਰੋਧੀ ਪੁੱਠ ਚਾੜ੍ਹ ਕੇ 'ਖਾਲਿਸਤਾਨੀ', 'ਨਕਸਲੀ' ਤੇ 'ਪਾਕਿਸਤਾਨੀ ਏਜੰਟਾਂ' ਵਰਗੇ ਲਕਬ ਦਿੱਤੇ ਜਾ ਰਹੇ ਹਨ।

ਸੰਸਦ ਮੈਂਬਰਾਂ ਨੇ ਕਿਹਾ ਕਿ ਸਰਕਾਰਾਂ ਫਾਸਲੇ ਘਟਾਉਣ ਲਈ ਹੁੰਦੀਆਂ ਹਨ, ਪਰ ਮੋਦੀ ਸਰਕਾਰ ਸ਼ਾਇਦ ਕੰਧਾਂ ਉਸਾਰਨ ਭਾਵ ਵੰਡੀਆਂ ਪਾਉਣ ਵਿਚ ਯਕੀਨ ਰੱਖਦੀ ਹੈ। ਮੈਂਬਰਾਂ ਨੇ ਨੋਟਬੰਦੀ ਲਈ ਵੀ ਮੋਦੀ ਸਰਕਾਰ ਨੂੰ ਘੇਰਿਆ।

ਆਰ.ਜੇ.ਡੀ. ਆਗੂ ਨੇ ਅਡਾਨੀ ਗਰੁੱਪ ਜਿਹੇ ਪ੍ਰਾਈਵੇਟ ਕਾਰਪੋਰੇਟਾਂ ਵੱਲੋਂ ਉਸਾਰੀਆਂ ਕੋਲਡ ਸਟੋਰੇਜ ਚੇਨਾਂ ਤੇ ਗੁਦਾਮਾਂ ਦੇ ਹਵਾਲੇ ਨਾਲ ਕਿਹਾ, 'ਤੁਹਾਡੀ ਰੀੜ੍ਹ ਦੀ ਹੱਡੀ ਕਿਸਾਨ ਹਨ। 303 ਸੀਟਾਂ (ਪਿਛਲੀਆਂ ਚੋਣਾਂ 'ਚ) ਕੋਲਡ ਸਟੋਰਾਂ ਜਾਂ ਗੁਦਾਮਾਂ 'ਚੋਂ ਨਹੀਂ ਆਈਆਂ ਬਲਕਿ ਇਨ੍ਹਾਂ ਲੋਕਾਂ ਨੇ ਦਿੱਤੀਆਂ ਹਨ। ਅਸੀਂ ਤੁਹਾਡੀ ਹਮਾਇਤ ਕਰਦੇ ਹਾਂ, ਪਰ ਤੁਹਾਡੇ ਖਿਲਾਫ ਉਠਣ ਵਾਲੀ ਹਰ ਆਵਾਜ਼ ਦੇਸ਼ ਵਿਰੋਧੀ ਨਹੀਂ ਹੈ। ਦੇਸ਼ ਭਗਤੀ ਬਾਹਾਂ ਚੜ੍ਹਾਉਣਾ ਨਹੀਂ ਬਲਕਿ ਦਿਲ ਵਿਚ ਹੁੰਦੀ ਹੈ।' ਸਰਕਾਰ ਵੱਲੋਂ ਕਿਸਾਨਾਂ ਨਾਲ ਹੁਣ ਤੱਕ 11 ਗੇੜਾਂ ਦੀ ਗੱਲਬਾਤ ਹੋਣ ਦੇ ਦਿੱਤੇ ਬਿਆਨ ਦੇ ਹਵਾਲੇ ਨਾਲ ਝਾਅ ਨੇ ਕਿਹਾ ਕਿ ਸਰਕਾਰ ਸੰਵਾਦ ਵਿਚ ਨਹੀਂ ਇਕਪਾਸੜ ਕਾਰਵਾਈ ਵਿਚ ਯਕੀਨ ਰੱਖਦੀ ਹੈ।'

ਪੰਜਾਬ ਦੇ ਤਿੰਨ ਸੰਸਦ ਮੈਂਬਰਾਂ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਸਰਕਾਰ ਨੂੰ ਆੜੇ ਹੱਥੀਂ ਲਿਆ। ਵਿਰੋਧੀ ਪਾਰਟੀਆਂ ਨੇ ਸਰਕਾਰ ਨੂੰ ਘੇਰਦਿਆਂ ਰਾਜ ਸਭਾ 'ਚ ਮੰਗ ਕੀਤੀ ਕਿ ਨਵੇਂ ਖੇਤੀ ਕਾਨੂੰਨਾਂ ਨੂੰ ਵਾਪਸ ਲਿਆ ਜਾਵੇ ਅਤੇ ਲੋਕਾਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਨਵੇਂ ਕਾਨੂੰਨ ਲਿਆਂਦੇ ਜਾਣ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਬਹਿਸ 'ਚ ਹਿੱਸਾ ਲੈਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਖੁਦ ਦਖਲ ਦੇ ਕੇ ਕਿਸਾਨਾਂ ਦੀ ਗੱਲ ਸੁਣਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਖੇਤੀ ਕਾਨੂੰਨਾਂ ਬਾਰੇ ਆਰਡੀਨੈਂਸ ਲਿਆਂਦੇ ਗਏ ਸੀ ਤਾਂ ਉਨ੍ਹਾਂ ਉਸ ਮੌਕੇ ਪ੍ਰਧਾਨ ਮੰਤਰੀ ਨੂੰ ਲਿਖਿਆ ਸੀ, ਪਰ ਕੋਈ ਜਵਾਬ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਖੇਤੀ ਰਾਜਾਂ ਦਾ ਵਿਸ਼ਾ ਹੈ ਅਤੇ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਲਿਆ ਕੇ ਸੰਘੀ ਪ੍ਰਬੰਧ ਨੂੰ ਕਮਜ਼ੋਰ ਕਰ ਰਹੀ ਹੈ। ਸਿੱਖਾਂ ਵਲੋਂ ਦੇਸ਼ ਦੀ ਆਜ਼ਾਦੀ ਲਈ ਲੜੇ ਸੰਘਰਸ਼ 'ਚ ਸਿੱਖਾਂ ਦੇ ਯੋਗਦਾਨ 'ਤੇ ਰੋਸ਼ਨੀ ਪਾਉਂਦਿਆਂ ਢੀਂਡਸਾ ਨੇ ਕਿਹਾ ਕਿ ਹੁਣ ਸਿੱਖਾਂ ਨੂੰ 'ਖਾਲਿਸਤਾਨੀ' ਤੇ 'ਅਤਿਵਾਦੀ' ਦੱਸਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਖੇਤੀ ਕਾਨੂੰਨਾਂ ਕਰਕੇ ਹੀ ਕਿਸਾਨ ਸੜਕਾਂ ਉਤੇ ਬੈਠੇ ਹਨ, ਹੁਣ ਤੱਕ 190 ਕਿਸਾਨ ਆਪਣੀ ਜਾਨ ਗਵਾ ਚੁੱਕੇ ਹਨ। ਕਾਨੂੰਨ 'ਚ ਸਰਕਾਰ ਦਾ ਲੁਕਵਾਂ ਏਜੰਡਾ ਹੈ, ਐਮ.ਐਸ.ਪੀ. ਦੀ ਗਾਰੰਟੀ ਨਾ ਮਿਲਣ ਕਾਰਨ ਕਿਸਾਨ ਬਰਬਾਦ ਹੋ ਜਾਵੇਗਾ ਅਤੇ ਵੱਡੀਆਂ ਕੰਪਨੀਆਂ ਆਪਣੀਆਂ ਮਨਮਰਜ਼ੀਆਂ ਕਰਨਗੀਆਂ।



## ਸੱਚ ਬੋਲਣ ਵਾਲੇ 'ਤੇ ਗੱਦਾਰ ਤੇ ਦੇਸ਼ ਧ੍ਰੋਹੀ ਦਾ ਠੱਪਾ: ਰਾਊਤ

**ਨਵੀਂ ਦਿੱਲੀ:** ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰਾਊਤ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਜੋ ਕੋਈ ਵੀ ਸੱਚ ਬੋਲਦਾ ਹੈ, ਉਸ 'ਤੇ ਗੱਦਾਰ ਜਾਂ ਦੇਸ਼ ਧ੍ਰੋਹੀ ਦਾ ਠੱਪਾ ਲਗਾ ਦਿੱਤਾ ਜਾਂਦਾ ਹੈ ਅਤੇ ਉਸ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕਰ ਦਿੱਤਾ ਜਾਂਦਾ ਹੈ। ਉਹ ਰਾਜ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਣ ਸਬੰਧੀ ਧੰਨਵਾਦ ਮਤੇ 'ਤੇ ਹੋਈ ਬਹਿਸ ਦੌਰਾਨ ਬੋਲ ਰਹੇ ਸਨ। ਸ੍ਰੀ ਰਾਊਤ ਨੇ ਕਿਹਾ ਕਿ ਆਪਣੇ ਹੱਕਾਂ ਲਈ ਲੜ ਰਹੇ ਕਿਸਾਨਾਂ ਨੂੰ ਦੇਸ਼ ਵਿਰੋਧੀ ਜਾਂ ਖਾਲਿਸਤਾਨੀ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਦੋਂ ਮੁਗਲਾਂ ਤੇ ਅੰਗਰੇਜ਼ਾਂ ਖਿਲਾਫ ਲੜਦੇ ਸਨ ਤਾਂ ਉਨ੍ਹਾਂ ਨੂੰ 'ਯੋਧਿਆਂ' ਵਜੋਂ ਜਾਣਿਆ ਜਾਂਦਾ ਸੀ ਤੇ ਹੁਣ ਜਦੋਂ ਉਹ ਆਪਣੇ ਹੱਕਾਂ ਲਈ ਦਿੱਲੀ ਦੀਆਂ ਹੱਦਾਂ 'ਤੇ ਲੜ ਰਹੇ ਹਨ ਤਾਂ ਉਨ੍ਹਾਂ ਨੂੰ ਦੇਸ਼ ਵਿਰੋਧੀ ਦੱਸਿਆ ਜਾ ਰਿਹਾ ਹੈ।

## ਗੈਰ ਜਮਹੂਰੀ ਢੰਗ ਨਾਲ ਲਾਗੂ ਕੀਤੇ ਕਾਨੂੰਨ: ਬਾਜਵਾ



**ਨਵੀਂ ਦਿੱਲੀ:** ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕੇਂਦਰ ਸਰਕਾਰ 'ਤੇ ਸ਼ਬਦੀ ਹਮਲਾ ਕਰਦਿਆਂ ਗਾਜ਼ੀਪੁਰ ਵਿਚ ਕਿਸਾਨਾਂ ਦੇ ਪ੍ਰਦਰਸ਼ਨ ਵਾਲੀ ਥਾਂ 'ਤੇ ਲਗਾਏ ਗਏ ਬੈਰੀਕੇਡਾਂ ਦੀ ਤੁਲਨਾ ਬਰਲਿਨ ਦੀ ਕੰਧ ਨਾਲ ਕੀਤੀ ਅਤੇ ਕਿਸਾਨਾਂ ਨੂੰ ਦੇਸ਼ ਵਿਰੋਧੀ ਤੇ ਖਾਲਿਸਤਾਨੀ ਕਹੇ ਜਾਣ 'ਤੇ ਸਖਤ ਇਤਰਾਜ਼ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਮੌਜੂਦਾ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਕੇ ਉਹ ਇਕ ਨਵਾਂ ਇਤਿਹਾਸ ਸਿਰਜਣ। ਰਾਜ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਣ ਸਬੰਧੀ ਧੰਨਵਾਦੀ ਮਤੇ 'ਤੇ ਹੋਈ ਬਹਿਸ ਦੌਰਾਨ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਨੇ 26 ਜਨਵਰੀ ਨੂੰ ਹੋਈਆਂ ਘਟਨਾਵਾਂ, ਜੋ ਕਿ ਹਿੰਸਾ ਦਾ ਕਾਰਨ ਬਣੀਆਂ, ਦੀ ਨਿਰਪੱਖ ਜਾਂਚ ਕਰਵਾਉਣ ਲਈ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਹੇਠ ਇਕ ਕਮੇਟੀ ਬਣਾਉਣ ਦੀ ਮੰਗ ਕੀਤੀ। ਪੰਜਾਬੀ ਵਿਚ ਦਿੱਤੇ ਆਪਣੇ ਭਾਸ਼ਣ ਵਿਚ ਸ੍ਰੀ ਬਾਜਵਾ ਨੇ ਤਿੰਨੋਂ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ 'ਮੌਤ ਦੇ ਵਾਰੰਟ' ਕਰਾਰ ਦਿੱਤਾ। ਉਨ੍ਹਾਂ ਸਰਕਾਰ 'ਤੇ ਇਹ ਤਿੰਨੋਂ ਕਾਨੂੰਨ ਗੈਰ ਜਮਹੂਰੀ ਢੰਗ ਨਾਲ ਲਾਗੂ ਕਰਨ ਅਤੇ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੇ ਦੋਸ਼ ਲਗਾਏ।

# ਨਵਰੀਤ ਸਿੰਘ ਦੀ ਮੌਤ ਸਬੰਧੀ ਜਾਂਚ ਦੀ ਮੰਗ ਉਠੀ

**ਫਰੀਦਾਬਾਦ:** ਗਣਤੰਤਰ ਦਿਵਸ ਮੌਕੇ ਕਿਸਾਨ ਪਰੇਡ ਦੌਰਾਨ 'ਸ਼ਹੀਦ' ਹੋਏ ਰੁਦਰਪੁਰ (ਸ਼ਹੀਦ ਊਧਮ ਸਿੰਘ ਨਗਰ) ਦੇ ਨੇੜਲੇ ਪਿੰਡ ਡਿਬਡਿਬਾ ਦੇ ਨੌਜਵਾਨ ਕਿਸਾਨ ਨਵਰੀਤ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਲਈ ਵੱਡੀ ਗਿਣਤੀ 'ਚ ਕਿਸਾਨ ਆਗੂ ਵੀ ਉਸ ਦੇ ਜੱਦੀ ਪਿੰਡ ਪਹੁੰਚੇ। ਕਿਸਾਨ ਆਗੂਆਂ ਨੇ ਨਵਰੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੰਗ ਕੀਤੀ ਕਿ ਉਸ ਦੀ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਸਮੇਤ ਹੋਰ ਕਿਸਾਨੀ ਮੰਗਾਂ ਮੰਨੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ। ਇਸ ਮੌਕੇ ਪੰਜਾਬ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਨਵਰੀਤ ਫਾਊਂਡੇਸ਼ਨ ਬਣਾਉਣ ਦੀ ਮੰਗ ਕਰਦਿਆਂ ਕਿਹਾ ਕਿ ਨੌਜਵਾਨ ਕਿਸਾਨ ਦੀ ਮੌਤ ਦੀ ਨਿਆਇਕ ਜਾਂਚ ਕਰਵਾਈ ਜਾਵੇ। ਜ਼ਿਕਰਯੋਗ ਹੈ ਕਿ 27 ਵਰ੍ਹਿਆਂ ਦੇ ਨਵਰੀਤ ਸਿੰਘ ਦੀ 26 ਜਨਵਰੀ ਨੂੰ ਕਿਸਾਨ ਟਰੈਕਟਰ ਪਰੇਡ ਦੌਰਾਨ ਰਹੱਸਮਈ ਤਰੀਕੇ ਨਾਲ ਮੌਤ ਹੋ ਗਈ ਸੀ। ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਰਾਸ਼ਟਰੀ ਲੋਕ ਦਲ ਦੇ ਆਗੂ ਜੈਯੰਤ ਚੌਧਰੀ, ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਸੰਸਦ ਮੈਂਬਰ ਰਾਸ਼ਿਦ ਅਲਵੀ, ਸਮਾਜਵਾਦੀ ਪਾਰਟੀ ਆਗੂ ਗੋਵਿੰਦ ਚੌਧਰੀ, ਉਤਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਜੈ ਕੁਮਾਰ ਲੱਲੂ ਸਮੇਤ ਹੋਰਾਂ ਨੇ ਵੀ ਪਰਿਵਾਰ ਨਾਲ ਦੁੱਖ ਵੰਡਾਇਆ। ਨਾਨਕਮਤੇ ਦੀ ਗੁਰਦੁਆਰਾ ਕਮੇਟੀ ਅਤੇ ਸਥਾਨਕ ਕਸਬਿਆਂ ਦੀਆਂ ਗੁਰਦੁਆਰਾ ਕਮੇਟੀਆਂ ਵੱਲੋਂ ਵੀ ਸ਼ੋਕ ਸੰਦੇਸ਼ ਭੇਜੇ ਗਏ।

ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਨਵਰੀਤ ਸਿੰਘ ਦੀ ਅੰਤਿਮ ਅਰਦਾਸ 'ਚ ਸ਼ਿਰਕਤ ਕਰਦਿਆਂ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ। ਪ੍ਰਿਅੰਕਾ ਯੂਪੀ ਕਾਂਗਰਸ ਦੇ ਪ੍ਰਧਾਨ ਅਜੈ ਕੁਮਾਰ ਲੱਲੂ ਨਾਲ ਨਵਰੀਤ ਦੇ ਜੱਦੀ ਪਿੰਡ ਡਿਬਡਿਬਾ ਪਹੁੰਚੀ। ਬਾਅਦ 'ਚ ਪ੍ਰਿਅੰਕਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਵਰੀਤ ਸਿੰਘ ਦੀ ਸ਼ਹਾਦਤ ਅਜਾਈਂ ਨਹੀਂ ਜਾਵੇਗੀ। ਉਨ੍ਹਾਂ ਕਿਹਾ,"ਪੂਰਾ ਮੁਲਕ ਪਰਿਵਾਰ ਨਾਲ ਹੈ। ਹਰ ਕੋਈ ਜਾਣਦਾ ਹੈ ਕਿ ਕਿਸਾਨਾਂ ਨੂੰ ਗਲਤ ਦਰਸਾਇਆ ਜਾ ਰਿਹਾ ਹੈ।" ਪ੍ਰਿਅੰਕਾ ਨੇ ਕਿਹਾ ਕਿ ਜਿਹੜੇ ਆਗੂ ਗਰੀਬਾਂ, ਕਿਸਾਨਾਂ ਅਤੇ ਦੇਸ਼ਵਾਸੀਆਂ ਦਾ ਦਰਦ ਨਹੀਂ ਸੁਣ ਸਕਦੇ, ਉਨ੍ਹਾਂ ਦੀ ਕੋਈ ਲੋੜ ਨਹੀਂ ਹੈ। ਜਿਹੜੇ ਆਵਾਜ਼ ਬੁਲੰਦ ਕਰਦੇ ਹਨ, ਉਨ੍ਹਾਂ ਨੂੰ ਅਤਿਵਾਦੀ ਅਤੇ ਨਕਸਲੀ ਦੱਸਿਆ ਜਾਂਦਾ ਹੈ।



## ਜਥੇਦਾਰ ਵੱਲੋਂ ਨਿਆਇਕ ਜਾਂਚ ਦੀ ਮੰਗ ਦੀ ਹਮਾਇਤ

**ਪਟਿਆਲਾ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੀ ਗਣਤੰਤਰ ਦਿਵਸ ਮੌਕੇ ਰਾਜਧਾਨੀ ਦਿੱਲੀ 'ਚ ਹੋਈ ਕਿਸਾਨ ਟਰੈਕਟਰ ਪਰੇਡ ਦੌਰਾਨ ਸ਼ਹੀਦ ਹੋਏ ਨੌਜਵਾਨ ਨਵਰੀਤ ਸਿੰਘ ਡਿਬਡਿਬਾ ਦੀ ਮੌਤ ਦੀ ਨਿਆਇਕ ਜਾਂਚ ਦੀ ਮੰਗ ਦਾ ਸਮਰਥਨ ਕੀਤਾ ਗਿਆ ਹੈ। ਨਵਰੀਤ ਸਿੰਘ ਦੀ ਉਤਰ ਪ੍ਰਦੇਸ਼ 'ਚ ਹੋਏ ਭੋਗ ਸਮਾਗਮ 'ਚ ਵੱਖ-ਵੱਖ ਸ਼ਖਸੀਅਤਾਂ ਵੱਲੋਂ ਮੌਤ ਦੀ ਨਿਆਇਕ ਜਾਂਚ ਦੀ ਮੰਗ ਕੀਤੀ ਗਈ ਸੀ।

# 'ਚੱਕਾ ਜਾਮ' ਨੇ ਸਰਕਾਰ ਦੀਆਂ ਅੱਖਾਂ ਖੋਲ੍ਹੀਆਂ, ਪੂਰੇ ਮੁਲਕ 'ਚ ਮਿਲਿਆ ਹੁੰਗਾਰਾ

**ਨਵੀਂ ਦਿੱਲੀ:** ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਹੋਰ ਹੱਕੀ ਮੰਗਾਂ ਮਨਵਾਉਣ ਲਈ ਕਿਸਾਨਾਂ ਵੱਲੋਂ ਤਿੰਨ ਘੰਟਿਆਂ ਲਈ ਦੇਸ਼ ਭਰ 'ਚ 'ਚੱਕਾ ਜਾਮ' ਦੇ ਦਿੱਤੇ ਗਏ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ। ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਕੇਰਲਾ, ਆਂਧਰਾ ਪ੍ਰਦੇਸ਼, ਗੁਜਰਾਤ, ਕਰਨਾਟਕ, ਅਸਾਮ, ਤਿਲੰਗਾਨਾ, ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼, ਤ੍ਰਿਪੁਰਾ, ਅਤੇ ਹੋਰ ਰਾਜਾਂ ਵਿਚ ਕਿਸਾਨਾਂ ਨੇ ਕੌਮੀ ਅਤੇ ਰਾਜਮਾਰਗਾਂ ਉਪਰ ਸ਼ਾਂਤਮਈ ਧਰਨੇ ਦੇ ਕੇ ਕੇਂਦਰ 'ਤੇ ਖੇਤੀ ਕਾਨੂੰਨ ਵਾਪਸ ਲੈਣ ਦਾ ਦਬਾਅ ਬਣਾਇਆ।

ਦਿੱਲੀ ਸਮੇਤ ਕਈ ਸੂਬਿਆਂ 'ਚ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਵੀ ਲਿਆ ਗਿਆ। ਚੱਕਾ ਜਾਮ ਦੀ ਸਮਾਪਤੀ 'ਤੇ ਇਕ ਮਿੰਟ ਲਈ ਵਾਹਨਾਂ ਦੇ ਹਾਰਨ ਵਜਾ ਕੇ 'ਕਿਸਾਨ ਏਕਤਾ' ਦਾ ਮੁਜ਼ਾਹਰਾ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਹੈ ਕਿ ਗੱਲਬਾਤ ਲਈ ਮਾਹੌਲ ਸਾਜ਼ਗਾਰ ਬਣਾਉਣ ਵਾਸਤੇ ਸਰਕਾਰ ਕਿਸਾਨ ਅੰਦੋਲਨ ਦੌਰਾਨ ਗ੍ਰਿਫਤਾਰ ਕੀਤੇ ਗਏ ਅੰਦੋਲਨਕਾਰੀਆਂ ਨੂੰ ਰਿਹਾਅ ਕਰੇ, ਮੋਰਚਿਆਂ ਕੋਲ ਬੰਦ ਕੀਤੀਆਂ ਇੰਟਰਨੈੱਟ ਸਹੂਲਤਾਂ ਬਹਾਲ ਕੀਤੀਆਂ ਜਾਣ, ਉਸਾਰੇ ਗਏ ਬੈਰੀਕੇਡਾਂ ਨੂੰ ਹਟਾਇਆ ਜਾਵੇ ਅਤੇ ਕਿਸਾਨ ਆਗੂਆਂ, ਹਮਦਰਦਾਂ ਤੇ ਪੱਤਰਕਾਰਾਂ ਖਿਲਾਫ ਦਰਜ ਕੀਤੇ ਗਏ ਮਾਮਲੇ ਰੱਦ ਕੀਤੇ ਜਾਣ। ਦਿੱਲੀ, ਉਤਰ ਪ੍ਰਦੇਸ਼ ਅਤੇ ਉਤਰਾਖੰਡ 'ਚ ਚੱਕਾ ਜਾਮ ਦਾ ਐਲਾਨ ਨਹੀਂ ਕੀਤਾ ਗਿਆ ਸੀ ਪਰ ਇਨ੍ਹਾਂ ਸੂਬਿਆਂ ਨੂੰ ਜਾਂਦੇ ਮੁੱਖ ਮਾਰਗਾਂ 'ਤੇ ਰਾਹ ਰੋਕ ਗਏ। ਦਿੱਲੀ ਦੇ ਆਈ.ਟੀ.ਓ. ਨੇੜੇ ਕਿਸਾਨਾਂ ਦੇ ਪੱਖ 'ਚ ਖੱਬੀਆਂ ਧਿਰਾਂ ਵੱਲੋਂ ਮੁਜ਼ਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀ ਜਿਵੇਂ ਹੀ ਅੱਗੇ ਵਧਣ ਲੱਗੇ ਤਾਂ ਦਿੱਲੀ ਪੁਲਿਸ ਨੇ ਸ਼ਹੀਦੀ ਪਾਰਕ ਨੇੜੇ ਕਰੀਬ 50 ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ।




ਦਿੱਲੀ ਪੁਲਿਸ ਨੇ ਕੌਮੀ ਰਾਜਧਾਨੀ ਵਿਚ ਸੁਰੱਖਿਆ ਦੇ ਬੰਦੋਬਸਤ ਕਰਦਿਆਂ ਵਾਧੂ ਸੁਰੱਖਿਆ ਬਲ ਤਾਇਨਾਤ ਕੀਤੇ ਹੋਏ ਸਨ। ਦਿੱਲੀ-ਐਨ.ਸੀ.ਆਰ. ਵਿਚ 50 ਹਜ਼ਾਰ ਤੋਂ ਵੱਧ ਪੁਲਿਸ ਅਤੇ ਅਰਧ ਸੈਨਿਕ ਬਲਾਂ ਨੂੰ ਨਾਜ਼ੁਕ ਕਰਾਰ ਦਿੱਤੀਆਂ ਗਈ ਥਾਵਾਂ ਉਪਰ ਤਾਇਨਾਤ ਕੀਤਾ ਗਿਆ ਸੀ। ਇਹਤਿਆਤ ਵਜੋਂ 10 ਮੈਟਰੋ ਸਟੇਸ਼ਨਾਂ ਨੂੰ ਵੀ ਬੰਦ ਰੱਖਿਆ ਗਿਆ। ਗਣਤੰਤਰ ਦਿਵਸ ਮੌਕੇ ਵਾਪਰੀਆਂ ਘਟਨਾਵਾਂ ਮਗਰੋਂ ਦਿੱਲੀ ਪੁਲਿਸ ਨੇ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਸਨ। ਦਿੱਲੀ ਪੁਲਿਸ ਨੇ ਡਰੋਨਾਂ ਰਾਹੀਂ ਚੱਪੇ-ਚੱਪੇ 'ਤੇ ਨਜ਼ਰ ਰੱਖੀ ਹੋਈ ਸੀ।

# ਸੈਂਕੜੇ ਉਘੇ ਸਿੱਖਿਆ ਸ਼ਾਸਤਰੀਆਂ ਨੇ ਕਿਸਾਨਾਂ ਦੇ ਮੁੱਦੇ 'ਤੇ ਚਿੰਤਾ ਪ੍ਰਗਟਾਈ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਪ੍ਰਦਰਸ਼ਨ ਰਹੇ ਕਿਸਾਨਾਂ ਦੇ ਹੱਕ ਵਿਚ ਸਮਾਜਿਕ, ਆਰਥਿਕ, ਮਨੋਰੰਜਨ ਅਤੇ ਸਿਆਸੀ ਖੇਤਰਾਂ ਦੀਆਂ ਉਘੀਆਂ ਹਸਤੀਆਂ ਤੋਂ ਬਾਅਦ ਦੇਸ਼ ਦੇ 413 ਉਘੇ ਸਿੱਖਿਆ ਸ਼ਾਸਤਰੀਆਂ ਨੇ ਵੀ ਕਿਸਾਨਾਂ ਦੇ ਮੁੱਦੇ 'ਤੇ ਬਹੁਤ ਜ਼ਿਆਦਾ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਖੇਤੀ ਕਾਨੂੰਨਾਂ 'ਤੇ ਨਜ਼ਰਸਾਨੀ ਕਰੇ।

ਇਨ੍ਹਾਂ ਸਾਰਿਆਂ ਜਣਿਆਂ ਨੇ ਕੇਂਦਰ ਸਰਕਾਰ ਨੂੰ ਇਹ ਸੁਝਾਅ ਦਿੱਤਾ ਹੈ ਕਿ ਉਹ ਕਾਨੂੰਨਾਂ ਬਾਰੇ ਦੇਸ਼ ਵਿਆਪੀ ਬਹਿਸ ਸ਼ੁਰੂ ਕਰੇ ਤੇ ਇਸ ਦੀ ਸ਼ੁਰੂਆਤ ਪਿੰਡਾਂ ਤੋਂ ਕਰੇ। ਇਸ ਵਿਚ ਖੇਤੀ ਨਾਲ ਜੁੜੀਆਂ ਧਿਰਾਂ ਨੂੰ ਸ਼ਾਮਲ ਕਰਕੇ ਕਾਨੂੰਨ ਵਿਚਲੀਆਂ ਖਾਮੀਆਂ ਖਤਮ ਕਰੇ ਤੇ ਕਾਨੂੰਨ ਦਾ ਅਜਿਹਾ ਸਰੂਪ ਲੈ ਕੇ ਆਵੇ ਜੋ ਸਬੰਧਤ ਧਿਰਾਂ ਨੂੰ ਸਰਬਪ੍ਰਵਾਨਤ ਹੋਵੇ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਮੌਜੂਦਾ ਸਥਿਤੀ ਵਿਚ ਬਲਦੀ 'ਤੇ ਤੇਲ ਪਾਉਣ ਦੀ ਥਾਂ ਕਿਸਾਨਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਏ ਤੇ ਅਜਿਹਾ ਵਿਸ਼ਵਾਸ ਪੈਦਾ ਕਰੇ ਜਿਸ ਨਾਲ ਕਿਸਾਨਾਂ ਵਿਚ ਉਸ ਪ੍ਰਤੀ ਪੈਦਾ ਹੋਈ ਬੇਵਸਾਹੀ ਖਤਮ ਹੋ ਸਕੇ।

# ਖੇਤੀ ਕਾਨੂੰਨਾਂ ਦਾ ਵਿਰੋਧ ਸਿਰਫ ਇਕ ਸੂਬੇ ਤੱਕ ਹੀ ਸੀਮਤ: ਤੋਮਰ

**ਨਵੀਂ ਦਿੱਲੀ:** ਤਿੰਨੇ ਖੇਤੀ ਕਾਨੂੰਨਾਂ ਦੀ ਜ਼ੋਰਦਾਰ ਵਕਾਲਤ ਕਰਦਿਆਂ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਦੇਖਦਿਆਂ ਇਨ੍ਹਾਂ 'ਚ ਸੋਧ ਦੀ ਪੇਸ਼ਕਸ਼ ਦਾ ਮਤਲਬ ਇਹ ਨਹੀਂ ਕਿ ਕਾਨੂੰਨਾਂ 'ਚ ਕੋਈ ਖਾਮੀ ਹੈ। ਉਨ੍ਹਾਂ ਕਿਹਾ ਕਿ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਜਾਂ ਉਨ੍ਹਾਂ ਦੇ ਹਮਦਰਦੀ ਅਜੇ ਤੱਕ ਇਨ੍ਹਾਂ ਕਾਨੂੰਨਾਂ ਵਿਚ ਇਕ ਵੀ ਖਾਮੀ ਨੂੰ ਲੱਭਣ ਵਿਚ ਨਾਕਾਮ ਰਹੇ ਹਨ। ਰਾਜ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਨ 'ਤੇ ਧੰਨਵਾਦ ਮਤੇ ਸਬੰਧੀ ਹੋਈ ਬਹਿਸ ਦੌਰਾਨ ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦਾ ਵਿਰੋਧ ਸਿਰਫ ਇਕ ਸੂਬੇ ਤੱਕ ਸੀਮਤ ਹੈ ਅਤੇ ਕਿਸਾਨਾਂ ਨੂੰ ਕਾਨੂੰਨਾਂ ਖਿਲਾਫ ਭੜਕਾਇਆ ਜਾ ਰਿਹਾ ਹੈ।



ਉਨ੍ਹਾਂ ਦਾ ਸਿੱਧਾ ਇਸ਼ਾਰਾ ਪੰਜਾਬ ਵੱਲ ਸੀ। ਕਾਂਗਰਸ ਪਾਰਟੀ ਵੱਲੋਂ ਹੁਣੇ ਜਿਹੇ ਜਾਰੀ ਕੀਤੇ ਗਏ ਕਿਤਾਬਚੇ ਦਾ ਹਵਾਲਾ ਦਿੰਦਿਆਂ ਕੇਂਦਰੀ ਮੰਤਰੀ ਨੇ ਉਨ੍ਹਾਂ ਦੀ ਨੁਕਤਾਚੀਨੀ ਕਰਦਿਆਂ ਕਿਹਾ,''ਦੁਨੀਆਂ ਜਾਨਤੀ ਹੈ ਪਾਨੀ ਸੇ ਖੇਤੀ ਹੋਤੀ ਹੈ। ਖੂਨ ਸੇ ਖੇਤੀ ਸਿਰਫ ਕਾਂਗਰਸ ਹੀ ਕਰ ਸਕਤੀ ਹੈ, ਭਾਜਪਾ ਖੂਨ ਸੇ ਖੇਤੀ ਨਹੀਂ ਕਰ ਸਕਤੀ ਹੈ।'' ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਤਿੰਨੋਂ ਖੇਤੀ ਕਾਨੂੰਨਾਂ ਨੂੰ 'ਕਾਲੇ ਕਾਨੂੰਨ' ਕਰਾਰ ਦਿੱਤਾ ਹੈ। 'ਮੈਂ ਦੋ ਮਹੀਨਿਆਂ ਤੋਂ ਕਿਸਾਨ ਜਥੇਬੰਦੀਆਂ ਤੋਂ ਪੁੱਛਦਾ ਆ ਰਿਹਾ ਹਾਂ ਕਿ ਕਾਨੂੰਨਾਂ 'ਚ ਕਾਲਾ ਕੀ ਹੈ ਤਾਂ ਜੋ ਉਸ ਨੂੰ ਸੁਧਾਰਿਆ ਜਾ ਸਕੇ। ਪਰ ਮੈਨੂੰ ਕੋਈ ਵੀ ਜਵਾਬ ਨਹੀਂ ਮਿਲਿਆ। ਵਿਰੋਧੀ ਧਿਰ 'ਚੋਂ ਵੀ ਕਿਸੇ ਨੇ ਵੀ ਕਾਨੂੰਨ ਦੀਆਂ ਉਨ੍ਹਾਂ ਮੱਦਾਂ ਦਾ ਜ਼ਿਕਰ ਨਹੀਂ ਕੀਤਾ ਹੈ ਜੋ ਕਿਸਾਨ ਵਿਰੋਧੀ ਹਨ।' ਸ੍ਰੀ ਤੋਮਰ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਐਮ.ਐਸ.ਪੀ. ਆਧਾਰਿਤ ਫਸਲਾਂ ਦੀ ਖਰੀਦ ਵਾਲੀ ਮੰਡੀ ਪ੍ਰਣਾਲੀ ਜਾਰੀ ਰੱਖਣ ਪ੍ਰਤੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਕਿਸਾਨਾਂ ਨੂੰ ਮੰਡੀਆਂ ਤੋਂ ਬਾਹਰ ਆਪਣੀ ਫਸਲ ਵੇਚਣ ਦੀ ਖੁੱਲ੍ਹ ਦਿੰਦੇ ਹਨ ਅਤੇ ਇਸ 'ਤੇ ਸੂਬਾ ਸਰਕਾਰਾਂ ਵਾਂਗ ਕੋਈ ਟੈਕਸ ਨਹੀਂ ਲੱਗੇਗਾ। ਖੇਤੀ ਮੰਤਰੀ ਨੇ ਕਿਸਾਨਾਂ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਤੋਂ ਪੁੱਛਿਆ,''ਅੰਦੋਲਨ ਸੂਬਾ ਸਰਕਾਰ ਵੱਲੋਂ ਮੰਡੀਆਂ 'ਚ ਫਸਲ ਦੀ ਵਿਕਰੀ 'ਤੇ ਲਾਏ ਜਾਂਦੇ ਟੈਕਸ ਖਿਲਾਫ ਹੋਣਾ ਚਾਹੀਦਾ ਸੀ ਪਰ ਹੈਰਾਨੀ ਵਾਲੀ ਗੱਲ ਹੈ ਕਿ ਅਜਿਹੇ ਟੈਕਸਾਂ ਤੋਂ ਛੁਟਕਾਰਾ ਦਿਵਾਉਣ ਵਾਲੀ ਪ੍ਰਣਾਲੀ ਖਿਲਾਫ ਪ੍ਰਦਰਸ਼ਨ ਹੋ ਰਹੇ ਹਨ।'' ਉਨ੍ਹਾਂ ਕਿਹਾ ਕਿ ਪੰਜਾਬ 'ਚ ਵੱਖ ਨੇਮ ਹਨ ਜਿਥੇ ਆੜ੍ਹਤੀਆਂ ਨੂੰ ਕਮਿਸ਼ਨ ਮਿਲਦਾ ਹੈ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਦਾ ਟੈਕਸਾਂ ਤੋਂ ਖਹਿੜਾ ਛੁਡਾਉਣ ਦਾ ਕੰਮ ਕੀਤਾ ਹੈ। 'ਲੇਕਿਨ ਦੇਸ਼ ਮੇਂ ਉਲਟੀ ਗੰਗਾ ਬਹਿ ਰਹੀ ਹੈ।' ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਅੰਦੋਲਨ ਦਾ ਸਨਮਾਨ ਕਰਦਿਆਂ ਉਨ੍ਹਾਂ ਨਾਲ ਕਈ ਗੇੜ ਦੀ ਗੱਲਬਾਤ ਕੀਤੀ ਪਰ ਮਸਲੇ ਦਾ ਹੱਲ ਨਹੀਂ ਨਿਕਲ ਸਕਿਆ। ਖੇਤੀ ਮੰਤਰੀ ਨੇ ਦਾਅਵਾ ਕੀਤਾ ਕਿ ਏ.ਪੀ.ਐਮ.ਸੀ. ਪ੍ਰਣਾਲੀ ਖਤਮ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਕਾਨੂੰਨਾਂ 'ਚ ਸੋਧ ਦੀ ਪੇਸ਼ਕਸ਼ ਕੀਤੇ ਜਾਣ ਦੇ ਬਾਵਜੂਦ ਕਿਸਾਨ ਅੰਦੋਲਨ ਕਰ ਰਹੇ ਹਨ।

## ਕਿਸਾਨਾਂ ਵੱਲੋਂ ਤੋਮਰ ਦਾ ਬਿਆਨ ਝੂਠ ਦਾ ਪੁਲੰਦਾ ਕਰਾਰ

**ਨਵੀਂ ਦਿੱਲੀ:** ਕਿਸਾਨ ਆਗੂਆਂ ਨੇ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਵੱਲੋਂ ਸੰਸਦ 'ਚ ਦਿੱਤੇ ਬਿਆਨ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਖੇਤੀ ਤੇ ਖੁਰਾਕ ਖੇਤਰ ਵਿਚ ਵਾੜਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਹੁਣ ਸਿਰਫ ਪੰਜਾਬ ਹੀ ਨਹੀਂ ਸਗੋਂ ਕੇਰਲਾ ਵਿਧਾਨ ਸਭਾ 'ਚ ਵੀ ਖੇਤੀ ਕਾਨੂੰਨਾਂ ਖਿਲਾਫ ਮਤੇ ਦੇ ਹੱਕ 'ਚ ਭਾਜਪਾ ਦੇ ਵਿਧਾਇਕ ਨੇ ਵੋਟ ਪਾਈ ਸੀ। ਹਰਿਆਣਾ, ਉਤਰ ਪ੍ਰਦੇਸ ਤੇ ਉਤਰਾਖੰਡ ਸਮੇਤ ਮਹਾਰਾਸ਼ਟਰ ਦੇ ਕਿਸਾਨਾਂ ਵੱਲੋਂ ਵੱਡੀ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

## ਤੋਮਰ ਨੂੰ ਸੱਤਾ ਦਾ ਨਸ਼ਾ ਚੜ੍ਹਿਆ: ਆਰ.ਐਸ.ਐਸ. ਆਗੂ

**ਭੁਪਾਲ:** ਕਿਸਾਨ ਅੰਦੋਲਨ ਦੇ ਮੁੱਦੇ 'ਤੇ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਵੱਲੋਂ ਲਏ ਜਾ ਰਹੇ ਸਟੈਂਡ ਲਈ ਉਨ੍ਹਾਂ 'ਤੇ ਹਮਲਾ ਬੋਲਦਿਆਂ ਆਰ.ਐਸ.ਐਸ. ਦੇ ਸੀਨੀਅਰ ਆਗੂ ਰਘੂਨੰਦਨ ਸ਼ਰਮਾ ਨੇ ਕਿਹਾ ਹੈ ਕਿ ਤੋਮਰ ਦੇ ਸਿਰ 'ਤੇ ਸੱਤਾ ਦਾ ਨਸ਼ਾ ਸਵਾਰ ਹੈ। ਮੱਧ ਪ੍ਰਦੇਸ਼ ਤੋਂ ਰਾਜ ਸਭਾ ਮੈਂਬਰ ਰਹਿ ਚੁੱਕੇ ਸ਼ਰਮਾ ਨੇ ਆਪਣੇ ਫੇਸਬੁੱਕ ਅਕਾਊਂਟ 'ਤੇ ਕੇਂਦਰੀ ਮੰਤਰੀ ਨੂੰ ਸੁਝਾਅ ਦਿੱਤਾ ਹੈ ਕਿ ਉਹ ਰਾਸ਼ਟਰਵਾਦ ਮਜ਼ਬੂਤ ਕਰਨ ਲਈ ਕੰਮ ਕਰਨ। 'ਨਰੇਂਦਰਜੀ, ਤੁਸੀਂ ਸਰਕਾਰ ਦਾ ਹਿੱਸਾ ਹੋ। ਤੁਹਾਡਾ ਇਰਾਦਾ ਕਿਸਾਨਾਂ ਦੀ ਸਹਾਇਤਾ ਕਰਨਾ ਹੋਵੇਗਾ ਪਰ ਜੇਕਰ ਕੁਝ ਲੋਕ ਸਹਾਇਤਾ ਨਹੀਂ ਲੈਣਾ ਚਾਹੁੰਦੇ ਹਨ ਤਾਂ ਭਲਾਈ ਕਰਨ ਦੀ ਕੀ ਲੋੜ ਹੈ?'

## ਯੂ.ਐਨ. ਮਨੁੱਖੀ ਅਧਿਕਾਰ ਕੌਂਸਲ 'ਚ ਮੁੜ ਸ਼ਾਮਲ ਹੋਵੇਗਾ ਅਮਰੀਕਾ

**ਵਾਸ਼ਿੰਗਟਨ:** ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਇਸ ਹਫਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨਾਲ ਮੁੜ ਜੁੜਨ ਦਾ ਐਲਾਨ ਕਰਨ ਲਈ ਤਿਆਰ ਹੈ, ਜਿਸ ਨਾਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਲਗਭਗ ਤਿੰਨ ਸਾਲ ਪਹਿਲਾਂ ਵੱਖ ਹੋਣ ਦਾ ਫੈਸਲਾ ਕੀਤਾ ਸੀ। ਬਾਇਡਨ ਪ੍ਰਸ਼ਾਸਨ ਵੱਲੋਂ ਲਏ ਇਸ ਫੈਸਲੇ ਨਾਲ ਬਹੁਉਦੇਸ਼ੀ ਸੰਗਠਨਾਂ ਤੇ ਸਮਝੌਤਿਆਂ ਸਬੰਧੀ ਟਰੰਪ ਪ੍ਰਸ਼ਾਸਨ ਦਾ ਇਕ ਹੋਰ ਫੈਸਲਾ ਬਦਲ ਜਾਵੇਗਾ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਜਨੇਵਾ 'ਚ ਸੀਨੀਅਰ ਅਮਰੀਕੀ ਸਫੀਰ ਜਨੇਵਾ ਅਧਾਰਤ ਇਸ ਸੰਗਠਨ ਨਾਲ ਦੁਬਾਰਾ ਜੁੜਨ ਦਾ ਐਲਾਨ ਕਰਨਗੇ।

# ਟੈਂਪਾ ਵਿਚ ਕਿਸਾਨਾਂ ਨਾਲ ਇਕਜੁਟਤਾ ਲਈ ਰੈਲੀ ਕੀਤੀ

**ਓਰਲੈਂਡੋ, ਫਲੋਰਿਡਾ (ਬਿਊਰੋ):** ਓਰਲੈਂਡੋ ਅਤੇ ਆਲੇ-ਦੁਆਲੇ ਦੇ ਹੋਰ ਸ਼ਹਿਰਾਂ ਦੀ ਇਮਦਾਦ ਨਾਲ ਕਿਸਾਨ ਅੰਦੋਲਨ ਨਾਲ ਇਕਮੁੱਠਤਾ ਜਾਹਰ ਕਰਨ ਲਈ ਟੈਂਪਾ ਵਿਚ 6 ਫਰਵਰੀ ਨੂੰ ਕਿਸਾਨ ਇਕਮੁੱਠਤਾ ਰੈਲੀ ਕੀਤੀ ਗਈ। ਇਹ ਦੂਜੀ ਰੈਲੀ ਸੀ, ਜਿਹੜੀ ਫਲੋਰਿਡਾ ਦੇ ਵਾਲੰਟੀਅਰਾਂ ਨੇ ਨੇਪਰੇ ਚਾੜ੍ਹੀ। ਪਹਿਲੀ ਰੈਲੀ 19 ਦਸੰਬਰ ਨੂੰ ਓਰਲੈਂਡੋ ਵਿਚ ਕੀਤੀ ਗਈ, ਜਿਸ 'ਚ 300 ਤੋਂ ਵੱਧ ਕਾਰਾਂ ਦਾ ਕਾਫਲਾ ਆਇਆ ਸੀ।

6 ਫਰਵਰੀ ਵਾਲੀ ਰੈਲੀ ਦੀ ਅਹਿਮੀਅਤ ਇਸ ਕਰ ਕੇ ਵੀ ਸੀ, ਕਿਉਂਕਿ ਅਗਲੇ ਦਿਨ 7 ਫਰਵਰੀ ਨੂੰ ਟੈਂਪਾ ਵਿਚ







ਸੁਪਰ ਬਾਊਲ ਸਮਾਗਮ ਵੀ ਸੀ। ਯਾਦ ਰਹੇ, ਸੁਪਰ ਬਾਊਲ ਸਮਾਗਮ ਵਿਚ ਅਮਰੀਕਾ ਭਰ ਤੋਂ ਲੋਕ ਪੁੱਜਦੇ ਹਨ।

ਹਜ਼ਾਰਾਂ ਦੀ ਗਿਣਤੀ ਵਿਚ ਕਾਰਾਂ ਦਾ ਕਾਫਲਾ 'ਕਿਸਾਨ ਇਕਮੁੱਠਤਾ ਰੈਲੀ' ਵਿਚ ਸ਼ਾਮਿਲ ਹੋਇਆ। ਅਲਬਾਮਾ, ਡੈਵਨਪੋਰਟ, ਫੋਰਟ ਲੌਂਡਰਡੇਲ, ਲੇਕਲੈਂਡ, ਓਰਲੈਂਡੋ ਅਤੇ ਟੈਂਪਾ ਸ਼ਹਿਰਾਂ ਤੋਂ ਆਏ ਸੇਵਾਦਾਰ/ਵਾਲੰਟੀਅਰ ਰੈਲੀ ਦੇ ਰੂਪ ਵਿਚ ਰੇਅਮੰਡ ਜੇਮਸ ਸਟੇਡੀਅਮ ਪੁੱਜੇ। ਇਸ ਮੌਕੇ ਕਿਸਾਨਾਂ ਦੇ ਹੱਕ ਵਿਚ ਨਾਅਰੇ ਬੁਲੰਦ ਕੀਤੇ ਗਏ। ਲੋਕਾਂ ਨੇ ਆਪਣੇ ਹੱਥਾਂ ਵਿਚ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ਉਤੇ ਕਿਸਾਨਾਂ ਦੇ ਹੱਕ ਵਿਚ ਸਲੋਗਨ ਲਿਖੇ ਹੋਏ ਸਨ।

ਇਸ ਰੈਲੀ ਦਾ ਮੁੱਖ ਮਕਸਦ ਭਾਰਤ ਦੀ ਮੋਦੀ ਸਰਕਾਰ ਨੂੰ ਇਹ ਸੁਨੇਹਾ ਪਹੁੰਚਾਉਣਾ ਸੀ ਕਿ ਸਰਕਾਰ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਮੰਨੇ। ਮੋਦੀ ਸਰਕਾਰ ਵੱਲੋਂ ਕਿਸਾਨ ਅੰਦੋਲਨਕਾਰੀਆਂ ਦੀ ਬਿਜਲੀ, ਪਾਣੀ ਤੇ ਇੰਟਰਨੈਟ ਸਹੂਲਤ ਕੱਟਣ ਦੀ ਤਿੱਖੀ ਨੁਕਤਾਚੀਨੀ ਕੀਤੀ ਗਈ।

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com

# ਵਿਪਸਾ ਵੱਲੋਂ ਪਲੇਠੀ ਕਾਰਜਕਾਰਨੀ ਮੀਟਿੰਗ ਵਿਚ ਅਹਿਮ ਫੈਸਲੇ

**ਸੈਨ ਹੋਜ਼ੇ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਕਾਰਜਕਾਰਨੀ ਦੀ ਪਲੇਠੀ ਮੀਟਿੰਗ ਨਵੇਂ ਪ੍ਰਧਾਨ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਪਿਛਲੇ ਦਿਨੀਂ 'ਜ਼ੂਮ' ਲਿੰਕ ਰਾਹੀਂ ਆਯੋਜਿਤ ਕੀਤੀ ਗਈ।



ਸਵਾਗਤੀ ਭਾਸ਼ਣ ਤੋਂ ਬਾਅਦ ਉਨ੍ਹਾਂ ਕਾਰਜਕਾਰਨੀ ਦੀ ਜਾਣ-ਪਛਾਣ ਕਰਵਾਉਂਦਿਆਂ ਅਮਰਜੀਤ ਪੰਨੂ ਨੂੰ ਮੀਤ ਪ੍ਰਧਾਨ, ਕੁਲਵਿੰਦਰ ਪਲਾਹੀ ਨੂੰ ਜਨਰਲ ਸਕੱਤਰ, ਲਾਜ ਨੀਲਮ ਸੈਣੀ ਨੂੰ ਸਹਾਇਕ ਸਕੱਤਰ, ਗੁਲਸ਼ਨ ਦਿਆਲ ਨੂੰ ਸਾਹਿਤਕ ਸਕੱਤਰ, ਤਾਰਾ ਸਿੰਘ ਸਾਗਰ ਨੂੰ ਖਜਾਨਚੀ, ਜਗਜੀਤ ਨੌਸ਼ਹਿਰਵੀ ਨੂੰ ਆਰਗੇਨਾਈਜ਼ਰ ਅਤੇ ਚਰਨਜੀਤ ਸਿੰਘ ਪੰਨੂ ਨੂੰ ਪਬਲਿਕ ਰਿਲੇਸ਼ਨ ਅਫਸਰ ਐਲਾਨਿਆ। ਇਸ ਤੋਂ ਇਲਾਵਾ ਸੁਖਦੇਵ ਸਾਹਿਲ ਰੰਗ-ਮੰਚ ਕੋਆਰਡੀਨੇਟਰ ਤੇ ਓਮ ਕਮਲ ਨੂੰ ਮੀਡੀਆ ਸਕੱਤਰ ਨਿਯੁਕਤ ਕੀਤਾ।

ਮੀਟਿੰਗ ਵਿਚ ਮਤਾ ਪਾਸ ਕਰ ਕੇ ਭਾਰਤ ਸਰਕਾਰ ਦੀ 26 ਜਨਵਰੀ ਨੂੰ ਕਿਸਾਨ ਸੰਘਰਸ਼ ਨੂੰ ਢਾਹ ਲਾਉਣ ਵਾਲੀ ਕੋਝੀ ਹਰਕਤ ਦੀ ਨਿਖੇਧੀ ਕੀਤੀ ਗਈ। ਵਿਪਸਾ ਕਿਸਾਨਾਂ ਦੇ ਹੱਕੀ ਸੰਘਰਸ਼ ਦਾ ਸਮਰਥਨ ਕਰਦੀ ਹੈ ਤੇ ਇਸ ਸੰਘਰਸ਼ ਨੂੰ ਕਿਸੇ ਇਕ ਧਰਮ ਜਾਂ ਨਸਲ ਨਾਲ ਨਹੀਂ ਜੋੜਿਆ ਜਾ ਸਕਦਾ। ਇਸ ਦਾ ਮਕਸਦ ਕਿਸਾਨਾਂ ਨਾਲ ਸਬੰਧਿਤ 'ਤਿੰਨ ਨਵੇਂ ਕਾਨੂੰਨ' ਰੱਦ ਕਰਵਾਉਣਾ ਹੈ। ਇਸ ਸੰਘਰਸ਼ ਦੌਰਾਨ ਅਮਰਜੀਤ ਪੰਨੂ ਦੇ ਚਚੇਰੇ ਭਰਾ ਕਿਸਾਨ ਆਗੂ ਕੁਲਵੰਤ ਸਿੰਘ ਪੰਨੂ ਸਮੇਤ ਸ਼ਹੀਦ ਹੋਏ ਸਾਰੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਕਾਰਜਕਾਰਨੀ ਦੇ ਸਮੂਹ ਮੈਂਬਰਾਂ ਨੇ ਵਿਪਸਾ ਦੀਆਂ ਅਗਲੇ ਦੋ ਸਾਲਾਂ ਦੀਆਂ ਸਾਹਿਤਕ ਗਤੀਵਿਧੀਆਂ ਬੜੇ ਉਤਸ਼ਾਹ ਨਾਲ ਉਲੀਕੀਆਂ। ਹਰ ਮੀਟਿੰਗ ਵਿਚ ਇਕ ਸ਼ਾਇਰ ਦੀਆਂ ਨਜ਼ਮਾਂ 'ਤੇ ਵਿਚਾਰ-ਵਟਾਂਦਰਾ ਹੋਇਆ ਕਰੇਗਾ। ਇਕ ਕਹਾਣੀ ਉੱਪਰ ਸੰਜੀਦਾ ਚਰਚਾ ਕੀਤੀ ਜਾਇਆ ਕਰੇਗੀ। ਕਵੀ ਦਰਬਾਰ ਵਿਚ ਨਵੀਆਂ ਰਚਨਾਵਾਂ ਪੜ੍ਹਨ 'ਤੇ ਜ਼ੋਰ ਦਿੱਤਾ ਜਾਵੇਗਾ। ਪਹਿਲਾਂ ਹੀ ਤਿਆਰੀ ਅਧੀਨ 'ਕਹਾਣੀ ਸੰਗ੍ਰਹਿ' ਨੇਪਰੇ ਚਾੜ੍ਹਿਆ ਜਾਵੇਗਾ, ਜਿਸ ਦੀ ਸੰਪਾਦਨਾ ਦੀ ਜ਼ਿੰਮੇਵਾਰੀ ਅਮਰਜੀਤ ਕੌਰ ਪੰਨੂ, ਲਾਜ ਨੀਲਮ ਸੈਣੀ ਅਤੇ ਸੁਰਜੀਤ ਕੈਨੇਡਾ ਦੀ ਹੋਵੇਗੀ।

ਮੀਟਿੰਗ ਦੀ ਸਮੁੱਚੀ ਕਾਰਵਾਈ ਜਨਰਲ ਸਕੱਤਰ ਕੁਲਵਿੰਦਰ ਨੇ ਬਾਖੂਬੀ ਨਿਭਾਈ ਤੇ ਲਾਜ ਨੀਲਮ ਸੈਣੀ ਨੇ ਕਲਮਬੱਧ ਕੀਤੀ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਅਹਿਮ ਮੀਟਿੰਗ ਹੋਈ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਦੀ ਬੀਤੇ ਦਿਨੀਂ ਇਥੇ ਹੋਈ ਇਕ ਮੀਟਿੰਗ ਦਾ ਮੁਖ ਏਜੰਡਾ ਬੀਤੇ ਸਾਲ ਵਿਚ ਜਥੇਬੰਦੀ ਦੀਆਂ ਕਾਰਗੁਜ਼ਾਰੀਆਂ ਦੀ ਸਮੀਖਿਆ ਅਤੇ ਇਸ ਨਵੇਂ ਸਾਲ ਵਿਚ ਕਾਰਵਾਈਆਂ ਦੀ ਵਿਉਂਤਬੰਦੀ ਸੀ। ਮੀਟਿੰਗ ਦੇ ਸ਼ੁਰੂ ਵਿਚ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸਮੂਹ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। 26 ਜਨਵਰੀ ਨੂੰ ਹੋਏ ਇਕ ਹਾਦਸੇ ਵਿਚ ਭਰ ਜੁਆਨੀ ਵਿਚ ਆਪਣੀ ਜਾਨ ਗਵਾਉਣ ਵਾਲੇ ਨਵਰੀਤ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਭਾਰਤ ਸਰਕਾਰ ਵਲੋਂ ਲੋਕਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਥਾਂ ਪੁਰ ਅਮਨ ਢੰਗ ਨਾਲ ਮੋਰਚੇ 'ਤੇ ਬੈਠੇ ਲੋਕਾਂ 'ਤੇ ਤਸ਼ੱਦਦ ਢਾਹੁਣ ਦੀ ਸਖਤ ਨਿੰਦਾ ਵੀ ਕੀਤੀ। ਮੋਰਚੇ ਵਾਲੇ ਇਲਾਕੇ ਵਿਚ ਪਾਣੀ, ਬਿਜਲੀ ਅਤੇ ਇੰਟਰਨੈੱਟ ਸੇਵਾਵਾਂ ਬੰਦ ਕਰਨਾ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਦਾ ਵੀ ਨੋਟਿਸ ਲਿਆ।

ਕਿਸਾਨੀ ਮੰਗਾਂ ਲਈ ਇਕਮੁੱਠਤਾ ਜਾਹਰ ਕਰਨ ਲਈ ਫੋਰਮ ਵਲੋਂ ਪਿਛਲੇ ਸਮੇਂ ਵਿਚ ਕੀਤੇ ਪ੍ਰੋਗਰਾਮਾਂ ਦੀ ਸਮੀਖਿਆਂ ਕਰਦਿਆਂ ਆਉਣ ਵਾਲੇ ਦਿਨਾਂ ਵਿਚ ਵੀ ਦੂਜੀਆਂ ਜਥੇਬੰਦੀਆਂ ਨਾਲ ਰਲ ਕੇ ਕੋਈ ਹੋਰ ਢੁਕਵਾਂ ਪ੍ਰੋਗਰਾਮ ਉਲੀਕਣ ਨੂੰ ਵੀ ਪ੍ਰਵਾਨਗੀ ਦਿੱਤੀ। ਫੋਰਮ ਨੇ ਕਿਸਾਨ ਮੋਰਚੇ ਲਈ ਆਪਣੇ ਆਪਣੇ ਥਾਂ ਕੰਮ ਕਰ ਰਹੀਆਂ ਵੱਖ-ਵੱਖ ਜਥੇਬੰਦੀਆਂ ਦਾ ਧੰਨਵਾਦ ਵੀ ਕੀਤਾ ਅਤੇ ਫੋਰਮ ਵਲੋਂ ਹਰ ਪ੍ਰੋਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਫੈਸਲਾ ਵੀ ਲਿਆ।

ਮੀਟਿੰਗ ਵਿਚ ਸ਼ਾਮਲ ਸਾਰੇ ਮੇਂਬਰਾਂ ਨੇ ਪਿਛਲੇ ਸਾਲ ਕਰੋਨਾ ਦੀ ਮਹਾਂਮਾਰੀ ਦੇ ਚੱਲਦਿਆਂ ਫੋਰਮ ਆਪਣੀਆਂ ਮੁੱਖ ਕਾਰਵਾਈਆਂ, ਜਿਨ੍ਹਾਂ ਵਿਚ ਮਾਰਚ ਮਹੀਨੇ ਹੋਣ ਵਾਲਾ ਸਾਲਾਨਾ ਮੇਲਾ, ਅਗਸਤ ਮਹੀਨੇ ਵਿਚ ਕਰਵਾਏ ਜਾਂਦੇ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ ਅਤੇ ਨਵੰਬਰ ਮਹੀਨੇ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀ ਸ਼ਹੀਦਾਂ ਦੀ ਯਾਦ ਵਿਚ ਪ੍ਰੋਗਰਾਮ ਨਾ ਕਰਵਾ ਸਕਣ ਲਈ ਖੇਦ ਪ੍ਰਗਟ ਕੀਤਾ। ਕਰੋਨਾ ਦਾ ਮਾਰੂ ਅਸਰ ਅਜੇ ਵੀ ਉਸੇ ਰਫਤਾਰ ਨਾਲ ਜਾਰੀ ਹੈ ਅਤੇ ਜਿਸ ਨੂੰ ਦੇਖਦਿਆਂ ਇਸ ਸਾਲ ਮਾਰਚ ਦੇ ਆਖਰੀ ਹਫਤੇ ਹੋਣ ਵਾਲਾ ਸਾਲਾਨਾ ਮੇਲਾ ਨਾ ਕਰਨ ਦਾ ਫੈਸਲਾ ਲਿਆ ਗਿਆ।

ਫੋਰਮ ਨੇ ਆਸ ਪ੍ਰਗਟਾਈ ਕਿ ਆਉਣ ਵਾਲੇ ਮਹੀਨਿਆਂ ਵਿਚ ਸੰਸਾਰ ਕਰੋਨਾ ਤੋਂ ਨਿਜਾਤ ਪਾ ਸਕੇਗਾ ਤੇ ਜਨ ਜੀਵਨ ਆਮ ਹਾਲਤਾਂ ਵਿਚ ਬਹਾਲ ਹੋ ਸਕੇ।

ਫੋਰਮ ਦੇ ਮੇਂਬਰਾਂ ਨੇ ਸਮੂਹ ਭਾਰਤੀ ਭਾਈਚਾਰੇ ਵਲੋਂ ਪਿਛਲੇ 20 ਸਾਲਾਂ ਤੋਂ ਮਿਲ ਰਹੇ ਸਮਰਥਨ ਲਈ ਧੰਨਵਾਦ ਕਰਦਿਆਂ ਇਹ ਯਕੀਨ ਵੀ ਦਵਾਇਆ ਕਿ ਕਰੋਨਾ ਦੀ ਮਹਾਂਮਾਰੀ ਖਤਮ ਹੋਣ ਤੋਂ ਬਾਅਦ ਫੋਰਮ ਆਪਣੇ ਸਾਰੇ ਪ੍ਰੋਗਰਾਮ ਜਾਰੀ ਰੱਖੇਗਾ।

## ਮਾਸਟਰ ਸੇਵਾ ਸਿੰਘ ਬੀੜ ਰਾਊਕੇ ਸੁਰਗਵਾਸ

**ਫਰੀਮਾਂਟ (ਬਿਊਰੋ):** ਭਾਈਚਾਰੇ ਦੇ ਸਤਿਕਾਰਯੋਗ ਮਾਸਟਰ ਸੇਵਾ ਸਿੰਘ ਬੀੜ ਰਾਊਕੇ ਵਾਹਿਗੁਰੂ ਵਲੋਂ ਬਖਸ਼ੇ ਸਵਾਸ ਭੋਗ ਕੇ ਗੁਰਪੁਰੀ ਸਿਧਾਰ ਗਏ ਹਨ। ਉਨ੍ਹਾਂ ਦਾ ਜਨਮ ਜਿਲਾ ਮੋਗਾ ਦੇ ਪਿੰਡ ਬੀੜ ਰਾਊਕੇ ਵਿਖੇ 1944 'ਚ ਪਿਤਾ ਸ. ਈਸ਼ਰ ਸਿੰਘ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ ਹੋਇਆ। ਉਹ ਦੋ ਭਰਾ ਤੇ ਦੋ ਭੈਣਾਂ ਵਿਚੋਂ ਸਭ ਤੋਂ ਛੋਟੇ ਸਨ। ਉਨ੍ਹਾਂ ਬੀ.ਐੱਸਸੀ., ਬੀ.ਐੱਡ ਮੋਗਾ ਦੇ ਡੀ. ਐੱਮ. ਕਾਲਜ ਵਿਚੋਂ ਕੀਤੀ। ਵਿਆਹ 1967 'ਚ ਅਧਿਆਪਕਾ ਬੀਬੀ ਦਲਜੀਤ ਕੌਰ ਨਾਲ ਹੋਇਆ, ਜਿਸ ਦੀ ਕੁੱਖੋਂ ਇੱਕ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ।



ਮਾਸਟਰ ਸੇਵਾ ਸਿੰਘ ਨੇ 1966 ਤੋਂ ਸਰਕਾਰੀ ਅਧਿਆਪਕ ਵਜੋਂ ਪਿੰਡ ਫੁੱਲੇਵਾਲਾ ਸਰਕਾਰੀ ਸਕੂਲ 'ਚ ਨੌਕਰੀ ਕੀਤੀ। ਉਹ 2002 ਵਿਚ ਪ੍ਰਿੰਸੀਪਲ ਗੁਰਦੇਵ ਸਿੰਘ ਧਾਲੀਵਾਲ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਧੂੜਕੋਟ ਰਣਸੀਂਹ (ਮੋਗਾ) ਵਿਚੋਂ ਹਿਸਾਬ ਦੇ ਅਧਿਆਪਕ ਵਜੋਂ ਰਿਟਾਇਰ ਹੋਏ। ਉਹ ਕੁਦਰਤ ਪ੍ਰੇਮੀ ਸਨ, ਜਿਸ ਕਾਰਨ ਉਨ੍ਹਾਂ ਵਾਤਾਵਰਣ ਤੋਂ ਇਲਾਵਾ ਪਸ਼ੂਆਂ, ਪੰਛੀਆਂ ਨਾਲ ਵੀ ਤੇਹ ਸੀ। ਘੋੜਸਵਾਰੀ ਦੇ ਵੀ ਸ਼ੌਕੀਨ ਸਨ ਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਪਾਲ ਕੇ ਰੱਖਦੇ ਸਨ। 2007 ਵਿਚ ਉਹ ਅਮਰੀਕਾ ਆ ਗਏ। ਉਹ ਛੇ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਵਾਲਾ ਹਸਦਾ ਵਸਦਾ ਪਰਿਵਾਰ ਛੱਡ ਕੇ ਅਕਾਲ ਪੁਰਖ ਦੇ ਚਰਨੀਂ ਜਾ ਲੱਗੇ ਹਨ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਸਪੁੱਤਰ ਹਰਬਖਸ਼ ਸਿੰਘ ਬੀੜ ਰਾਊਕੇ ਨਾਲ ਫੋਨ: 408-580-6063 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



**Wanted Workers**

Need workers for Restaurant and Gas station in Eureka, CA. Housing and food provide.

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ। ਰਿਹਾਇਸ਼ ਅਤੇ ਖਾਣਾ ਮੁਫਤ

Call, Gurpreet Singh Sohal

Ph: 707-498-9325

redwoodpetroleum@gmail.com


7-10



**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

*Now we have two locations:*

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

Ph: (408) 737-7100

Fax: (408)737-7102 www.homeopathicvibes.com

*We sell and ship homeopathic remedies through out North America.*

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

## Pay Every Week

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

## ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

## ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਜੇ. ਐਂਡ ਕੇ. ਪੁਨਰਗਠਨ (ਸੋਧ) ਬਿੱਲ ਰਾਜ ਸਭਾ 'ਚ ਪਾਸ

**ਨਵੀਂ ਦਿੱਲੀ:** ਗ੍ਰਹਿ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਜੀ. ਕਿਸ਼ਨ ਰੈਡੀ ਨੇ ਕਿਹਾ ਹੈ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ 'ਚ ਪਿਛਲੇ ਦੋ ਸਾਲਾਂ ਤੋਂ ਵਿਕਾਸ ਕਾਰਜ ਤੇਜੀ ਨਾਲ ਚੱਲ ਰਹੇ ਹਨ ਪਰ ਕੋਵਿਡ-19 ਕਾਰਨ ਮਿਥਿਆ ਗਿਆ ਟੀਚਾ ਹਾਸਲ ਨਹੀਂ ਕੀਤਾ ਜਾ ਸਕਿਆ। ਉਨ੍ਹਾਂ ਰਾਜ ਸਭਾ 'ਚ ਕਿਹਾ ਕਿ ਕਸ਼ਮੀਰ ਨੂੰ ਦਸੰਬਰ 2022 ਤੱਕ ਰੇਲ ਨਾਲ ਜੋੜ ਦਿੱਤਾ ਜਾਵੇਗਾ। ਖਿੱਤੇ 'ਚ ਸਤੰਬਰ 2022 ਤੱਕ 80.16 ਲੱਖ ਦਿਹਾਤੀ ਘਰਾਂ 'ਚ ਪਾਣੀ ਕੁਨੈਕਸ਼ਨ ਦੇ ਦਿੱਤੇ ਜਾਣਗੇ। ਰਾਜ ਸਭਾ 'ਚ ਜੇ. ਐਂਡ ਕੇ. ਪੁਨਰਗਠਨ (ਸੋਧ) ਬਿੱਲ 'ਤੇ ਚਰਚਾ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ 'ਚ ਸਾਰੇ ਵੱਡੇ ਪ੍ਰੋਜੈਕਟ ਲੀਹ 'ਤੇ ਹਨ। ਖਿੱਤੇ 'ਚ ਉਠਾਏ ਗਏ ਕਦਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਭ ਤੋਂ ਅਹਿਮ ਗੱਲ ਇਹ ਹੈ ਕਿ ਉਥੇ ਮਿਉਂਸਪਲ ਅਤੇ ਸ਼ਹਿਰੀ ਇਕਾਈਆਂ ਦੀਆਂ ਚੋਣਾਂ ਕਰਵਾਈਆਂ ਗਈਆਂ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਗਜਟਿਡ ਅਫਸਰਾਂ ਨੂੰ ਦੋ ਦਿਨ ਪਿੰਡਾਂ ਦਾ ਦੌਰਾ ਕਰਨ ਤੇ ਉਥੋਂ ਦੇ ਵਿਕਾਸ ਕਾਰਜਾਂ ਦੀ ਦੇਖਰੇਖ ਦੇ ਨਾਲ ਨਾਲ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਕਿਹਾ ਗਿਆ ਹੈ।

## ਉਤਰਾਖੰਡ ਤ੍ਰਾਸਦੀ ਵਿਚ ਵੱਡੇ ਜਾਨੀ ਨੁਕਸਾਨ ਦਾ ਖਦਸ਼ਾ

**ਦੇਹਰਾਦੂਨ:** ਉਤਰਾਖੰਡ ਦੇ ਚਮੋਲੀ ਜਿਲ੍ਹੇ ਵਿਚ ਬਰਫ ਦੇ ਵੱਡੇ ਤੋਦੇ ਡਿੱਗਣ ਨਾਲ ਆਏ ਹੜ੍ਹਾਂ ਤੋਂ ਤਬਾਹੀ ਮਚੀ ਹੋਈ ਹੈ। ਹਾਦਸੇ ਵਿਚ ਮਰਨ ਵਾਲਿਆਂ ਦੀ ਕੁੱਲ ਗਿਣਤੀ 30 ਹੋ ਗਈ ਹੈ, ਜਦੋਂਕਿ 171 ਵਿਅਕਤੀ ਅਜੇ ਵੀ ਲਾਪਤਾ ਦੱਸੇ ਜਾਂਦੇ ਹਨ। ਤਪੋਵਨ ਪਣਬਿਜਲੀ ਪ੍ਰੋਜੈਕਟ ਸਾਈਟ 'ਤੇ ਬਣੀ ਸੁਰੰਗ ਵਿਚ ਅਜੇ ਵੀ ਘੱਟੋ-ਘੱਟ 30 ਕਾਮੇ ਫਸੇ ਹੋਏ ਹਨ, ਜਿਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਵੱਡੇ ਪੱਧਰ 'ਤੇ ਰਾਹਤ ਤੇ ਬਚਾਅ ਕਾਰਜ ਜਾਰੀ ਹਨ। ਆਈ.ਟੀ.ਬੀ.ਪੀ., ਐਨ.ਡੀ.ਆਰ.ਐਫ. ਤੇ ਐਸ.ਡੀ.ਆਰ.ਐਫ. ਦੀਆਂ ਟੀਮਾਂ ਰਾਹਤ ਕਾਰਜਾਂ ਵਿਚ ਜੁਟੀਆਂ ਹੋਈਆਂ ਹਨ।

ਚੇਤੇ ਰਹੇ ਕਿ ਅਲਕਨੰਦਾ ਨਦੀ, ਰਿਸ਼ੀ ਗੰਗਾ ਤੇ ਧੌਲੀ ਗੰਗਾ ਨਦੀਆਂ 'ਚ ਹੜ੍ਹ ਆਉਣ ਕਰਕੇ ਕਈ ਥਾਈਂ ਘਰ ਰੁੜ੍ਹ ਗਏ ਸਨ ਜਦੋਂਕਿ ਐਨ.ਟੀ.ਪੀ.ਸੀ. ਤਪੋਵਨ-ਵਿਸ਼ਨੂਗਾਡ ਪਣਬਿਜਲੀ ਪ੍ਰੋਜੈਕਟ ਤੇ ਰਿਸ਼ੀ ਗੰਗਾ ਪਣਬਿਜਲੀ ਪ੍ਰੋਜੈਕਟ ਨੂੰ ਵੱਡਾ ਨੁਕਸਾਨ ਪੁੱਜਾ। ਪ੍ਰੋਜੈਕਟਾਂ ਵਿੱਚ ਬਣੀਆਂ ਸੁਰੰਗਾਂ 'ਚ ਪਾਣੀ ਭਰਨ ਕਰਕੇ ਵੱਡੀ ਗਿਣਤੀ ਮਜ਼ਦੂਰ ਇਨ੍ਹਾਂ ਵਿਚ ਫਸ ਗਏ ਹਨ। 171 ਲਾਪਤਾ ਵਿਅਕਤੀਆਂ 'ਚ ਪਣਬਿਜਲੀ ਪ੍ਰੋਜੈਕਟ ਸਾਈਟਾਂ 'ਤੇ ਕੰਮ ਕਰਦੇ ਕਾਮਿਆਂ ਤੋਂ ਇਲਾਵਾ ਨੇੜਲੇ ਪਿੰਡਾਂ ਦੇ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਦੇ ਘਰ ਇਸ ਜਲ-ਪਰਲੋ 'ਚ ਰੜ੍ਹ ਗਏ ਹਨ।

ਉਤਰਾਖੰਡ ਦੇ ਡੀ.ਜੀ.ਪੀ. ਅਸ਼ੋਕ ਕੁਮਾਰ ਨੇ ਕਿਹਾ ਕਿ ਤਪੋਵਨ ਵਿਚ 250 ਮੀਟਰ ਸੁਰੰਗ ਵਿਚ 30 ਤੋਂ 35 ਮਜ਼ਦੂਰ ਫਸੇ ਹੋਏ ਹਨ, ਜਿਨ੍ਹਾਂ ਨੂੰ ਬਾਹਰ ਕੱਢਣ ਲਈ ਯਤਨ ਜਾਰੀ ਹਨ। ਤਪੋਵਨ ਤੇ ਰੈਨੀ ਪਿੰਡਾਂ, ਜੋ ਹੜ੍ਹ ਕਰਕੇ ਹੋਰਨਾਂ ਨਾਲੋਂ ਕੱਟੇ ਗਏ ਸਨ, ਵਿਚ ਜਰੂਰੀ ਵਸਤਾਂ ਦੀ ਸਪਲਾਈ ਭੇਜੀ ਜਾ ਰਹੀ ਹੈ। ਤਰਜਮਾਨ ਨੇ ਕਿਹਾ ਕਿ ਸੁਰੰਗ ਦੇ ਅੰਦਰ ਮਲਬਾ ਨਜ਼ਰ ਆਉਂਦਾ ਹੈ। ਸੁਰੰਗ ਨਜ਼ਦੀਕ 300 ਦੇ ਕਰੀਬ ਆਈ.ਟੀ.ਬੀ.ਪੀ. ਦੇ ਜਵਾਨ ਤਾਇਨਾਤ ਹਨ। ਇਕ ਹੋਰ ਅਧਿਕਾਰੀ ਨੇ ਕਿਹਾ ਕਿ 'ਹੈੱਡ ਰੇਸ ਟਨਲ' ਜਾਂ ਐਚ.ਆਰ.ਟੀ. ਵਿਚ 34 ਲੋਕਾਂ ਦੇ ਫਸੇ ਹੋਣ ਦਾ ਅਨੁਮਾਨ ਹੈ।

## ਜੰਮੂ ਕਸ਼ਮੀਰ ਬਾਰੇ ਕੇਂਦਰ ਦੇ ਇਰਾਦਿਆਂ 'ਤੇ ਖੜ੍ਹੇ ਕੀਤੇ ਸਵਾਲ

**ਨਵੀਂ ਦਿੱਲੀ:** ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਗੁਲਾਮ ਨਬੀ ਆਜ਼ਾਦ ਨੇ ਜੰਮੂ ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੇ ਕੇਂਦਰ ਸਰਕਾਰ ਦੇ ਇਰਾਦਿਆਂ 'ਤੇ ਸਵਾਲ ਖੜ੍ਹੇ ਕੀਤੇ। ਸੱਤਾਧਾਰੀ ਐਨ.ਡੀ.ਏ. ਨੂੰ ਸਵਾਲ ਕਰਦਿਆਂ ਆਜ਼ਾਦ ਨੇ ਕਿਹਾ ਕਿ ਕੀ ਸਰਕਾਰ ਜੰਮੂ ਕਸ਼ਮੀਰ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਹੀ ਰੱਖਣਾ ਚਾਹੁੰਦੀ ਹੈ। ਪੂਰਨ ਰਾਜ ਦਾ ਦਰਜਾ ਮੰਗਦਿਆਂ ਕਾਂਗਰਸੀ ਆਗੂ ਤੇ ਸੰਸਦ ਮੈਂਬਰ ਨੇ ਕਿਹਾ ਕਿ ਜੰਮੂ ਕਸ਼ਮੀਰ ਦਾ ਵਿਕਾਸ ਰੁਕ ਗਿਆ ਹੈ, ਬੇਰੁਜ਼ਗਾਰੀ ਵਧ ਰਹੀ ਹੈ ਤੇ ਉਦਯੋਗ ਬੰਦ ਹੋ ਰਹੇ ਹਨ। ਲੋਕਾਂ ਦਾ ਖਿੱਤੇ ਵਿਚ ਰਹਿਣਾ ਮੁਸ਼ਕਲ ਹੋ ਗਿਆ ਹੈ। ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ 'ਮੈਂ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਪੁੱਛਣਾ ਚਾਹੁੰਦਾ ਹੈ ਕਿ ਜੇ ਮੌਜੂਦਾ ਕੇਡਰ ਸਹੀ ਕੰਮ ਕਰ ਰਿਹਾ ਸੀ ਤਾਂ ਇਸ ਦੇ ਰਲੇਵੇਂ ਦੀ ਕੀ ਲੋੜ ਸੀ? ਤੁਸੀਂ ਵਾਅਦਾ ਕੀਤਾ ਸੀ ਕਿ ਰਾਜ ਦਾ ਦਰਜਾ ਬਹਾਲ ਕੀਤਾ ਜਾਵੇਗਾ।

ਜੰਮੂ ਕਸ਼ਮੀਰ (ਸੋਧ) ਬਿੱਲ 2021 ਦਾ ਵਿਰੋਧ ਕਰਦਿਆਂ ਆਜ਼ਾਦ ਨੇ ਕਿਹਾ ਕਿ ਇਹ ਬਿੱਲ ਸ਼ੱਕ ਪੈਦਾ ਕਰਦਾ ਹੈ ਕਿ ਭਾਰਤ ਸਰਕਾਰ ਜੰਮੂ ਕਸ਼ਮੀਰ ਨੂੰ ਪੱਕੇ ਤੌਰ 'ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹੀ ਰੱਖਣਾ ਚਾਹੁੰਦੀ ਹੈ।' ਆਜ਼ਾਦ ਨੇ ਕਿਹਾ ਕਿ ਪਹਿਲਾਂ ਵਾਲਾ ਕਾਨੂੰਨ ਸਥਾਨਕ ਲੋਕਾਂ ਲਈ ਨੌਕਰੀ ਯਕੀਨੀ ਬਣਾ ਰਿਹਾ ਸੀ, ਪਰ ਹੁਣ ਜੰਮੂ ਸੂਬੇ ਦੇ ਹੀ 10 'ਚੋਂ ਸੱਤ ਜਿਲ੍ਹਿਆਂ 'ਚ ਕੋਈ ਉਦਯੋਗਿਕ ਇਕਾਈ ਨਹੀਂ ਹੈ, ਨਾ ਰੇਲ ਸੰਪਰਕ ਹੈ। ਹੋਰ ਬੁਨਿਆਦੀ ਸਹੂਲਤਾਂ ਦਾ ਵੀ ਬੁਰਾ ਹਾਲ ਹੈ। ਸੰਸਦ ਮੈਂਬਰ ਨੇ ਕਿਹਾ ਕਿ ਜੇ ਖਿੱਤੇ ਵਿਚ ਚੁਣੇ ਨੁਮਾਇੰਦੇ ਹੋਣਗੇ ਤਾਂ ਉਹ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਯਤਨ ਕਰਨਗੇ।

## ਨਵਜੋਤ ਸਿੱਧੂ ਦੀ ਵਜ਼ਾਰਤ ਵਾਪਸੀ ਦੀ ਚਰਚਾ ਤੇਜ਼

**ਚੰਡੀਗੜ੍ਹ:** ਕਾਂਗਰਸ ਵਿਧਾਇਕ ਅਤੇ ਸੀਨੀਅਰ ਆਗੂ ਨਵਜੋਤ ਸਿੱਧੂ ਦੀ ਪੰਜਾਬ ਵਜ਼ਾਰਤ 'ਚ ਵਾਪਸੀ ਦਾ ਮਾਮਲਾ ਕਾਂਗਰਸ ਹਾਈ ਕਮਾਂਡ ਕੋਲ ਪੁੱਜ ਗਿਆ ਹੈ। ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਨਾਲ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ, ਜਨਰਲ ਸਕੱਤਰ ਸ੍ਰੀ ਵੇਣੂਗੋਪਾਲ ਅਤੇ ਨਵਜੋਤ ਸਿੰਘ ਸਿੱਧੂ ਨੇ ਮੁਲਾਕਾਤ ਕੀਤੀ। ਕਰੀਬ ਡੇਢ ਘੰਟੇ ਤੱਕ ਨਵਜੋਤ ਸਿੱਧੂ ਦੀ ਸਿਆਸੀ ਅਡਜਸਮੈਂਟ ਦਾ ਮਾਮਲਾ ਇਸ ਮੀਟਿੰਗ ਵਿਚ ਵਿਚਾਰਿਆ ਗਿਆ। ਅਧਿਕਾਰਤ ਤੌਰ 'ਤੇ ਵੇਰਵੇ ਹਾਸਲ ਨਹੀਂ ਹੋਏ ਹਨ ਪਰ ਅਹਿਮ ਸੂਤਰ ਦੱਸਦੇ ਹਨ ਕਿ ਮੁੱਖ ਤੌਰ 'ਤੇ ਹਰੀਸ਼ ਰਾਵਤ ਨੇ ਨਵਜੋਤ ਸਿੱਧੂ ਦੀ ਸਿਆਸੀ ਅਡਜਸਮੈਂਟ ਨੂੰ ਲੈ ਕੇ ਪੂਰੀ ਮੀਟਿੰਗ ਵਿਚ ਚਰਚਾ ਕੀਤੀ ਹੈ। ਬਾਹਰੀ ਤੌਰ 'ਤੇ ਆਖਿਆ ਜਾ ਰਿਹਾ ਹੈ ਕਿ ਇਸ ਮੀਟਿੰਗ ਵਿਚ ਕਿਸਾਨ ਅੰਦੋਲਨ ਬਾਰੇ ਗੱਲਬਾਤ ਹੋਈ ਹੈ ਪਰ ਸੂਤਰ ਆਖਦੇ ਹਨ ਕਿ ਨਵਜੋਤ ਸਿੱਧੂ ਇਸ ਗੱਲੋਂ ਖਫ਼ਾ ਹਨ ਕਿ ਮਾਮਲੇ ਨੂੰ ਜਾਣ ਬੁੱਝ ਕੇ ਲਟਕਾਇਆ ਜਾ ਰਿਹਾ ਹੈ। ਨਗਰ ਕੌਂਸਲ ਚੋਣਾਂ ਮਗਰੋਂ ਨਵਜੋਤ ਸਿੱਧੂ ਦੀ ਵਜ਼ਾਰਤ ਵਿਚ ਵਾਪਸੀ ਹੋ ਸਕਦੀ ਹੈ।

ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਸਿਰਫ ਇੰਨਾ ਹੀ ਆਖਦੇ ਹਨ ਕਿ ਪੰਜਾਬ ਦਾ ਛੇਤੀ ਦੌਰਾ ਕੀਤਾ ਜਾਵੇਗਾ ਅਤੇ ਉਸ ਦੌਰਾਨ ਸਮੀਖਿਆ ਕੀਤੀ ਜਾਵੇਗੀ ਕਿ ਨਵਜੋਤ ਸਿੱਧੂ ਨੂੰ ਕਿਥੇ ਅਡਜਸਟ ਕਰਨਾ ਹੈ। ਦੱਸਣਯੋਗ ਹੈ ਕਿ ਨਵਜੋਤ ਸਿੱਧੂ ਨੇ ਜੁਲਾਈ 2019 ਵਿਚ ਵਜ਼ਾਰਤ 'ਚੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਸਬੰਧ ਵੀ ਸੁਖਾਵੇਂ ਨਹੀਂ ਰਹੇ ਸਨ। ਕਾਂਗਰਸ ਦੀ ਟਰੈਕਟਰ ਰੈਲੀ 'ਚ ਬੱਧਨੀ ਕਲਾਂ ਦੀ ਸਟੇਜ ਤੋਂ ਬੋਲੇ ਤਿੱਖੇ ਸ਼ਬਦਾਂ ਮਗਰੋਂ ਸਬੰਧਾਂ 'ਚ ਹੋਰ ਖਟਾਸ ਆ ਗਈ ਸੀ। ਜਦੋਂ ਹਰੀਸ਼ ਰਾਵਤ ਨੂੰ ਪੰਜਾਬ ਕਾਂਗਰਸ ਦੇ ਮਾਮਲਿਆਂ ਦਾ ਇੰਚਾਰਜ ਲਾਇਆ ਗਿਆ ਤਾਂ ਉਨ੍ਹਾਂ ਨਵਜੋਤ ਸਿੱਧੂ ਨੂੰ ਪਹਿਲਾਂ ਟਰੈਕਟਰ ਰੈਲੀ ਲਈ ਰਜ਼ਾਮੰਦ ਕੀਤਾ ਸੀ ਤੇ ਮਗਰੋਂ ਅਮਰਿੰਦਰ ਸਿੰਘ ਨਾਲ ਵੀ ਸਬੰਧ ਸੁਖਾਵੇਂ ਬਣਾ ਦਿੱਤੇ ਸਨ। ਨਵਜੋਤ ਸਿੱਧੂ ਨੇ 4 ਨਵੰਬਰ ਨੂੰ ਅਮਰਿੰਦਰ ਸਿੰਘ ਨਾਲ ਦਿੱਲੀ ਵਿਚ ਜੰਤਰ ਮੰਤਰ ਵਿਖੇ ਕਿਸਾਨਾਂ ਦੇ ਹੱਕ ਵਿਚ ਧਰਨਾ ਦਿੱਤਾ ਸੀ ਅਤੇ 25 ਨਵੰਬਰ ਨੂੰ ਮੁੱਖ ਮੰਤਰੀ ਨੇ ਨਵਜੋਤ ਸਿੱਧੂ ਨੂੰ ਲੰਚ 'ਤੇ ਬੁਲਾਇਆ ਸੀ।

## ਇਮਰਾਨ ਖਾਨ ਦੇ ਦਖਲ ਮਗਰੋਂ ਹਰਮੀਤ ਸਿੰਘ ਦੇ ਪਰਿਵਾਰ ਨੂੰ ਆਸ ਬੱਝੀ

**ਅੰਮ੍ਰਿਤਸਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਸਿੱਧਾ ਦਖਲ ਦੇਣ ਪਿਛੋਂ ਸਿੱਖ ਟੀ. ਵੀ. ਐਂਕਰ ਹਰਮੀਤ ਸਿੰਘ ਤੇ ਉਸ ਦੇ ਪਰਿਵਾਰ ਨੂੰ ਆਸ ਬੱਝੀ ਹੈ ਕਿ ਉਸ ਦੇ ਭਰਾ ਪਰਵਿੰਦਰ ਸਿੰਘ ਦੇ ਕਤਲ ਦੇ ਮਾਮਲੇ ਵਿਚ ਨਿਆਂ ਮਿਲੇਗਾ। ਇਸ ਮਾਮਲੇ 'ਚ ਹਰਮੀਤ ਸਿੰਘ ਨੂੰ ਪਿਸ਼ਾਵਰ ਦੀ ਕੇਂਦਰੀ ਜੇਲ੍ਹ ਵਿਚੋਂ ਧਮਕੀਆਂ ਮਿਲ ਚੁੱਕੀਆਂ ਹਨ। ਹਰਮੀਤ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਮਾਮਲੇ ਵਿਚ ਸਿੱਧਾ ਦਖਲ ਦਿੱਤਾ ਹੈ ਜਿਸ ਤੋਂ ਬਾਅਦ ਖੈਬਰ ਪਖਤੂਨਖਵਾ ਤੇ ਇਸਲਾਮਾਬਾਦ ਤੋਂ ਅਧਿਕਾਰੀਆਂ ਨੇ ਉਸ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਉਸ ਨੇ ਸਬੰਧਤ ਅਧਿਕਾਰੀਆਂ ਨੂੰ ਜਾਣੂ ਕਰਾਇਆ ਕਿ ਪਿਸ਼ਾਵਰ ਦੀ ਕੇਂਦਰੀ ਜੇਲ੍ਹ ਵਿਚ ਉਸ ਦੇ ਭਰਾ ਪਰਵਿੰਦਰ ਦੇ ਕਾਤਲ ਬੰਦ ਹਨ ਤੇ ਜੇਲ੍ਹ ਵਿਚੋਂ ਸਰਕਾਰੀ ਫੋਨ ਨੰਬਰ ਤੋਂ ਉਸ ਨੂੰ ਧਮਕੀ ਦਿੱਤੀ ਗਈ ਹੈ। ਉਸ ਨੂੰ ਇਹ ਕੇਸ ਨਾ ਉਭਾਰਨ ਲਈ ਵੀ ਕਿਹਾ ਗਿਆ ਹੈ।

ਪ੍ਰਧਾਨ ਮੰਤਰੀ ਦਫਤਰ ਤੋਂ ਫੋਨ ਸੁਨੇਹਾ ਮਿਲਿਆ ਹੈ ਜਿਨ੍ਹਾਂ ਨੇ ਉਸ ਦੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਤੇ ਨਿਆਂ ਦਿਵਾਉਣ ਦਾ ਭਰੋਸਾ ਦਿੱਤਾ ਹੈ। ਉਸ ਦੇ ਭਰਾ ਦੇ ਕਤਲ ਕੇਸ ਦੀ ਸੁਣਵਾਈ ਮਰਦਾਨ ਅਦਾਲਤ ਵਿਚ ਚੱਲ ਰਹੀ ਹੈ। ਦੱਸਣਾ ਬਣਦਾ ਹੈ ਕਿ ਪਰਵਿੰਦਰ ਸਿੰਘ (25) ਨੂੰ ਪਿਛਲੇ ਸਾਲ ਚਾਰ ਜਨਵਰੀ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਮ੍ਰਿਤਕ ਦੀ ਮੰਗੇਤਰ ਪ੍ਰੇਮ ਕੁਮਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ 'ਤੇ ਦੋਸ਼ ਹੈ ਕਿ ਉਸ ਨੇ ਸੁਪਾਰੀ ਦੇ ਕੇ ਪਰਵਿੰਦਰ ਨੂੰ ਮਰਵਾਇਆ ਹੈ।

## ਮੋਦੀ ਨੇ ਕਿਸਾਨਾਂ ਨੂੰ ਠਿੱਠ ਕੀਤਾ

*(ਸਫਾ ਇਕ ਦੀ ਬਾਕੀ)*

ਮੁਲਕ ਦੇ ਅੰਦਰੂਨੀ ਮਾਮਲੇ ਵਿਚ ਦਖਲ ਨਾਲ ਜੋੜ ਕੇ ਇਨ੍ਹਾਂ ਦੇ ਟਾਕਰੇ ਲਈ ਬੌਲੀਵੁੱਡ, ਖੇਡ ਤੇ ਹੋਰ ਖੇਤਰਾਂ ਨਾਲ ਨਾਲ ਜੁੜੀਆਂ ਭਾਰਤੀ ਹਸਤੀਆਂ ਨੂੰ ਅੱਗੇ ਕਰ ਦਿੱਤਾ। ਇਨ੍ਹਾਂ ਲੋਕਾਂ ਨੇ ਟਵੀਟਾਂ ਰਾਹੀਂ ਸਰਕਾਰ ਦੀ ਭਾਸ਼ਾ ਬੋਲੀ ਤੇ ਦਾਅਵਾ ਕਰਨ ਦੀ ਕੋਸ਼ਿਸ਼ ਕੀਤੀ ਕਿ ਕੁਝ ਲੋਕ ਭਾਰਤ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ ਵਿਚ ਜੁਟੇ ਹੋਏ ਹਨ। ਹਾਲਾਂਕਿ ਟਵੀਟਾਂ ਵਿਚ ਵਰਤੀ ਗਈ ਇਕੋ ਜਹੀ ਸ਼ੈਲੀ ਤੇ ਭਾਜਪਾ ਆਗੂਆਂ ਨੂੰ ਕੀਤੇ ਟੈਗ ਨੇ ਇਨ੍ਹਾਂ 'ਦੇਸ਼ ਭਗਤਾਂ' ਦੀ ਛੇਤੀ ਹੀ ਪੋਲ ਖੁੱਲ੍ਹ ਦਿੱਤੀ ਤੇ ਮਹਾਰਾਸ਼ਟਰ ਸਰਕਾਰ ਨੇ ਇਸ ਦੀ ਜਾਂਚ ਦੇ ਹੁਕਮ ਵੀ ਦੇ ਦਿੱਤੇ ਹਨ ਕਿ ਭਾਰਤੀ ਬੌਲੀਵੁੱਡ ਨੇ ਕਿਸ ਦੇ ਦਬਾਅ ਵਿਚ ਅੰਦੋਲਨ ਦੇ ਖਿਲਾਫ ਮੁਹਿੰਮ ਚਲਾਈ।

ਅਸਲ ਵਿਚ, ਸਰਕਾਰ ਸਾਰਾ ਜ਼ੋਰ ਇਹੀ ਸਾਬਤ ਕਰਨ ਉਤੇ ਲਾ ਰਹੀ ਹੈ ਕਿ ਉਹ ਮਸਲੇ ਦਾ ਹੱਲ ਕਰਨਾ ਚਾਹੁੰਦੀ ਹੈ ਤੇ ਇਸ ਲਈ 11 ਦੌਰ ਦੀ ਗੱਲਬਾਤ ਵੀ ਕਰ ਚੁੱਕੀ ਹੈ ਪਰ ਕਿਸਾਨ ਅੜੀ ਕਰੀ ਬੈਠੇ ਹਨ। ਹਾਲਾਂਕਿ ਸਰਕਾਰ ਦਾ ਰਵੱਈਆ ਇਹ ਹੈ ਕਿ ਇਹ ਇਕ ਪਾਸੇ ਕਾਨੂੰਨਾਂ ਵਿਚ ਸੋਧਾਂ ਦੀਆਂ ਗੱਲਾਂ ਕਰਦੀ ਹੈ, ਦੂਜੇ ਪਾਸੇ ਇਨ੍ਹਾਂ ਦੇ ਫਾਇਦੇ ਗਿਣਵਾਉਣ ਉਤੇ ਜ਼ੋਰ ਲੱਗਾ ਹੋਇਆ ਹੈ। ਖੇਤੀ ਮੰਤਰੀ ਦਾ ਇਹੀ ਰਵੱਈਆ ਸੰਸਦ ਵਿਚ ਦਿਖਾਈ ਦਿੱਤਾ। ਖੇਤੀ ਮੰਤਰੀ ਦਾਅਵਾ ਕਰ ਰਹੇ ਸਨ ਕਿ ਕਿਸਾਨ ਜਥੇਬੰਦੀਆਂ ਦੇ ਆਗੂ 11 ਦੌਰ ਦੀਆਂ ਮੀਟਿੰਗਾਂ ਵਿਚ ਕਾਨੂੰਨਾਂ ਦਾ ਇਕ ਵੀ ਨੁਕਸਾਨ ਨਹੀਂ ਗਿਣਵਾ ਸਕੇ ਤੇ ਇਹ ਸੰਘਰਸ਼ ਇਕ ਸੂਬੇ ਤੱਕ ਹੀ ਸੀਮਤ ਹੈ।

ਕੇਂਦਰੀ ਖੇਤੀ ਮੰਤਰੀ ਦੇ ਬਿਆਨ ਵਿਚ ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਜੇਕਰ ਕਾਨੂੰਨਾਂ ਵਿਚ ਕੋਈ ਵੀ ਗਲਤੀ ਨਹੀਂ ਹੈ ਤਾਂ ਸਰਕਾਰ ਉਨ੍ਹਾਂ ਵਿਚ ਸੋਧਾਂ ਕਰਨੀਆਂ ਕਿਉਂ ਮੰਨ ਰਹੀ ਹੈ? ਖੇਤੀ ਮੰਡੀਆਂ ਬਾਰੇ ਕਾਨੂੰਨ ਵਿਚ ਸਭ ਨੂੰ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਇਹ ਕਾਨੂੰਨ ਸੂਬਿਆਂ ਦੀਆਂ ਸਰਕਾਰੀ ਖੇਤੀ ਮੰਡੀਆਂ ਨੂੰ ਖਤਮ ਕਰਨ ਵੱਲ ਸੇਧਿਤ ਹੈ। ਇਸੇ ਤਰ੍ਹਾਂ ਕਾਰਪੋਰੇਟ ਖੇਤੀ ਬਾਰੇ ਕਾਨੂੰਨ (2020) ਦੀ ਧਾਰਾ 4 ਪੜ੍ਹ ਕੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਇਹ ਕਾਨੂੰਨ ਖਰੀਦਦਾਰ (ਭਾਵ ਕਾਰਪੋਰੇਟ ਅਦਾਰੇ) ਦੇ ਹੱਕ ਵਿਚ ਹੈ, ਕਿਉਂਕਿ ਖਰੀਦਦਾਰ ਤੇ ਕਿਸਾਨ ਦੇ ਸਮਝੌਤੇ ਵਿਚਲੀਆਂ ਸਾਰੀਆਂ ਸ਼ਰਤਾਂ ਖਰੀਦਦਾਰ ਹੀ ਤੈਅ ਕਰੇਗਾ। ਖੇਤੀ ਮੰਤਰੀ ਜਿਸ ਨੇ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਵਿਚ ਅਗਵਾਈ ਕੀਤੀ ਹੈ, ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਉਹ ਸਦਨ ਵਿਚ ਇਸ ਤਰ੍ਹਾਂ ਦਾ ਬਿਆਨ ਦੇਵੇ ਪਰ ਇਸ ਦੇ ਬਾਵਜੂਦ ਖੇਤੀ ਕਾਨੂੰਨਾਂ ਉਤੇ ਬਹਿਸ ਦੇ ਜਵਾਬ ਵਿਚ ਸਰਕਾਰ ਨੇ ਸਾਰਾ ਜ਼ੋਰ ਇਹ ਸਾਬਤ ਕਰਨ ਉਤੇ ਲਾ ਦਿੱਤਾ ਕਿ ਕਾਨੂੰਨ ਕਿਸਾਨਾਂ ਦੇ ਭਲੇ ਲਈ ਹਨ ਤੇ ਸੰਘਰਸ਼ ਸਿਰਫ ਕੁਝ ਸ਼ਰਾਰਤੀ ਲੋਕਾਂ ਤੱਕ ਸੀਮਤ ਹੈ। ਸਰਕਾਰ ਦੇ ਇਹ ਤਰਕ ਮਸਲੇ ਨੂੰ ਹੱਲ ਕਰਨ ਦੀ ਹੋਰ ਉਲਝਾ ਸਕਦੇ ਹਨ।

## ਦਿੱਲੀ ਪੁਲਿਸ ਵੱਲੋਂ ਦੀਪ ਸਿੱਧੂ ਗ੍ਰਿਫਤਾਰ

*(ਸਫਾ ਇਕ ਦੀ ਬਾਕੀ)*

ਸਵਾਲ ਉਠੇ। ਚੁਫੇਰਿਉਂ ਦਬਾਅ ਤੋਂ ਬਾਅਦ ਆਖਰ ਪੁਲਿਸ ਨੂੰ ਦੀਪ ਸਿੱਧੂ ਨੂੰ ਗ੍ਰਿਫਤਾਰ ਕਰਨਾ ਪਿਆ ਹੈ। ਦੀਪ ਸਿੱਧੂ ਉਤੇ 26 ਜਨਵਰੀ ਨੂੰ ਦਿੱਲੀ 'ਚ ਕਿਸਾਨਾਂ ਵੱਲੋਂ ਕੱਢੇ ਟਰੈਕਟਰ ਮਾਰਚ ਦੌਰਾਨ ਕਿਸਾਨਾਂ ਨੂੰ ਭੜਕਾਉਣ ਤੇ ਲਾਲ ਕਿਲੇ ਵਿਚ ਦਾਖਲ ਹੋ ਕੇ ਧਾਰਮਿਕ ਝੰਡਾ ਲਹਿਰਾਉਣ ਦਾ ਦੋਸ਼ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

## Public Notice

### Change of Name

This is to certify that I Gurdeep Singh Gill, son of Balvir Singh resident of Ena Bajwa,Tehsil: Dhuri, Distt:Sangrur, Punjab, India, now living at 7247 Josiah court, Indianapolis, IN 46259, have changed my name to Gurdeep Singh. All concerned please note.

**Punjab Times**
*Ph: 847-359-0746*
*punjabtimesusa.com*

# ਕਿਸਾਨੀ ਸੰਘਰਸ਼ ਦੀ ਸਫਲਤਾ ਲਈ ਅਰਦਾਸ ਸਮਾਗਮ

**ਫਰਿਜ਼ਨੋ (ਬਿਊਰੋ):** ਦਿੱਲੀ ਦੇ ਬਾਰਡਰਾਂ 'ਤੇ ਕਿਸਾਨਾਂ ਵੱਲੋਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਵਿਰੋਧ ਪ੍ਰਦਰਸ਼ਨ ਜਾਰੀ ਹੈ। ਇਸ ਸਿਲਸਿਲੇ ਵਿਚ ਨੂੰ ਅਮਰੀਕਾ ਭਰ ਦੀਆਂ ਸਿੱਖ ਜਥੇਬੰਦੀਆਂ ਤੇ ਸਮਾਜਿਕ ਸੰਸਥਾਵਾਂ ਵੀ ਕਿਸਾਨਾਂ ਦੇ ਹੱਕ ਵਿਚ ਨਿਤਰੀਆਂ ਹਨ। ਇਸੇ ਕੜੀ ਤਹਿਤ ਰਾਜ ਕੌਰ ਸੋਢੀ ਅਤੇ ਪੀ. ਸੀ. ਏ. ਦੇ ਸਹਿਯੋਗ ਨਾਲ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਅਰਦਾਸ ਸਮਾਗਮ ਕੀਤਾ ਗਿਆ।

ਇਸ ਮੌਕੇ ਜਿੱਥੇ ਕਿਸਾਨ ਸੰਘਰਸ਼ ਦੀ ਸਫਲਤਾ ਲਈ ਅਰਦਾਸ ਕੀਤੀ ਗਈ, ਉੱਥੇ ਸਿਟੀ ਦੇ ਮੇਅਰ ਜੈਰੀ ਡਾਇਰ, ਸਨਵਾਕੀਨ ਸਿਟੀ ਮੇਅਰ ਰੂਬੀ ਧਾਲੀਵਾਲ, ਫਰਿਜ਼ਨੋ ਸਿਟੀ ਕੌਂਸਲ ਮੈਂਬਰ ਨੈਲਸਨ ਇਸਪਾਰਜ਼ਾ, ਪੀ. ਸੀ. ਏ. ਮੈਂਬਰ ਸੁਖਬੀਰ ਸਿੰਘ ਭੰਡਾਲ, ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ, ਰਾਜ ਕੌਰ ਸੋਢੀ ਅਤੇ ਹੋਰਨਾਂ ਨੇ ਸੰਗਤ ਨੂੰ ਸੰਬੋਧਨ ਕੀਤਾ।

ਜੈਰੀ ਡਾਇਰ ਨੇ ਕਿਹਾ ਕਿ ਫਰਿਜ਼ਨੋ ਏਰੀਆ ਦੁਨੀਆਂ ਭਰ ਵਿਚ ਖੇਤੀ ਦੀ ਹੱਬ ਕਰਕੇ ਜਾਣਿਆ ਜਾਂਦਾ ਹੈ। ਅਸੀਂ ਕਿਸਾਨ ਮੰਗਾ ਨੂੰ ਸਮਝਦੇ ਹਾਂ। ਇਸ ਸਮੇਂ ਇੰਡੀਆ ਵਿਚ ਕਿਸਾਨੀ ਅੰਦੋਲਨ ਪੂਰੇ ਜ਼ੋਰਾਂ 'ਤੇ ਹੈ ਅਤੇ ਮੇਰੇ ਸ਼ਹਿਰ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਕਿਸਾਨ ਵਸਦੇ ਨੇ, ਜਿਨ੍ਹਾਂ ਦੀਆਂ ਜਾਇਦਾਦਾਂ ਪੰਜਾਬ ਵਿਚ ਹਨ। ਜੇ ਉਹ ਇਨ੍ਹਾਂ ਕਾਲੇ ਕਾਨੂੰਨਾਂ ਕਰਕੇ ਦੁਖੀ ਹਨ ਤਾਂ ਮੈਂ ਵੀ ਸੁਖੀ ਕਿਵੇਂ ਹੋ ਸਕਦਾ ਹਾਂ।

ਜੈਰੀ ਡਾਇਰ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਜਾ ਰਹੇ ਜ਼ੁਲਮ ਦੇ ਖਿਲਾਫ ਉਹ ਆਵਾਜ਼ ਬੁਲੰਦ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਕਿਸਾਨ ਸੰਘਰਸ਼ ਦੇ ਹੱਕ ਵਿਚ ਆਉਣ 'ਤੇ ਮੈਨੂੰ ਬਹੁਤ ਸਾਰੀਆਂ ਧਮਕੀ ਭਰੀਆਂ ਈ-ਮੇਲਾਂ ਵੀ ਆਈਆਂ ਹਨ, ਪਰ ਮੈਂ ਸੱਚ 'ਤੇ ਹਮੇਸ਼ਾ ਖੜ੍ਹਿਆ ਹਾਂ ਅਤੇ ਖੜ੍ਹਾ ਰਹਾਂਗਾ।

## ਬਰਫੀਲੀ ਸੜਕ 'ਤੇ ਟਕਰਾਏ 40 ਵਾਹਨ

**ਆਇਓਵਾ (ਬਿਊਰੋ):** ਅਮਰੀਕਾ ਦੇ ਕੁਝ ਰਾਜਾਂ ਵਿਚ ਪੈ ਰਹੀ ਬਰਫਬਾਰੀ ਰੋਜ਼ਾਨਾ ਜ਼ਿੰਦਗੀ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰ ਰਹੀ ਹੈ। ਬਰਫਬਾਰੀ ਦਾ ਬਹੁਤਾ ਸਾਹਮਣਾ ਡਰਾਈਵਰ ਕਰ ਰਹੇ ਹਨ। ਇਸ ਹਫਤੇ ਹੋਈ ਬਰਫਬਾਰੀ ਕਾਰਨ ਆਈਓਵਾ 'ਚ ਇੱਕ ਸੜਕ ਹਾਦਸੇ ਵਿਚ ਕਰੀਬ 40 ਵਾਹਨ ਟਕਰਾ ਗਏ। ਇਹ ਹਾਦਸਾ ਕੇਂਦਰੀ ਆਈਓਵਾ ਵਿਚ ਇੰਟਰਸਟੇਟ 80 ਵਿਖੇ ਵਾਪਰਿਆ, ਜਿਸ ਦੇ ਬਾਅਦ ਇਸ ਰਾਸਤੇ ਨੂੰ ਬੰਦ ਕਰ ਦਿੱਤਾ ਗਿਆ।

ਹਾਦਸੇ ਸਬੰਧੀ ਆਇਓਵਾ ਸਟੇਟ ਪੈਟਰੋਲ ਅਧਿਕਾਰੀਆਂ ਨੇ ਦੱਸਿਆ ਕਿ ਇਸ ਖੇਤਰ ਵਿਚ ਕਈ ਵਾਹਨਾਂ ਦੀ ਟੱਕਰ ਨਾਲ ਕਈ ਲੋਕਾਂ ਦੇ ਗੰਭੀਰ ਜ਼ਖਮੀ ਹੋਣ ਦੀ ਖਬਰ ਹੈ, ਪਰ ਹਾਦਸੇ ਵਿਚ ਕੋਈ ਮੌਤ ਹੋਣ ਤੋਂ ਬਚਾਓ ਹੋ ਗਿਆ।

# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

### ਲੜਕੀ ਦੀ ਲੋੜ ਹੈ

ਲੁਬਾਣਾ ਸਿੱਖ, 27 ਸਾਲ, 6 ਫੁੱਟ, ਇੰਡੀਆ ਤੋਂ ਕਾਨਵੈਂਟ ਸਕੂਲ ਦਾ ਪੜ੍ਹਿਆ, ਅਮਰੀਕਾ ਦਾ ਸਿਟੀਜ਼ਨ, ਟਰਾਂਸਪੋਰਟਰ, ਫੇਅਰਫੀਲਡ (ਕੈਲੀਫੋਰਨੀਆ) ਵਿਚ ਰਹਿੰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 1-916-667-6609 (ਅਮਰੀਕਾ) ਜਾਂ +91-98766-01370 (ਇੰਡੀਆ) 7-10

### ਲੜਕੇ ਦੀ ਲੋੜ ਹੈ

PhD, Beautiful Sikh Ahluwalia girl likely to settle abroad 1986, 5'-5" looking for a well educated and NRI match working in MNC or reputed place. Holds the US visitor visa. Brother works in the US. +91-97798-08043, +1-650-417-8804 3-6

**ਪੰਜਾਬ ਟਾਈਮਜ਼**
*Punjabtimes1@gmail.com*

*Visit us on the web:* ***www.punjabtimesusa.com***


FRONTIER FUEL CARD

No obligation or contracts *(cancel anytime)*
No minimum amount of fuel to buy
Minimal up front to put down
Receive detailed fuel reports

Jagdeep Bains
Jbains@frontierfundinginc.com
Ph: 417-818-1054



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker)
Ph: 317-809-1818
midlandrealtygroup@yahoo.com

Kamaljeet Kaur (Realtor/Broker)
Ph: 317-909-9295
kahlonkamaljeet@gmail.com


*Kamaljeet Kaur*

*Mortgage rates available from 2.1% to 3%*

Midland Realty Group-Company You Trust



ਕਿਚਨ ਹੈਲਪਰ ਦੀ ਲੋੜ ਹੈ

ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ

ਤਨਖਾਹ ਚੰਗੀ, ਰਿਹਾਇਸ਼ ਅਤੇ ਖਾਣਾ ਮੁਫਤ
ਛੇ ਦਿਨ ਕੰਮ, ਇਕ ਦਿਨ ਛੁੱਟੀ
ਸੰਪਰਕ ਕਰੋ
ਫੋਨ: 501-309-4140
sami_lal@yahoo.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਹੁਣ ਮਹਾਂ ਪੰਚਾਇਤਾਂ ਨੇ ਕੇਂਦਰ ਸਰਕਾਰ ਨੂੰ ਫਿਕਰਾਂ ਵਿਚ ਪਾਇਆ

**ਚੰਡੀਗੜ੍ਹ:** ਖੇਤੀ ਕਾਨੂੰਨ ਖਿਲਾਫ ਉਠੀ ਲਹਿਰ ਪੂਰੇ ਮੁਲਕ ਵਿਚ ਫੈਲ ਗਈ ਹੈ। ਹਰਿਆਣਾ, ਉਤਰ ਪ੍ਰਦੇਸ਼ ਤੇ ਰਾਜਸਥਾਨ ਸਣੇ ਕਈ ਸੂਬਿਆਂ ਵਿਚ ਲਗਾਤਾਰ ਹੋ ਰਹੀਆਂ ਮਹਾਂ ਪੰਚਾਇਤਾਂ ਨੇ ਕੇਂਦਰ ਸਰਕਾਰ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਪੱਛਮੀ ਉਤਰ ਪ੍ਰਦੇਸ਼ ਦੇ ਸ਼ਾਮਲੀ ਜਿਲ੍ਹੇ ਵਿਚ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਹਜ਼ਾਰਾਂ ਕਿਸਾਨਾਂ ਦਾ ਇਕੱਠ ਹੋਇਆ। ਸ਼ਾਮਲੀ ਤੇ ਨੇੜਲੇ ਜਿਲ੍ਹਿਆਂ ਤੋਂ ਹਜ਼ਾਰਾਂ ਲੋਕ ਟਰੈਕਟਰਾਂ, ਦੁਪਹੀਆ ਅਤੇ ਹੋਰ ਵਾਹਨਾਂ 'ਤੇ ਭੈਂਸਵਾਲ ਪਿੰਡ ਪਹੁੰਚੇ। ਰਾਸ਼ਟਰੀ ਲੋਕ ਦਲ ਵੱਲੋਂ ਲਾਈ ਗਈ 'ਕਿਸਾਨ ਪੰਚਾਇਤ' ਵਿਚ ਕਈ ਲੋਕ ਪੈਦਲ ਵੀ ਸ਼ਿਰਕਤ ਕਰਨ ਲਈ ਪਹੁੰਚੇ। ਦੱਸਣਯੋਗ ਹੈ ਕਿ ਇਸ ਇਕੱਠ ਲਈ ਸ਼ਾਮਲੀ ਪ੍ਰਸ਼ਾਸਨ ਨੇ ਇਜਾਜ਼ਤ ਦੇਣ ਲਈ ਇਨਕਾਰ ਕਰ ਦਿੱਤਾ ਸੀ ਤੇ ਧਾਰਾ 144 ਤਹਿਤ ਪਾਬੰਦੀਆਂ ਲਾਈਆਂ ਗਈਆਂ ਸਨ। ਪਰ ਇਸ ਦੇ ਬਾਵਜੂਦ ਲੋਕ ਵੱਡੀ ਗਿਣਤੀ ਵਿਚ ਜੁੜੇ। ਉਤਰ ਪ੍ਰਦੇਸ਼ ਵਿਚ ਮੁਜੱਫਰਨਗਰ, ਮਥੁਰਾ ਤੇ ਬਾਗਪਤ ਤੋਂ ਬਾਅਦ ਇਹ ਚੌਥਾ ਵੱਡਾ ਇਕੱਠ ਹੈ।

ਤਿੰਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਚਰਖੀ ਦਾਦਰੀ 'ਚ ਕਿੱਟਲਾਣਾ ਟੌਲ ਪਲਾਜ਼ਾ 'ਤੇ ਜੁੜੀ ਮਹਾਪੰਚਾਇਤ ਨੂੰ ਸੰਬੋਧਨ ਕਰ ਰਹੇ ਸਨ। ਮਹਾਪੰਚਾਇਤ ਵਿਚ ਸਰਬਸੰਮਤੀ ਨਾਲ ਪੰਜ ਮਤੇ ਵੀ ਪਾਸ ਕੀਤੇ ਗਏ। ਇਨ੍ਹਾਂ ਵਿਚ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ, ਐਮ.ਐਸ.ਪੀ. 'ਤੇ ਫਸਲਾਂ ਦੀ ਯਕੀਨੀ ਖਰੀਦ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨਾ, ਕਿਸਾਨਾਂ 'ਤੇ ਦਰਜ ਕੀਤੇ ਝੂਠੇ ਕੇਸ ਰੱਦ ਕਰਨਾ ਅਤੇ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨੂੰ ਰਿਹਾਅ ਕਰਨਾ ਸ਼ਾਮਲ ਹਨ।



ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਮੁੱਖ ਬੁਲਾਰੇ ਤੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਜਦੋਂ ਤੱਕ ਤਿੰਨ ਖੇਤੀ ਕਾਨੂੰਨਾਂ 'ਤੇ ਲੀਕ ਮਾਰਨ, ਐਮ.ਐਸ.ਪੀ. ਉਤੇ ਫਸਲਾਂ ਦੀ ਖਰੀਦ ਦੀ ਕਾਨੂੰਨੀ ਗਾਰੰਟੀ, ਕਿਸਾਨ ਆਗੂਆਂ ਖਿਲਾਫ ਦਰਜ ਕੇਸ ਰੱਦ ਕਰਨ ਤੇ ਜੇਲ੍ਹਾਂ 'ਚ ਬੰਦ ਕਿਸਾਨਾਂ ਤੇ ਹੋਰਨਾਂ ਦੀ ਰਿਹਾਈ ਸਮੇਤ ਹੋਰ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਕਿਸਾਨ ਉਦੋਂ ਤੱਕ ਘਰਾਂ ਨੂੰ ਨਹੀਂ ਪਰਤਣਗੇ। ਬੀ.ਕੇ.ਯੂ. ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਸ਼ੁਰੂ ਤੋਂ ਹੀ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਦੇ ਰਾਹ ਪਈ ਹੋਈ ਹੈ ਤੇ 26 ਜਨਵਰੀ ਨੂੰ ਕਿਸਾਨਾਂ ਦੀ ਟਰੈਕਟਰ ਪਰੇਡ ਮੌਕੇ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਹਿੰਸਾ ਉਸੇ ਕੜੀ ਦਾ ਹਿੱਸਾ ਸੀ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨਾਂ ਨੂੰ ਨਿਰਾਸ਼ ਕਰਨ ਵਾਲੀ ਹਰਿਆਣਾ ਦੀ ਖੱਟਰ ਸਰਕਾਰ ਨੂੰ ਨੈਤਿਕ ਤੌਰ 'ਤੇ ਸੱਤਾ ਵਿਚ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਇਹ ਤਿੰਨੇ ਆਗੂ ਕੇਂਦਰ ਸਰਕਾਰ ਵੱਲੋਂ ਕਿਸਾਨਾਂ 'ਤੇ ਜਬਰੀ ਥੋਪੇ ਜਾ ਰਹੇ ਤਿੰਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਚਰਖੀ ਦਾਦਰੀ 'ਚ ਕਿੱਟਲਾਣਾ ਟੌਲ ਪਲਾਜ਼ਾ 'ਤੇ ਜੁੜੀ ਮਹਾਂ ਪੰਚਾਇਤ ਨੂੰ ਸੰਬੋਧਨ ਕਰ ਰਹੇ ਸਨ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ ਅਤੇ ਉਨ੍ਹਾਂ ਨੂੰ ਸੱਤਾ ਵਿਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦਾ ਕਿਸਾਨ ਠੰਢੀਆਂ ਰਾਤਾਂ ਵਿਚ ਸੰਘਰਸ਼ ਕਰ ਰਿਹਾ ਹੈ, ਪਰ ਕੇਂਦਰ ਸਰਕਾਰ ਉਨ੍ਹਾਂ ਨਾਲ ਗੱਲ ਕਰਨ ਲਈ ਵੀ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦਾ ਕਿਸਾਨ ਕੇਂਦਰ ਦੀਆਂ ਘਟੀਆ ਚਾਲਾਂ ਨੂੰ ਸਮਝ ਚੁੱਕਿਆ ਹੈ ਅਤੇ ਉਹ ਪਿੱਛੇ ਹਟਣ ਵਾਲਾ ਨਹੀਂ ਹੈ।

ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਪਹਿਲੇ ਦਿਨ ਤੋਂ ਇਸ ਸੰਘਰਸ਼ ਨੂੰ ਕਮਜ਼ੋਰ ਕਰਨ ਲਈ 'ਖਾਲਿਸਤਾਨ', 'ਪਾਕਿਸਤਾਨ' ਅਤੇ 'ਮਾਓਵਾਦੀਆਂ ਦਾ ਸੰਘਰਸ਼' ਦੱਸਦੀ ਆ ਰਹੀ ਹੈ। ਉਸ ਤੋਂ ਬਾਅਦ ਗਣਤੰਤਰ ਦਿਵਸ ਵਾਲੇ ਦਿਨ ਸ਼ਰਾਰਤ ਕਰਕੇ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਕਮਜ਼ੋਰ ਹੋਣ ਦੀ ਥਾਂ ਹੋਰ ਭਖਦਾ ਜਾ ਰਿਹਾ ਹੈ ਤੇ ਇਸ ਵਿਚ ਦੇਸ਼ ਭਰ ਤੋਂ ਲੋਕ ਸ਼ਮੂਲੀਅਤ ਕਰ ਰਹੇ ਹਨ। ਰਾਜੇਵਾਲ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਤਿੰਨੇ ਕਾਨੂੰਨਾਂ ਨੂੰ ਰੱਦ ਕਰਕੇ ਅਤੇ ਫਸਲਾਂ ਦੀ ਐਮ.ਐਸ.ਪੀ. ਉਤੇ ਯਕੀਨਨ ਖਰੀਦ ਵਾਲਾ ਕਾਨੂੰਨ ਲੈ ਕੇ ਆਵੇ। ਜਦੋਂ ਤੱਕ ਸਰਕਾਰ ਕਿਸਾਨਾਂ ਦੀ ਮੰਗ ਨਹੀਂ ਮੰਨੇਗੀ ਤਾਂ ਇਹ ਸੰਘਰਸ਼ ਜਾਰੀ ਰਹੇਗਾ।

## ਕਿਸਾਨਾਂ 'ਚ ਜੋਸ਼ ਭਰ ਗਈ ਕੰਡੇਲਾ ਦੀ ਮਹਾਂ ਪੰਚਾਇਤ



**ਜੀਂਦ:** ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਅੰਦੋਲਨ ਲਈ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਇਥੇ ਕੰਡੇਲਾ ਪਿੰਡ ਤੋਂ ਨਵੀਂ ਅਤੇ ਮਜ਼ਬੂਤ ਜ਼ਮੀਨ ਤਿਆਰ ਕਰ ਗਏ ਹਨ। ਸ੍ਰੀ ਟਿਕੈਤ ਕੰਡੇਲਾ ਦੀ ਧਰਤੀ ਤੋਂ ਕਿਸਾਨ ਅੰਦੋਲਨ ਨੂੰ ਨਵੀਂ ਧਾਰ ਦੇਣ ਵਿਚ ਸਫਲ ਰਹੇ। ਮਹਾਂ ਪੰਚਾਇਤ ਵਿਚ ਕਿਸਾਨਾਂ ਦੀ ਭੀੜ ਨੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਕਾਬਲੇ ਜ਼ਿਕਰ ਹੈ ਕਿ ਭਜਨ ਲਾਲ, ਬੰਸੀ ਲਾਲ ਅਤੇ ਓਮ ਪ੍ਰਕਾਸ਼ ਚੌਟਾਲਾ ਦੀਆਂ ਸਰਕਾਰਾਂ ਸਮੇਂ ਕਈ ਵਾਰ ਹੋਏ ਕਿਸਾਨ ਅੰਦੋਲਨਾਂ ਦਾ ਕੇਂਦਰ ਬਣੀ ਕੰਡੇਲਾ ਦੀ ਧਰਤੀ ਉਤੇ ਕਦੇ ਵੀ 5 ਹਜ਼ਾਰ ਤੋਂ ਵੱਧ ਭੀੜ ਨਹੀਂ ਸੀ ਜੁੜੀ ਪਰ ਰੈਲੀ ਵਿਚ 5 ਹਜ਼ਾਰ ਤੋਂ ਜਿਆਦਾ ਤਾਂ ਮਹਿਲਾਵਾਂ ਹੀ ਜਮ੍ਹਾਂ ਸਨ। ਮਹਾਂ ਪੰਚਾਇਤ ਵਿਚ ਭਾਰਤੀ ਕਿਸਾਨ ਮੋਰਚਿਆਂ ਦੇ ਸਾਰੇ ਗੁੱਟ ਇਕੱਠੇ ਇਕ ਮੰਚ ਉਤੇ ਮੌਜੂਦ ਸਨ ਜਿਨ੍ਹਾਂ 'ਚ ਪ੍ਰਦੇਸ਼ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਅਤੇ ਰਤਨ ਮਾਨ ਆਦਿ ਪ੍ਰਮੁੱਖ ਸਨ। ਮਹਾਂ ਪੰਚਾਇਤ ਦੇ ਮੰਚ ਤੋਂ ਪ੍ਰਦੇਸ਼ ਦੀ ਲਗਭਗ ਸਾਰੀਆਂ ਖਾਪਾਂ ਦੇ ਚੌਧਰੀਆਂ ਦੇ ਭਾਸ਼ਨ ਵੀ ਹੋਏ।

## ਦੌਸਾ ਮਹਾਂ ਪੰਚਾਇਤ 'ਚ ਕਿਸਾਨਾਂ ਨਾਲ ਇਕਜੁਟਤਾ ਮਤਾ ਪਾਸ

**ਜੈਪੁਰ:** ਰਾਜਸਥਾਨ ਦੇ ਦੌਸਾ ਵਿਚ ਹੋਈ ਕਿਸਾਨ ਮਹਾਂ ਪੰਚਾਇਤ ਦੌਰਾਨ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ। ਇਸ ਮੌਕੇ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਤੇ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਮਤਾ ਪਾਸ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਖੇਤੀ ਕਾਨੂੰਨਾਂ ਨੂੰ ਜਲਦ ਤੋਂ ਜਲਦ ਰੱਦ ਕੀਤਾ ਜਾਵੇ। ਦੌਸਾ ਦੇ ਵਿਧਾਇਕ ਮੁਰਾਰੀ ਲਾਲ ਮੀਨਾ ਵਲੋਂ ਕਰਵਾਈ ਮਹਾਪੰਚਾਇਤ ਦੌਰਾਨ ਸੰਬੋਧਨ ਕਰਦਿਆਂ ਕਾਂਗਰਸੀ ਆਗੂ ਤੇ ਰਾਜ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਸੰਸਦ 'ਚ ਲਿਆਉਣ ਤੋਂ ਪਹਿਲਾਂ ਰਾਜ ਸਰਕਾਰਾਂ ਤੇ ਕਿਸਾਨ ਸੰਗਠਨਾਂ ਨਾਲ ਗੱਲਬਾਤ ਨਹੀਂ ਕੀਤੀ।

# ਕੇਂਦਰ ਸਰਕਾਰ ਨੂੰ 2 ਅਕਤੂਬਰ ਤੱਕ ਦਾ ਅਲਟੀਮੇਟਮ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ ਨੂੰ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਬਾਰੇ ਫੈਸਲਾ ਕਰਨ ਲਈ ਖੁੱਲ੍ਹਾ ਸਮਾਂ ਦਿੰਦਿਆਂ ਕਿਹਾ ਕਿ ਉਹ 2 ਅਕਤੂਬਰ ਤੱਕ ਖੇਤੀ ਕਾਨੂੰਨ ਵਾਪਸ ਲੈਣ ਲਈ ਫੈਸਲਾ ਕਰੇ। ਉਦੋਂ ਤੱਕ ਕਿਸਾਨ ਮੋਰਚਿਆਂ 'ਤੇ ਡਟੇ ਰਹਿਣਗੇ। ਉਨ੍ਹਾਂ ਕੇਂਦਰ ਸਰਕਾਰ ਦੇ ਕਿਸੇ ਤਰ੍ਹਾਂ ਦੇ ਦਬਾਅ ਹੇਠ ਨਾ ਆਉਣ ਦਾ ਦਾਅਵਾ ਵੀ ਕੀਤਾ।

ਸ੍ਰੀ ਟਿਕੈਤ ਨੇ ਕਿਹਾ, 'ਅਸੀਂ ਕੇਂਦਰ ਸਰਕਾਰ ਨੂੰ ਤਿੰਨੋਂ ਖੇਤੀ ਕਾਨੂੰਨ ਨੂੰ ਰੱਦ ਕਰਨ ਲਈ 2 ਅਕਤੂਬਰ ਤੱਕ ਦਾ ਸਮਾਂ ਦਿੱਤਾ ਹੈ। ਉਸ ਤੋਂ ਬਾਅਦ ਹੀ ਕੋਈ ਹੋਰ ਯੋਜਨਾ ਉਲੀਕਾਂਗੇ। ਅਸੀਂ ਦਬਾਅ ਹੇਠ ਆ ਕੇ ਕੇਂਦਰ ਨਾਲ ਗੱਲਬਾਤ ਨਹੀਂ ਕਰਾਂਗੇ।' ਉਨ੍ਹਾਂ ਨੇ ਚੱਕਾ ਜਾਮ ਦੇ ਸ਼ਾਂਤਮਈ ਤਰੀਕੇ ਨਾਲ ਪੂਰਾ ਹੋਣ 'ਤੇ ਤਸੱਲੀ ਪ੍ਰਗਟਾਉਂਦਿਆਂ ਸਪੱਸ਼ਟ ਕੀਤਾ ਉਤਰ ਪ੍ਰਦੇਸ਼ ਤੇ ਉਤਰਾਖੰਡ ਵਿਚ ਚੱਕਾ ਜਾਮ ਨਾ ਕਰਨ ਦਾ ਫੈਸਲਾ ਕੁੱਝ ਰਿਪੋਰਟਾਂ ਮਗਰੋਂ ਲਿਆ ਗਿਆ ਸੀ, ਜਿਨ੍ਹਾਂ ਵਿਚ ਇਹ ਸੂਚਨਾ ਮਿਲੀ ਸੀ ਕਿ ਉਕਤ ਦੋਨਾਂ ਰਾਜਾਂ ਵਿਚ ਮਾੜੇ ਅਨਸਰਾਂ ਵੱਲੋਂ ਗੜਬੜ ਕੀਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਟਿਕੈਤ ਦੀ ਯੂਨੀਅਨ ਵੱਲੋਂ ਨਵੰਬਰ ਮਹੀਨੇ ਤੋਂ ਦਿੱਲੀ-ਮੇਰਠ ਮਾਰਗ ਬੰਦ ਕੀਤਾ ਹੋਇਆ ਹੈ।

ਇਸੇ ਦੌਰਾਨ ਸਖਤ ਸੁਰੱਖਿਆ ਬੰਦੋਬਸਤ ਦੀ ਨਿੰਦਾ ਕਰਦਿਆਂ ਰਾਕੇਸ਼ ਟਿਕੈਤ ਨੇ ਪੁਲਿਸ ਬੈਰੀਕੇਡਾਂ 'ਤੇ ਸੁਰੱਖਿਆ ਬਲਾਂ ਵੱਲ ਸਨਮਾਨ ਵਜੋਂ ਸਿਰ ਝੁਕਾਇਆ ਤੇ ਕਿਹਾ ਕਿ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਕੋਈ ਹੱਥ ਵੀ ਨਹੀਂ ਲਾ ਸਕਦਾ। ਕਿਸਾਨ ਇਨ੍ਹਾਂ ਦੀ ਹਿਫ਼ਾਜ਼ਤ ਕਰਨਗੇ। ਇਸ ਲਈ ਦੋਨੋਂ ਕਿਸਾਨ ਤੇ ਸਿਪਾਹੀਆਂ ਨੂੰ ਇਕੱਠੇ ਹੋ ਕੇ ਅੱਗੇ ਆਉਣਾ ਪਵੇਗਾ। ਗਾਜ਼ੀਪੁਰ ਹੱਦ ਸਖਤ ਬੈਰੀਕੇਡਾਂ ਦੀ ਕੰਧ ਹੋਣ ਦੇ ਬਾਵਜੂਦ ਉਨ੍ਹਾਂ ਦੂਜੇ ਪਾਸੇ ਸੁਰੱਖਿਆ ਬਲਾਂ ਦੇ ਲੋਕਾਂ ਗੱਲਬਾਤ ਕੀਤੀ ਅਤੇ ਕਿਹਾ, 'ਆਪਣੇ ਦੋਨੋਂ ਹੱਥ ਜੋੜ ਕੇ ਮੇਰਾ ਪ੍ਰਣਾਮ। ਹੁਣ ਤੁਸੀਂ ਸਾਰੇ ਮੇਰੇ ਖੇਤਾਂ ਦੀ ਰਾਖੀ ਕਰੋਗੇ।' ਗਾਜ਼ੀਪੁਰ ਹੱਦ 'ਤੇ ਹਜ਼ਾਰਾਂ ਕਿਸਾਨ ਉਤਰ ਪ੍ਰਦੇਸ਼ ਤੇ ਉਤਰਾਖੰਡ ਤੋਂ ਆ ਕੇ ਪ੍ਰਦਰਸ਼ਨ ਕਰ ਰਹੇ ਹਨ।

## ਨਹੀਂ ਤਾਂ ਗੱਦੀ ਵਾਪਸੀ ਦੀ ਹੋਵੇਗੀ ਮੰਗ...

**ਜੀਂਦ:** ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵੱਲੋਂ ਕੀਤੇ ਸ਼ਕਤੀ ਪ੍ਰਦਰਸ਼ਨ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕੰਡੇਲਾ ਪਿੰਡ ਵਿਚ ਜੁੜੀ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਮੋਦੀ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਉਸ ਨੇ ਨਵੇਂ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਉਸ ਲਈ ਸੱਤਾ ਵਿਚ ਰਹਿਣਾ ਔਖਾ ਹੋ ਜਾਵੇਗਾ। ਟਿਕੈਤ ਨੇ ਕਿਹਾ ਕਿ ਪੰਜਾਬ ਹਮੇਸ਼ਾ ਵੱਡੇ ਭਰਾ ਦੀ ਭੂਮਿਕਾ ਵਿਚ ਰਹੇਗਾ ਅਤੇ ਹਰਿਆਣਾ ਤੇ ਯੂਪੀ ਹਮੇਸ਼ਾ ਉਸ ਦੀ ਪਿੱਠ 'ਤੇ ਖੜ੍ਹੇ ਰਹਿਣਗੇ। ਰਾਕੇਸ਼ ਟਿਕੈਤ ਨੇ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਕਿਸਾਨ ਅਜੇ ਸਿਰਫ ਵਿਵਾਦਿਤ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਆਪਣੀ ਮੰਗ 'ਤੇ ਬਜ਼ਿਦ ਹਨ, ਪਰ ਜੇ ਉਹ ਕੇਂਦਰ ਦੀ ਮੋਦੀ ਸਰਕਾਰ ਨੂੰ ਲਾਂਭੇ ਕਰਨ ਲਈ ਅੜ ਗਏ ਤਾਂ ਕੀ ਹੋਵੇਗਾ? ਉਨ੍ਹਾਂ ਨਰਿੰਦਰ ਮੋਦੀ ਸਰਕਾਰ ਨੂੰ ਅਸਿੱਧੇ ਤੌਰ 'ਤੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਕਿਸਾਨ ਅੰਦੋਲਨ ਜਾਰੀ ਰਿਹਾ ਤਾਂ ਉਨ੍ਹਾਂ ਨੂੰ ਆਪਣੀ ਗੱਦੀ' ਵੀ ਗੁਆਉਣੀ ਪੈ ਸਕਦੀ ਹੈ।

# ਪ੍ਰਗਤੀਸ਼ੀਲ ਲੇਖਕ ਸੰਘ ਨੇ ਕਿਸਾਨਾਂ ਨਾਲ ਇਕਜੁਟਤਾ ਪ੍ਰਗਟਾਈ

**ਚੰਡੀਗੜ੍ਹ:** ਪ੍ਰਗਤੀਸ਼ੀਲ ਲੇਖਕ ਸੰਘ ਯੂ.ਕੇ. ਨੇ ਭਾਰਤ ਸਰਕਾਰ ਵੱਲੋਂ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਨੂੰ ਕੁਚਲਣ ਲਈ ਦਮਨਕਾਰੀ ਅਤੇ ਫਾਸ਼ੀਵਾਦੀ ਢੰਗ-ਤਰੀਕਿਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਲੇਖਕ ਸੰਘ ਨੇ ਕਿਸਾਨ ਆਗੂਆਂ ਅਤੇ ਬੇਕਸੂਰ ਕਿਸਾਨਾਂ ਉਤੇ ਝੂਠੇ ਮੁਕੱਦਮੇ ਦਰਜ ਕਰ ਕੇ ਦਹਿਸ਼ਤ ਪੈਦਾ ਕਰਨ ਦੀ ਵੀ ਆਲੋਚਨਾ ਕੀਤੀ। ਕੋਆਰਡੀਨੇਟਰ ਕੰਵਲ ਧਾਲੀਵਾਲ ਅਤੇ ਕੇਂਦਰੀ ਕਮੇਟੀ ਮੈਂਬਰ ਗੁਰਨਾਮ ਢਿੱਲੋਂ ਨੇ ਆਖਿਆ ਕਿ ਪੁਲਿਸ ਦੀ ਸ਼ਹਿ ਨਾਲ ਆਰ.ਐਸ.ਐਸ. ਦੇ ਕਾਰਕੁਨ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਉਤੇ ਸ਼ਰੇਆਮ ਪੱਥਰਬਾਜ਼ੀ ਅਤੇ ਲਾਠੀਆਂ ਨਾਲ ਹਮਲੇ ਕਰ ਰਹੇ ਹਨ। ਬਹੁਤ ਸਾਰੇ ਨੌਜਵਾਨਾਂ ਨੂੰ ਝੂਠੇ ਮੁਕੱਦਮਿਆਂ ਵਿਚ ਉਲਝਾ ਕੇ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ। ਉਨ੍ਹਾਂ ਆਖਿਆ ਕਿ ਕਿਸਾਨਾਂ ਦੇ ਕੈਂਪਾਂ ਦੀ ਕੰਡਿਆਲੀਆਂ ਤਾਰਾਂ ਅਤੇ ਸੜਕਾਂ ਉਤੇ ਲੋਹੇ ਦੇ ਕਿੱਲੇ ਲਾ ਕੇ ਇਸ ਤਰ੍ਹਾਂ ਕਿਲੇਬੰਦੀ ਕੀਤੀ ਗਈ ਹੈ ਜਿਵੇਂ ਉਹ ਕਿਸੇ ਬੇਗਾਨੇ ਦੇਸ਼ ਦੇ ਸ਼ਹਿਰੀ ਹੋਣ। ਉਨ੍ਹਾਂ ਇੰਟਰਨੈੱਟ, ਬਿਜਲੀ ਤੇ ਪਾਣੀ ਦੀਆਂ ਸਹੂਲਤਾਂ ਬੰਦ ਕਰਨ ਨੂੰ ਮੰਦਭਾਗਾ ਦੱਸਿਆ ਅਤੇ ਇਸ ਵਰਤਾਰੇ ਨੂੰ ਗੈਰ ਮਨੁੱਖੀ ਕਰਾਰ ਦਿੱਤਾ।

ਸ੍ਰੀ ਧਾਲੀਵਾਲ ਅਤੇ ਸ੍ਰੀ ਢਿੱਲੋਂ ਆਖਿਆ ਕਿ ਲੇਖਕ ਸੰਘ ਦੇ ਸਾਰੇ ਮੈਂਬਰ ਕਿਸਾਨ ਅੰਦੋਲਨ ਨਾਲ ਇਕਜੁਟਤਾ ਪ੍ਰਗਟ ਕਰਦੇ ਹਨ ਅਤੇ ਭਾਰਤ ਦੀ ਭਾਜਪਾ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਉਹ ਅਣਮਨੁੱਖੀ ਕਾਰਵਾਈਆਂ ਬੰਦ ਕਰੇ। ਉਨ੍ਹਾਂ ਆਖਿਆ ਕਿ ਪੱਤਰਕਾਰਾਂ, ਕਿਸਾਨਾਂ ਤੇ ਕਿਸਾਨ ਆਗੂਆਂ ਉਤੇ ਦਰਜ ਕੀਤੇ ਮੁਕੱਦਮੇ ਵਾਪਸ ਲਾਏ ਜਾਣ ਅਤੇ ਬੇਕਸੂਰਾਂ ਨੂੰ ਜੇਲ੍ਹ 'ਚੋਂ ਤੁਰਤ ਰਿਹਾਅ ਕਰਕੇ ਕਾਲੇ ਕਾਨੂੰਨ ਰੱਦ ਕੀਤੇ ਜਾਣ।

## ਯੂ. ਪੀ. 'ਚ ਵੀ ਭਾਜਪਾ ਤੱਕ ਪੁੱਜਾ ਕਿਸਾਨ ਅੰਦੋਲਨ ਦਾ ਸੇਕ

**ਲਖਨਊ:** ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਅਪਰੈਲ ਮਹੀਨੇ ਯੂਪੀ 'ਚ ਪੰਚਾਇਤੀ ਚੋਣਾਂ ਹੋਣੀਆਂ ਹਨ ਜਿਸ ਕਾਰਨ ਭਾਜਪਾ ਆਗੂ ਫਿਕਰਮੰਦ ਹਨ। ਹੁਣ ਕੁਝ ਭਾਜਪਾ ਇਹ ਕਹਿਣ ਲੱਗ ਪਏ ਹਨ ਕਿ ਇਸ ਮਸਲੇ ਦਾ ਜਲਦੀ ਤੋਂ ਜਲਦੀ ਹੱਲ ਹੋਣਾ ਚਾਹੀਦਾ ਹੈ। ਕਿਸਾਨ ਸੰਘਰਸ਼ ਦਾ ਵੱਧ ਪ੍ਰਭਾਵ ਪੱਛਮੀ ਉਤਰ ਪ੍ਰਦੇਸ਼ 'ਚ ਦਿਖਾਈ ਦੇ ਰਿਹਾ ਹੈ। ਮਹਾਂ ਪੰਚਾਇਤਾਂ 'ਚ ਹੋ ਰਹੇ ਇਕੱਠਾਂ ਨੇ ਭਾਜਪਾ ਆਗੂਆਂ ਦੀ ਨੀਂਦ ਉਡਾ ਰੱਖੀ ਹੈ।

ਰਾਸ਼ਟਰੀ ਲੋਕ ਦਲ (ਆਰ.ਐਲ.ਡੀ.) ਦੇ ਕੌਮੀ ਮੀਤ ਪ੍ਰਧਾਨ ਜੈਯੰਤ ਚੌਧਰੀ ਵੱਲੋਂ ਖੁਦ ਵੀ ਮਹਾਂ ਪੰਚਾਇਤ ਕੀਤੀ ਗਈ ਸੀ। ਉਧਰ, ਮੁਜ਼ੱਫਰਨਗਰ ਮਹਾਪੰਚਾਇਤ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਰੇਸ਼ ਟਿਕੈਤ ਵੱਲੋਂ ਆਰ.ਐਲ.ਡੀ. ਮੁਖੀ ਚੌਧਰੀ ਅਜੀਤ ਸਿੰਘ ਦੇ ਹੱਕ 'ਚ ਬੋਲਣ ਮਗਰੋਂ ਭਾਜਪਾ ਮਹਿਸੂਸ ਕਰਨ ਲੱਗੀ ਹੈ ਕਿ ਸੂਬੇ ਦੇ ਪੱਛਮੀ ਹਿੱਸੇ 'ਚੋਂ ਜਾਟ ਵੋਟ ਪਾਰਟੀ ਦੇ ਹੱਥੋਂ ਖਿਸਕ ਸਕਦੀ ਹੈ।

ਪਾਰਟੀ ਨੂੰ ਕਿਸਾਨ ਅੰਦੋਲਨ ਦਾ ਅਸਰ 2022 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਪੈਂਦਾ ਵੀ ਦਿਖਾਈ ਦੇ ਰਿਹਾ ਹੈ। ਪਛਾਣ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਇਕ ਭਾਜਪਾ ਆਗੂ ਨੇ ਕਿਹਾ ਕਿ ਖਾਪ ਪੰਚਾਇਤਾਂ 'ਚ ਕਿਸਾਨਾਂ ਦੀ ਵਧਦੀ ਸ਼ਮੂਲੀਅਤ ਤੇ ਆਰ.ਐਲ.ਡੀ. ਆਗੂ ਜੈਯੰਤ ਚੌਧਰੀ ਦੀ ਸਰਗਰਮੀ ਦਾ ਅਸਰ ਸੂਬੇ ਦੀਆਂ ਪੰਚਾਇਤੀ ਚੋਣਾਂ 'ਤੇ ਪਵੇਗਾ। ਜੇ ਸਰਕਾਰ ਨੇ ਮਸਲੇ ਦਾ ਜਲਦੀ ਹੱਲ ਨਾ ਕੀਤਾ ਤਾਂ ਵਿਧਾਨ ਸਭਾ ਚੋਣਾਂ 'ਤੇ ਵੀ ਇਸ ਦਾ ਅਸਰ ਪਵੇਗਾ।

## ਪਰਮਿੰਦਰ ਸਿੰਘ ਵਾਲੀਆ ਨੂੰ ਸਦਮਾ, ਛੋਟਾ ਭਰਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਅਦਾਰਾ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ) ਤੇ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਦੇ ਸਾਬਕਾ ਪ੍ਰਧਾਨ ਅਤੇ ਸਥਾਨਕ ਉਘੇ ਬਿਜਨਸਮੈਨ ਸ. ਪਰਮਿੰਦਰ ਸਿੰਘ ਵਾਲੀਆ ਨੂੰ ਉਦੋਂ ਡੂੰਘਾ ਸਦਮਾ ਲੱਗਾ, ਜਦੋਂ ਪਿਛਲੇ ਦਿਨੀਂ ਉਨ੍ਹਾਂ ਦੇ ਛੋਟੇ ਭਰਾ ਗੈਰੀ ਵਾਲੀਆ ਦਾ ਦਿਹਾਂਤ ਹੋ ਗਿਆ। ਸਵਰਗੀ ਗੈਰੀ ਵਾਲੀਆ ਆਪਣੀ ਬੇਟੀ ਕੋਮਲ ਕੋਲ ਯੂ. ਕੇ. ਗਏ ਹੋਏ ਸਨ, ਜਿਥੇ ਉਹ ਕੋਵਿਡ-19 ਦੀ ਚਪੇਟ ਵਿਚ ਆ ਗਏ। ਇਲਾਜ ਦੌਰਾਨ ਉਹ ਕਰੋਨਾ ਦੀ ਮਹਾਂਮਾਰੀ ਤੋਂ ਤਾਂ ਠੀਕ ਹੋ ਗਏ ਸਨ, ਪਰ ਇਸੇ ਦੌਰਾਨ ਹੋਰ ਸਰੀਰਕ ਸਮੱਸਿਆਵਾਂ ਦਰਪੇਸ਼ ਹੋਣ ਕਾਰਨ ਉਨ੍ਹਾਂ ਦਾ ਬਚਣਾ ਮੁਸ਼ਕਿਲ ਹੋ ਗਿਆ ਅਤੇ ਕਰੀਬ 58 ਸਾਲਾਂ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਪਤਨੀ ਨੀਨਾ ਵਾਲੀਆ, ਬੇਟੀ ਕੋਮਲ ਤੇ ਬੇਟਾ ਕਵੀ ਵਾਲੀਆ ਛੱਡ ਗਏ ਹਨ।

ਸਵਰਗੀ ਗੈਰੀ ਵਾਲੀਆ ਜਿਲਾ ਲੁਧਿਆਣਾ ਦੇ ਪਿੰਡ ਸ਼ੇਰਪੁਰ ਤੋਂ ਸਨ ਤੇ ਪਿਛਲੇ ਲੰਮੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਨਿਊ ਯਾਰਕ ਰਹਿੰਦੇ ਸਨ ਅਤੇ ਨਿਊ ਯਾਰਕ ਤੇ ਫਲੋਰਿਡਾ ਵਿਚ ਹੋਟਲ, ਨਰਸਿੰਗ ਹੋਮ ਤੇ ਅਪਾਰਟਮੈਂਟਸ ਦਾ ਬਿਜਨਸ ਕਰਦੇ ਸਨ। ਨਿਮਰ ਤੇ ਹੱਸਮੁੱਖ ਸੁਭਾਅ ਦੇ ਮਾਲਕ ਗੈਰੀ ਵਾਲੀਆ ਧਾਰਮਿਕ ਬਿਰਤੀ ਵਾਲੇ ਸਨ ਅਤੇ ਵੱਡੇ ਤੜਕੇ ਉਠ ਕੇ ਨਾਮ-ਸਿਮਰਨ ਵਿਚ ਲੱਗੇ ਰਹਿੰਦੇ ਸਨ। ਯੂ. ਕੇ. ਆਪਣੀ ਬੇਟੀ ਕੋਮਲ ਕੋਲ ਜਾਣ ਤੋਂ ਪਹਿਲਾਂ ਉਹ ਸ਼ਿਕਾਗੋ ਰਹਿੰਦੇ ਆਪਣੇ ਵੱਡੇ ਭਰਾ ਪਰਮਿੰਦਰ ਵਾਲੀਆ ਕੋਲ ਕੁਝ ਸਮਾਂ ਰਹਿ ਕੇ ਗਏ ਸਨ। ਉਨ੍ਹਾਂ ਦਾ ਪਰਮਿੰਦਰ ਸਿੰਘ ਵਾਲੀਆ ਦੇ ਪਰਿਵਾਰ ਨਾਲ ਵੀ ਪੂਰਾ ਇਤਫਾਕ ਸੀ ਤੇ ਕਦੇ ਤੇਰ-ਮੇਰ ਨਹੀਂ ਸੀ ਕਰਦੇ।



*ਗੈਰੀ ਵਾਲੀਆ*


ਵਾਲੀਆ ਪਰਿਵਾਰ ਅਨੁਸਾਰ ਉਹ ਆਪਣੀ ਸਿਹਤ ਦਾ ਤਾਂ ਪੂਰਾ ਧਿਆਨ ਰੱਖਦੇ ਹੀ ਸਨ, ਸਗੋਂ ਪਰਿਵਾਰ ਦੇ ਹੋਰਨਾਂ ਮੈਂਬਰਾਂ ਨੂੰ ਵੀ ਆਪਣਾ ਖਿਆਲ ਰੱਖਣ ਲਈ ਪ੍ਰੇਰਦੇ ਰਹਿੰਦੇ ਸਨ।

ਸਵਰਗੀ ਗੈਰੀ ਵਾਲੀਆ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਐਤਵਾਰ, 14 ਫਰਵਰੀ ਨੂੰ ਨਿਊ ਯਾਰਕ ਵਿਖੇ ਹੋਵੇਗਾ। ਸ. ਪਰਮਿੰਦਰ ਸਿੰਘ ਵਾਲੀਆ ਨਾਲ ਸੰਪਰਕ ਫੋਨ: 847-477-1613 ਰਾਹੀਂ ਕੀਤਾ ਜਾ ਸਕਦਾ ਹੈ।

# ਕੌਮਾਂਤਰੀ ਹਸਤੀਆਂ ਵੱਲੋਂ ਕਿਸਾਨ ਅੰਦੋਲਨ ਦੇ ਹੱਕ 'ਚ ਆਵਾਜ਼ ਬੁਲੰਦ

**ਨਵੀਂ ਦਿੱਲੀ:** ਪੌਪ ਸਟਾਰ ਰਿਹਾਨਾ ਦੇ ਬਿਆਨ ਮਗਰੋਂ ਹੋਰ ਹਸਤੀਆਂ ਵੀ ਕਿਸਾਨਾਂ ਦੀ ਪਿੱਠ 'ਤੇ ਆ ਗਈਆਂ ਹਨ। ਸਾਫ-ਸੁਥਰੇ ਵਾਤਾਵਰਨ ਲਈ ਆਵਾਜ਼ ਬੁਲੰਦ ਕਰਨ ਵਾਲੀ ਕਿਸ਼ੋਰ ਕਾਰਕੁਨ ਗ੍ਰੇਟਾ ਥੁਨਬਰਗ, ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ, ਗਾਇਕਾ ਜੇਅ ਸੀਨ, ਡਾਕਟਰ ਜਿਊਸ, ਬਾਲਗ ਫਿਲਮਾਂ ਦੀ ਸਾਬਕਾ ਸਟਾਰ ਮੀਆ ਖਲੀਫਾ, ਹੌਲੀਵੁੱਡ ਸਟਾਰ ਜੌਹਨ ਕੁਸੈਕ ਸਮੇਤ ਹੋਰ ਕੌਮਾਂਤਰੀ ਹਸਤੀਆਂ ਨੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਬਾਰਡਰਾਂ 'ਤੇ ਡਟੇ ਕਿਸਾਨਾਂ ਦੇ ਅੰਦੋਲਨ ਦੀ ਹਮਾਇਤ ਕੀਤੀ ਹੈ।

ਹੁਣ ਟਵਿੱਟਰ 'ਤੇ 'ਹੈਸ਼ਟੈਗ ਫਾਰਮਰਜ ਪ੍ਰੋਟੈਸਟ ਇਨ ਇੰਡੀਆ' ਮਸ਼ਹੂਰ ਹੋ ਗਿਆ ਹੈ ਅਤੇ ਲੋਕ ਕਿਸਾਨਾਂ ਨਾਲ ਆਪਣੀ ਇਕਜੁੱਟਤਾ ਪ੍ਰਗਟਾਵਾ ਕਰ ਰਹੇ ਹਨ। ਉਧਰ, ਭਾਰਤੀ ਵਿਦੇਸ਼ ਮੰਤਰਾਲੇ ਨੇ ਕੌਮਾਂਤਰੀ ਹਸਤੀਆਂ ਅਤੇ ਹੋਰ ਲੋਕਾਂ ਨੂੰ ਕਿਹਾ ਹੈ ਕਿ ਉਹ ਕਿਸਾਨ ਅੰਦੋਲਨ ਬਾਰੇ ਕੋਈ ਵੀ ਬਿਆਨ ਦੇਣ ਤੋਂ ਪਹਿਲਾਂ ਤੱਥਾਂ ਦਾ ਪਤਾ ਲਗਾ ਲੈਣ। ਥੁਨਬਰਗ ਨੇ ਟਵੀਟ ਕਰਕੇ ਕਿਹਾ,"ਅਸੀਂ ਭਾਰਤ 'ਚ ਕਿਸਾਨ ਅੰਦੋਲਨ ਨਾਲ ਆਪਣੀ ਇਕਜੁੱਟਤਾ ਪ੍ਰਗਟਾਉਂਦਿਆਂ ਉਨ੍ਹਾਂ ਨਾਲ ਖੜ੍ਹੇ ਹਾਂ।" ਉਸ ਨੇ ਸੀ.ਐਨ.ਐਨ. ਨਿਊਜ ਦੀ ਰਿਪੋਰਟ ਵੀ ਨੱਥੀ ਕੀਤੀ ਹੈ ਜਿਸ ਦੀ ਸੁਰਖੀ ਹੈ,'ਭਾਰਤ ਨੇ ਅੰਦੋਲਨਕਾਰੀ ਕਿਸਾਨਾਂ ਅਤੇ ਪੁਲਿਸ ਵਿਚਕਾਰ ਝੜਪ ਮਗਰੋਂ ਦਿਲੀ ਦੇ ਆਲੇ-ਦੁਆਲੇ ਇੰਟਰਨੈੱਟ ਬੰਦ ਕਰ ਦਿੱਤਾ ਹੈ।' ਅਮਰੀਕੀ ਵਕੀਲ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਨੇ ਕਿਹਾ,"ਇਹ ਇਤਫਾਕ ਨਹੀਂ ਹੈ ਕਿ ਦੁਨੀਆਂ ਦੀ ਸਭ ਤੋਂ ਪੁਰਾਣੀ ਜਮਹੂਰੀਅਤ 'ਤੇ ਹਮਲੇ ਨੂੰ ਇਕ ਮਹੀਨਾ ਵੀ ਨਹੀਂ ਬੀਤਿਆ ਹੈ ਤਾਂ ਸਭ ਤੋਂ ਵਧੇਰੇ ਆਬਾਦੀ ਵਾਲੇ ਲੋਕਤੰਤਰ 'ਚ ਲੋਕਾਂ ਨਾਲ ਜ਼ਿਆਦਤੀ ਹੋ ਰਹੀ ਹੈ।" ਮੀਨਾ ਨੇ ਟਵੀਟ ਕਰਕੇ ਕਿਹਾ ਕਿ ਭਾਰਤ 'ਚ ਅੰਦੋਲਨਕਾਰੀ ਕਿਸਾਨਾਂ ਖਿਲਾਫ ਨੀਮ ਫੌਜੀ ਬਲਾਂ ਦੀ ਹਿੰਸਾ ਅਤੇ ਇੰਟਰਨੈੱਟ ਬੰਦ ਕੀਤੇ ਜਾਣ 'ਤੇ ਸਾਰਿਆਂ ਨੂੰ ਨਾਰਾਜ਼ਗੀ ਜਤਾਉਣੀ ਚਾਹੀਦੀ ਹੈ।

## ਹੌਲੀਵੁੱਡ ਅਦਾਕਾਰਾ ਸੂਜ਼ਨ ਵੱਲੋਂ ਮੁੜ ਕਿਸਾਨਾਂ ਦੀ ਹਮਾਇਤ

**ਮੁੰਬਈ:** ਹੌਲੀਵੁੱਡ ਦੀ ਉਘੀ ਅਦਾਕਾਰਾ ਸੂਜ਼ਨ ਸਰੈਂਡਨ ਨੇ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੇ ਹੱਕ ਵਿਚ ਮੁੜ ਆਵਾਜ਼ ਬੁਲੰਦ ਕੀਤੀ ਹੈ। ਸਰੈਂਡਨ ਨੇ ਕਿਹਾ ਕਿ 'ਸਭ ਤੋਂ ਕਮਜ਼ੋਰਾਂ' ਦੀ ਆਵਾਜ਼ ਨੂੰ ਖਾਮੋਸ਼ ਕਰਨ ਦੀਆਂ ਕੋਸ਼ਿਸ਼ਾਂ ਦਰਮਿਆਨ ਭਾਰਤੀ ਆਗੂ ਇਹ ਵੀ ਚੇਤਾ ਰੱਖਣ ਕਿ ਕੁੱਲ ਆਲਮ ਉਨ੍ਹਾਂ ਨੂੰ ਦੇਖ ਰਿਹਾ ਹੈ। ਸਰੈਂਡਨ ਨੇ ਟਵੀਟ 'ਚ ਅਲ ਜਜ਼ੀਰਾ ਦੀ ਨਿਊਜ਼ ਰਿਪੋਰਟ ਨੂੰ ਸਾਂਝਿਆਂ ਕਰਦਿਆਂ ਲਿਖਿਆ, 'ਬੋਲਣ ਦੀ ਆਜ਼ਾਦੀ ਖਤਰੇ 'ਚ, ਭਾਰਤ ਕਿਸਾਨ ਅੰਦੋਲਨਾਂ 'ਤੇ ਸ਼ਿਕੰਜਾ ਕੱਸਣ ਲੱਗਾ। ਕਾਰਪੋਰੇਟਾਂ ਦਾ ਲਾਲਚ ਤੇ ਸ਼ੋਸ਼ਣ ਸਿਰਫ ਅਮਰੀਕਾ ਤੱਕ ਸੀਮਤ ਨਹੀਂ, ਬਲਕਿ ਇਸ ਦੇ ਕਲਾਵੇ 'ਚ ਪੂਰਾ ਵਿਸ਼ਵ ਹੈ। ਮੀਡੀਆ ਤੇ ਸਿਆਸਤਦਾਨ ਸਭ ਤੋਂ ਕਮਜ਼ੋਰਾਂ/ਦੱਬੇ ਕੁਚਲਿਆਂ ਨੂੰ ਖਾਮੋਸ਼ ਕਰਨ ਦਾ ਕੰਮ ਕਰ ਰਹੇ ਹਨ, ਅਸੀਂ ਭਾਰਤ ਦੇ ਆਗੂਆਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਪੂਰਾ ਵਿਸ਼ਵ ਤੁਹਾਨੂੰ ਵੇਖ ਰਿਹਾ ਹੈ। ਅਸੀਂ ਕਿਸਾਨਾਂ ਤੇ ਕਿਸਾਨ ਅੰਦੋਲਨ ਦੇ ਨਾਲ ਖੜ੍ਹੇ ਹਾਂ।'

ਭਾਰਤ ਦੀ ਗ੍ਰੇਟਾ ਥੁਨਬਰਗ ਵਜੋਂ ਜਾਣੀ ਜਾਂਦੀ 9 ਸਾਲ ਦੀ ਵਾਤਾਵਰਨ ਕਾਰਕੁਨ ਲਿਸੀਪ੍ਰਿਯਾ ਕਨਗੁੰਜਮ ਨੇ ਥੁਨਬਰਗ ਨੂੰ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਲਈ ਕਿਹਾ ਸੀ। ਉਸ ਨੇ ਟਵੀਟ ਕਰਕੇ ਕਿਹਾ ਸੀ ਕਿ ਕਿਸਾਨ ਪਹਿਲਾਂ ਹੀ ਵਾਤਾਵਰਨ ਸੰਕਟ ਨੂੰ ਲੈ ਕੇ ਲੜਾਈ ਲੜ ਰਹੇ ਹਨ ਅਤੇ ਲੱਖਾਂ ਭਾਰਤੀ ਕਿਸਾਨਾਂ ਦੀ ਆਵਾਜ਼ ਬੁਲੰਦ ਕੀਤੀ ਜਾਣੀ ਚਾਹੀਦੀ ਹੈ। ਉਸ ਨੇ ਕਿਹਾ ਸੀ ਕਿ ਆਪਣੇ ਹੱਕਾਂ ਲਈ ਚੱਲ ਰਿਹਾ ਕਿਸਾਨ ਅੰਦੋਲਨ ਦੁਨੀਆਂ ਦਾ ਸਭ ਤੋਂ ਵੱਡਾ ਇਤਿਹਾਸਕ ਅੰਦੋਲਨ ਹੈ। ਇਕ ਹੋਰ ਟਵੀਟ 'ਚ ਉਸ ਨੇ ਕਿਹਾ,"ਪਿਆਰੇ ਦੋਸਤੋ, ਸਾਡੇ ਲੱਖਾਂ ਗਰੀਬ ਕਿਸਾਨ ਠੰਢ ਦੇ ਮੌਸਮ 'ਚ ਸੜਕਾਂ 'ਤੇ ਸੌਂ ਰਹੇ ਹਨ। ਉਹ ਤੁਹਾਡੇ ਤੋਂ ਜ਼ਿਆਦਾ ਦੀ ਆਸ ਨਹੀਂ ਰੱਖਦੇ, ਬੱਸ ਤੁਹਾਡੇ ਪਿਆਰ ਅਤੇ ਹਮਾਇਤ ਦਾ ਇਕ ਟਵੀਟ ਉਨ੍ਹਾਂ ਦੇ ਅੰਦੋਲਨ ਲਈ ਮਾਇਨੇ ਰਖਦਾ ਹੈ। ਸਾਡੀਆਂ ਭਾਰਤੀ ਹਸਤੀਆਂ ਤਾਂ ਆਪਣੀ ਅਹਿਮੀਅਤ ਗੁਆ ਚੁੱਕੀਆਂ ਹਨ।" ਯੁਗਾਂਡਾ ਦੀ ਵਾਤਾਵਰਨ ਕਾਰਕੁਨ ਵੈਨੇਸਾ ਨਕਾਤੇ ਨੇ ਵੀ ਕਿਸਾਨਾਂ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਭਾਰਤ 'ਚ ਚੱਲ ਰਹੇ ਕਿਸਾਨ ਅੰਦੋਲਨ ਦੀ ਗੱਲ ਕੀਤੀ ਜਾਣੀ ਚਾਹੀਦੀ ਹੈ। ਰੈਪਰ ਡਾਕਟਰ ਜਿਊਸ ਉਰਫ ਬਲਜੀਤ ਸਿੰਘ ਪਦਮ ਨੇ ਰਿਹਾਨਾ ਦੇ ਟਵੀਟ 'ਤੇ ਲਿਖਿਆ ਕਿ ਕਿਸਾਨ ਅੰਦੋਲਨ ਦੀ ਚਰਚਾ ਨਾ ਹੋਣ ਤੋਂ ਦੁਨੀਆਂ ਹੈਰਾਨ ਹੈ। ਯੂਟਿਊਬ ਸਟਾਰ ਲਿੱਲੀ ਸਿੰਘ ਨੇ ਅੰਦੋਲਨ ਨੂੰ ਕੌਮਾਂਤਰੀ ਪੱਧਰ 'ਤੇ ਚਰਚਾ 'ਚ ਲਿਆਉਣ ਲਈ ਰਿਹਾਨਾ ਦਾ ਧੰਨਵਾਦ ਕੀਤਾ ਹੈ। ਅਮਰੀਕਾ ਆਧਾਰਿਤ ਫਿਲਮਸਾਜ਼ ਅਤੇ 'ਲੰਚਬਾਕਸ' ਤੇ 'ਫੋਟੋਗ੍ਰਾਫ' ਜਿਹੀਆਂ ਫਿਲਮਾਂ ਬਣਾਉਣ ਵਾਲੇ ਰਿਤੇਸ਼ ਬੱਤਰਾ ਨੇ ਕਿਹਾ ਕਿ ਹੁਣ ਪੂਰੀ ਦੁਨੀਆਂ ਭਾਰਤ 'ਚ ਹੋ ਰਹੇ ਕਿਸਾਨ ਅੰਦੋਲਨ ਨੂੰ ਗਹੁ ਨਾਲ ਦੇਖ ਰਹੀ ਹੈ।

## ਅਕਸ਼ੈ ਕੁਮਾਰ ਅਤੇ ਹੋਰਾਂ ਦੀ ਪ੍ਰਤੀਕਿਰਿਆ 'ਤੇ ਸਵਾਲ

**ਮੁੰਬਈ:** ਬੌਲੀਵੁੱਡ ਸ਼ਖਸੀਅਤਾਂ ਦੇ ਇਕ ਵਰਗ ਨੇ ਕਿਸਾਨ ਅੰਦੋਲਨ ਬਾਰੇ ਪੌਪ ਸਟਾਰ ਰਿਹਾਨਾ ਦੇ ਟਵੀਟ 'ਤੇ ਅਕਸ਼ੈ ਕੁਮਾਰ ਅਤੇ ਅਜੈ ਦੇਵਗਨ ਵਰਗੇ ਉਘੇ ਫਿਲਮੀ ਸਿਤਾਰਿਆਂ ਦੀ ਪ੍ਰਤੀਕਿਰਿਆ ਦੀ ਆਲੋਚਨਾ ਕੀਤੀ। ਅਦਾਕਾਰਾ ਤਾਪਸੀ ਪੰਨੂ, ਫਿਲਮ ਨਿਰਮਾਤਾ ਓਨਿਰ, ਅਦਾਕਾਰ ਅਰਜੁਨ ਮਾਥੁਰ ਅਤੇ ਹੋਰਨਾਂ ਨੇ ਬੌਲੀਵੁੱਡ ਦੀਆਂ ਉਘੀਆਂ ਸ਼ਖਸੀਅਤਾਂ ਵੱਲੋਂ ਸਰਕਾਰ ਦਾ ਪੱਖ ਪੂਰੇ ਜਾਣ ਲਈ ਨਿਖੇਧੀ ਕੀਤੀ ਹੈ। ਰਿਹਾਨਾ ਦੇ ਟਵੀਟ ਤੋਂ ਬਾਅਦ ਸਵੀਡਨ ਦੀ ਗ੍ਰੇਟਾ ਥਨਬਰਗ, ਵਕੀਲ ਅਤੇ ਅਮਰੀਕੀ ਉਪਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਮੀਨਾ ਹੈਰਿਸ, ਅਦਾਕਾਰਾ ਅਮਾਂਡਾ ਸੇਰਨੀ, ਗਾਇਕ ਜੇ ਸੀਏਐਨ, ਡਾਕਟਰ ਜਿਊਸ ਅਤੇ ਸਾਬਕਾ ਪੋਰਨ ਸਟਾਰ ਮੀਆ ਖਲੀਫਾ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਸਮਰਥਨ ਵਿਚ ਆਵਾਜ਼ ਬੁਲੰਦ ਕੀਤੀ ਸੀ।

## 'ਸਰਕਾਰ ਨਾਕਾਮ, ਵਿਦੇਸ਼ੀਆਂ ਨੇ ਦਿਖਾਈ ਹਮਦਰਦੀ'

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦਾ ਦਰਦ ਨਹੀਂ ਸਮਝ ਰਹੀ ਹੈ ਜਦਕਿ ਖੇਤੀ ਕਾਨੂੰਨਾਂ ਅਤੇ ਹੋਰ ਮੰਗਾਂ ਨੂੰ ਲੈ ਕੇ ਹੁਣ ਕਿਸਾਨਾਂ ਨੂੰ ਕੌਮਾਂਤਰੀ ਸ਼ਖਸੀਅਤਾਂ ਦਾ ਸਮਰਥਨ ਵੀ ਮਿਲਣ ਲੱਗ ਪਿਆ ਹੈ। ਮੋਰਚੇ ਦੇ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਵਿਸ਼ਵ ਦੀਆਂ ਨਾਮਵਰ ਸ਼ਖਸੀਅਤਾਂ ਨੇ ਮੋਰਚੇ ਨਾਲ ਹਮਦਰਦੀ ਦਿਖਾਉਂਦਿਆਂ ਕਿਸਾਨਾਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ,"ਇਹ ਮਾੜੀ ਗੱਲ ਹੈ ਕਿ ਭਾਰਤ ਸਰਕਾਰ ਅਤੇ ਸੱਤਾਧਾਰੀ ਧਿਰ ਦੇ ਕੁਝ ਆਗੂ ਅੰਨਦਾਤਾ ਨੂੰ ਅਤਿਵਾਦੀ ਸਾਬਤ ਕਰਨ ਦੀ ਨਾਕਾਮ ਕੋਸ਼ਿਸ਼ ਕਰ ਚੁੱਕੇ ਹਨ।"

# ਕਿਸਾਨਾਂ ਦੇ ਮੁੱਦੇ 'ਤੇ ਚਰਚਾ ਬਾਰੇ ਵਿਚਾਰ ਕਰ ਰਹੀ ਹੈ ਬਰਤਾਨਵੀ ਸੰਸਦ

**ਲੰਡਨ:** ਬਰਤਾਨਵੀ ਸੰਸਦ ਦੀ ਪਟੀਸ਼ਨਾਂ ਬਾਰੇ ਕਮੇਟੀ 'ਹਾਊਸ ਆਫ ਕਾਮਨਜ' ਵਿਚ ਭਾਰਤ 'ਚ ਚੱਲ ਰਹੇ ਕਿਸਾਨ ਅੰਦੋਲਨ ਤੇ ਪ੍ਰੈਸ ਦੀ ਆਜ਼ਾਦੀ ਬਾਰੇ ਚਰਚਾ ਕਰਵਾਉਣ 'ਤੇ ਵਿਚਾਰ ਕਰ ਰਹੀ ਹੈ। ਕਮੇਟੀ ਨੂੰ 1.10 ਲੱਖ ਤੋਂ ਵੱਧ ਦਸਤਖਤਾਂ ਵਾਲੀ ਇਕ ਆਨਲਾਈਨ ਪਟੀਸ਼ਨ ਮਿਲੀ ਹੈ, ਜਿਸ ਵਿਚ ਉਪਰੋਕਤ ਵਿਸ਼ਿਆਂ 'ਤੇ ਸਦਨ ਵਿਚ ਵਿਚਾਰ ਚਰਚਾ ਕਰਵਾਏ ਜਾਣ ਦੀ ਮੰਗ ਕੀਤੀ ਗਈ ਹੈ। ਦਿਲਚਸਪ ਗੱਲ ਹੈ ਕਿ ਇਸ ਪਟੀਸ਼ਨ 'ਤੇ ਸੰਸਦ ਵਿਚ ਵੈਸਟ ਲੰਡਨ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਦੀ ਹੈਸੀਅਤ ਵਿਚ ਬੋਰਿਸ ਜੌਹਨਸਨ ਦਾ ਨਾਮ ਵੀ ਸ਼ਾਮਲ ਹੈ, ਹਾਲਾਂਕਿ ਡਾਊਨਿੰਗ ਸਟਰੀਟ ਨੇ ਦੋ ਟੁੱਕ ਸ਼ਬਦਾਂ 'ਚ ਸਾਫ ਕਰ ਦਿੱਤਾ ਹੈ ਕਿ ਬਰਤਾਨਵੀ ਪ੍ਰਧਾਨ ਮੰਤਰੀ ਨੇ ਪਟੀਸ਼ਨ 'ਤੇ ਸਹੀ ਨਹੀਂ ਪਾਈ। ਉਧਰ, ਹਾਊਸ ਆਫ ਕਾਮਨਜ ਨੇ ਵਧੇਰੇ ਸਫਾਈ ਦਿੰਦਿਆਂ ਕਿਹਾ ਕਿ ਉਸ ਦੀ ਵੈੱਬਸਾਈਟ 'ਤੇ ਮੌਜੂਦ ਪਟੀਸ਼ਨਾਂ 'ਤੇ ਪਾਈਆਂ ਸਹੀਆਂ ਨੂੰ ਵੇਖਿਆ ਜਾ ਸਕਦਾ ਹੈ ਤੇ ਇਹ ਡੇਟਾ ਸਬੰਧਤ ਹਲਕੇ ਦੇ ਸੰਸਦ ਮੈਂਬਰ ਦਾ ਨਾਮ ਵੀ ਦੱਸਦਾ ਹੈ, ਪਰ ਡੇਟਾ ਇਹ ਨਹੀਂ ਦਰਸਾਉਂਦਾ ਕਿ ਵਿਅਕਤੀ ਵਿਸ਼ੇਸ਼ ਸੰਸਦ ਮੈਂਬਰ ਨੇ ਹੀ ਸਹੀ ਪਾਈ ਹੈ ਜਾਂ ਨਹੀਂ। ਦੱਸਣਾ ਬਣਦਾ ਹੈ ਕਿ ਸੰਸਦ ਦੀ ਵੈੱਬਸਾਈਟ 'ਤੇ ਪਾਈ ਕਿਸੇ ਵੀ ਆਨਲਾਈਨ ਪਟੀਸ਼ਨ 'ਤੇ ਦਸ ਹਜ਼ਾਰ ਤੋਂ ਵੱਧ ਲੋਕ ਦਸਤਖਤ ਕਰ ਦੇਣ ਤਾਂ ਯੂਕੇ ਸਰਕਾਰ ਨੂੰ ਇਸ ਬਾਰੇ ਅਧਿਕਾਰਤ ਬਿਆਨ ਜਾਰੀ ਕਰਨਾ ਪੈਂਦਾ ਹੈ ਅਤੇ ਜੇ ਕਿਤੇ ਪਟੀਸ਼ਨ 'ਤੇ ਇਕ ਲੱਖ ਤੋਂ ਵੱਧ ਲੋਕਾਂ ਦੀ ਸਹੀ ਪੈ ਜਾਵੇ ਤਾਂ ਇਸ 'ਤੇ ਵਿਚਾਰ-ਚਰਚਾ ਲਈ ਗੌਰ ਕਰਨਾ ਲਾਜ਼ਮੀ ਹੋ ਜਾਂਦਾ ਹੈ।



### ਖੇਤੀ ਕਾਨੂੰਨਾਂ 'ਤੇ ਟਰੂਡੋ ਦਾ ਬਿਆਨ ਸਬੰਧਾਂ ਨੂੰ ਕਰ ਸਕਦੈ ਪ੍ਰਭਾਵਿਤ: ਕੇਂਦਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਰਾਜ ਸਭਾ ਨੂੰ ਜਾਣਕਾਰੀ ਦਿੱਤੀ ਕਿ ਕੈਨੇਡਾ ਸਰਕਾਰ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖੇਤੀ ਕਾਨੂੰਨਾਂ ਬਾਰੇ ਕੀਤੀ ਬਿਆਨਬਾਜ਼ੀ ਦੁਵੱਲੇ ਸਬੰਧ ਵਿਗਾੜ ਸਕਦੀ ਹੈ। ਵਿਦੇਸ਼ ਮਾਮਲਿਆਂ ਬਾਰੇ ਰਾਜ ਮੰਤਰੀ ਵੀ. ਮੁਰਲੀਧਰਨ ਨੇ ਸਦਨ ਵਿਚ ਇਸ ਬਾਰੇ ਲਿਖਤੀ ਜਵਾਬ ਦਿੱਤਾ ਹੈ। ਉਪਰਲੇ ਸਦਨ ਵਿਚ ਸ਼ਿਵ ਸੈਨਾ ਮੈਂਬਰ ਅਨਿਲ ਦੇਸਾਈ ਨੇ ਟਰੂਡੋ ਦੇ ਬਿਆਨਾਂ ਬਾਰੇ ਸਰਕਾਰ ਕੋਲੋਂ ਜਵਾਬ ਮੰਗਿਆ ਸੀ। ਦੇਸਾਈ ਨੇ ਪੁੱਛਿਆ ਸੀ ਕਿ 'ਕੀ ਸਰਕਾਰ ਨੂੰ ਜਾਣਕਾਰੀ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਸੰਸਦ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ 'ਤੇ ਟਿੱਪਣੀ ਕਰ ਕੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦਿੱਤਾ ਹੈ। ਕੀ ਸਰਕਾਰ ਇਸ ਨੂੰ ਗ਼ੈਰਜ਼ਰੂਰੀ ਤੇ ਗ਼ੈਰਵਾਜ਼ਬ ਸਮਝਦੀ ਹੈ? ਜੇ ਸਮਝਦੀ ਹੈ ਤਾਂ ਕੀ ਕੈਨੇਡਾ ਸਰਕਾਰ ਕੋਲ ਰੋਸ ਜ਼ਾਹਿਰ ਕੀਤਾ ਗਿਆ ਹੈ ਤੇ ਕੈਨੇਡਾ ਨੇ ਉਸ ਦਾ ਜਵਾਬ ਦਿੱਤਾ ਹੈ?'

## ਸ਼ਾਂਤੀਪੂਰਨ ਅੰਦੋਲਨ ਜਮਹੂਰੀਅਤ ਦਾ ਪ੍ਰਮਾਣ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਦੇ ਬਾਇਡਨ ਪ੍ਰਸ਼ਾਸਨ ਨੇ ਮੋਦੀ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਲਿਆਂਦੇ ਕਾਨੂੰਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਨਾ ਸਿਰਫ ਭਾਰਤੀ ਬਾਜ਼ਾਰਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਹੋਵੇਗਾ, ਬਲਕਿ ਨਿੱਜੀ ਖੇਤਰ ਨੂੰ ਨਿਵੇਸ਼ ਦਾ ਖੁੱਲ੍ਹਾ ਮੌਕਾ ਮਿਲੇਗਾ। ਦਿੱਲੀ ਦੀਆਂ ਬਰੂਹਾਂ 'ਤੇ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਦੇ ਹਵਾਲੇ ਨਾਲ ਬਾਇਡਨ ਪ੍ਰਸ਼ਾਸਨ ਨੇ ਕਿਹਾ ਕਿ ਅਮਨ-ਅਮਾਨ ਨਾਲ ਕੀਤੇ ਜਾਣ ਵਾਲੇ ਪ੍ਰਦਰਸ਼ਨ ਵਧ-ਫੁੱਲ ਰਹੀ ਜਮਹੂਰੀਅਤ ਦਾ ਪ੍ਰਮਾਣ ਹੈ। ਉਂਜ ਅਮਰੀਕੀ ਵਿਦੇਸ਼ ਮੰਤਰਾਲੇ ਨੇ ਖੇਤੀ ਕਾਨੂੰਨਾਂ ਨੂੰ ਲੈ ਕੇ ਦੋਵੇਂ ਧਿਰਾਂ (ਸਰਕਾਰ ਤੇ ਕਿਸਾਨ ਆਗੂਆਂ) ਦਰਮਿਆਨ ਬਣੇ ਜਮੂਦ ਨੂੰ ਤੋੜਨ ਤੇ ਮਸਲੇ ਦਾ ਹੱਲ ਸੰਵਾਦ ਰਾਹੀਂ ਕੱਢਣ ਦੀ ਵਕਾਲਤ ਕੀਤੀ। ਇਸ ਦੌਰਾਨ ਕਈ ਅਮਰੀਕੀ ਕਾਨੂੰਨਸਾਜ਼ਾਂ ਨੇ ਮੂਹਰੇ ਹੋ ਕੇ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਹੈ।

# ਕਿਸਾਨਾਂ ਨੇ ਖੇਤੀ ਕਾਨੂੰਨਾਂ ਬਾਰੇ ਸੰਯੁਕਤ ਰਾਸ਼ਟਰ ਦਾ ਦਖਲ ਮੰਗਿਆ

**ਨਵੀਂ ਦਿੱਲੀ:** ਤਿੰਨ ਕੇਂਦਰੀ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਹਿੰਸਾ ਮਗਰੋਂ ਕਿਸਾਨਾਂ ਦੀ ਗ੍ਰਿਫਤਾਰੀ ਤੇ ਧਰਨੇ/ਮੋਰਚੇ ਵਾਲੀਆਂ ਥਾਵਾਂ 'ਤੇ ਇੰਟਰਨੈੱਟ ਸੇਵਾਵਾਂ ਮੁਅੱਤਲ ਕੀਤੇ ਜਾਣ ਦਾ ਮਾਮਲਾ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ (ਯੂ.ਐਨ.ਐਚ.ਆਰ.ਸੀ.) ਦੇ ਧਿਆਨ ਵਿਚ ਲਿਆਂਦਾ ਹੈ। ਕਿਸਾਨ ਜਥੇਬੰਦੀਆਂ ਦੇ ਲੀਗਲ ਸੈੱਲ ਨੇ ਯੂ.ਐਨ.ਐਚ.ਆਰ.ਸੀ. ਦੇ ਭਾਰਤੀ ਮੁਖੀ ਨੂੰ ਇਸ ਸਬੰਧੀ ਇਕ ਪੱਤਰ ਲਿਖਿਆ ਹੈ।

ਪੱਤਰ ਵਿਚ ਮੰਗ ਕੀਤੀ ਗਈ ਹੈ ਖੇਤੀ ਕਾਨੂੰਨਾਂ ਖਿਲਾਫ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦਰਮਿਆਨ ਸਰਕਾਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ ਦੇ ਮਾਮਲੇ ਵਿਚ ਸੰਯੁਕਤ ਰਾਸ਼ਟਰ ਦਾ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ ਦਖਲ ਦੇ ਕੇ ਸਬੰਧਤ ਹਦਾਇਤਾਂ ਜਾਰੀ ਕਰੇ। ਇਹ ਪੱਤਰ ਕਿਸਾਨ ਯੂਨੀਅਨਾਂ ਦੇ ਕਾਨੂੰਨੀ ਸੈੱਲ ਦੇ ਵਕੀਲਾਂ ਵਾਸੂ ਕੁਕਰੇਜਾ, ਰਵਨੀਤ ਕੌਰ ਤੇ ਜਸਵੰਤੀ ਅੰਬਸੇਲਵਮ ਵੱਲੋਂ ਲਿਖਿਆ ਗਿਆ ਹੈ। ਪੰਜ ਸਫਿਆਂ ਦੇ ਇਸ ਪੱਤਰ ਵਿਚ ਡੀਕੇ ਬਾਸੂ ਤੇ ਪੱਛਮੀ ਬੰਗਾਲ ਸਰਕਾਰ ਦਰਮਿਆਨ (1997) ਦੇ ਸੁਪਰੀਮ ਕੋਰਟ ਵਿਚ ਚੱਲੇ ਮਾਮਲੇ ਤਹਿਤ ਗ੍ਰਿਫਤਾਰ ਲੋਕਾਂ ਦੇ ਅਧਿਕਾਰਾਂ ਬਾਰੇ ਹਦਾਇਤਾਂ ਅਤੇ ਕੇਰਲਾ ਸਰਕਾਰ ਹਾਈ ਕੋਰਟ ਦੇ ਫਾਹਿਮਾ ਸ਼ੀਰੀਨ ਤੇ ਕੇਰਲਾ ਸਰਕਾਰ ਦਰਮਿਆਨ ਚੱਲੇ ਮੁਕੱਦਮੇ ਦੇ ਹਵਾਲੇ ਨਾਲ ਇੰਟਰਨੈੱਟ ਨੂੰ ਲਾਜ਼ਮੀ ਸਹੂਲਤ ਵਜੋਂ ਦਿੱਤੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਕੁਕਰੇਜਾ ਨੇ ਦੱਸਿਆ ਕਿ ਯੂ.ਐਨ.ਐਚ.ਆਰ.ਸੀ. ਤੋਂ ਇੰਟਰਨੈੱਟ ਸੇਵਾਵਾਂ ਤੇ ਹੋਰ ਮੱਦਾਂ ਬਾਰੇ ਦਖਲਅੰਦਾਜ਼ੀ ਮੰਗਦਿਆਂ ਜ਼ਰੂਰੀ ਦਸਤਾਵੇਜ਼ ਵੀ ਮੁਹੱਈਆ ਕਰਵਾਏ ਹਨ, ਜੋ ਇੰਟਰਨੈੱਟ ਦੇ ਬੁਨਿਆਦੀ ਲੋੜ ਹੋਣ ਦੀ ਪੁਸ਼ਟੀ ਕਰਦੇ ਹਨ। ਵਕੀਲਾਂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੰਘ ਨੇ ਅਜਿਹੇ ਕਈ ਮਾਮਲਿਆਂ ਵਿਚ ਦਖਲ ਦਿੱਤਾ ਹੈ ਤੇ ਉਮੀਦ ਹੈ ਕਿ ਇਸ ਵਾਰ ਵੀ ਆਪਣੀ ਬਣਦੀ ਭੂਮਿਕਾ ਨਿਭਾਏਗਾ। ਪੱਤਰ ਵਿਚ ਦੋਸ਼ ਲਾਇਆ ਗਿਆ ਕਿ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੁਲਿਸ ਅਧਿਕਾਰੀਆਂ ਵੱਲੋਂ ਗੈਰਕਾਨੂੰਨੀ ਤਰੀਕੇ ਨਾਲ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ।



### ਕਿਸਾਨ ਸੰਘਰਸ਼ ਦੀ ਹਮਾਇਤ ਕਰਦੀ ਰਹਾਂਗੀ: ਮੀਨਾ ਹੈਰਿਸ

**ਮੁੰਬਈ:** ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਅਤੇ ਵਕੀਲ ਤੇ ਲੇਖਿਕਾ ਮੀਨਾ ਹੈਰਿਸ ਨੇ ਕਿਹਾ ਹੈ ਕਿ ਉਹ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਲਈ ਕੀਤੀ ਗਈ ਉਸ ਦੀ ਆਲੋਚਨਾ ਦੀ ਪ੍ਰਵਾਹ ਨਹੀਂ ਕਰਦੀ। ਇਸ ਦੇ ਨਾਲ ਹੀ ਮੀਨਾ ਨੇ ਕਿਹਾ ਕਿ ਉਹ ਸੰਘਰਸ਼ ਦੀ ਹਮਾਇਤ ਕਰਦੀ ਰਹੇਗੀ। ਉਸ ਨੇ ਰੋਸ ਮੁਜ਼ਾਹਰਿਆਂ ਦੇ ਹੱਕ ਵਿਚ ਕਈ ਟਵੀਟ ਸ਼ੇਅਰ ਕੀਤੇ। ਇਕ ਟਵੀਟ ਵਿਚ ਮੀਨਾ ਨੇ ਕਿਹਾ 'ਇਹ ਸਿਰਫ ਖੇਤੀਬਾੜੀ ਨੀਤੀ ਬਾਰੇ ਨਹੀਂ ਹੈ। ਇਹ ਆਵਾਜ਼ ਬੁਲੰਦ ਕਰਨ ਵਾਲੀ ਇਕ ਧਾਰਮਿਕ ਘੱਟ ਗਿਣਤੀ 'ਤੇ ਜ਼ੁਲਮ ਕਰਨ ਬਾਰੇ ਹੈ। ਇਹ ਪੁਲਿਸ ਹਿੰਸਾ, ਦਹਿਸ਼ਤਗਰਦ ਰਾਸ਼ਟਰਵਾਦ ਅਤੇ ਕਿਰਤ ਅਧਿਕਾਰਾਂ 'ਤੇ ਹਮਲੇ ਨਾਲ ਜੁੜਿਆ ਹੋਇਆ ਹੈ। ਇਹ ਕੌਮਾਂਤਰੀ ਤਾਨਾਸ਼ਾਹੀ ਹੈ। ਆਪਣੇ ਮਸਲਿਆਂ ਤੋਂ ਮੈਨੂੰ ਬਾਹਰ ਰਹਿਣ ਬਾਰੇ ਨਾ ਦੱਸੋ। ਇਹ ਸਾਰੇ ਸਾਡੇ ਹੀ ਮੁੱਦੇ ਹਨ।'

## 'ਭਾਰਤ ਕਿਸਾਨਾਂ ਨੂੰ ਸ਼ਾਂਤਮਈ ਪ੍ਰਦਰਸ਼ਨਾਂ ਦੀ ਇਜਾਜ਼ਤ ਦੇਵੇ'

**ਵਾਸ਼ਿੰਗਟਨ:** ਇੰਡੀਆ ਕੌਕਸ ਦੇ ਮੈਂਬਰਾਂ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਲੋਕਤੰਤਰ ਦੇ ਨੇਮਾਂ ਨੂੰ ਬਹਾਲ ਰਖਦਿਆਂ ਅੰਦੋਲਨਕਾਰੀ ਕਿਸਾਨਾਂ ਨੂੰ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਅਤੇ ਇੰਟਰਨੈੱਟ ਦੀ ਸਹੂਲਤ ਬਹਾਲ ਕਰੇ। ਕੌਕਸ ਨੇ ਭਾਰਤ 'ਚ ਚੱਲ ਰਹੇ ਕਿਸਾਨ ਅੰਦੋਲਨ ਦੇ ਮੁੱਦੇ 'ਤੇ ਵਿਚਾਰ ਵਟਾਂਦਰਾ ਵੀ ਕੀਤਾ ਹੈ। ਇੰਡੀਆ ਕੌਕਸ ਦੇ ਸਹਿ-ਚੇਅਰਮੈਨ ਬਰੈਡ ਸ਼ੇਰਮਨ ਨੇ ਦੱਸਿਆ ਕਿ ਉਸ ਨੇ ਰਿਪਬਲਿਕਨ ਕਾਂਗਰਸਮੈਨ ਸਟੀਵ ਸ਼ਾਬੋਟ ਅਤੇ ਮੀਤ ਚੇਅਰਮੈਨ ਰੋ ਖੰਨਾ ਨਾਲ ਬੈਠਕ ਕਰਕੇ ਕਿਹਾ ਹੈ ਕਿ ਉਹ ਕਿਸਾਨ ਅੰਦੋਲਨ ਬਾਰੇ ਅਮਰੀਕਾ 'ਚ ਭਾਰਤੀ ਸਫੀਰ ਤਰਨਜੀਤ ਸਿੰਘ ਸੰਧੂ ਨਾਲ ਗੱਲਬਾਤ ਕਰਨ। ਸ਼ੇਰਮਨ ਨੇ ਕਿਹਾ ਕਿ ਕਿਸਾਨਾਂ ਦੇ ਨਾਲ ਨਾਲ ਪੱਤਰਕਾਰਾਂ ਲਈ ਵੀ ਇੰਟਰਨੈੱਟ ਦੀ ਸਹੂਲਤ ਬਹਾਲ ਕੀਤੀ ਜਾਵੇ। ਕਾਂਗਰਸਮੈਨ ਸਟੀਵ ਕੋਹੇਨ ਨੇ ਕਿਹਾ ਕਿ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ ਅਤੇ ਬੋਲਣ ਦੀ ਆਜ਼ਾਦੀ ਲੋਕਤੰਤਰ ਦੀ ਸਭ ਤੋਂ ਅਹਿਮ ਨਿਸ਼ਾਨੀ ਹੁੰਦੀ ਹੈ।

# ਮੋਦੀ ਸਰਕਾਰ ਨੇ ਸਰਕਾਰੀ ਜਾਇਦਾਦਾਂ ਵੇਚਣ ਲਈ ਜ਼ੋਰ-ਸ਼ੋਰ ਨਾਲ ਵਿੱਢੀ ਮੁਹਿੰਮ

**ਨਵੀਂ ਦਿੱਲੀ:** ਮਾੜੀਆਂ ਆਰਥਿਕ ਨੀਤੀਆਂ ਤੇ ਕਰੋਨਾ ਮਹਾਮਾਰੀ ਦੀ ਝੰਬੀ ਮੋਦੀ ਸਰਕਾਰ ਨੇ ਹੁਣ ਮਾਲੀਆ ਇਕੱਠਾ ਕਰਨ ਲਈ ਸਰਕਾਰੀ ਜਾਇਦਾਦਾਂ ਵੇਚਣ ਦਾ ਰਾਹ ਫੜ ਲਿਆ ਹੈ। ਮੋਦੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਤਾਜ਼ਾ ਬਜਟ ਵਿਚ ਸਰਕਾਰ ਨੇ ਮਾਲਿਆ ਇਕੱਠਾ ਕਰਨ ਲਈ ਸਾਰੀ ਟੇਕ ਸਰਕਾਰੀ ਜਾਇਦਾਦਾਂ ਵੇਚਣ ਉਤੇ ਲਾਈ ਜਾਪਦੀ ਹੈ। ਬਜਟ ਵਿਚਲੇ ਐਲਾਨਾਂ ਪਿੱਛੋਂ ਸਰਕਾਰ ਨੇ ਇਹ ਕਾਰਵਾਈ ਹੋਰ ਤੇਜ਼ ਕਰ ਦਿੱਤੀ ਹੈ।



ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ ਨੇ ਕਿਹਾ ਹੈ ਕਿ ਜਨਤਕ ਖੇਤਰ ਦੀਆਂ ਉਨ੍ਹਾਂ ਕੰਪਨੀਆਂ ਦੀ ਅਗਲੀ ਸੂਚੀ ਕੁਝ ਹਫਤਿਆਂ 'ਚ ਤਿਆਰ ਹੋਵੇਗੀ ਜਿਨ੍ਹਾਂ 'ਚੋਂ ਸਰਕਾਰੀ ਹਿੱਸਾ ਕੱਢ ਕੇ ਨਿੱਜੀ ਹੱਥਾਂ 'ਚ ਸੌਂਪਿਆ ਜਾਵੇਗਾ। ਰਾਜੀਵ ਕੁਮਾਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਦੀ ਭਲਾਈ ਅਤੇ ਖੇਤੀ ਸੈਕਟਰ 'ਚ ਸੁਧਾਰ ਲਈ ਲਗਾਤਾਰ ਵਚਨਬੱਧਤਾ ਦਿਖਾਈ ਹੈ। ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਬਾਰੇ ਉਨ੍ਹਾਂ ਕਿਹਾ ਕਿ ਇਹ ਸੁਧਾਰ ਸਾਰੀਆਂ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ 'ਚ ਸਨ। ਉਨ੍ਹਾਂ ਕਿਹਾ ਕਿ ਬੈਂਕਾਂ ਵੱਲੋਂ ਕਰਜ਼ਾ ਮੁੜ ਤੋਂ ਦੇਣ ਦਾ ਅਮਲ ਸ਼ੁਰੂ ਕਰਨ ਲਈ ਉਨ੍ਹਾਂ ਦੀ ਬੈਲੈਂਸ ਸ਼ੀਟ ਨੂੰ ਸਾਫ ਕਰਨ ਦੀ ਲੋੜ ਹੈ।

ਅਸਲ ਵਿਚ, ਨਿਰਮਲਾ ਸੀਤਾਰਮਨ ਨੇ ਆਪਣਾ ਇਹ ਬਜਟ ਅਜਿਹੇ ਸਮੇਂ ਪੇਸ਼ ਕੀਤਾ ਹੈ, ਜਦੋਂ ਦੇਸ਼ ਬੇਮਿਸਾਲ ਆਰਥਿਕ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ ਅਤੇ ਸਰਕਾਰ ਸਾਹਮਣੇ ਜ਼ਬਰਦਸਤ ਵਿੱਤੀ ਸੰਕਟ ਦੀ ਚੁਣੌਤੀ ਮੌਜੂਦ ਹੈ। ਪਿਛਲਾ ਬਜਟ ਪੇਸ਼ ਕਰਦੇ ਸਮੇਂ ਵਿੱਤ ਮੰਤਰੀ ਨੇ ਕੇਂਦਰ ਸਰਕਾਰ ਦੇ ਖਜ਼ਾਨੇ ਦੇ ਘਾਟੇ ਦਾ ਅਨੁਮਾਨ ਕੁੱਲ ਘਰੇਲੂ ਉਤਪਾਦ ਦਾ ਸਾਢੇ ਤਿੰਨ ਫੀਸਦੀ ਲਗਾਇਆ ਸੀ, ਪਰ ਹੁਣ ਇਹ ਅੰਦਾਜ਼ਾ ਹੈ ਕਿ ਇਹ 6.8 ਫੀਸਦੀ ਹੋ ਗਿਆ ਹੈ। ਅਜੇ ਵੀ ਚਾਲੂ ਵਿੱਤੀ ਸਾਲ ਦੇ ਦੋ ਮਹੀਨੇ ਬਾਕੀ ਹਨ। ਇਸ ਲਈ ਪੂਰੀ ਸੰਭਾਵਨਾ ਹੈ ਕਿ ਅਸਲ ਵਿਚ ਖਜ਼ਾਨੇ ਦਾ ਘਾਟਾ 10 ਫੀਸਦੀ ਤੋਂ ਜ਼ਿਆਦਾ ਹੀ ਹੋਵੇਗਾ।

ਅਗਲੇ ਵਿੱਤੀ ਵਰ੍ਹੇ ਲਈ ਬਜਟ ਵਿਚ ਕਰੀਬ ਪੌਣੇ 8 ਫੀਸਦੀ ਖਜ਼ਾਨੇ ਦੇ ਘਾਟੇ ਦਾ ਅੰਦਾਜ਼ਾ ਲਗਾਇਆ ਗਿਆ ਹੈ। ਇਸ ਘਾਟੇ ਦੇ ਹੋਰ ਵਧਣ ਦੀ ਸੰਭਾਵਨਾ ਹੈ ਕਿਉਂਕਿ ਨੇੜਲੇ ਭਵਿੱਖ ਵਿਚ ਇਕੋ ਦਮ ਆਰਥਿਕ ਸਰਗਰਮੀਆਂ ਵਧਣ ਦੀ ਸੰਭਾਵਨਾ ਬਹੁਤ ਘੱਟ ਹੈ। ਖਜ਼ਾਨੇ ਦਾ ਸੰਕਟ ਦੂਰ ਕਰਨ ਦਾ ਜੋ ਸਭ ਤੋਂ ਵੱਡਾ ਤਰੀਕਾ ਇਸ ਬਜਟ ਵਿਚ ਦੱਸਿਆ ਜਾ ਰਿਹਾ ਹੈ, ਉਹ ਹੈ ਸਰਕਾਰੀ ਜਾਇਦਾਦਾਂ ਨੂੰ ਵੇਚ ਕੇ ਸਰਕਾਰ ਦੇ ਖਜ਼ਾਨੇ ਨੂੰ ਭਰਨਾ ਅਤੇ ਖਜ਼ਾਨੇ ਦਾ ਘਾਟਾ ਦੂਰ ਕਰਨਾ। ਉਂਜ ਇਨ੍ਹਾਂ ਜਾਇਦਾਦਾਂ ਨੂੰ ਵੇਚਣ ਦਾ ਇਹ ਸਿਲਸਿਲਾ ਲੰਬੇ ਸਮੇਂ ਤੋਂ ਜਾਰੀ ਹੈ। ਡਾ. ਮਨਮੋਹਨ ਸਿੰਘ ਜਦੋਂ ਵਿੱਤ ਮੰਤਰੀ ਸਨ ਉਦੋਂ ਤੋਂ ਹੀ ਇਹ ਸ਼ੁਰੂ ਕੀਤਾ ਗਿਆ ਸੀ, ਪਰ ਉਦੋਂ ਬਿਮਾਰ ਪਈਆਂ ਜਾਂ ਘਾਟੇ ਵਿਚ ਪਈਆਂ ਕੰਪਨੀਆਂ ਨੂੰ ਹੀ ਵੇਚਿਆ ਜਾਂਦਾ ਸੀ। ਪਰ ਬਾਅਦ ਵਿਚ ਅਟਲ ਬਿਹਾਰੀ ਵਾਜਪਾਈ ਦੇ ਸਮੇਂ ਇਕ ਨਵੀਂ ਪ੍ਰਵਿਰਤੀ ਉਭਰੀ।

2014 ਵਿਚ ਨਰਿੰਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਕੰਪਨੀਆਂ ਦੀ ਵਿਕਰੀ ਤੇਜ਼ ਹੋ ਗਈ। ਸਰਕਾਰ ਨੇ ਕੰਪਨੀਆਂ ਵੇਚਣ ਦਾ ਕੰਮ ਆਪਣੇ ਮਾਲੀਏ ਦੀ ਪ੍ਰਾਪਤੀ ਦਾ ਇਕ ਸਾਧਨ ਬਣਾ ਲਿਆ ਅਤੇ ਜਿਥੋਂ ਕਿਤੋਂ ਵੀ ਜ਼ਿਆਦਾ ਮਿਲ ਸਕਦਾ ਸੀ, ਉਸ ਨੂੰ ਵੇਚਣ ਲਈ ਪੇਸ਼ ਕਰ ਦਿੱਤਾ। ਕਿਸੇ ਨੇ ਨਹੀਂ ਸੋਚਿਆ ਹੋਵੇਗਾ ਕਿ ਰੇਲਵੇ ਨੂੰ ਵੀ ਵੇਚਿਆ ਜਾ ਸਕਦਾ ਹੈ। ਪਰ ਰੇਲ ਰੂਟਾਂ ਅਤੇ ਰੇਲਵੇ ਸਟੇਸ਼ਨਾਂ ਨੂੰ ਵੇਚਿਆ ਜਾਣ ਲੱਗਾ ਹੈ। ਹੋਰ ਸਰਕਾਰੀ ਜਾਇਦਾਦਾਂ ਦੀ ਵਿਕਰੀ ਨੂੰ ਹੀ ਮਾਲੀਏ ਦੇ ਘਾਟੇ ਦੀ ਸਮੱਸਿਆ ਨਾਲ ਜੂਝਣ ਦਾ ਇਕ ਵੱਡਾ ਸਾਧਨ ਕੇਂਦਰ ਸਰਕਾਰ ਨੇ ਬਣਾ ਲਿਆ ਹੈ। ਪਿਛਲੇ ਦਿਨੀਂ ਨਿਰਮਲਾ ਸੀਤਾਰਮਨ ਵਲੋਂ ਪੇਸ਼ ਕੀਤੇ ਗਏ ਬਜਟ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹੀ ਹੈ ਕਿ ਜੋ ਵੀ ਸੰਭਵ ਹੈ, ਸਰਕਾਰ ਉਸ ਨੂੰ ਵੇਚਣ ਲੱਗੀ ਹੈ। ਇਸੇ ਦਰਮਿਆਨ ਕਿਸਾਨ ਅੰਦੋਲਨ ਚੱਲ ਰਿਹਾ ਹੈ। ਇਹ ਲਗਾਤਾਰ ਤੇਜ਼ ਹੁੰਦਾ ਜਾ ਰਿਹਾ ਹੈ। ਆਗਾਮੀ ਅਪਰੈਲ ਤੋਂ ਨਵੇਂ ਕਿਰਤੀ ਕਾਨੂੰਨਾਂ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਦੇ ਵਿਰੋਧ ਵਿਚ ਮਜ਼ਦੂਰਾਂ ਵੱਲੋਂ ਅੰਦੋਲਨ ਚਲਾਉਣ ਦੀ ਸੰਭਾਵਨਾ ਹੈ। ਫਿਰ ਜੋ ਕੰਪਨੀਆਂ ਵਿਕਣ ਵਾਲੀਆਂ ਹਨ, ਉਨ੍ਹਾਂ ਦੇ ਕਰਮਚਾਰੀ ਵੀ ਹੜਤਾਲ ਉਤੇ ਜਾ ਸਕਦੇ ਹਨ। ਇਸ ਤਰ੍ਹਾਂ ਕਰੋਨਾ ਦੇ ਨਾਲ-ਨਾਲ ਨਵੀਆਂ ਸਮੱਸਿਆਵਾਂ ਪੈਦਾ ਹੋਣ ਜਾ ਰਹੀਆਂ ਹਨ।

## ਯੂ.ਐਨ. ਵੱਲੋਂ ਨਵੇਂ ਸਕੱਤਰ ਜਨਰਲ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵੱਲੋਂ ਆਪਣੇ ਨਵੇਂ ਸਕੱਤਰ ਜਨਰਲ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ। ਆਲਮੀ ਸੰਸਥਾ ਵੱਲੋਂ ਆਪਣੇ 193 ਮੈਂਬਰ ਦੇਸ਼ਾਂ ਨੂੰ ਸੰਗਠਨ ਦੇ ਮੁਖੀ ਅਤੇ ਕਾਰਜਕਾਰੀ ਅਧਿਕਾਰੀ ਲਈ ਉਮੀਦਵਾਰਾਂ ਦੇ ਨਾਂ ਦਾਖਲ ਕਰਨ ਲਈ ਕਿਹਾ ਗਿਆ ਹੈ।



ਜਨਰਲ ਅਸੈਂਬਲੀ ਦੇ ਪ੍ਰਧਾਨ ਵੋਲਕਨ ਬੋਜ਼ਕੀਰ ਅਤੇ ਯੂ.ਐਨ. ਵਿਚ ਬਰਤਾਨਵੀ ਸਫੀਰ ਅਤੇ ਸੁਰੱਖਿਆ ਕੌਂਸਲ 'ਚ ਇਸ ਮਹੀਨੇ ਦੀ ਪ੍ਰਧਾਨ ਬਾਰਬਰਾ ਵੁੱਡਵਰਡ ਵੱਲੋਂ ਇੱਕ ਪੱਤਰ 'ਤੇ ਵਰਚੁਅਲ ਦਸਤਖਤ ਕਰਨ ਮਗਰੋਂ ਇਹ ਅਧਿਕਾਰਤ ਪ੍ਰਕਿਰਿਆ ਸ਼ੁਰੂ ਹੋਈ।

ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼, ਜਿਨ੍ਹਾਂ ਦਾ ਮੌਜੂਦਾ ਕਾਰਜਕਾਲ 31 ਦਸੰਬਰ ਨੂੰ ਖਤਮ ਹੋਣਾ ਹੈ, ਨੇ ਪਿਛਲੇ ਮਹੀਨੇ ਐਲਾਨ ਕੀਤਾ ਸੀ ਕਿ ਉਹ ਇਸ ਅਹੁਦੇ ਲਈ ਦੂਜੀ ਵਾਰ ਆਪਣੀ ਉਮੀਦਵਾਰੀ ਪੇਸ਼ ਕਰਨਗੇ। ਦੂਜੇ ਪਾਸੇ ਯੂ.ਐਨ. ਵਿਚ ਹਾਂਡੂਰਸ ਦੀ ਸਫੀਰ ਮੈਰੀ ਐਲਿਜ਼ਾਬੈੱਥ ਫਲੋਰੇਸ ਫਲੇਕ ਨੇ ਇਸ ਸਬੰਧ 'ਚ ਯੂ.ਐਨ. ਦੇ ਸਾਰੇ ਮੈਂਬਰ ਦੇਸ਼ਾਂ ਨੂੰ ਪੱਤਰ ਭੇਜ ਕੇ ਕਿਹਾ ਕਿ ਹੁਣ ਤੱਕ ਕਦੇ ਵੀ ਇਸ ਸੰਗਠਨ ਦੀ 'ਮਹਿਲਾ ਸਕੱਤਰ ਜਨਰਲ' ਨਹੀਂ ਬਣੀ। ਉਨ੍ਹਾਂ ਨੇ ਸਾਰੇ ਮੈਂਬਰ ਦੇਸ਼ਾਂ ਨੂੰ ਮਹਿਲਾ ਉਮੀਦਵਾਰਾਂ ਦਾ ਨਾਂ ਪੇਸ਼ ਕਰਨ ਦੀ ਅਪੀਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਜਨਰਲ ਅਸੈਂਬਲੀ ਵੱਲੋਂ ਜਨਰਲ ਸਕੱਤਰ ਦੀ ਚੋਣ 15 ਮੈਂਬਰੀ ਸੁਰੱਖਿਆ ਕੌਂਸਲ ਦੀ ਸਿਫਾਰਸ਼ 'ਤੇ ਕੀਤੀ ਜਾਂਦੀ ਹੈ। ਇਸ ਦੇ ਪੰਜ ਸਥਾਈ ਮੈਂਬਰਾਂ, ਅਮਰੀਕਾ, ਰੂਸ, ਚੀਨ, ਬਰਤਾਨੀਆ ਤੇ ਫਰਾਂਸ ਕੋਲ ਵੀਟੋ ਪਾਵਰ ਹੈ ਅਤੇ ਉਨ੍ਹਾਂ ਦੀ ਹਮਾਇਤ ਅਹਿਮ ਹੁੰਦੀ ਹੈ। ਵੁੱਡਵਾਰਡ ਅਤੇ ਬੋਜ਼ਕੀਰ ਨੇ ਕਿਹਾ ਕਿ ਉਮੀਦਵਾਰਾਂ ਨਾਲ ਰਸਮੀ ਸੰਵਾਦ ਮਈ-ਜੂਨ ਤੱਕ ਸੁਰੱਖਿਆ ਕੌਂਸਲ ਵੱਲੋਂ ਚੋਣ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਹੋਵੇਗਾ।

## 'ਜ਼ਮੀਨੀ ਪੱਧਰ 'ਤੇ ਨਜ਼ਰ ਨਹੀਂ ਆਈ ਚੀਨ ਨਾਲ ਸਹਿਮਤੀ'

**ਅਮਰਾਵਤੀ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਦੱਸਿਆ ਹੈ ਕਿ ਭਾਰਤ ਤੇ ਚੀਨ ਦੇ ਸੀਨੀਅਰ ਫੌਜੀ ਕਮਾਂਡਰਾਂ ਦਰਮਿਆਨ ਲੱਦਾਖ ਮਸਲੇ 'ਤੇ ਨੌਂ ਗੇੜਾਂ ਵਿਚ ਸੰਵਾਦ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੂਰਬੀ ਲੱਦਾਖ ਵਿਚ ਦੋਵਾਂ ਮੁਲਕਾਂ ਦੀਆਂ ਫੌਜਾਂ ਨੂੰ ਸਰਹੱਦੀ ਇਲਾਕਿਆਂ ਵਿਚ ਪਿੱਛੇ ਹਟਾਉਣ ਲਈ ਗੱਲਬਾਤ ਅਗਾਂਹ ਵੀ ਜਾਰੀ ਰਹੇਗੀ।



ਵਿਜੈਵਾੜਾ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਜੈਸ਼ੰਕਰ ਨੇ ਕਿਹਾ ਕਿ ਹਾਲੇ ਤੱਕ ਸੰਵਾਦ 'ਚ ਬਣੀ ਸਹਿਮਤੀ ਦਾ ਕੋਈ 'ਭਾਵ ਜਾਂ ਸਮੀਕਰਨ' ਜ਼ਮੀਨੀ ਪੱਧਰ ਉਤੇ ਨਜ਼ਰ ਨਹੀਂ ਆ ਰਿਹਾ। ਮੰਤਰੀ ਨੇ ਇਹ ਜਾਣਕਾਰੀ ਉਦੋਂ ਦਿੱਤੀ ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਲੱਦਾਖ ਮਸਲੇ ਉਤੇ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦਰਮਿਆਨ ਵੀ ਗੱਲਬਾਤ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਇਕ ਗੁੰਝਲਦਾਰ ਮਾਮਲਾ ਹੈ ਤੇ ਇਸ ਬਾਰੇ ਫੈਸਲਾ ਫੌਜੀ ਕਮਾਂਡਰ ਕਰਨਗੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪੰਜ ਮਈ ਤੋਂ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ ਬਣਿਆ ਹੋਇਆ ਹੈ। ਦੋਵਾਂ ਦੇਸ਼ਾਂ ਵਿਚਾਲੇ ਫੌਜੀ ਤੇ ਕੂਟਨੀਤਕ ਪੱਧਰ 'ਤੇ ਕਈ ਵਾਰ ਵਾਰਤਾ ਹੋ ਚੁੱਕੀ ਹੈ ਪਰ ਹਾਲੇ ਤੱਕ ਕੋਈ ਠੋਸ ਨਤੀਜਾ ਨਹੀਂ ਨਿਕਲਿਆ।

ਜੈਸ਼ੰਕਰ ਨੇ ਕਿਹਾ 'ਸਾਨੂੰ ਲੱਗਦਾ ਸੀ ਕਿ ਕੋਈ ਬਦਲਾਅ ਆਇਆ ਹੈ, ਪਰ ਅਜਿਹਾ ਨਹੀਂ ਹੈ। ਇਹ ਜ਼ਮੀਨੀ ਪੱਧਰ ਉਤੇ ਕਿਤੇ ਨਜ਼ਰ ਨਹੀਂ ਆਇਆ।' ਪਿਛਲੇ ਸਾਲ ਮਾਸਕੋ ਵਿਚ ਭਾਰਤ-ਚੀਨ ਦੇ ਵਿਦੇਸ਼ ਅਤੇ ਰੱਖਿਆ ਮੰਤਰੀਆਂ ਦਰਮਿਆਨ ਸਹਿਮਤੀ ਬਣੀ ਸੀ ਕਿ ਕੁਝ ਖੇਤਰਾਂ 'ਚ ਫੌਜਾਂ ਪਿੱਛੇ ਹਟਣਗੀਆਂ। ਹਾਲੀਆ ਕੇਂਦਰੀ ਬਜਟ ਬਾਰੇ ਉਨ੍ਹਾਂ ਕਿਹਾ ਕਿ ਰੱਖਿਆ ਖੇਤਰ ਲਈ ਅਹਿਮ ਵਾਧੂ ਤਜਵੀਜ਼ ਰੱਖੀ ਗਈ ਹੈ। ਪੂੰਜੀ ਖਰਚ ਵਿਚ 18 ਫੀਸਦ ਦਾ ਵਾਧਾ ਕੀਤਾ ਗਿਆ ਹੈ ਜੋ ਕਿ ਪਿਛਲੇ 15 ਸਾਲ ਵਿਚ ਸਭ ਤੋਂ ਵੱਧ ਹੈ। ਕੇਂਦਰੀ ਮੰਤਰੀ ਨੇ ਦੱਸਿਆ ਕਿ ਮਹਾਮਾਰੀ ਕਾਰਨ ਅਰਬ ਮੁਲਕਾਂ ਤੋਂ ਵਾਪਸ ਆਏ ਭਾਰਤੀ ਵਰਕਰ ਹੁਣ ਵਾਪਸ ਮੁੜ ਰਹੇ ਹਨ।

## ਕਾਂਗਰਸ ਨੂੰ 2019-20 ਵਿਚ 139 ਕਰੋੜ ਰੁਪਏ ਚੰਦਾ ਮਿਲਿਆ

**ਨਵੀਂ ਦਿੱਲੀ:** ਕਾਂਗਰਸ ਨੂੰ 2019-20 ਵਿਚ 139 ਕਰੋੜ ਰੁਪਏ ਤੋਂ ਵੱਧ ਦਾ ਚੰਦਾ ਮਿਲਿਆ ਸੀ। ਪਾਰਟੀ ਦੇ ਮੈਂਬਰਾਂ ਵਿਚੋਂ ਸੀਨੀਅਰ ਆਗੂ ਕਪਿਲ ਸਿੱਬਲ ਨੇ ਪਾਰਟੀ ਦੇ ਖਜ਼ਾਨੇ 'ਚ ਸਭ ਤੋਂ ਵੱਧ 3 ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ। ਇਹ ਖੁਲਾਸਾ ਚੋਣ ਕਮਿਸ਼ਨ ਵੱਲੋਂ 2019-20 ਵਿਚ ਕਾਂਗਰਸ ਨੂੰ ਮਿਲੇ ਚੰਦੇ ਨਾਲ ਜੁੜੀ ਇਕ ਰਿਪੋਰਟ ਕੀਤਾ ਗਿਆ ਹੈ।

ਚੰਦੇ ਸਬੰਧੀ ਦਸਤਾਵੇਜ਼ ਪਿਛਲੇ ਸਾਲ ਪਾਰਟੀ ਦੇ ਅੰਤਰਿਮ ਖਜ਼ਾਨਚੀ ਪਵਨ ਬਾਂਸਲ ਵੱਲੋਂ ਚੋਣ ਕਮਿਸ਼ਨ ਨੂੰ ਸੌਂਪੇ ਗਏ ਸਨ। ਰਿਪੋਰਟ ਮੁਤਾਬਕ ਪਹਿਲੀ ਅਪਰੈਲ 2019 ਤੋਂ 31 ਮਾਰਚ 2020 ਦਰਮਿਆਨ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ 54 ਹਜ਼ਾਰ ਤੇ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੇ 50 ਹਜ਼ਾਰ ਰੁਪਏ ਚੰਦਾ ਦਿੱਤਾ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਅਹਿਮਦ ਪਟੇਲ (ਮਰਹੂਮ), ਸਾਬਕਾ ਰੱਖਿਆ ਮੰਤਰੀ ਏ.ਕੇ. ਐਂਟਨੀ ਅਤੇ ਅਧੀਰ ਰੰਜਨ ਚੌਧਰੀ ਵੱਲੋਂ ਕਾਂਗਰਸ ਨੂੰ 54-54 ਹਜ਼ਾਰ ਰੁਪਏ ਚੰਦਾ ਦਿੱਤਾ ਗਿਆ। ਰਿਪੋਰਟ ਮੁਤਾਬਕ ਆਈ.ਟੀ.ਸੀ. ਤੇ ਇਸ ਨਾਲ ਜੁੜੀਆਂ ਕੰਪਨੀਆਂ ਨੇ 19 ਕਰੋੜ ਰੁਪਏ ਤੋਂ ਵੱਧ ਰਾਸ਼ੀ ਚੰਦੇ 'ਚ ਦਿੱਤੀ ਜਦੋਂਕਿ 'ਪਰੂਡੈਂਟ ਇਲੈਕਟੋਰਲ ਟਰੱਸਟ' ਨੇ 31 ਕਰੋੜ ਰੁਪਏ ਦਾ ਚੰਦਾ ਦਿੱਤਾ।

## ਆਰ.ਬੀ.ਆਈ. ਵੱਲੋਂ ਨੀਤੀਗਤ ਵਿਆਜ ਦਰਾਂ 'ਚ ਫੇਰਬਦਲ ਤੋਂ ਇਨਕਾਰ




**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਮੁਦਰਾ ਨੀਤੀ ਦੀ ਸਮੀਖਿਆ ਦੌਰਾਨ ਪਹਿਲੀ ਅਪਰੈਲ ਤੋਂ ਸ਼ੁਰੂ ਹੋ ਰਹੇ ਅਗਲੇ ਵਿੱਤੀ ਸਾਲ ਲਈ ਜੀ.ਡੀ.ਪੀ. (ਕੁੱਲ ਘਰੇਲੂ ਉਤਪਾਦ) 10.5 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਆਰ.ਬੀ.ਆਈ. ਦਾ ਇਹ ਅਨੁਮਾਨ ਕੇਂਦਰੀ ਬਜਟ ਵਿਚ ਜਤਾਏ ਅਨੁਮਾਨਾਂ ਮੁਤਾਬਕ ਹੈ। ਉਂਜ ਕੇਂਦਰੀ ਬੈਂਕ ਨੇ ਨੀਤੀਗਤ ਵਿਆਜ ਦਰਾਂ 'ਚ ਫੇਰਬਦਲ ਤੋਂ ਇਕ ਵਾਰ ਫਿਰ ਹੱਥ ਪਿਛਾਂਹ ਖਿੱਚ ਲਏ ਹਨ। ਰੈਪੋ ਤੇ ਰਿਵਰਸ ਰੈਪੋ ਦਰਾਂ ਪਹਿਲਾਂ ਵਾਂਗ 4 ਫੀਸਦ 'ਤੇ ਬਰਕਰਾਰ ਰਹਿਣਗੀਆਂ। ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਨੇੜ ਭਵਿੱਖ ਵਿਚ ਸਬਜ਼ੀਆਂ ਦੇ ਭਾਅ 'ਚ ਨਰਮਾਈ ਬਣੇ ਰਹਿਣ ਦੀ ਉਮੀਦ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਤਿਮਾਹੀ ਵਿਚ ਖੁਦਰਾ ਮਹਿੰਗਾਈ ਦਰ ਘਟ ਕੇ 5.2 ਫੀਸਦ ਰਹਿਣ ਦਾ ਅਨੁਮਾਨ ਹੈ, ਜੋ ਕਿ ਅਗਲੇ ਵਿੱਤੀ ਸਾਲ ਦੀ ਤੀਜੀ ਤਿਮਾਹੀ ਵਿਚ ਘਟ ਕੇ 4.3 ਫੀਸਦ ਰਹਿ ਸਕਦੀ ਹੈ। ਦਾਸ ਨੇ ਕਿਹਾ ਕਿ ਸਰਕਾਰ ਮਾਰਚ ਦੇ ਅਖੀਰ 'ਚ ਮਹਿੰਗਾਈ ਦਰ ਦੇ ਟੀਚੇ ਦੀ ਮੁੜ ਸਮੀਖਿਆ ਕਰੇਗੀ।

## ਪੋਕਸੋ ਐਕਟ ਤਹਿਤ ਤਿੰਨ ਸਾਲਾਂ 'ਚ 11 ਹਜ਼ਾਰ ਦੋਸ਼ੀ ਠਹਿਰਾਏ

**ਨਵੀਂ ਦਿੱਲੀ:** ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਕਿਹਾ ਕਿ ਲੰਘੇ ਤਿੰਨ ਸਾਲਾਂ ਦੌਰਾਨ ਬੱਚਿਆਂ ਦਾ ਸਰੀਰਕ ਸ਼ੋਸ਼ਣ ਰੋਕਣ ਲਈ ਬਣੇ ਕਾਨੂੰਨ (ਪੋਕਸੋ) ਤਹਿਤ 11 ਹਜ਼ਾਰ ਤੋਂ ਵੱਧ ਲੋਕਾਂ ਨੂੰ ਦੋਸ਼ੀ ਸਾਬਤ ਕੀਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ ਰਾਜ ਸਭਾ 'ਚ ਇਕ ਸਵਾਲ ਦੇ ਜਵਾਬ 'ਚ ਇਹ ਜਾਣਕਾਰੀ ਦਿੱਤੀ ਗਈ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਇਸ ਸਬੰਧੀ ਲਿਖਤੀ ਜਵਾਬ ਪੇਸ਼ ਕੀਤਾ ਅਤੇ ਨਾਲ ਹੀ ਸਾਲ 2014 ਤੋਂ 2016 ਵਿਚਾਲੇ ਸੂਬਿਆਂ ਦੇ ਆਧਾਰ 'ਤੇ ਪ੍ਰਾਪਤ ਅੰਕੜੇ ਵੀ ਪੇਸ਼ ਕੀਤੇ। ਸਮ੍ਰਿਤੀ ਇਰਾਨੀ ਨੇ ਦੱਸਿਆ ਕਿ 2014 'ਚ 2,686, 2015 'ਚ 4,567 ਅਤੇ 2016 'ਚ 3,859 ਲੋਕਾਂ ਨੂੰ ਪੋਕਸੋ ਐਕਟ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ 'ਚ ਜ਼ਿਆਦਾਤਰ ਦੋਸ਼ੀ ਮੱਧ ਪ੍ਰਦੇਸ਼ ਤੇ ਉਤਰ ਪ੍ਰਦੇਸ਼ ਨਾਲ ਸਬੰਧਤ ਹਨ।

## ਅਸਾਧਾਰਨ ਬੱਚਿਆਂ ਲਈ ਗਲੋਬਲ ਵਿਦਿਆਰਥੀ ਪੁਰਸਕਾਰ ਦਾ ਐਲਾਨ

**ਲੰਡਨ:** ਸਿੱਖਿਆ ਦੇ ਖੇਤਰ ਵਿਚ ਕੰਮ ਕਰਨ ਵਾਲੀ ਕੰਪਨੀ ਚੈੱਗ ਦੀ ਖੋਜ ਇਕਾਈ ਅਤੇ ਬਰਤਾਨੀਆ ਆਧਾਰਤ ਵਾਰਕੇਅ ਫਾਊਂਡੇਸ਼ਨ ਵੱਲੋਂ ਅਸਾਧਾਰਨ ਪ੍ਰਤਿਭਾਵਾਨ ਵਿਦਿਆਰਥੀਆਂ ਲਈ 50 ਹਜ਼ਾਰ ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਵਾਲੇ ਗਲੋਬਲ ਵਿਦਿਆਰਥੀ ਪੁਰਸਕਾਰ ਦਾ ਐਲਾਨ ਕੀਤਾ ਗਿਆ ਹੈ।

ਇਹ ਪੁਰਸਕਾਰ ਵੱਡੀ ਪੱਧਰ 'ਤੇ ਸਮਾਜ ਤੇ ਸਿੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਮੰਚ ਮੁਹੱਈਆ ਕਰਾਉਣ ਦੇ ਮਕਸਦ ਨਾਲ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਚੈੱਗ.ਓਆਰਜੀ ਪਹਿਲਾਂ ਤੋਂ ਹੀ ਦਸ ਲੱਖ ਡਾਲਰ ਇਨਾਮੀ ਰਾਸ਼ੀ ਵਾਲਾ ਗਲੋਬਲ ਅਧਿਆਪਕ ਪੁਰਸਕਾਰ ਦਿੰਦੀ ਆ ਰਹੀ ਹੈ। ਵਿਸ਼ਵ ਪੱਧਰ ਦੇ ਇਸ ਨਵੇਂ ਚੈੱਗ.ਓਆਰਜੀ ਵਿਦਿਆਰਥੀ ਪੁਰਸਕਾਰ ਲਈ ਉਹ ਵਿਦਿਆਰਥੀ ਯੋਗ ਹੋਣਗੇ ਜੋ ਘੱਟੋ-ਘੱਟ 16 ਸਾਲ ਦੇ ਹੋਣ ਅਤੇ ਉਨ੍ਹਾਂ ਕਿਸੇ ਸਿੱਖਿਆ ਸੰਸਥਾ ਜਾਂ ਸਿਖਲਾਈ ਤੇ ਹੁਨਰ ਪ੍ਰੋਗਰਾਮ ਵਿਚ ਦਾਖਲਾ ਲਿਆ ਹੋਵੇ। ਪਾਰਟ ਟਾਈਮ ਪੜ੍ਹਾਈ ਕਰਨ ਵਾਲੇ ਜਾਂ ਆਨਲਾਈਨ ਪੜ੍ਹਾਈ ਕਰ ਰਹੇ ਵਿਦਿਆਰਥੀ ਵੀ ਇਸ ਪੁਰਸਕਾਰ ਲਈ ਬਿਨੈ ਕਰ ਸਕਦੇ ਹਨ।

# ਕਿਸਾਨ ਅੰਦੋਲਨ: ਸਿਆਸੀ ਧਿਰਾਂ ਲਈ ਚੁਣੌਤੀ ਬਣੀਆਂ ਕੌਂਸਲ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਮੈਦਾਨ ਭਖਿਆ ਹੋਇਆ ਹੈ। ਪੰਜਾਬ ਦੇ ਚਾਲੀ ਲੱਖ ਤੋਂ ਵੱਧ ਵੋਟਰ 14 ਫਰਵਰੀ ਨੂੰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਸਿਆਸੀ ਧਿਰਾਂ ਨੂੰ ਆਪਣੀ ਤਾਕਤ ਵਿਖਾਉਣਗੇ। ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਆਪੋ-ਆਪਣੇ ਚੋਣ ਨਿਸ਼ਾਨ ਉਤੇ ਇਹ ਚੋਣਾਂ ਲੜ ਰਹੀਆਂ ਹਨ। ਨਾਮਜ਼ਦਗੀ ਕਾਗਜ਼ ਦਾਖਲ ਕਰਵਾਉਣ ਸਮੇਂ ਕੁਝ ਸ਼ਹਿਰਾਂ ਵਿਚ ਟਕਰਾਅ ਵੀ ਹੋਇਆ। ਜਲਾਲਾਬਾਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਗੱਡੀ ਦੇ ਸ਼ੀਸ਼ੇ ਟੁੱਟੇ ਅਤੇ ਸਥਾਨਕ ਕਾਂਗਰਸ ਵਿਧਾਇਕ ਤੇ ਉਸ ਦੇ ਭਤੀਜੇ ਖਿਲਾਫ ਮਾਮਲਾ ਦਰਜ ਕੀਤਾ ਗਿਆ।

ਕਿਸਾਨ ਅੰਦੋਲਨ ਨੇ ਪਿੰਡਾਂ ਅਤੇ ਸ਼ਹਿਰਾਂ ਦੇ ਭਾਈਚਾਰੇ ਨੂੰ ਮਜ਼ਬੂਤ ਕਰ ਕੇ ਪਾਰਟੀਆਂ ਦੇ ਝੰਡਿਆਂ ਦੀ ਬਜਾਏ ਕਿਸਾਨੀ ਝੰਡਿਆਂ ਹੇਠ ਇਕੱਠੇ ਕਰ ਦਿੱਤਾ ਸੀ। ਪੰਜਾਬ ਦੀਆਂ ਸਿਆਸੀ ਧਿਰਾਂ ਉਸ ਨੂੰ ਵੱਡੀ ਚੁਣੌਤੀ ਮੰਨ ਰਹੀਆਂ ਹਨ। ਸਭ ਤੋਂ ਵੱਡੀ ਚੁਣੌਤੀ ਭਾਜਪਾ ਲਈ ਬਣੀ ਹੋਈ ਹੈ। ਇਹ ਪਹਿਲਾ ਮੌਕਾ ਹੈ ਕਿ ਭਾਜਪਾ ਨੂੰ ਆਪਣੇ ਚੋਣ ਨਿਸ਼ਾਨ ਉਤੇ ਇਕੱਲਿਆਂ ਮੈਦਾਨ ਵਿਚ ਉਤਰਨਾ ਪਿਆ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਾ ਗਠਜੋੜ ਅਮਲੀ ਤੌਰ ਉਤੇ ਟੁੱਟ ਚੁੱਕਿਆ ਹੈ। ਦਿਲਚਸਪ ਗੱਲ ਇਹ ਹੈ ਕਿ ਪਿਛਲੇ ਕਈ ਦਿਨਾਂ ਤੋਂ ਭਾਜਪਾ ਨੇਤਾਵਾਂ ਨੂੰ ਵੱਡੇ-ਵੱਡੇ ਸ਼ਹਿਰਾਂ ਵਿਚ ਦੌਰਾ ਕਰਨ ਸਮੇਂ ਸ਼ਹਿਰੀ ਜਨਤਾ ਵਲੋਂ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਹੈ, ਹਾਲਾਂਕਿ ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਕੁਮਾਰ ਸ਼ਰਮਾ ਤੇ ਦੂਜੇ ਵੱਡੇ ਨੇਤਾ ਮਨੋਰੰਜਨ ਕਾਲੀਆ ਦਾ ਦਾਅਵਾ ਹੈ ਕਿ ਅਕਾਲੀ ਤੇ ਕਾਂਗਰਸੀ ਆਗੂਆਂ ਦੀ ਬਿਆਨਬਾਜ਼ੀ ਨੂੰ ਲੈ ਕੇ ਭਾਜਪਾ ਉਮੀਦਵਾਰਾਂ ਉਤੇ ਕੋਈ ਫਰਕ ਨਹੀਂ ਪਏਗਾ।

ਇਸ ਵਾਰ ਚੋਣ ਮੈਦਾਨ 'ਚ ਕੁੱਦੇ ਉਮੀਦਵਾਰਾਂ 'ਚੋਂ ਬਹੁਗਿਣਤੀ ਆਜ਼ਾਦ ਉਮੀਦਵਾਰਾਂ ਦੀ ਹੈ, ਜਦਕਿ ਪ੍ਰਮੁੱਖ ਰਵਾਇਤੀ ਪਾਰਟੀਆਂ ਇਸ ਮਾਮਲੇ 'ਚ ਕਾਫੀ ਪਿੱਛੇ ਹਨ। ਜਾਣਕਾਰੀ ਅਨੁਸਾਰ ਨਾਮਜ਼ਦਗੀ ਕਾਗਜ਼ਾਂ ਦੀ ਵਾਪਸੀ ਤੋਂ ਬਾਅਦ ਇਨ੍ਹਾਂ ਚੋਣਾਂ ਲਈ ਕੁੱਲ 9222 ਉਮੀਦਵਾਰ ਚੋਣ ਮੈਦਾਨ 'ਚ ਰਹਿ ਗਏ ਹਨ, ਜਿਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਗਿਣਤੀ ਆਜ਼ਾਦ ਉਮੀਦਵਾਰਾਂ ਦੀ ਹੈ। ਦੱਸਿਆ ਜਾ ਰਿਹਾ ਹੈ ਕਿ ਸੂਬੇ ਦੀਆਂ 8 ਨਗਰ ਨਿਗਮਾਂ ਅਤੇ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤ ਚੋਣਾਂ ਲਈ ਆਜ਼ਾਦ ਉਮੀਦਵਾਰ ਵਜੋਂ ਆਪਣੀ ਕਿਸਮਤ ਅਜ਼ਮਾ ਰਹੇ 2832 ਉਮੀਦਵਾਰਾਂ 'ਚੋਂ ਬਹੁਗਿਣਤੀ ਉਮੀਦਵਾਰ ਕਿਸੇ ਨਾ ਕਿਸੇ ਸਿਆਸੀ ਪਾਰਟੀ ਨਾਲ ਜੁੜੇ ਹੋਏ ਹਨ ਪਰ ਕਿਸਾਨੀ ਅੰਦੋਲਨ ਕਾਰਨ ਸਿਆਸੀ ਪਾਰਟੀਆਂ ਦੀ ਵਿਰੋਧਤਾ ਨੂੰ ਦੇਖਦੇ ਹੋਏ ਉਨ੍ਹਾਂ ਵਲੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਨੂੰ ਤਰਜੀਹ ਦਿੱਤੀ ਗਈ ਹੈ। ਦੱਸਣਯੋਗ ਹੈ ਕਿ 2832 ਆਜ਼ਾਦ ਉਮੀਦਵਾਰਾਂ ਦੇ ਮੁਕਾਬਲੇ ਸੱਤਾਧਾਰੀ ਕਾਂਗਰਸ ਵਲੋਂ ਜਿਥੇ 2037 ਉਮੀਦਵਾਰ ਚੋਣ ਮੈਦਾਨ 'ਚ ਹਨ, ਉਥੇ ਸ਼੍ਰੋਮਣੀ ਅਕਾਲੀ ਦਲ ਦੇ 1569 ਤੇ ਆਮ ਆਦਮੀ ਪਾਰਟੀ ਦੇ 1606 ਉਮੀਦਵਾਰ ਚੋਣ ਲੜ ਰਹੇ ਹਨ। ਪ੍ਰਮੁੱਖ ਸਿਆਸੀ ਪਾਰਟੀਆਂ 'ਚੋਂ ਸਭ ਤੋਂ ਪਿੱਛੇ ਭਾਰਤੀ ਜਨਤਾ ਪਾਰਟੀ ਹੈ, ਜਿਸ ਦੇ 1003 ਉਮੀਦਵਾਰ ਚੋਣ ਮੈਦਾਨ 'ਚ ਹਨ। ਹਾਲਾਂਕਿ ਬਹੁਜਨ ਸਮਾਜ ਪਾਰਟੀ ਦੇ ਵੀ 160 ਅਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ 4 ਉਮੀਦਵਾਰ ਚੋਣ ਮੈਦਾਨ 'ਚ ਹਨ। ਤਕਰੀਬਨ ਹਰੇਕ ਜ਼ਿਲ੍ਹੇ 'ਚ ਆਜ਼ਾਦ ਉਮੀਦਵਾਰਾਂ ਦੀ ਗਿਣਤੀ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਤੋਂ ਵਧੇਰੇ ਹੋਣ ਕਾਰਨ ਇਹ ਚੋਣਾਂ ਕਾਫੀ ਦਿਲਚਸਪ ਹੋਣ ਦੀ ਸੰਭਾਵਨਾ ਹੈ। ਇਥੇ ਇਹ ਵੀ ਚਰਚਾ ਹੈ ਕਿ ਆਜ਼ਾਦ ਉਮੀਦਵਾਰਾਂ ਵਿਚ ਜ਼ਿਆਦਾਤਰ ਉਮੀਦਵਾਰਾਂ ਦਾ ਪਿਛੋਕੜ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਿਆ ਹੋਇਆ ਹੈ ਪਰ ਕਿਸਾਨੀ ਅੰਦੋਲਨ ਕਾਰਨ ਚੋਣਾਂ 'ਚ ਸੰਭਾਵੀ ਵਿਰੋਧ ਨੂੰ ਦੇਖਦੇ ਹੋਏ ਉਮੀਦਵਾਰਾਂ ਨੇ ਆਜ਼ਾਦ ਚੋਣ ਲੜਨ ਦਾ ਫੈਸਲਾ ਕੀਤਾ ਹੈ। ਹਾਲਾਂਕਿ ਕਿਸਾਨਾਂ ਦਾ ਜ਼ਿਆਦਾ ਗੁੱਸਾ ਭਾਰਤੀ ਜਨਤਾ ਪਾਰਟੀ ਖਿਲਾਫ ਹੈ ਤੇ ਉਨ੍ਹਾਂ ਵੱਲੋਂ ਭਾਜਪਾ ਆਗੂਆਂ ਦਾ ਹੀ ਵਿਰੋਧ ਕੀਤਾ ਜਾ ਰਿਹਾ ਹੈ ਪਰ ਹੋਰਨਾਂ ਸਿਆਸੀ ਪਾਰਟੀਆਂ ਨੂੰ ਵੀ ਕਿਸਾਨਾਂ ਦੇ ਗੁੱਸੇ ਦਾ ਧੁੜਕੂ ਪੂਰੀ ਤਰ੍ਹਾਂ ਨਾਲ ਸਤਾ ਰਿਹਾ ਹੈ ਤੇ ਉਨ੍ਹਾਂ ਵਲੋਂ ਵੀ ਫੂਕ-ਫੂਕ ਕੇ ਕਦਮ ਰੱਖੇ ਜਾ ਰਹੇ ਹਨ। ਉਧਰ ਅੰਮ੍ਰਿਤਸਰ ਜ਼ਿਲ੍ਹੇ 'ਚ ਜਿਥੇ ਸੱਤਾਧਾਰੀ ਕਾਂਗਰਸ ਦੇ 68 ਤੇ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ



ਦਲ ਤੇ ਆਮ ਆਦਮੀ ਪਾਰਟੀ ਦੇ 66-66 ਉਮੀਦਵਾਰ ਚੋਣ ਮੈਦਾਨ 'ਚ ਹਨ, ਉਥੇ ਭਾਜਪਾ ਦੇ ਕੇਵਲ 22 ਉਮੀਦਵਾਰ ਚੋਣ ਲੜ ਰਹੇ ਹਨ, ਜਦਕਿ ਆਜ਼ਾਦ ਉਮੀਦਵਾਰਾਂ ਦੀ ਗਿਣਤੀ 72 ਹੈ। ਇਸੇ ਤਰ੍ਹਾਂ ਬਰਨਾਲਾ 'ਚ ਕਾਂਗਰਸ ਦੇ 55, ਅਕਾਲੀ ਦਲ ਦੇ 37, ਭਾਜਪਾ ਦੇ 16, ਆਪ ਦੇ 25 ਅਤੇ 146 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਹਨ। ਬਠਿੰਡਾ 'ਚ ਕਾਂਗਰਸ ਦੇ 185, ਅਕਾਲੀ ਦਲ ਦੇ 146, ਆਪ ਦੇ 151 ਤੇ ਭਾਜਪਾ ਦੇ 50 ਅਤੇ 220 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ। ਫਰੀਦਕੋਟ 'ਚ ਕਾਂਗਰਸ ਦੇ 70, ਅਕਾਲੀ ਦਲ ਦੇ 54, ਆਪ ਦੇ 61, ਭਾਜਪਾ ਦੇ 37 ਅਤੇ 144 ਆਜ਼ਾਦ ਉਮੀਦਵਾਰ ਹਨ। ਫਿਰੋਜ਼ਪੁਰ 'ਚ ਕਾਂਗਰਸ ਦੇ 142, ਅਕਾਲੀ ਦਲ ਦੇ 108, ਆਪ ਦੇ 66, ਭਾਜਪਾ ਦੇ 25 ਅਤੇ 65 ਆਜ਼ਾਦ ਉਮੀਦਵਾਰ ਹਨ। ਫਾਜ਼ਿਲਕਾ 'ਚ ਕਾਂਗਰਸ ਦੇ 103, ਅਕਾਲੀ ਦਲ ਦੇ 100, ਆਪ ਦੇ 89 ਤੇ ਭਾਜਪਾ ਦੇ 83 ਜਦਕਿ 80 ਉਮੀਦਵਾਰ ਆਜ਼ਾਦ ਚੋਣ ਲੜ ਰਹੇ ਹਨ। ਫਤਿਹਗੜ੍ਹ ਸਾਹਿਬ 'ਚ ਕਾਂਗਰਸ ਦੇ 76, ਅਕਾਲੀ ਦਲ ਦੇ 60, ਆਪ ਦੇ 59, ਭਾਜਪਾ ਦੇ 31 ਅਤੇ 110 ਆਜ਼ਾਦ ਉਮੀਦਵਾਰ ਚੋਣ ਮੈਦਾਨ 'ਚ ਹਨ। ਗੁਰਦਾਸਪੁਰ ਤੋਂ ਕਾਂਗਰਸ ਦੇ 144, ਅਕਾਲੀ ਦਲ ਦੇ 120, ਆਪ ਦੇ 101 ਅਤੇ ਭਾਜਪਾ ਦੇ 82, ਜਦਕਿ 150 ਆਜ਼ਾਦ ਉਮੀਦਵਾਰ ਹਨ। ਹੁਸ਼ਿਆਰਪੁਰ 'ਚ ਕਾਂਗਰਸ ਦੇ 139, ਅਕਾਲੀ ਦਲ ਦੇ 101, ਆਪ ਦੇ 106 , ਭਾਜਪਾ ਦੇ 93 ਅਤੇ 144 ਆਜ਼ਾਦ ਉਮੀਦਵਾਰ ਹਨ। ਜਲੰਧਰ 'ਚ ਕਾਂਗਰਸ ਦੇ 65, ਅਕਾਲੀ ਦਲ ਦੇ 25, ਆਪ ਦੇ 72 ਤੇ ਭਾਜਪਾ ਦੇ ਕੇਵਲ 17 ਜਦਕਿ 220 ਆਜ਼ਾਦ ਉਮੀਦਵਾਰ ਕਿਸਮਤ ਅਜ਼ਮਾ ਰਹੇ ਹਨ। ਕਪੂਰਥਲਾ 'ਚ ਕਾਂਗਰਸ ਦੇ 62, ਅਕਾਲੀ ਦਲ ਦੇ 59, ਆਪ ਦੇ 53 ਤੇ ਭਾਜਪਾ ਦੇ 36, ਜਦਕਿ 22 ਆਜ਼ਾਦ ਉਮੀਦਵਾਰ ਹਨ। ਲੁਧਿਆਣਾ 'ਚ ਕਾਂਗਰਸ ਦੇ 114, ਅਕਾਲੀ ਦਲ ਦੇ 86, ਆਪ ਦੇ 109 ਤੇ ਭਾਜਪਾ ਦੇ 45, ਜਦਕਿ 123 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ। ਮੋਗਾ 'ਚ ਕਾਂਗਰਸ ਦੇ 88, ਅਕਾਲੀ ਦਲ ਦੇ 77, ਆਪ ਦੇ 84 ਤੇ ਭਾਜਪਾ ਦੇ 28, ਜਦਕਿ 114 ਆਜ਼ਾਦ ਉਮੀਦਵਾਰ ਹਨ। ਮਾਨਸਾ 'ਚ ਕਾਂਗਰਸ ਦੇ 54, ਅਕਾਲੀ ਦਲ ਦੇ 26, ਆਪ ਦੇ 32 ਤੇ ਭਾਜਪਾ ਦੇ 14, ਜਦਕਿ 177 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ। ਸ੍ਰੀ ਮੁਕਤਸਰ ਸਾਹਿਬ 'ਚ ਕਾਂਗਰਸ ਦੇ 72, ਅਕਾਲੀ ਦਲ ਦੇ 66, ਆਪ ਦੇ 69 ਤੇ ਭਾਜਪਾ ਦੇ 48 ਤੇ 114 ਆਜ਼ਾਦ ਉਮੀਦਵਾਰ ਹਨ। ਪਟਿਆਲਾ ਤੋਂ ਕਾਂਗਰਸ ਦੇ 92, ਅਕਾਲੀ ਦਲ ਦੇ 66, ਆਪ ਦੇ 88 ਤੇ ਭਾਜਪਾ ਦੇ 64, ਜਦਕਿ 125 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ। ਪਠਾਨਕੋਟ 'ਚ ਕਾਂਗਰਸ ਦੇ 65, ਅਕਾਲੀ ਦਲ ਦੇ 29, ਆਪ ਦੇ 56 ਤੇ ਭਾਜਪਾ ਦੇ 65, ਜਦਕਿ ਆਜ਼ਾਦ 42 ਉਮੀਦਵਾਰ ਹਨ। ਰੂਪਨਗਰ 'ਚ ਕਾਂਗਰਸ ਦੇ 67, ਅਕਾਲੀ ਦਲ ਦੇ 52, ਆਪ ਦੇ 70 ਤੇ ਭਾਜਪਾ ਦੇ 33, ਜਦਕਿ 160 ਆਜ਼ਾਦ ਉਮੀਦਵਾਰ ਕਿਸਮਤ ਅਜ਼ਮਾ ਰਹੇ ਹਨ। ਸ਼ਹੀਦ ਭਗਤ ਸਿੰਘ ਨਗਰ 'ਚ ਕਾਂਗਰਸ ਦੇ 34, ਅਕਾਲੀ ਦਲ ਦੇ 21, ਭਾਜਪਾ ਤੇ ਆਪ ਦੇ 27-27 ਜਦਕਿ 72 ਉਮੀਦਵਾਰ ਆਜ਼ਾਦ ਚੋਣ ਲੜ ਰਹੇ ਹਨ। ਐਸ.ਏ.ਐਸ. ਨਗਰ 'ਚ ਕਾਂਗਰਸ ਦੇ 195, ਅਕਾਲੀ ਦਲ ਦੇ 170, ਭਾਜਪਾ ਦੇ 137 ਤੇ ਆਪ ਦੇ 113 ਜਦਕਿ 276 ਆਜ਼ਾਦ ਉਮੀਦਵਾਰ ਚੋਣ ਮੈਦਾਨ 'ਚ ਹਨ। ਸੰਗਰੂਰ 'ਚ ਕਾਂਗਰਸ ਦੇ 134, ਅਕਾਲੀ ਦਲ ਦੇ 87, ਆਪ ਦੇ 96 ਤੇ ਭਾਜਪਾ ਦੇ 50 ਜਦਕਿ 255 ਉਮੀਦਵਾਰ ਆਜ਼ਾਦ ਚੋਣ ਲੜ ਰਹੇ ਹਨ। ਤਰਨ ਤਾਰਨ 'ਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ 13-13 ਉਮੀਦਵਾਰ ਚੋਣ ਮੈਦਾਨ 'ਚ ਹਨ, ਜਦਕਿ ਇਥੇ ਭਾਜਪਾ ਦਾ ਇਕ ਵੀ ਉਮੀਦਵਾਰ ਚੋਣ ਨਹੀਂ ਲੜ ਰਿਹਾ ਤੇ ਆਜ਼ਾਦ ਉਮੀਦਵਾਰ ਵੀ ਸਿਰਫ ਇਕ ਹੀ ਹੈ।

## ਬਠਿੰਡਾ ਜ਼ਿਲ੍ਹੇ ਵਿਚ 33 ਉਮੀਦਵਾਰ ਨਿਰਵਿਰੋਧ ਜੇਤੂ

**ਬਠਿੰਡਾ:** ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹੇ 'ਚ ਕੁੱਲ 769 ਯੋਗ ਉਮੀਦਵਾਰ ਚੋਣ ਮੈਦਾਨ 'ਚ ਰਹਿ ਗਏ ਹਨ ਜਦਕਿ 369 ਉਮੀਦਵਾਰ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲਏ ਹਨ। ਇਸ ਤੋਂ ਇਲਾਵਾ 33 ਉਮੀਦਵਾਰ ਦੇ ਮੁਕਾਬਲੇ ਕੋਈ ਹੋਰ ਉਮੀਦਵਾਰ ਨਾ ਹੋਣ ਕਾਰਨ ਨਿਰਵਿਰੋਧ ਜੇਤੂ ਰਹੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣਕਾਰ ਅਫਸਰ ਬੀ.ਸ੍ਰੀਨਿਵਾਸਨ ਨੇ ਦਿੱਤੀ। ਸ੍ਰੀਨਿਵਾਸਨ ਨੇ ਦੱਸਿਆ ਕਿ ਬਠਿੰਡਾ ਕਾਰਪੋਰੇਸ਼ਨ ਦੇ 50 ਵਾਰਡਾਂ ਲਈ ਵੱਖ-ਵੱਖ ਪਾਰਟੀਆਂ ਤੇ ਆਜ਼ਾਦ 282 ਉਮੀਦਵਾਰ ਚੋਣ ਮੈਦਾਨ 'ਚ ਹਨ।

## ਤਿੰਨ ਰਾਜ ਸਭਾ ਸੀਟਾਂ ਲਈ ਜ਼ਿਮਨੀ ਚੋਣ 1 ਮਾਰਚ ਨੂੰ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਦੱਸਿਆ ਕਿ ਗੁਜਰਾਤ ਤੇ ਅਸਾਮ ਦੀਆਂ ਤਿੰਨ ਰਾਜ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ 1 ਮਾਰਚ ਨੂੰ ਕਰਵਾਈਆਂ ਜਾਣਗੀਆਂ। ਇਨ੍ਹਾਂ 'ਚੋਂ ਇਕ ਸੀਟ ਪਿਛਲੇ ਸਾਲ ਕਾਂਗਰਸ ਆਗੂ ਅਹਿਮਦ ਪਟੇਲ ਦੇ ਦੇਹਾਂਤ ਮਗਰੋਂ ਖਾਲੀ ਹੋਈ ਸੀ। ਚੋਣ ਕਮਿਸ਼ਨ ਨੇ ਦੱਸਿਆ ਕਿ ਅਹਿਮਦ ਪਟੇਲ ਤੇ ਭਾਜਪਾ ਆਗੂ ਅਭੈ ਭਾਰਦਵਾਜ ਦੀ ਮੌਤ ਮਗਰੋਂ ਗੁਜਰਾਤ ਦੀਆਂ ਦੋ ਰਾਜ ਸਭਾ ਸੀਟਾਂ ਖਾਲੀ ਹਨ। ਅਸਾਮ ਦੀ ਇਕ ਰਾਜ ਸਭਾ ਸੀਟ 'ਤੇ ਵੀ ਜ਼ਿਮਨੀ ਚੋਣ ਹੋਣੀ ਹੈ ਜੋ ਕਿ ਬੋਡੋ ਪੀਪਲਜ਼ ਫਰੰਟ ਤੋਂ ਸੰਸਦ ਮੈਂਬਰ ਬਿਸਵਾਜੀਤ ਦਾਇਮਰੀ ਵੱਲੋਂ ਅਸਤੀਫਾ ਦਿੱਤੇ ਜਾਣ ਕਾਰਨ ਪਿਛਲੇ ਸਾਲ ਖਾਲੀ ਹੋਈ ਸੀ। ਚੋਣ ਕਮਿਸ਼ਨ ਨੇ ਦੱਸਿਆ ਕਿ ਚੋਣਾਂ 1 ਮਾਰਚ ਨੂੰ ਹੋਣਗੀਆਂ। ਵੋਟਾਂ ਦੀ ਗਿਣਤੀ ਵੀ 1 ਮਾਰਚ ਨੂੰ ਸ਼ਾਮ ਨੂੰ ਹੋਵੇਗੀ।

# ਕਾਬੁਲ ਬੰਬ ਧਮਾਕਿਆਂ 'ਚ 2 ਸਿੱਖਾਂ ਸਣੇ ਤਿੰਨ ਦੀ ਮੌਤ

**ਕਾਬੁਲ:** ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਹੋਏ 2 ਵੱਖ-ਵੱਖ ਬੰਬ ਧਮਾਕਿਆਂ 'ਚ ਦੋ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਮੈਂਬਰਾਂ ਸਮੇਤ 3 ਲੋਕਾਂ ਦੀ ਮੌਤ ਹੋ ਗਈ ਅਤੇ 4 ਹੋਰ ਜ਼ਖ਼ਮੀ ਹੋ ਗਏ। ਅਫ਼ਗਾਨ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪਹਿਲਾ ਧਮਾਕਾ ਰਾਜਧਾਨੀ ਦੇ ਵਿਚਕਾਰ ਇਕ ਸਟੋਰ 'ਚ ਹੋਇਆ, ਜਿਸ ਨਾਲ ਇਹ ਢਹਿ-ਢੇਰੀ ਹੋ ਗਿਆ ਅਤੇ ਇਸ 'ਚ 2 ਸਿੱਖ ਮਾਰੇ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉਤੇ ਦਿੱਤੀ, ਕਿਉਂਕਿ ਉਨ੍ਹਾਂ ਕੋਲ ਮੀਡੀਆ ਨੂੰ ਜਾਣਕਾਰੀ ਦੇਣ ਦਾ ਅਧਿਕਾਰ ਨਹੀਂ ਸੀ। ਭਾਵੇਂ ਹਾਲੇ ਤੱਕ ਕਿਸੇ ਵੀ ਅਤਿਵਾਦੀ ਜਥੇਬੰਦੀ ਨੇ ਹਮਲਾ ਦੀ ਜ਼ਿੰਮੇਵਾਰੀ ਦਾ ਦਾਅਵਾ ਨਹੀਂ ਕੀਤਾ ਹੈ, ਪਰ ਇਸਲਾਮਿਕ ਅਤਿਵਾਦੀ ਸਮੂਹ ਅਕਸਰ ਅਫ਼ਗਾਨਿਸਤਾਨ 'ਚ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਤਾਲਿਬਾਨ ਤੇ ਅਫ਼ਗਾਨਿਸਤਾਨ ਸਰਕਾਰ ਦਰਮਿਆਨ ਕਤਰ 'ਚ ਸ਼ਾਂਤੀ ਵਾਰਤਾ ਰੁਕਣ ਦੇ ਬਾਅਦ ਦੇਸ਼ ਵਿਆਪੀ ਬੰਬ ਧਮਾਕੇ, ਮਿਥ ਕੇ ਕਤਲ ਤੇ ਹਿੰਸਾ ਦੀਆਂ



ਘਟਨਾਵਾਂ 'ਚ ਵਾਧਾ ਹੋਇਆ ਹੈ, ਹਾਲਾਂਕਿ ਕਾਬੁਲ ਪੁਲਿਸ ਦੇ ਬੁਲਾਰੇ ਫਰਦਾਵਸ ਫਰਮਾਰਜ ਨੇ ਕਿਹਾ ਕਿ ਬੰਬ ਧਮਾਕੇ ਨਾਲ ਸਟੋਰ 'ਚ 6 ਲੋਕ ਜ਼ਖ਼ਮੀ ਹੋਏ ਹਨ ਅਤੇ ਕਿਸੇ ਦੀ ਮੌਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੁਲਿਸ ਜਾਂਚ ਕਰ ਰਹੀ ਹੈ ਕਿ ਧਮਾਕਿਆਂ ਕਿਸ ਕਾਰਨ ਹੋਏ। ਦੂਸਰੇ ਧਮਾਕੇ ਬਾਰੇ ਫਰਮਾਰਜ ਨੇ ਕਿਹਾ ਕਿ ਇਕ ਬੰਬ ਪੁਲਿਸ ਕਾਰ ਨਾਲ ਲਗਾਇਆ ਗਿਆ ਸੀ, ਜੋ ਉੱਤਰੀ ਕਾਬੁਲ 'ਚ ਚਲਾ ਗਿਆ, ਜਿਥੇ ਇਕ ਪੁਲਿਸ ਅਫਸਰ ਮਾਰਿਆ ਗਿਆ। ਆਈ.ਐਸ. ਦੀਆਂ ਵਧ ਰਹੀਆਂ ਧਮਕੀਆਂ ਕਾਰਨ ਅਫ਼ਗਾਨਿਸਤਾਨ 'ਚ ਸਿੱਖਾਂ ਤੇ ਹਿੰਦੂਆਂ ਦੀ ਗਿਣਤੀ ਢਾਈ ਲੱਖ ਤੋਂ ਘਟ ਕੇ ਕੇਵਲ 700 ਰਹਿ ਗਈ ਹੈ।

# ਪੰਜਾਬ ਵਿਚ ਹਵਾ ਗੁਣਵੱਤਾ ਵਿਚ ਸੁਧਾਰ ਹੋਇਆ

**ਲੁਧਿਆਣਾ:** ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਪੰਜਾਬ ਦੇ 6 ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਮਾਪਣ ਲਈ ਬਣਾਏ ਗਏ ਏਅਰ ਕੁਆਲਿਟੀ ਸਟੇਸ਼ਨਾਂ 'ਚ ਹਵਾ ਗੁਣਵੱਤਾ ਨਾਪੀ ਗਈ ਹੈ। ਦਸੰਬਰ 2020 ਦੇ ਮੁਕਾਬਲੇ ਜਨਵਰੀ 2021 'ਚ ਪੰਜਾਬ ਦੀ ਆਬੋ ਹਵਾ 'ਚ ਕਾਫੀ ਸੁਧਾਰ ਹੋਇਆ ਹੈ। ਜਨਵਰੀ 2021 'ਚ ਪੰਜਾਬ 'ਚ ਸਭ ਤੋਂ ਵੱਧ ਹਵਾ ਮੰਡੀ ਗੋਬਿੰਦਗੜ੍ਹ ਦੀ ਖਰਾਬ ਰਹੀ, ਜਦਕਿ ਸਭ ਤੋਂ ਘੱਟ ਅੰਮ੍ਰਿਤਸਰ ਦੀ ਹਵਾ ਖਰਾਬ ਨਾਪੀ ਗਈ। ਦਸੰਬਰ 2020 'ਚ ਪੰਜਾਬ ਵਿਚ ਸਭ ਤੋਂ ਵੱਧ ਹਵਾ ਮੰਡੀ ਗੋਬਿੰਦਗੜ੍ਹ ਤੇ ਖੰਨਾ ਦੀ ਖਰਾਬ ਰਹੀ, ਜਦਕਿ ਸਭ ਤੋਂ ਘੱਟ ਅੰਮ੍ਰਿਤਸਰ ਦੀ ਹਵਾ ਖਰਾਬ ਨਾਪੀ ਗਈ। ਜਨਵਰੀ 2021 'ਚ ਪੰਜਾਬ ਦੇ ਜਲੰਧਰ ਵਿਚ 113, ਪਟਿਆਲਾ 128, ਮੰਡੀ ਗੋਬਿੰਦਗੜ੍ਹ 157, ਲੁਧਿਆਣਾ 108, ਖੰਨਾ 112 ਤੇ ਅੰਮ੍ਰਿਤਸਰ 'ਚ 106 ਹਵਾ ਗੁਣਵੱਤਾ ਮਾਪੀ ਗਈ। ਦਸੰਬਰ 2020 'ਚ ਪੰਜਾਬ ਦੇ ਜਲੰਧਰ 143, ਪਟਿਆਲਾ 145, ਮੰਡੀ ਗੋਬਿੰਦਗੜ੍ਹ 166, ਲੁਧਿਆਣਾ 148, ਖੰਨਾ 140 ਤੇ ਅੰਮ੍ਰਿਤਸਰ 'ਚ 140 ਹਵਾ ਗੁਣਵੱਤਾ ਮਾਪੀ ਗਈ।



ਉਧਰ, ਕੇਂਦਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਕੇਂਦਰ ਸਰਕਾਰ ਤੋਂ ਕੁੱਲ ਫੰਡ ਦਾ 46 ਫੀਸਦੀ ਹਿੱਸਾ ਮਿਲਣ ਦੇ ਬਾਵਜੂਦ ਪੰਜਾਬ ਵਿਚ 2020 ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ 44.5 ਫੀਸਦੀ ਦਾ ਵਾਧਾ ਹੋਇਆ ਹੈ। ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਨੇ ਇਕ ਹਲਫਨਾਮੇ ਵਿਚ ਸੂਚਿਤ ਕੀਤਾ ਹੈ ਕਿ ਪੰਜਾਬ ਵਿਚ 2020 ਵਿਚ ਪਰਾਲੀ ਸਾੜਨ ਦੀਆਂ 76,590 ਘਟਨਾਵਾਂ ਹੋਈਆਂ ਜਦੋਂ ਕਿ ਸਾਲ 2019 ਵਿਚ ਇਸ ਤਰ੍ਹਾਂ ਦੇ 52,991 ਮਾਮਲੇ ਆਏ ਸਨ। ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਹਰਿਆਣਾ ਵਿਚ ਪਿਛਲੇ ਸਾਲ ਪਰਾਲੀ ਸਾੜਨ ਦੀਆਂ 5000 ਘਟਨਾਵਾਂ ਹੋਈਆਂ ਜਦੋਂ ਕਿ 2019 ਵਿਚ 6652 ਮਾਮਲੇ ਸਾਹਮਣੇ ਆਏ ਸਨ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਮਾਮਲਿਆਂ ਵਿਚ 25 ਫੀਸਦੀ ਕਮੀ ਆਈ ਹੈ। ਮੰਤਰਾਲੇ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਅਤੇ ਫਸਲ ਰਹਿੰਦ-ਖੂਹੰਦ ਦੇ ਪ੍ਰਬੰਧ ਲਈ ਰਿਆਇਤੀ ਮਸ਼ੀਨਾਂ ਨੂੰ ਲੈ ਕੇ ਖੇਤੀ ਸਹਿਯੋਗ ਤੇ ਕਿਸਾਨ ਕਲਿਆਣ ਵਿਭਾਗ ਨੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਤੇ ਦਿੱਲੀ ਵਿਚ 2018-19 ਤੋਂ 2020-21 ਦਰਮਿਆਨ ਇਕ ਯੋਜਨਾ ਲਾਗੂ ਕੀਤੀ। ਇਸ ਯੋਜਨਾ ਲਈ ਸਾਰਾ ਫੰਡ ਕੇਂਦਰ ਨੇ ਦਿੱਤਾ। ਕੇਂਦਰ ਨੇ ਕੁੱਲ 1726.67 ਕਰੋੜ ਰੁਪਏ ਵੰਡੇ। ਇਸ ਵਿਚੋਂ ਪੰਜਾਬ ਨੂੰ 793.18 ਕਰੋੜ, ਹਰਿਆਣਾ ਨੂੰ 499.90 ਕਰੋੜ ਰੁਪਏ, ਉਤਰ ਪ੍ਰਦੇਸ਼ ਨੂੰ 374.08 ਕਰੋੜ ਰੁਪਏ, ਦਿੱਲੀ ਨੂੰ 4.52 ਕਰੋੜ ਅਤੇ ਭਾਰਤੀ ਖੇਤੀਬਾੜੀ ਖੋਜ ਪਰਿਸ਼ਦ ਤੇ ਹੋਰ ਕੇਂਦਰੀ ਏਜੰਸੀਆਂ ਨੂੰ 54.99 ਕਰੋੜ ਰੁਪਏ ਵੰਡੇ ਗਏ।

## ਉਘੇ ਰੰਗਕਰਮੀ ਬੰਸੀ ਕੌਲ ਦਾ ਦੇਹਾਂਤ

**ਨਵੀਂ ਦਿੱਲੀ:** ਉਘੇ ਰੰਗਕਰਮੀ ਬੰਸੀ ਕੌਲ ਦਾ ਦਿੱਲੀ ਵਿਚ ਉਨ੍ਹਾਂ ਦੀ ਰਿਹਾਇਸ਼ 'ਤੇ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ ਬੀਮਾਰ ਸਨ। 'ਰੰਗ ਵਿਦੂਸ਼ਕ' ਸੰਸਥਾ ਦੇ ਸੀਨੀਅਰ ਕਲਾਕਾਰ ਫਰੀਦ ਬਜ਼ਮੀ ਨੇ ਦੱਸਿਆ ਕਿ ਬੰਸੀ ਕੌਲ ਕੈਂਸਰ ਤੋਂ ਪੀੜਤ ਸਨ ਤੇ ਹਾਲ ਹੀ ਵਿਚ ਉਨ੍ਹਾਂ ਦਾ ਅਪਰੇਸ਼ਨ ਵੀ ਹੋਇਆ ਸੀ। ਉਹ 72 ਵਰ੍ਹਿਆਂ ਦੇ ਸਨ। ਉਨ੍ਹਾਂ ਕਿਹਾ ਕਿ 'ਨਵੰਬਰ ਮਹੀਨੇ ਤੋਂ ਬਾਅਦ ਬੰਸੀ ਕੌਲ ਦੀ ਸਿਹਤ ਲਗਾਤਾਰ ਵਿਗੜਦੀ ਗਈ।' ਕੌਲ 'ਨੈਸ਼ਨਲ ਸਕੂਲ ਆਫ ਡਰਾਮਾ' ਤੋਂ ਗ੍ਰੈਜੂਏਟ ਸਨ। ਉਨ੍ਹਾਂ ਭੁਪਾਲ ਵਿਚ 'ਰੰਗ ਵਿਦੂਸ਼ਕ' ਦੇ ਨਾਂ ਤੋਂ ਆਪਣੀ ਸੰਸਥਾ ਬਣਾਈ ਸੀ। ਕੌਲ ਨੂੰ 1995 ਵਿਚ ਸੰਗੀਤ ਨਾਟਕ ਅਕਾਦਮੀ ਤੇ 2014 ਵਿਚ ਪਦਮਸ੍ਰੀ ਨਾਲ ਨਿਵਾਜਿਆ ਗਿਆ ਸੀ।

# ਪੀ.ਐਫ.ਆਰ.ਡੀ.ਏ. ਨੇ ਪਰਵਾਸੀ ਭਾਰਤੀਆਂ ਲਈ ਡੀ-ਰੈਮਿਟ ਦਾ ਘੇਰਾ ਵਧਾਇਆ

**ਨਵੀਂ ਦਿੱਲੀ:** ਪੈਨਸ਼ਨ ਫੰਡ ਰੈਗੂਲੇਟਰੀ ਤੇ ਡਿਵੈਲਪਮੈਂਟ ਅਥਾਰਿਟੀ (ਪੀ.ਐਫ.ਆਰ.ਡੀ.ਏ.) ਨੇ ਡੀ-ਰੈਮਿਟ ਦਾ ਘੇਰਾ ਵਧਾਉਂਦਿਆਂ ਪਰਵਾਸੀ ਭਾਰਤੀਆਂ ਨੂੰ ਵੀ ਇਸ ਵਿਚ ਸ਼ਾਮਲ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਡੀ-ਰੈਮਿਟ ਸਹੂਲਤ ਤਹਿਤ ਹੁਣ ਪਰਵਾਸੀ ਭਾਰਤੀ ਆਪਣੇ ਬੈਂਕ ਖਾਤਿਆਂ 'ਚੋਂ ਕੌਮੀ ਪੈਨਸ਼ਨ ਪ੍ਰਣਾਲੀ (ਐਨ.ਪੀ.ਐਸ.) ਵਿਚ ਸਿੱਧਾ ਯੋਗਦਾਨ ਪਾ ਸਕਣਗੇ।

ਅਥਾਰਿਟੀ ਨੇ ਇਕ ਬਿਆਨ ਵਿਚ ਕਿਹਾ ਕਿ ਪੈਸਾ ਕਢਾਉਣ ਦੀ ਸੂਰਤ ਵਿਚ ਐਨ.ਪੀ.ਐਸ. ਵਿਚ ਜਮ੍ਹਾਂ ਰਾਸ਼ੀ ਨਾਨ-ਰੈਜ਼ੀਡੈਂਟ ਆਰਡੀਨਰੀ (ਐਨ.ਆਰ.ਓ.) ਜਾਂ ਗੈਰ-ਰੈਜ਼ੀਡੈਂਟ ਬਾਹਰੀ ਖਾਤਿਆਂ (ਐਨ.ਆਰ.ਈ.) ਵਿਚ ਕਰੈਡਿਟ ਕੀਤੀ ਜਾਵੇਗੀ ਤੇ ਇਹ ਸਭ ਕੁਝ ਫੇਮਾ ਦਿਸ਼ਾ ਨਿਰਦੇਸ਼ਾਂ ਤਹਿਤ ਕੀਤਾ ਜਾਵੇਗਾ। ਡੀ-ਰੈਮਿਟ ਅਸਲ ਵਿਚ ਐਨ.ਪੀ.ਐਸ. ਵਿਚ ਸਵੈ-ਇੱਛਾ ਨਾਲ ਆਪਣੀ ਸਹੂਲਤ ਮੁਤਾਬਕ ਰਾਸ਼ੀ ਜਮ੍ਹਾਂ ਕਰਵਾਉਣ ਦੀ ਪੇਸ਼ਕਸ਼ ਹੈ ਤੇ ਇਸ ਨਾਲ ਇਕ ਰਿਟਾਇਰਮੈਂਟ ਫੰਡ ਇਕੱਤਰ ਹੋਵੇਗਾ।



ਐਨ.ਪੀ.ਐਸ. ਵਿਚ ਕਿਸੇ ਵੀ ਨਿਰਧਾਰਿਤ ਤਰੀਕ ਨੂੰ ਇਕ ਨਿਰਧਾਰਿਤ ਰਾਸ਼ੀ ਸਬਸਕ੍ਰਾਈਬਰ ਦੇ ਬੈਂਕ ਖਾਤੇ 'ਚੋਂ ਪਾਈ ਜਾ ਸਕਦੀ ਹੈ। ਡੀ-ਰੈਮਿਟ ਤਹਿਤ ਟਰੱਸਟੀ ਬੈਂਕ ਵਿਚ ਕਿਸੇ ਵੀ ਕੰਮਕਾਜੀ ਦਿਨ ਸਵੇਰੇ 9:30 ਵਜੇ ਤੋਂ ਪਹਿਲਾਂ ਆਉਣ ਵਾਲੀ ਰਾਸ਼ੀ ਨੂੰ ਉਸੇ ਦਿਨ ਦਾ ਨਿਵੇਸ਼ ਮੰਨਿਆ ਜਾਵੇਗਾ। ਪੀ.ਐਫ.ਆਰ.ਡੀ.ਏ. ਨੇ ਡੀ-ਰੈਮਿਟ ਵਿਚ ਆਟੋਮੈਟਿਕ ਕੰਟਰੀਬਿਊਸ਼ਨ ਦੀ ਸ਼ੁਰੂਆਤ ਅਕਤੂਬਰ 2020 ਵਿਚ ਕੀਤੀ ਸੀ। ਐਨ.ਪੀ.ਐਸ. ਸਬਸਕ੍ਰਾਈਬਰ ਹੁਣ ਤੱਕ 1.23 ਲੱਖ ਡੀ-ਰੈਮਿਟ ਆਈਡੀਜ਼ ਬਣਾ ਚੁੱਕੇ ਹਨ। ਅਥਾਰਿਟੀ ਮੁਤਾਬਕ ਐਨ.ਪੀ.ਐਸ. ਵਿਚ ਸਵੈ-ਇੱਛਾ ਨਾਲ ਪਿਛਲੇ ਚਾਰ ਮਹੀਨਿਆਂ ਵਿਚ 130 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੋ ਚੁੱਕਾ ਹੈ।

# ਬੇਅਦਬੀ ਮਾਮਲਾ: ਸੀ.ਬੀ.ਆਈ. ਨੇ ਫਾਈਲਾਂ ਪੰਜਾਬ ਪੁਲਿਸ ਨੂੰ ਸੌਂਪੀਆਂ

**ਚੰਡੀਗੜ੍ਹ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਬੇਅਦਬੀ ਮਾਮਲਿਆਂ ਨਾਲ ਸਬੰਧਤ ਦਸਤਾਵੇਜ਼ ਪੰਜਾਬ ਪੁਲਿਸ ਨੂੰ ਸੌਂਪ ਦਿੱਤੇ ਹਨ। ਸੀ.ਬੀ.ਆਈ. ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਤੈਅ ਕੀਤੀ ਤਰੀਕ ਤੋਂ ਕੁਝ ਘੰਟੇ ਪਹਿਲਾਂ ਹੀ ਇਹ ਰਿਕਾਰਡ ਪੰਜਾਬ ਪੁਲਿਸ ਦੇ ਹਵਾਲੇ ਕੀਤਾ ਹੈ। ਬਿਊਰੋ ਆਫ ਇਨਵੈਸਟੀਗਸ਼ਨ ਦੇ ਡਾਇਰੈਕਟਰ ਨੇ 18 ਜਨਵਰੀ, 2021 ਨੂੰ ਸੀ.ਬੀ.ਆਈ. ਦੇ ਡਾਇਰੈਕਟਰ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਸੀ.ਬੀ.ਆਈ. ਤੋਂ ਬੇਅਦਬੀ ਮਾਮਲਿਆਂ ਦੀ ਜਾਂਚ ਵਾਪਸ ਲੈਣ ਤੋਂ ਬਾਅਦ ਬਿਨਾਂ ਕਿਸੇ ਦੇਰੀ ਤੋਂ ਸੂਬਾ ਸਰਕਾਰ ਨੂੰ ਸਮੁੱਚਾ ਰਿਕਾਰਡ ਵਾਪਸ ਕੀਤਾ ਜਾਵੇ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ 'ਤੇ ਨਿਸ਼ਾਨਾ ਲਾਇਆ ਹੈ। ਉਨ੍ਹਾਂ ਆਖਿਆ ਕਿ ਰਿਕਾਰਡ ਵਾਪਸੀ ਤੋਂ ਸਾਬਤ ਹੋ ਗਿਆ ਕਿ ਅਕਾਲੀ ਦਲ ਇਨ੍ਹਾਂ ਮਾਮਲਿਆਂ ਵਿਚ ਆਪਣੀ ਮਿਲੀਭੁਗਤ ਜ਼ਾਹਿਰ ਹੋਣ 'ਤੇ ਪਰਦਾ ਪਾਈ ਰੱਖਣ ਲਈ ਇਸ ਕਾਰਵਾਈ ਵਿਚ ਅੜਿੱਕੇ ਪਾ ਰਿਹਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਸਰਕਾਰ ਦੇ ਉਸ ਸਟੈਂਡ ਦੀ ਵੀ ਪੁਸ਼ਟੀ ਹੋ ਗਈ ਕਿ ਇਨ੍ਹਾਂ ਸਾਰੇ ਮਹੀਨਿਆਂ ਦੌਰਾਨ ਸੀ.ਬੀ.ਆਈ. ਵੱਲੋਂ ਅਕਾਲੀ ਦਲ ਦੇ ਇਸ਼ਾਰੇ 'ਤੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੁਆਰਾ ਕੀਤੀ ਜਾ ਰਹੀ ਜਾਂਚ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਕਿਉਂ ਜੋ ਸਤੰਬਰ, 2020 ਤੱਕ ਅਕਾਲੀ ਦਲ ਕੇਂਦਰ ਵਿਚ ਐਨ.ਡੀ.ਏ. ਦਾ ਭਾਈਵਾਲ ਸੀ।

ਅਮਰਿੰਦਰ ਸਿੰਘ ਨੇ ਕਿਹਾ ਕਿ ਹੁਣ ਇਹ ਸਪੱਸ਼ਟ ਹੋ ਗਿਆ ਕਿ ਹਰਸਿਮਰਤ ਬਾਦਲ, ਕੇਂਦਰੀ ਮੰਤਰੀ ਦੇ ਨਾਤੇ ਕੇਂਦਰੀ ਜਾਂਚ ਏਜੰਸੀ ਉਪਰ ਦਬਾਅ ਬਣਾ ਰਹੀ ਸੀ ਕਿ ਕੇਸ ਨਾਲ ਜੁੜੀਆਂ ਫਾਈਲਾਂ ਪੰਜਾਬ ਪੁਲਿਸ ਨੂੰ ਨਾ ਸੌਂਪ ਕੇ ਐਸ.ਆਈ.ਟੀ. ਦੀ ਜਾਂਚ ਵਿਚ ਅੜਿੱਕੇ ਡਾਹੇ ਜਾਣ ਕਿਉਂ ਜੋ ਉਹ ਇਹ ਗੱਲ ਜਾਣਦੇ ਹਨ ਕਿ ਜੇਕਰ ਪੁਲਿਸ ਜਾਂਚ ਨੂੰ ਕਾਨੂੰਨੀ ਨਤੀਜੇ 'ਤੇ ਲੈ ਗਈ ਤਾਂ ਇਸ ਸਮੁੱਚੇ ਘਟਨਾਕ੍ਰਮ ਵਿਚ ਉਨ੍ਹਾਂ ਦੀ ਪਾਰਟੀ ਦੀ ਭੂਮਿਕਾ ਬੇਪਰਦ ਹੋ ਜਾਵੇਗੀ।

ਉਨ੍ਹਾਂ ਐਲਾਨ ਕੀਤਾ ਕਿ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕਿਸੇ ਵੀ ਸਿਆਸੀ ਧਿਰ ਨਾਲ ਸਬੰਧਤ ਹੋਵੇ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵੱਲੋਂ ਜਨਵਰੀ, 2019 ਵਿਚ ਸੂਬਾ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖੇ ਜਾਣ ਤੋਂ ਬਾਅਦ ਵੀ ਸੀ.ਬੀ.ਆਈ. ਵੱਲੋਂ ਇਸ ਮਾਮਲੇ ਨਾਲ ਸਬੰਧਤ ਡਾਇਰੀਆਂ ਸੌਂਪਣ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਫਰਵਰੀ, 2020 ਵਿਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਸੀ.ਬੀ.ਆਈ. ਦੀ ਅਪੀਲ ਰੱਦ ਕਰ ਦਿੱਤੀ। ਮੁੱਖ ਮੰਤਰੀ ਨੇ ਸਵਾਲ ਕੀਤਾ, ''ਅਕਾਲੀ, ਜੋ ਕਿ ਜਾਂਚ ਪੂਰੀ ਹੋਣ ਨਹੀਂ ਦੇਣਾ ਚਾਹੁੰਦੇ ਸਨ, ਵੱਲੋਂ ਸਿਆਸੀ ਦਬਾਅ ਪਾਏ ਜਾਣ ਤੋਂ ਬਿਨਾਂ ਸੀ.ਬੀ.ਆਈ. ਕੋਲ ਇਸ ਤਰ੍ਹਾਂ ਵਿਵਹਾਰ ਕਰਨ ਦਾ ਕੀ ਕਾਰਨ ਹੋ ਸਕਦਾ ਹੈ।''

ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਸੀ ਕਿ ਸੀ.ਬੀ.ਆਈ. ਵੱਲੋਂ ਪੰਜਾਬ ਸਰਕਾਰ ਨੂੰ ਫਾਈਲਾਂ ਸੌਂਪੇ ਜਾਣ ਤੋਂ ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਭਾਜਪਾ ਦੀ ਆਪਸੀ ਸਾਂਝ ਬੇਪਰਦ ਹੋਈ ਹੈ। ਉਨ੍ਹਾਂ ਆਖਿਆ ਕਿ ਅਮਰਿੰਦਰ ਦੀ ਭਾਜਪਾ ਨਾਲ ਲਿਹਾਜ਼ਦਾਰੀ ਕਰਕੇ ਸੀ.ਬੀ.ਆਈ. ਨੇ ਇਹ ਫਾਈਲਾਂ ਹੁਣ ਪੰਜਾਬ ਪੁਲਿਸ ਨੂੰ ਦਿੱਤੀਆਂ ਹਨ ਜਦੋਂ ਕਿ ਇਸ 'ਚ ਅਕਾਲੀ ਦਲ ਦੀ ਕੋਈ ਭੂਮਿਕਾ ਨਹੀਂ ਰਹੀ ਹੈ।

### ਸੈਣੀ ਅਤੇ ਉਮਰਾਨੰਗਲ ਨੂੰ ਗ੍ਰਿਫਤਾਰੀ ਦਾ ਖਤਰਾ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਮੁਅੱਤਲ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਇਥੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਦੀ ਅਦਾਲਤ ਵਿਚ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਾਇਰ ਕਰਕੇ ਖਦਸ਼ਾ ਪ੍ਰਗਟਾਇਆ ਹੈ ਕਿ ਬਹਿਬਲ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਹੈ, ਇਸ ਲਈ ਉਨ੍ਹਾਂ ਦੀ ਗ੍ਰਿਫਤਾਰੀ ਉਪਰ ਚੱਲਦੇ ਮੁਕੱਦਮੇ ਤੱਕ ਰੋਕ ਲਾਈ ਜਾਵੇ। ਅਦਾਲਤ ਨੇ ਸਾਬਕਾ ਡੀ.ਜੀ.ਪੀ. ਸੈਣੀ ਅਤੇ ਉਮਰਾਨੰਗਲ ਦੀ ਦਰਖਾਸਤ 'ਤੇ ਪੰਜਾਬ ਸਰਕਾਰ ਤੇ ਵਿਸ਼ੇਸ਼ ਜਾਂਚ ਟੀਮ ਨੂੰ ਨੋਟਿਸ ਜਾਰੀ ਕੀਤਾ ਹੈ।

# ਮਕਬੂਲ ਸ਼ਾਇਰ ਤੇ ਫਿਲਮਸਾਜ਼ ਦਰਸ਼ਨ ਦਰਵੇਸ਼ ਦਾ ਦੇਹਾਂਤ

**ਭੀਖੀ:** ਪੰਜਾਬੀ ਦੇ ਮਕਬੂਲ ਸ਼ਾਇਰ ਤੇ ਫਿਲਮਸਾਜ਼ ਦਰਸ਼ਨ ਦਰਵੇਸ਼ (60) ਦਾ ਦੇਹਾਂਤ ਹੋ ਗਿਆ। ਉਹ ਜਿਗਰ ਦੀ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦੋ ਕਾਵਿ ਪੁਸਤਕਾਂ 'ਉਦਾਸ ਸਿਰਲੇਖ' ਅਤੇ 'ਕੁੜੀਆਂ ਨੂੰ ਸਵਾਲ ਨਾ ਕਰੋ', ਇਕ ਨਾਵਲ ਤੇ ਇਕ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਕਈ ਪ੍ਰਸਿੱਧ ਪੰਜਾਬੀ ਰਸਾਲਿਆਂ ਲਈ ਲਿਖਣ ਵਾਲੇ ਦਰਵੇਸ਼ ਨੇ 1981 ਵਿਚ ਆਪਣਾ ਸਾਹਿਤਕ ਰਸਾਲਾ 'ਸਿਰਨਾਵਾਂ' ਸ਼ੁਰੂ ਕੀਤਾ।



1995 ਵਿਚ ਉਹ ਮੁੰਬਈ ਚਲੇ ਗਏ, ਜਿਥੇ ਪੰਜਾਬੀ ਫਿਲਮ ਤੂਫਾਨ ਵਿਚ ਕੰਮ ਕੀਤਾ। ਫਿਲਮ 'ਮਾਚਿਸ' ਵਿਚ ਉਹ ਹਿੰਦੀ ਸਿਨੇਮਾ ਦੇ ਪ੍ਰਸਿੱਧ ਫੋਟੋਗ੍ਰਾਫਰ ਮਨਮੋਹਨ ਸਿੰਘ ਨਾਲ ਬਤੌਰ ਸਹਾਇਕ ਕੈਮਰਾਮੈਨ ਰਹੇ। ਉਨ੍ਹਾਂ ਪੰਜਾਬੀ ਦੀ ਲਘੂ ਫਿਲਮ 'ਵੱਤਰ' ਤੋਂ ਬਾਅਦ ਪੰਜਾਬੀ ਦੀ ਸਿਨੇਮਾਸਕੋਪ ਫਿਲਮ 'ਦਿ ਬਲੱਡ ਸਟਰੀਟ' ਬਤੌਰ ਨਿਰਦੇਸ਼ਕ ਬਣਾਈ। ਦਰਸ਼ਨ ਦਰਵੇਸ਼ ਮਾਨਸਾ ਜਿਲ੍ਹੇ ਦੇ ਪਿੰਡ ਕਿਸ਼ਨਗੜ੍ਹ ਫਰਵਾਹੀ ਦੇ ਜੰਮਪਲ ਸਨ ਅਤੇ ਇਨ੍ਹੀਂ ਦਿਨੀਂ ਮੁਹਾਲੀ ਰਹਿ ਰਹੇ ਸਨ।

ਪੰਜਾਬੀ ਸ਼ਾਇਰ ਤੇ ਫਿਲਮਸਾਜ਼ ਦਰਸ਼ਨ ਦਰਵੇਸ਼ ਦੇ ਦੇਹਾਂਤ 'ਤੇ ਸਾਹਿਤ ਸਭਾ ਬੁਢਲਾਡਾ ਅਤੇ ਟੈਗੋਰ ਸਾਹਿਤ ਸਭਾ ਬੁਢਲਾਡਾ ਨੇ ਸੋਕ ਸਭਾਵਾਂ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼ਾਇਰ ਨਿਰਮਲ ਕੁਲਾਣਾ ਨੇ ਕਿਹਾ ਕਿ ਉਹ ਤੇ ਦਰਵੇਸ਼ ਕਾਲਜ ਤੋਂ ਲੈ ਕੇ ਰੁਜ਼ਗਾਰ ਦੀ ਭਾਲ ਤੱਕ ਦੋਸਤ ਰਹੇ। 1982 ਵਿਚ ਉਨ੍ਹਾਂ ਇਕੱਠਿਆਂ ਸਾਹਿਤਕ ਮੈਗਜ਼ੀਨ 'ਸਿਰਨਾਵਾਂ' ਸ਼ੁਰੂ ਕੀਤਾ। ਡਾ. ਕਰਨੈਲ ਵੈਰਾਗੀ ਦਾ ਕਹਿਣਾ ਸੀ ਕਿ ਦਰਸ਼ਨ ਦਰਵੇਸ਼ ਦੀ ਕਵਿਤਾ ਜਿਥੇ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਫਰੋਲਦੀ ਹੈ, ਉਥੇ ਹੀ 'ਕੁੜੀਆਂ ਨੂੰ ਸਵਾਲ ਨਾ ਕਰੋ' ਜਿਹੇ ਮੁੱਦੇ ਵੀ ਚੁੱਕਦੀ ਹੈ।

# ਨਕੋਦਰ ਕਾਂਡ: 35 ਵਰ੍ਹਿਆਂ ਬਾਅਦ ਵੀ ਨਿਆਂ ਦੀ ਉਡੀਕ

**ਚੰਡੀਗੜ੍ਹ:** ਨਕੋਦਰ ਬੇਅਦਬੀ ਕਾਂਡ ਦੇ 35 ਸਾਲ ਬੀਤ ਜਾਣ 'ਤੇ ਵੀ ਪੀੜਤ ਮਾਪਿਆਂ ਨੂੰ ਇਨਸਾਫ ਨਹੀਂ ਮਿਲਿਆ। ਇਸ ਘਟਨਾ 'ਚ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ ਸਨ। ਇਨ੍ਹਾਂ ਚਾਰ ਸਿੱਖ ਨੌਜਵਾਨਾਂ 'ਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਜਿਥੇ ਇਨਸਾਫ ਦੀ ਮੰਗ ਕੀਤੀ ਹੈ, ਉਥੇ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਵੱਲੋਂ ਨਕੋਦਰ ਬੇਅਦਬੀ ਕਾਂਡ ਦੀ ਮੁੜ ਤੋਂ ਜਾਂਚ ਕਰਵਾਉਣ ਦਾ ਵਾਅਦਾ ਵੀ ਯਾਦ ਕਰਵਾਇਆ ਹੈ।

ਜ਼ਿਕਰਯੋਗ ਹੈ ਕਿ ਨਕੋਦਰ ਵਿਚ 2 ਫਰਵਰੀ 1986 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ 'ਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੇ ਸਨ। 4 ਫਰਵਰੀ ਨੂੰ ਸ਼ਾਂਤੀਪੂਰਵਕ ਢੰਗ ਨਾਲ ਵਿਰੋਧ ਪ੍ਰਗਟਾਉਂਦੀ ਸੰਗਤ 'ਤੇ ਪੰਜਾਬ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਦੌਰਾਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਹਰਮਿੰਦਰ ਸਿੰਘ ਚਲੂਪਰ ਅਤੇ ਭਾਈ ਝਿਲਮਣ ਸਿੰਘ ਗੌਰਸੀਆਂ ਸ਼ਹੀਦ ਹੋ ਗਏ ਸਨ।



ਪੀੜਤ ਮਾਪਿਆਂ 'ਚੋਂ ਬੀਬੀ ਬਲਦੀਪ ਕੌਰ ਤੇ ਬਲਦੇਵ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਭਾਵੇਂ ਪਰਿਵਾਰਾਂ ਨੂੰ ਇਨਸਾਫ ਨਹੀਂ ਦਿੱਤਾ ਪਰ ਸਿੱਖ ਪੰਥ ਨੇ ਇਸ ਮੁੱਦੇ ਨੂੰ ਕੇਂਦਰ ਬਿੰਦੂ 'ਤੇ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ, ਕੈਨੇਡਾ, ਯੂਕੇ, ਫਰਾਂਸ, ਜਰਮਨੀ, ਇਟਲੀ, ਆਸਟਰੇਲੀਆ, ਨਿਊਜ਼ੀਲੈਂਡ, ਭਾਰਤ ਅਤੇ ਪਾਕਿਸਤਾਨ ਸਮੇਤ ਦੁਨੀਆਂ ਭਰ ਦੇ ਵੱਖ-ਵੱਖ ਸਿੱਖ, ਧਾਰਮਿਕ, ਮਨੁੱਖੀ ਅਧਿਕਾਰ, ਵਿਦਿਆਰਥੀ ਅਤੇ ਰਾਜਨੀਤਕ ਸੰਗਠਨਾਂ ਨੇ ਇਕੱਠੇ ਹੋ ਕੇ 4 ਫਰਵਰੀ ਨੂੰ 'ਸਾਕਾ ਨਕੋਦਰ ਗਲੋਬਲ ਜਾਗਰੂਕਤਾ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ। ਸ੍ਰੀ ਅਕਾਲ ਤਖਤ ਸਾਹਿਬ, ਪਾਕਿਸਤਾਨ ਦੇ ਗੁਰਦੁਆਰਾ ਨਨਕਾਣਾ ਸਾਹਿਬ ਤੇ ਦੇਹਰਾ ਸਾਹਿਬ ਵਿਚ ਵੀ ਅਰਦਾਸ ਕੀਤੀ ਗਈ।

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਇਕ ਪੱਤਰ ਭੇਜ ਕੇ ਅਪੀਲ ਹੈ ਕਿ 4 ਫਰਵਰੀ 1986 ਨੂੰ ਵਾਪਰੇ ਨਕੋਦਰ ਕਾਂਡ ਦੀ ਰਿਪੋਰਟ ਜਨਤਕ ਕਰਕੇ ਪੀੜਤਾਂ ਨੂੰ ਇਨਸਾਫ ਦਿੱਤਾ ਜਾਵੇ। ਜਥੇਬੰਦੀ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਇਸ ਸਬੰਧੀ ਲਿਖੇ ਪੱਤਰ ਵਿਚ ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਗਿਆ ਸੀ, ਜਿਸ ਦੀ ਰਿਪੋਰਟ ਅੱਜ ਤੱਕ ਜਨਤਕ ਨਹੀਂ ਕੀਤੀ ਗਈ।

# ਵਿੱਤੀ ਤੰਗੀ: ਕਰ ਵਸੂਲੀ ਵਿਚ ਵਾਧੇ ਨੇ ਆਸ ਜਗਾਈ

**ਚੰਡੀਗੜ੍ਹ:** ਪੰਜਾਬ 'ਚ ਜਨਵਰੀ ਮਹੀਨੇ ਕੁੱਲ ਮਾਲੀਏ 'ਚ ਪਿਛਲੇ ਸਾਲ ਦੇ ਮੁਕਾਬਲੇ 4.32 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜਨਵਰੀ ਮਹੀਨੇ ਦੌਰਾਨ ਜੀ.ਐਸ.ਟੀ, ਵੈਟ ਤੇ ਸੀ.ਐਸ.ਟੀ. ਤੋਂ ਕੁੱਲ 1,733.95 ਕਰੋੜ ਰੁਪਏ ਦਾ ਮਾਲੀਆ ਇਕੱਤਰ ਹੋਇਆ ਜਦਕਿ ਪਿਛਲੇ ਸਾਲ ਜਨਵਰੀ 2020 ਵਿਚ ਇਹੋ ਮਾਲੀਆ 1,646.4 ਕਰੋੜ ਰੁਪਏ ਸੀ। ਪੰਜਾਬ ਦਾ ਜਨਵਰੀ 2021 ਮਹੀਨੇ ਦੌਰਾਨ ਕੁੱਲ ਜੀ.ਐਸ.ਟੀ. ਮਾਲੀਆ 1,185.96 ਕਰੋੜ ਰੁਪਏ ਰਿਹਾ ਜਦਕਿ ਪਿਛਲੇ ਸਾਲ ਇਸੇ ਮਹੀਨੇ ਦਾ ਕੁੱਲ ਜੀ.ਐਸ.ਟੀ. ਮਾਲੀਆ 1,194.81 ਕਰੋੜ ਸੀ, ਜੋ ਕਿ ਪਿਛਲੇ ਸਾਲ ਨਾਲੋਂ 0.74 ਫੀਸਦੀ ਦਾ ਘਾਟਾ ਦਰਸਾਉਂਦਾ ਹੈ।




ਕਰ ਕਮਿਸ਼ਨਰ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਅਪਰੈਲ ਤੋਂ ਜਨਵਰੀ, 2021 ਦੌਰਾਨ ਪੰਜਾਬ ਦਾ ਕੁੱਲ ਜੀ.ਐਸ.ਟੀ. ਮਾਲੀਆ 9,066.96 ਕਰੋੜ ਰੁਪਏ ਸੀ ਜਦਕਿ ਪਿਛਲੇ ਸਾਲ ਇਨ੍ਹਾਂ 10 ਮਹੀਨਿਆਂ ਦੇ ਸਮੇਂ ਦੌਰਾਨ ਕੁੱਲ ਜੀ.ਐਸ.ਟੀ. ਮਾਲੀਆ 10,562.51 ਕਰੋੜ ਰੁਪਏ ਸੀ। ਇਸ ਤਰ੍ਹਾਂ 14 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਬੁਲਾਰੇ ਮੁਤਾਬਕ ਇਸ ਵਰ੍ਹੇ ਜਨਵਰੀ ਮਹੀਨੇ ਸੁਰੱਖਿਅਤ ਮਾਲੀਆ 2,403 ਕਰੋੜ ਹੈ ਜਿਸ ਵਿਚੋਂ ਪੰਜਾਬ ਨੇ 1,185.96 ਕਰੋੜ ਰੁਪਏ ਪ੍ਰਾਪਤ ਕੀਤੇ ਹਨ। ਇਹ ਕੁੱਲ ਸੁਰੱਖਿਅਤ ਮਾਲੀਏ ਦਾ ਕਰੀਬ 49.35 ਫੀਸਦੀ ਬਣਦਾ ਹੈ। ਇਸੇ ਤਰ੍ਹਾਂ ਉਕਤ ਮਹੀਨੇ ਲਈ ਬਕਾਇਆ ਮੁਆਵਜ਼ੇ ਦੀ ਰਕਮ 1,217.04 ਕਰੋੜ ਰੁਪਏ ਹੈ ਜੋ ਕਿ ਹਾਲੇ ਤੱਕ ਪ੍ਰਾਪਤ ਨਹੀਂ ਹੋਈ। ਇਸੇ ਤਰ੍ਹਾਂ ਅਪਰੈਲ ਤੋਂ ਜਨਵਰੀ 2021 ਦੇ ਸਮੇਂ ਦੌਰਾਨ ਮੁਆਵਜ਼ੇ ਦੀ ਰਕਮ 8,253 ਕਰੋੜ ਰੁਪਏ ਬਣਦੀ ਹੈ, ਜੋ ਕਿ ਭਾਰਤ ਸਰਕਾਰ ਵੱਲ ਬਕਾਇਆ ਪਈ ਹੈ। ਇਸੇ ਤਰ੍ਹਾਂ ਕੁੱਲ ਕੌਮੀ ਜੀ.ਐਸ.ਟੀ. ਮਾਲੀਆ ਸੰਗ੍ਰਹਿ ਜਨਵਰੀ 2021 ਦੇ ਮਹੀਨੇ ਦੌਰਾਨ 1,19,847 ਕਰੋੜ ਰੁਪਏ ਹੈ ਜਦੋਂ ਕਿ ਪਿਛਲੇ ਸਾਲ ਜਨਵਰੀ 2020 ਦੇ ਮਹੀਨੇ ਦੌਰਾਨ ਕੁੱਲ ਕੌਮੀ ਜੀ.ਐਸ.ਟੀ. ਦਾ ਮਾਲੀਆ 1,10,828 ਕਰੋੜ ਰੁਪਏ ਇਕੱਤਰ ਹੋਇਆ ਸੀ। ਇਸ ਤਰ੍ਹਾਂ 8 ਫੀਸਦੀ ਵਾਧਾ ਦਰਜ ਹੋਇਆ ਹੈ। ਜਨਵਰੀ 2021 ਲਈ ਕੌਮੀ ਐਸ.ਜੀ.ਐਸ.ਟੀ. ਕੁੱਲ 48,385 ਕਰੋੜ ਰੁਪਏ ਇਕੱਤਰ ਹੋਇਆ ਜਿਸ ਵਿਚ ਪੰਜਾਬ ਦਾ ਯੋਗਦਾਨ 2.5 ਫੀਸਦੀ ਰਿਹਾ।

### ਸ਼ਰਾਬ ਤੇ ਪੈਟਰੋਲੀਅਮ ਪਦਾਰਥਾਂ ਦਾ ਯੋਗਦਾਨ

**ਚੰਡੀਗੜ੍ਹ:** ਜੀ.ਐਸ.ਟੀ. ਤੋਂ ਇਲਾਵਾ ਪੰਜਾਬ ਸੂਬੇ ਨੂੰ ਵੈਟ ਅਤੇ ਸੀ.ਐਸ.ਟੀ. ਤੋਂ ਵੀ ਟੈਕਸ/ਮਾਲੀਆ ਪ੍ਰਾਪਤ ਹੁੰਦਾ ਹੈ। ਵੈਟ ਅਤੇ ਸੀ.ਐਸ.ਟੀ. ਇਕੱਤਰ ਕਰਨ 'ਚ ਪ੍ਰਮੁੱਖ ਯੋਗਦਾਨ ਪਾਉਣ ਵਾਲੇ ਉਤਪਾਦ ਸ਼ਰਾਬ ਅਤੇ ਪੈਟਰੋਲੀਅਮ ਪਦਾਰਥ ਹਨ। ਜਨਵਰੀ 2021 ਦੇ ਮਹੀਨੇ ਵਿਚ ਵੈਟ ਅਤੇ ਸੀ.ਐਸ.ਟੀ. ਦੀ ਕੁਲੈਕਸ਼ਨ 547.99 ਕਰੋੜ ਰੁਪਏ ਹੈ, ਜਦਕਿ ਪਿਛਲੇ ਸਾਲ ਜਨਵਰੀ 2020 ਦੇ ਮਹੀਨੇ ਲਈ ਇਹੋ ਕੁਲੈਕਸ਼ਨ 451.59 ਕਰੋੜ ਰੁਪਏ ਸੀ। ਇਸ 'ਚ ਪਿਛਲੇ ਸਾਲ ਦੇ ਮੁਕਾਬਲੇ 21.34 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਅਪਰੈਲ ਤੋਂ ਜਨਵਰੀ 2021 ਲਈ ਵੈਟ ਅਤੇ ਸੀ.ਐਸ.ਟੀ. ਕੁੱਲ ਮਾਲੀਆ 5,022.01 ਕਰੋੜ ਰੁਪਏ ਰਿਹਾ ਹੈ, ਜਦਕਿ ਪਿਛਲੇ ਸਾਲ ਦੇ ਇਸੇ ਸਮੇਂ ਦੌਰਾਨ ਕੁੱਲ ਮਾਲੀਆ 4,589.18 ਕਰੋੜ ਰੁਪਏ ਸੀ, ਜੋ 9.43 ਫੀਸਦੀ ਦਾ ਵਾਧਾ ਦਰਸਾਉਂਦਾ ਹੈ।

# ਵਿਦਿਆਰਥੀ ਹਾਜ਼ਰੀ 'ਚ ਪੰਜਾਬ ਅੱਵਲ



**ਚੰਡੀਗੜ੍ਹ:** ਹਾਲ ਹੀ ਵਿਚ ਹੋਏ ਆਰਥਿਕ ਸਰਵੇਖਣ 2021 'ਚ ਵਿਦਿਆਰਥੀਆਂ ਦੀ ਹਾਜਰੀ ਦੇ ਮਾਮਲੇ ਵਿਚ ਪੰਜਾਬ ਦੇਸ਼ ਭਰ ਵਿਚੋਂ ਅੱਵਲ ਰਿਹਾ ਹੈ। ਸਰਵੇਖਣ 'ਚ ਆਏ ਨਤੀਜਿਆਂ ਅਨੁਸਾਰ ਮੁਢਲੀ ਸਿੱਖਿਆ ਦੇ ਖੇਤਰ 'ਚ 3 ਤੋਂ 5 ਸਾਲ ਵਰਗ ਵਿਚ ਪੰਜਾਬ ਵਿਚ 61.6 ਫੀਸਦ ਵਿਦਿਆਰਥੀਆਂ ਦੀ ਹਾਜਰੀ ਰਿਕਾਰਡ ਕੀਤੀ ਗਈ ਜੋ ਕਿ ਪੂਰੇ ਦੇਸ ਵਿਚ ਸਭ ਤੋਂ ਵੱਧ ਸੀ। ਇਸ ਮੌਕੇ ਸਕੂਲ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲਿਆਂਦੇ ਗਏ ਨੀਤੀਗਤ ਬਦਲਾਅ ਦੇ ਚੱਲਦਿਆਂ ਸੂਬੇ ਵਿਚ ਸਿੱਖਿਆ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁਢਲੀ ਸਿੱਖਿਆ ਦੀ ਨੀਂਹ ਮਜ਼ਬੂਤ ਕਰਨ ਲਈ ਪੰਜਾਬ ਨੇ ਹੀ ਦੇਸ਼ ਭਰ 'ਚੋਂ ਸਭ ਤੋਂ ਪਹਿਲਾਂ ਪੂਰਨ ਤੌਰ ਉਤੇ ਪ੍ਰੀ-ਪ੍ਰਾਇਮਰੀ ਕਲਾਸਾਂ ਸਰਕਾਰੀ ਸਕੂਲਾਂ ਵਿਚ 14 ਨਵੰਬਰ 2017 ਨੂੰ ਸ਼ੁਰੂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਕਲਾਸਾਂ ਸ਼ੁਰੂ ਕਰਨ ਤੋਂ ਲੈ ਕੇ ਅੱਜ ਤੱਕ ਸਕੂਲ ਸਿੱਖਿਆ ਵਿਭਾਗ ਵਿਚ ਅਧਿਆਪਕਾਂ ਅਤੇ ਹੋਰਨਾਂ ਸਬੰਧਤ ਵਰਗਾਂ ਦੇ ਸਹਿਯੋਗ ਸਦਕਾ ਹੋ ਰਹੇ ਸਾਰਥਕ ਬਦਲਾਅ ਦੀ ਇਹ ਇਕ ਵੱਡੀ ਮਿਸਾਲ ਹੈ। ਸ੍ਰੀ ਸਿੰਗਲਾ ਨੇ ਕਿਹਾ ਕਿ ਪ੍ਰੀ-ਪ੍ਰਾਇਮਰੀ ਕਲਾਸਾਂ ਦਾ ਦਾਖਲਾ ਅਤੇ ਪੜ੍ਹਾਈ ਬਿਲਕੁਲ ਮੁਫਤ ਹੈ। ਜਿਸ ਨਾਲ ਵਿੱਤੀ ਤੌਰ ਉਤੇ ਕਮਜ਼ੋਰ ਮਾਪਿਆਂ ਦੇ ਬੱਚਿਆਂ ਨੂੰ ਬਹੁਤ ਫਾਇਦਾ ਹੋ ਰਿਹਾ ਹੈ ਅਤੇ ਮਾਪਿਆਂ ਦਾ ਸਰਕਾਰੀ ਸਕੂਲਾਂ 'ਚ ਵਿਸ਼ਵਾਸ ਮੁੜ ਬੱਝਿਆ ਹੈ।

# ਸਰਮਾਏਦਾਰ ਮੁਲਕ ਉਤੇ ਕਰਜ਼ੇ ਦੀ ਜਕੜ

ਕਰੋਨਾ ਵਾਇਰਸ ਸਮੇਂ ਥੋਪੀਆਂ ਪੂਰਨਬੰਦੀਆਂ ਤੋਂ ਬਾਅਦ ਪੂਰੀ ਦੁਨੀਆ ਦੇ ਅਰਥਚਾਰੇ ਹਾਲੋਂ-ਬੇਹਾਲ ਹਨ। ਸੰਸਾਰ ਬੈਂਕ ਦੇ ਅਨੁਮਾਨਾਂ ਅਨੁਸਾਰ 2020 ਵਿਚ ਸੰਸਾਰ ਦੀ ਕੁੱਲ ਪੈਦਾਵਾਰ 4.9 ਫੀਸਦ ਸੁੰਗੜੀ ਹੈ। ਜਿੱਥੇ ਪਹਿਲਾਂ ਮੁੱਖਧਾਰਾ ਦੇ ਬਹੁਤੇ ਅਰਥ ਸ਼ਾਸਤਰੀਆਂ ਦਾ ਇਹ ਮੰਨਣਾ ਸੀ ਕਿ ਪਾਬੰਦੀਆਂ ਹਟਣ ਨਾਲ ਅਰਥਚਾਰੇ ਵਿਚ ਉਭਾਰ ਆਵੇਗਾ ਤੇ ਕੁੱਲ ਘਰੇਲੂ ਪੈਦਾਵਾਰ ਵਿਚ ਤੇਜੀ ਨਾਲ ਵਾਧਾ ਹੋਵੇਗਾ, ਉੱਥੇ ਹੁਣ ਇਨ੍ਹਾਂ ਦਾਅਵਿਆਂ ਦੀ ਫੂਕ ਨਿੱਕਲਣ ਲੱਗ ਪਈ ਹੈ। ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਜਿਹੀਆਂ ਸੰਸਥਾਵਾਂ ਨੂੰ ਵੀ ਇਹ ਮੰਨਣ ਲਈ

ਨਵਜੋਤ

ਮਜਬੂਰ ਹੋਣਾ ਪਿਆ ਹੈ ਕਿ ਅਗਲੇ ਦੋ ਸਾਲਾਂ ਵਿਚ ਵੀ ਸੰਸਾਰ ਅਰਥਚਾਰਾ ਪੂਰੇ ਤਰੀਕੇ ਨਾਲ ਕਰੋਨਾਵਾਇਰਸ ਦੇ ਸਮੇਂ ਦੌਰਾਨ ਹੋਏ ਨੁਕਸਾਨ ਤੋਂ ਉੱਭਰ ਨਹੀਂ ਸਕੇਗਾ। ਸੰਸਾਰ ਬੈਂਕ ਦੀ ਹਾਲ ਵਿਚ ਜਾਰੀ ਰਿਪੋਰਟ ਅਨੁਸਾਰ ਸੰਸਾਰ ਪੱਧਰ ਉੱਤੇ ਕੁੱਲ ਪੈਦਾਵਾਰ ਦੀ ਵਾਧਾ ਦਰ 2021 ਵਿਚ 4% ਤੇ 2022 ਵਿਚ 3.8% ਰਹੇਗੀ। 90% 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰੇ' ਜਿਸ ਵਿਚ ਕਰੀਬ 150 ਦੇਸ਼ ਆਉਂਦੇ ਹਨ ਤੇ ਜਿਨ੍ਹਾਂ ਵਿਚੋਂ ਬਹੁਤੇ ਅਖੌਤੀ ਤੀਜੀ ਦੁਨੀਆ ਦੇ ਦੇਸ਼ ਹਨ, ਵਿਚ ਪ੍ਰਤੀ ਵਿਅਕਤੀ ਆਮਦਨ ਘਟੀ ਹੈ। ਇਸ ਨਾਲ ਲੱਖਾਂ ਲੋਕ ਗਰੀਬੀ ਵਿਚ ਧੱਕੇ ਗਏ ਹਨ।

ਸੰਸਾਰ ਬੈਂਕ ਦੇ ਅਨੁਮਾਨ ਅਨੁਸਾਰ ਲਗਭਗ 25% 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿਚ ਪ੍ਰਤੀ ਵਿਅਕਤੀ ਆਮਦਨੀ ਵਿਚ ਜੋ ਪਿਛਲੇ 10 ਸਾਲਾਂ ਅੰਦਰ ਵਾਧਾ ਦਰਜ ਹੋਇਆ ਸੀ, ਉਹ ਕਰੋਨਾਵਾਇਰਸ ਦੇ ਸਮੇਂ ਦਰਮਿਆਨ ਖਤਮ ਹੋ ਚੁੱਕਿਆ ਹੈ। ਕਰੀਬ ਦੋ ਤਿਹਾਈ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿਚ 2022 ਵਿਚ ਪ੍ਰਤੀ ਵਿਅਕਤੀ ਆਮਦਨ 2019 ਵਾਲੇ ਪੱਧਰ ਤੋਂ ਹੇਠਾਂ ਹੋਣ ਦਾ ਖਦਸ਼ਾ ਹੈ। ਜੇ ਚੀਨ ਨੂੰ ਛੱਡ ਦਈਏ ਤਾਂ ਬਾਕੀ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਦੀ ਕੁੱਲ ਘਰੇਲੂ ਪੈਦਾਵਾਰ ਵਿਚ 2021-22 ਅੰਦਰ ਵਾਧਾ ਦਰ ਸਿਰਫ 3.5% ਰਹਿਣ ਦਾ ਅਨੁਮਾਨ ਹੈ। ਇਨ੍ਹਾਂ ਅਰਥਚਾਰਿਆਂ ਵਿਚ ਅਗਲੇ 2 ਸਾਲਾਂ ਵਿਚ ਵੀ ਨਿਵੇਸ਼ ਤੇ ਖਪਤ ਦਾ ਪੱਧਰ ਨੀਵਾਂ ਰਹਿਣ ਦਾ ਹੀ ਖਦਸ਼ਾ ਹੈ। ਵਿਕਾਸਸ਼ੀਲ ਅਰਥਚਾਰਿਆਂ ਦੀ ਕੁੱਲ ਘਰੇਲੂ ਪੈਦਾਵਾਰ ਵਾਸਤੇ ਇਹ ਨੀਵੇਂ ਪੱਧਰ ਦੀ ਵਾਧਾ ਦਰ ਹਾਸਲ ਕਰਨ ਵਿਚ ਵੀ ਕਈ ਅੜਿੱਕੇ ਹਨ। ਇਨ੍ਹਾਂ ਅਰਥਚਾਰਿਆਂ ਲਈ ਇਕ ਵੱਡਾ ਖਤਰਾ ਕਰਜ਼ੇ ਦਾ ਉੱਚਾ ਪੱਧਰ ਹੈ। ਕਈ ਦੇਸ਼ਾਂ ਵਿਚ ਕਰੋਨਾਵਾਇਰਸ ਤੋਂ ਪਹਿਲਾਂ ਹੀ ਪ੍ਰਾਈਵੇਟ ਅਤੇ ਸਰਕਾਰੀ ਕਰਜ਼ੇ ਕਾਫੀ ਵਧਣ ਲੱਗ ਪਏ ਸਨ ਪਰ ਕਰੋਨਾ ਕਾਲ ਦੌਰਾਨ ਅਪਣਾਈਆਂ ਨੀਤੀਆਂ ਮਗਰੋਂ ਤਾਂ ਇਹ ਸਿਖਰਾਂ ਛੂਹ ਰਹੇ ਹਨ ਅਤੇ ਕਈ ਮੁਲਕ ਤਾਂ ਵਿੱਤੀ ਸੰਕਟ ਦਾ ਸ਼ਿਕਾਰ ਵੀ ਹੋ ਸਕਦੇ ਹਨ।

ਸੰਸਾਰ ਬੈਂਕ ਦੀ ਰਿਪੋਰਟ ਦੱਸਦੀ ਹੈ ਕਿ ਕਰੋਨਾ ਕਾਲ ਦੌਰਾਨ ਅਰਥਚਾਰਿਆਂ ਨੂੰ ਜੋ ਨੁਕਸਾਨ ਹੋਇਆ, ਉਸ ਸਦਕਾ 2020 ਵਿਚ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿਚ ਸਰਕਾਰਾਂ ਸਿਰ ਕਰਜ਼ਾ 9 ਫੀਸਦੀ ਅੰਕਾਂ ਨਾਲ ਵਧਿਆ। ਇਹ ਵਾਧਾ ਇਨ੍ਹਾਂ ਅਰਥਚਾਰਿਆਂ ਲਈ 1980ਵਿਆਂ ਤੋਂ ਬਾਅਦ ਕਰਜ਼ੇ ਵਿਚ ਸਭ ਤੋਂ ਵੱਡਾ ਵਾਧਾ ਹੈ। ਅਸਲ ਵਿਚ ਕਰੋਨਾ ਕਾਲ ਵਿਚ ਇਹ ਕਰਜ਼ਾ ਪਹਿਲਾਂ ਨਾਲੋਂ ਵਧੇਰੇ ਤੇਜ਼ੀ ਨਾਲ ਵਧਿਆ ਹੈ ਪਰ ਇਹ ਅਮਲ ਕਿਸੇ ਨਾ ਕਿਸੇ ਰੂਪ ਵਿਚ ਪਿਛਲੇ ਪੂਰੇ ਦਹਾਕੇ ਵਿਚ ਹੀ ਜਾਰੀ ਰਿਹਾ ਹੈ। 2010 ਤੋਂ ਬਾਅਦ ਵਿਚ ਕੁੱਲ ਸੰਸਾਰ ਪੱਧਰ ਉੱਤੇ ਕਰਜ਼ੇ ਵਿਚ ਜੋ ਵਾਧਾ ਹੋਇਆ ਹੈ, ਉਹ ਪਿਛਲੇ 5 ਦਹਾਕਿਆਂ ਵਿਚਲਾ ਕਰਜ਼ੇ ਦਾ ਸਭ ਤੋਂ ਜ਼ਿਆਦਾ ਤੇ ਤੇਜ਼ ਵਾਧਾ ਹੈ। 2019 ਵਿਚ ਕੁੱਲ ਸੰਸਾਰ ਕਰਜ਼ਾ ਸੰਸਾਰ ਵਿਚਲੀ ਕੁੱਲ ਘਰੇਲੂ ਪੈਦਾਵਾਰ ਦਾ 230% ਬਣਦਾ ਸੀ! 2019 ਵਿਚ 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਸਿਰ ਕੁੱਲ ਕਰਜ਼ਾ ਇਨ੍ਹਾਂ ਮੁਲਕਾਂ ਦੀ ਕੁੱਲ ਘਰੇਲੂ ਪੈਦਾਵਾਰ ਦਾ 176% ਬਣਦਾ ਸੀ। ਇਨ੍ਹਾਂ ਅਰਥਚਾਰਿਆਂ ਵਿਚ ਵੀ ਮੁੱਖ ਭੂਮਿਕਾ ਪ੍ਰਾਈਵੇਟ ਕਰਜ਼ਿਆਂ ਦੀ ਹੀ ਬਣਦੀ ਹੈ ਜੋ ਕੁੱਲ ਘਰੇਲੂ ਪੈਦਾਵਾਰ ਦਾ 123% ਬਣਦੇ ਸੀ। ਇਹ ਰੁਝਾਨ ਦਿਖਾਉਂਦੇ ਹਨ ਕਿ ਕੁੱਲ ਸੰਸਾਰ ਸਿਰ ਤੇ ਪਛੜੇ ਸਰਮਾਏਦਾਰਾ ਮੁਲਕਾਂ ਸਿਰ ਕਰਜ਼ਾ ਕਰੋਨਾ ਕਾਲ ਤੋਂ ਪਹਿਲਾਂ ਹੀ ਕਾਫੀ ਉੱਚੇ ਪੱਧਰ ਤੱਕ ਪਹੁੰਚ ਚੁੱਕਿਆ ਸੀ ਤੇ ਕਰੋਨਾ ਕਾਲ ਮਗਰੋਂ ਇਹ ਹਾਲਤ ਹੋਰ ਵਿਸਫੋਟਕ ਹੋਈ ਹੈ।

ਕਰੋਨਾ ਕਾਲ ਦੌਰਾਨ ਵੱਡੇ ਕਾਰਪੋਰੇਟਾਂ ਨੂੰ ਦਿੱਤੇ ਰਾਹਤ ਪੈਕਜਾਂ ਕਰ ਕੇ ਕਰਜ਼ਾ ਤੇ ਕੁੱਲ ਘਰੇਲੂ ਪੈਦਾਵਾਰ ਅਨੁਪਾਤ ਵਿਚ ਵੱਡਾ ਵਾਧਾ ਦਰਜ ਹੋਇਆ ਹੈ। ਰਿਪੋਰਟ ਅਨੁਸਾਰ 2020 ਦੇ ਅੰਤ ਤੱਕ ਇਤਿਹਾਸ ਵਿਚ ਪਹਿਲੀ ਵਾਰ ਸੰਸਾਰ ਪੱਧਰ ਉੱਤੇ ਕੁੱਲ ਸਰਕਾਰੀ ਕਰਜ਼ਾ ਕੁੱਲ ਪੈਦਾਵਾਰ ਦਾ 99% ਹੋ ਗਿਆ ਹੋਵੇਗਾ। 'ਉੱਭਰ ਰਹੀਆਂ ਮੰਡੀਆਂ ਤੇ ਵਿਕਾਸਸ਼ੀਲ ਅਰਥਚਾਰਿਆਂ' ਵਿਚ ਕਰੋਨਾ ਕਾਲ ਤੋਂ ਪਹਿਲਾਂ ਵੀ ਹਰ ਸਾਲ ਕੁੱਲ ਕਰਜ਼ੇ ਵਿਚ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ 7 ਫੀਸਦੀ ਅੰਕ ਦਾ ਵਾਧਾ ਦਰਜ ਹੋ ਰਿਹਾ ਸੀ ਤੇ ਹੁਣ 2020 ਵਿਚ ਸਿਰਫ ਸਰਕਾਰੀ ਕਰਜ਼ੇ ਵਿਚ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ 9 ਫੀਸਦੀ ਅੰਕ ਦਾ




ਵਾਧਾ ਹੋਣ ਦਾ ਖਦਸ਼ਾ ਹੈ। ਨਾਲ ਹੀ ਇਹ ਵੀ ਅਨੁਮਾਨ ਹੈ ਕਿ ਇਸ ਸਾਲ ਕਾਰਪੋਰੇਟ ਕਰਜ਼ੇ (ਜੋ ਪ੍ਰਾਈਵੇਟ ਕਰਜ਼ਿਆਂ ਦਾ ਵੱਡਾ ਹਿੱਸਾ ਬਣਦੇ ਹਨ) ਵਿਚ ਵੀ ਵੱਡਾ ਵਾਧਾ ਦਰਜ ਹੋਇਆ ਹੈ। ਸੰਸਾਰ ਬੈਂਕ ਅਨੁਸਾਰ ਦੂਜਾ ਕਾਰਕ ਇਹ ਹੈ ਕਿ ਸੱਟਾ ਬਾਜ਼ਾਰ ਦੀ ਡਾਵਾਂਡੋਲ ਹਾਲਤ ਕਰ ਕੇ ਇਨ੍ਹਾਂ ਮੁਲਕਾਂ ਵਿਚੋਂ ਸਰਮਾਏ ਦਾ ਵੱਡੇ ਪੱਧਰ ਉੱਤੇ ਨਿਕਾਸ ਹੋਇਆ ਹੈ। ਇਸ ਨਾਲ ਇਨ੍ਹਾਂ ਮੁਲਕਾਂ ਲਈ ਕਰਜ਼ੇ ਨਾਲ ਨਜਿੱਠਣਾ ਹੋਰ ਔਖਾ ਹੋ ਗਿਆ ਹੈ। ਇਸ ਤੋਂ ਬਿਨਾਂ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਉੱਤੇ 2019 ਵਿਚ ਵੀ ਵਿੱਤੀ ਘਾਟੇ ਦਾ ਬੋਝ ਲਗਾਤਾਰ ਵਧ ਰਿਹਾ ਸੀ ਤੇ ਹੁਣ ਕਰੋਨਾ ਕਾਲ ਦੌਰਾਨ ਦਿੱਤੇ ਰਾਹਤ ਪੈਕਜਾਂ ਕਰ ਕੇ ਵਿੱਤੀ ਘਾਟੇ ਦਾ ਮਸਲਾ ਇਨ੍ਹਾਂ ਸਰਕਾਰਾਂ ਲਈ ਗੰਭੀਰ ਮਸਲਾ ਬਣਿਆ ਹੋਇਆ ਹੈ। ਸੰਸਾਰ ਬੈਂਕ ਦੀ ਰਿਪੋਰਟ ਵਿਚ ਅੱਗੇ ਇਹ ਖਦਸ਼ਾ ਵੀ ਜਤਾਇਆ ਗਿਆ ਹੈ ਕਿ ਜੇ ਕਰਜ਼ਾ ਪੈਦਾਵਾਰੀ ਸਰਗਰਮੀਆਂ ਦੀ ਥਾਂ ਵਿੱਤੀ ਜਾਂ ਹੋਰ ਗੈਰ-ਪੈਦਾਵਾਰੀ ਖੇਤਰਾਂ ਲਈ ਵਰਤਿਆ ਜਾਵੇਗਾ ਤਾਂ ਇਸ ਨਾਲ ਸਮੱਸਿਆ ਹੋਰ ਗੰਭੀਰ ਹੋਵੇਗੀ। ਅਸਲ ਵਿਚ ਬਹੁਤੇ ਵੱਡੇ ਕਾਰਪੋਰੇਟ ਘਰਾਣੇ ਰਾਹਤ ਪੈਕਜਾਂ ਨੂੰ ਮੁੱਖ ਤੌਰ ਉੱਤੇ ਪੈਦਾਵਾਰ ਵਿਚ ਲਾਉਣ ਦੀ ਥਾਂ ਸੱਟਾ ਬਾਜ਼ਾਰ ਵਿਚ ਲਾ ਕੇ ਛੇਤੀ ਮੁਨਾਫਾ ਕਮਾਉਣ ਜਾਂ ਆਪਣੇ ਹੀ ਸ਼ੇਅਰਾਂ ਦੀ ਕੀਮਤ ਵਧਾਉਣ ਲਈ ਵਰਤਦੇ ਹਨ ਜਿਸ ਨਾਲ ਕੁੱਲ ਪੈਦਾਵਾਰ, ਰੁਜ਼ਗਾਰ ਆਦਿ ਵਿਚ ਗਿਣਨਯੋਗ ਫਰਕ ਨਹੀਂ ਪੈਂਦਾ।

ਕੀ ਪਛੜੇ ਸਰਮਾਏਦਾਰਾ ਅਰਥਚਾਰੇ ਇਸ ਹਾਲਤ ਤੋਂ ਜਲਦੀ ਉੱਭਰ ਸਕਦੇ ਹਨ?

ਅਗਲੇ ਦੋ ਸਾਲਾਂ ਵਿਚ ਵੱਖੋ-ਵੱਖ ਅਨੁਮਾਨਾਂ ਅਨੁਸਾਰ ਅਰਥਚਾਰੇ ਵਿਚ ਉਭਾਰ ਆਉਣ ਦੀ ਆਸ ਹੈ ਪਰ ਇੱਕ ਤਾਂ ਇਸ ਉਭਾਰ ਦੀ ਦਰ ਮੱਧਮ ਹੋਵੇਗੀ ਤੇ ਦੂਜਾ ਕਈ ਕਾਰਕ ਇਸ ਉਭਾਰ ਦੇ ਪੈਰ ਵਿਚ ਬੇੜੀਆਂ ਬਣ ਸਕਦੇ ਹਨ। ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੀਆਂ ਵੱਖੋ-ਵੱਖ ਰਿਪੋਰਟਾਂ ਅਨੁਸਾਰ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਉਭਾਰ ਵੀ ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਵਿਚ ਅਸਮਰੱਥ ਸਾਬਤ ਹੋ ਸਕਦੇ ਹਨ ਤੇ ਦੁਨੀਆ ਭਰ ਦੇ ਅਰਥਚਾਰਿਆਂ ਵਿਚ ਮੰਦੀ ਜਿਹੇ ਹਾਲਤ ਕਦੇ ਵੀ ਬਣ ਸਕਦੇ ਹਨ। ਸੰਸਾਰ ਭਰ ਵਿਚ ਪਾਬੰਦੀਆਂ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਮੌਜੂਦ ਹਨ ਤੇ ਇਹ ਤੀਜੀ ਦੁਨੀਆ ਦੇ ਉਨ੍ਹਾਂ ਮੁਲਕਾਂ ਦੇ ਅਰਥਚਾਰਿਆਂ ਜੋ ਜਿਣਸਾਂ ਦੇ ਬਰਾਮਦ, ਸੈਰ ਸਪਾਟੇ ਤੇ ਆਮ ਕਰ ਕੇ ਸੇਵਾ ਖੇਤਰ ਆਦਿ ਉੱਤੇ ਨਿਰਭਰ ਹਨ, ਨੂੰ ਕਾਫੀ ਨੁਕਸਾਨ ਪਹੁੰਚਾ ਰਿਹਾ ਹੈ। ਕੁੱਲ ਨਿਵੇਸ਼ ਵਿਚ ਜੋ ਘਾਟਾ ਹੋਇਆ ਹੈ, ਉਹ ਖੱਪਾ ਪਾਬੰਦੀਆਂ ਹਟਣ ਤੋਂ ਬਾਅਦ ਵੀ ਇੱਕ ਦਮ ਪੂਰੇ ਹੋਣ ਦੀ ਆਸ ਨਹੀਂ ਹੈ। ਸੰਸਾਰ ਬੈਂਕ ਦੀ ਰਿਪੋਰਟ ਤੇ ਪਿਛਲੇ ਸਮੇਂ ਵਿਚ ਕੌਮਾਂਤਰੀ ਮੁਦਰਾ ਕੋਸ਼ ਜਿਹੀਆਂ ਹੋਰ ਸੰਸਥਾਵਾਂ ਦੀਆਂ ਰਿਪੋਰਟਾਂ ਤੋਂ ਤਾਂ ਇਹੀ ਸੰਕੇਤ ਮਿਲ ਰਹੇ ਹਨ ਕਿ ਕੁੱਲ ਪੈਦਾਵਾਰ ਵਿਚ ਆਈ ਗਿਰਾਵਟ, ਕਰਜ਼ੇ ਵਿਚ ਹੋਏ ਵਾਧੇ ਆਦਿ ਤੋਂ ਅਜੇ ਲੰਮੇ ਸਮੇਂ ਲਈ ਸੰਸਾਰ ਅਰਥਚਾਰਾ ਤੇ ਖਾਸ ਕਰ ਕੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਅਰਥਚਾਰੇ ਪੂਰੀ ਤਰ੍ਹਾਂ ਉੱਭਰਨ ਦੇ ਸਮਰੱਥ ਨਹੀਂ ਹਨ, ਭਾਵੇਂ ਅਰਥਚਾਰਿਆਂ ਵਿਚ ਵਕਤੀ ਉਭਾਰ ਲਾਜ਼ਮੀ ਦੇਖਣ ਨੂੰ ਮਿਲ ਸਕਦੇ ਹਨ।

ਕਰੋਨਾ ਕਾਲ ਵਿਚ ਅਰਥਚਾਰਿਆਂ ਉੱਤੇ ਪਏ ਅਸਰ ਦੇ ਬਾਵਜੂਦ ਕਈ ਵੱਡੇ ਸਰਮਾਏਦਾਰਾਂ ਤੇ ਕਾਰਪੋਰੇਟ ਘਰਾਣਿਆਂ ਨੇ ਮੋਟੇ ਮੁਨਾਫੇ ਕਮਾਏ ਤੇ ਸਰਕਾਰਾਂ ਵੱਲੋਂ ਵੰਡੇ ਗਏ ਰਾਹਤ ਪੈਕਜਾਂ ਨਾਲ ਵੀ ਸਭ ਤੋਂ ਵੱਧ ਰਾਹਤ ਇਨ੍ਹਾਂ ਨੂੰ ਹੀ ਮਿਲੀ ਹੈ। ਦੂਜੇ ਪਾਸੇ ਆਮ ਕਿਰਤੀ ਲੋਕਾਈ ਉੱਤੇ ਹੀ ਇਸ ਅਸਰ ਦਾ ਵੱਡਾ ਬੋਝ ਪਿਆ ਹੈ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਤੇ ਗੈਰ-ਬਰਾਬਰੀ ਵਿਚ ਅਥਾਹ ਵਾਧਾ ਹੋਇਆ ਹੈ। ਡਿਜੀਟਲ ਸਿੱਖਿਆ ਦੇ ਢਕਵੰਜ ਹੇਠ ਆਮ ਲੋਕਾਈ ਦੇ ਬੱਚਿਆਂ ਤੋਂ ਸਕੂਲ ਜਾਣ ਤੱਕ ਦਾ ਹੱਕ ਖੋਹ ਕੇ ਉਨ੍ਹਾਂ ਨੂੰ ਬਾਲ ਮਜ਼ਦੂਰੀ ਤੇ ਬਾਲ ਵਿਆਹਾਂ ਦੇ ਦਲਦਲ ਵਿਚ ਧੱਕਿਆ ਗਿਆ ਹੈ। ਅਰਥਚਾਰੇ ਵਿਚ ਮੱਠੇ ਉਭਾਰ ਅਤੇ ਵਧ ਰਹੇ ਕਰਜ਼ੇ ਦਾ ਬੋਝ ਵੀ ਇਨ੍ਹਾਂ ਸਰਕਾਰਾਂ ਨੇ ਵੱਧ ਤੋਂ ਵੱਧ ਆਮ ਕਿਰਤੀ ਲੋਕਾਈ ਸਿਰ ਮੜ੍ਹਨ ਦੀ ਹੀ ਕੋਸ਼ਿਸ਼ ਕਰਨੀ ਹੈ। ਲੋਕਾਂ ਦੀਆਂ ਸਹੂਲਤਾਂ ਉੱਤੇ ਕਾਟ ਲਾਉਣ ਦੇ ਨਾਲ ਨਾਲ ਇਹ ਸਰਕਾਰਾਂ ਸਿੱਧੇ-ਅਸਿੱਧੇ ਕਰਾਂ ਰਾਹੀਂ ਪਹਿਲਾਂ ਹੀ ਬੇਰੁਜ਼ਗਾਰੀ, ਭੁੱਖਮਰੀ ਦੀ ਸਤਾਈ ਆਮ ਲੋਕਾਈ ਉੱਤੇ ਬੋਝ ਦੂਣ ਸਵਾਇਆ ਕਰਦੀਆਂ ਹਨ। ਇਸ ਤੋਂ ਇਲਾਵਾ ਵੀ ਸਰਕਾਰ ਆਪਣਾ ਵਿੱਤੀ ਘਾਟਾ ਘਟਾਉਣ ਲਈ ਜੋ ਹਥਕੰਡੇ ਤੇ ਨੀਤੀਆਂ ਅਪਣਾਉਂਦੀ ਹੈ, ਉਹ ਬਿਨਾਂ ਛੋਟ ਤੋਂ ਲੋਕਾਈ ਦੀ ਰੱਤ ਨਿਚੋੜਨ ਵਾਲੀਆਂ ਹੀ ਹੁੰਦੀਆਂ ਹਨ।

ਅਰਥਚਾਰੇ ਦੀ ਮੌਜੂਦਾ ਹਾਲਤ ਅਤੇ ਆਉਣ ਵਾਲੇ ਸਾਲਾਂ ਵਿਚ ਜੋ ਸੰਭਾਵੀ ਹਾਲਤ ਦਿਸਦੀ ਹੈ, ਉਸ ਵਿਚ ਲਾਜ਼ਮੀ ਹੀ ਆਮ ਲੋਕਾਈ ਦੀ ਹਾਲਤ ਬਦਤਰ ਹੁੰਦੀ ਦਿਸਦੀ ਹੈ। ਅਜਿਹੇ ਵੇਲੇ ਆਮ ਕਿਰਤੀਆਂ ਸਾਹਮਣੇ ਇਹ ਗੱਲ ਸਾਫ ਸਾਫ ਰੱਖਣ ਦੀ ਲੋੜ ਹੈ ਕਿ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਜੰਗਾਂ ਤੇ ਤਰ੍ਹਾਂ ਤਰ੍ਹਾਂ ਦੇ ਹੋਰ ਭਿਆਨਕ ਜਬਰ ਇਸ ਸਰਮਾਏਦਾਰਾ ਸਮਾਜ ਦਾ ਹੀ ਅਟੁੱਟ ਹਿੱਸਾ ਹਨ ਤੇ ਇਸ ਸਮਾਜ ਨੂੰ ਤੋੜ ਕੇ ਅਤੇ ਨਵਾਂ ਸਮਾਜ ਉਸਾਰ ਕੇ ਹੀ ਇਨ੍ਹਾਂ ਅਲਾਮਤਾਂ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ।

# ਵਧਦਾ ਨਿੱਜੀਕਰਨ, ਘਟਦੀ ਲੋਕ ਭਲਾਈ

ਭਾਰਤੀ ਸੰਵਿਧਾਨ ਦੀ 42ਵੀਂ ਸੋਧ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਇੰਡੀਅਨ ਨੈਸ਼ਨਲ ਕਾਂਗਰਸ ਸਰਕਾਰ ਨੇ ਐਮਰਜੈਂਸੀ ਦੌਰਾਨ (25 ਜੂਨ 1975-21 ਮਾਰਚ 1977) ਲਾਗੂ ਕੀਤੀ। ਇਸ ਸੋਧ ਨੇ ਭਾਰਤ ਨੂੰ ਪ੍ਰਭੂਤਾਵਾਦੀ, ਲੋਕਤੰਤਰੀ ਅਤੇ ਗਣਰਾਜ ਹੋਣ ਦੇ ਨਾਲ ਨਾਲ ਸਮਾਜਵਾਦੀ ਅਤੇ ਧਰਮ ਨਿਰਪੱਖ ਦੇਸ਼ ਵੀ ਕਰਾਰ ਦਿੱਤਾ ਪਰ 1991 ਤੋਂ ਬਾਅਦ ਆਈਆਂ ਸਰਕਾਰਾਂ ਨੇ ਇਨ੍ਹਾਂ ਪੰਜੇ ਥੰਮ੍ਹਾਂ ਤੇ ਖੜ੍ਹੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ

ਰਾਜੀਵ ਖੋਸਲਾ

ਢਾਹੁਣ ਵਿਚ ਕੋਈ ਕਸਰ ਨਹੀਂ ਛੱਡੀ। ਸਭ ਤੋਂ ਵਧ ਨੁਕਸਾਨ ਦੇਸ਼ ਦੇ ਸਮਾਜਵਾਦੀ ਚਰਿੱਤਰ ਨੂੰ ਪਹੁੰਚਾਇਆ ਹੈ।

ਆਉਣ ਵਾਲੇ ਸਮੇਂ ਦੌਰਾਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦਾ ਪਹਿਲੀ ਫਰਵਰੀ 2021 ਨੂੰ ਪੇਸ਼ ਕੀਤਾ ਕੇਂਦਰੀ ਬਜਟ ਇਸ ਪ੍ਰਕਿਰਿਆ ਵਿਚ ਮੀਲ ਦਾ ਪੱਥਰ ਸਾਬਤ ਹੋਵੇਗਾ। ਬਜਟ ਬਾਰੇ ਸੁਣਦਿਆਂ/ਪੜ੍ਹਦਿਆਂ ਜਾਪਦਾ ਸੀ, ਜਿਵੇਂ ਸਰਕਾਰ ਜਨਤਕ ਖੇਤਰ ਦੀਆਂ ਇਕਾਈਆਂ ਦੇ ਇਸ ਸਾਲ ਵਿਚ ਅਪਨਿਵੇਸ਼/ਨਿੱਜੀਕਰਨ ਲਈ ਸਹੁੰ ਚੁੱਕ ਕੇ ਆਈ ਹੈ। ਭਾਰਤੀ ਸਟਾਕ ਮਾਰਕੀਟ ਨੇ ਸਰਕਾਰ ਦੀ ਜਨਤਕ ਇਕਾਈਆਂ ਦੀ ਹੋਣ ਵਾਲੀ ਇਸ ਅੰਨ੍ਹੇਵਾਹ ਵਿਕਰੀ ਪ੍ਰਤੀ ਸਕਾਰਾਤਮਕ ਪ੍ਰਤੀਕਿਰਿਆ ਦਿੱਤੀ ਹੈ। ਪਹਿਲੀ ਫਰਵਰੀ 2021 ਨੂੰ ਸਟਾਕ ਮਾਰਕੀਟ ਦੇ ਸੂਚਕ ਅੰਕ ਅਤੇ ਨਿਫਟੀ 5% ਉੱਚ ਪੱਧਰ ਤੇ ਬੰਦ ਹੋਏ। ਬਜਟ ਦੇ ਐਲਾਨ ਤੋਂ ਬਾਅਦ 4 ਫਰਵਰੀ ਤਕ, ਭਾਵ ਚਾਰ ਦਿਨਾਂ ਵਿਚ ਹੀ ਨਿਵੇਸ਼ਕਾਂ ਨੂੰ 14.35 ਲੱਖ ਕਰੋੜ ਰੁਪਏ ਨਾਲ ਹੋਰ ਅਮੀਰ ਬਣਾਇਆ ਹੈ। ਜ਼ਿਕਰਯੋਗ ਹੈ ਕਿ 2020 ਅਤੇ 2019 (ਜੁਲਾਈ) ਦੇ ਬਜਟਾਂ ਤੋਂ ਬਾਅਦ ਸਟਾਕ ਮਾਰਕੀਟ ਵਿਚ ਕ੍ਰਮਵਾਰ ਲੱਗਭੱਗ 2.5% ਅਤੇ 6.5% ਦੀ ਗਿਰਾਵਟ ਦੇਖਣ ਨੂੰ ਮਿਲੀ ਸੀ ਜਿਸ ਦਾ ਮੂਲ ਕਾਰਨ ਸੀ, ਸਰਕਾਰ ਦੁਆਰਾ ਨਿਵੇਸ਼ਕਾਂ ਦੇ ਪੂੰਜੀ ਲਾਭ ਤੇ ਟੈਕਸ ਅਤੇ ਆਮ ਜਨਤਾ ਲਈ ਕੁਝ ਨਵੀਆਂ ਸਕੀਮਾਂ, ਜਿਵੇਂ ਕਿਸਾਨ ਰੇਲ, ਕ੍ਰਿਸ਼ੀ ਉਡਾਨ, ਪ੍ਰਧਾਨ ਮੰਤਰੀ ਜਨ ਸਿਹਤ ਯੋਜਨਾ, ਪ੍ਰਧਾਨ ਮੰਤਰੀ ਕਰਮ ਯੋਗੀ ਮਾਨ-ਧਨ ਯੋਜਨਾ ਆਦਿ; ਭਾਵੇਂ ਬਾਅਦ ਵਿਚ ਇਹ ਸਕੀਮਾਂ ਵੱਡੇ ਤੌਰ ਤੇ ਅਸਫਲ ਹੀ ਰਹੀਆਂ। ਇਸ ਦੇ ਉਲਟ ਹੁਣ ਵਾਲੇ ਬਜਟ ਵਿਚ ਤਾਂ ਮੁੱਢ ਤੋਂ ਹੀ ਅਜਿਹੇ ਆਰਥਿਕ ਸੁਧਾਰਾਂ ਦਾ ਐਲਾਨ ਕੀਤਾ ਗਿਆ ਹੈ ਜੋ ਸਿੱਧੇ ਤੌਰ ਤੇ ਸਰਮਾਏਦਾਰੀ ਪੱਖੀ ਅਤੇ ਗਰੀਬ ਵਿਰੋਧੀ ਸਾਬਤ ਹੋਣਗੇ।

ਸਰਕਾਰ ਜਨਤਕ ਇਕਾਈਆਂ ਨੂੰ ਤਿੰਨ ਤਰੀਕਿਆਂ ਨਾਲ ਵੇਚ ਰਹੀ ਹੈ। ਪਹਿਲੀ ਕਿਸਮ ਹੈ ਅਪਨਿਵੇਸ਼ ਦੀ ਜਿਸ ਵਿਚ ਇਕਾਈ ਦਾ ਮੁਕੰਮਲ ਜਾਂ ਅੰਸ਼ਕ ਹਿੱਸਾ ਪ੍ਰਾਈਵੇਟ ਪਾਰਟੀਆਂ ਨੂੰ ਵੇਚਿਆ ਜਾਂਦਾ ਹੈ ਜਿਵੇਂ ਵਿਦੇਸ਼ ਸੰਚਾਰ ਨਿਗਮ ਲਿਮਿਟਿਡ ਨੂੰ ਟਾਟਾ ਕੋਲ ਅਤੇ ਇੰਡੀਅਨ ਪੈਟਰੋ ਕੈਮੀਕਲ ਕਾਰਪੋਰੇਸ਼ਨ ਲਿਮਿਟਿਡ ਨੂੰ ਰਿਲਾਇੰਸ ਕੋਲ ਵੇਚਿਆ ਗਿਆ; ਹੁਣ ਇਕ ਤਜਵੀਜ਼ਸ਼ੁਦਾ ਬੈਂਕ ਅਤੇ ਜਨਰਲ ਬੀਮਾ ਕੰਪਨੀ ਨੂੰ ਸਰਕਾਰ ਵੇਚੇਗੀ। ਦੂਜੀ ਕਿਸਮ ਵਿਚ ਸਰਕਾਰ ਵੇਚਣ ਵਾਲੀ ਇਕਾਈ ਨੂੰ ਸਟਾਕ ਮਾਰਕੀਟ ਵਿਚ ਸੂਚੀਬੱਧ ਕਰਵਾ ਕੇ ਇਸ ਦੇ ਸ਼ੇਅਰ ਨਿਵੇਸ਼ਕਾਂ ਨੂੰ ਵੇਚਦੀ ਹੈ, ਜਿਵੇਂ ਭਾਰਤ ਪੈਟਰੋਲੀਅਮ, ਕੋਲ ਇੰਡੀਆ, ਸ਼ਿਪਿੰਗ ਕਾਰਪੋਰੇਸ਼ਨ ਆਦਿ ਨਾਲ ਹੋਇਆ ਹੈ ਅਤੇ ਹੁਣ ਐਲ.ਆਈ.ਸੀ. ਨੂੰ ਸਰਕਾਰ ਇੰਜ ਹੀ ਵੇਚੇਗੀ। ਤੀਜਾ ਤਰੀਕਾ ਵਿਲੱਖਣ ਹੈ। ਇੱਥੇ ਮਾਲਕੀ ਸਰਕਾਰ ਕੋਲ ਰਹੇਗੀ ਪਰ ਇਕਾਈ ਦਾ ਕੁਝ ਹਿੱਸਾ ਪ੍ਰਾਈਵੇਟ ਧਿਰਾਂ ਨੂੰ ਵੇਚਿਆ ਜਾਵੇਗਾ ਜਿਵੇਂ ਹਵਾਈ ਅੱਡਿਆਂ ਦਾ ਕੁਝ ਭਾਗ ਵੇਚਿਆ ਗਿਆ ਹੈ ਅਤੇ ਹੁਣ ਰੇਲਵੇ ਫਰੇਟ ਕੌਰੀਡੋਰ, ਤੇਲ ਤੇ ਗੈਸ ਪਾਈਪ ਲਾਈਨਾਂ, ਸਟੇਡੀਅਮ, ਕੁਝ ਟੋਲ ਸੜਕਾਂ ਆਦਿ ਵੇਚੀਆਂ ਜਾਣਗੀਆਂ।

ਇਕਾਈਆਂ ਭਾਵੇਂ ਵੇਚਣ ਲਈ ਤਿਆਰ ਕੀਤੀਆਂ ਜਾ ਰਹੀਆਂ ਹਨ ਪਰ ਇੱਥੇ ਖਦਸ਼ਾ ਇਹ ਹੈ ਕਿ ਮੰਦੀ ਦੇ ਇਸ ਦੌਰ ਵਿਚ ਇਨ੍ਹਾਂ ਇਕਾਈਆਂ ਦੀ ਵਾਜਬ ਕੀਮਤ ਸਰਕਾਰ ਨੂੰ ਨਹੀਂ ਮਿਲ ਸਕੇਗੀ। ਇਸ ਕਾਰਨ ਸਰਕਾਰ ਇਨ੍ਹਾਂ ਨੂੰ ਬਹੁਤ ਹੀ ਘੱਟ ਕੀਮਤ ਤੇ ਵੇਚੇਗੀ ਜਿਵੇਂ ਅਸੀਂ ਏਅਰ ਇੰਡੀਆ ਦੇ ਮਾਮਲੇ ਵਿਚ ਦੇਖ ਰਹੇ ਹਾਂ, ਜਿੱਥੇ ਸਰਕਾਰ ਇਸ ਅਦਾਰੇ ਦੇ ਲੱਗਭੱਗ 4000 ਕਰੋੜ ਰੁਪਏ ਦੇ ਕਰਜ਼ੇ ਨੂੰ ਆਪ ਝੱਲ ਕੇ ਵੀ ਇਸ ਤੋਂ ਖਹਿੜਾ ਛੁਡਾਉਣ ਲੱਗੀ ਹੈ। ਬਜਟ ਦਸਤਾਵੇਜ਼ ਵੀ ਇਸ ਦੀ ਤਸਦੀਕ ਕਰਦੇ ਹਨ ਕਿ ਸਰਕਾਰ ਇਸ ਸਾਲ ਬੰਪਰ ਸੇਲ ਲਾ ਕੇ ਵੀ ਅਪਨਿਵੇਸ਼ ਪ੍ਰਕਿਰਿਆ ਤੋਂ 1.75 ਲੱਖ ਕਰੋੜ ਰੁਪਏ ਕਮਾ ਰਹੀ ਹੈ ਜੋ ਪਿਛਲੇ ਸਾਲ ਤੈਅ ਕੀਤੇ 2.10 ਲੱਖ ਕਰੋੜ ਤੋਂ ਘੱਟ ਹਨ। ਇੱਥੋਂ ਸਪੱਸ਼ਟ ਹੁੰਦਾ ਹੈ ਕਿ ਬਜਟ ਹਰ ਪੱਖੋਂ ਨਿੱਜੀਕਰਨ ਦੀ ਰਾਹ ਆਸਾਨ ਕਰਨ ਲਈ ਬਣਾਇਆ ਗਿਆ ਹੈ।

ਸਰਕਾਰ ਦੇ ਖੋਖਲੇ ਦਾਅਵਿਆਂ ਦੀ ਪੜਤਾਲ ਬਜਟ ਦੇ ਖਰਚੇ ਵਾਲੇ ਹਿੱਸੇ ਤੋਂ ਕੀਤੀ ਜਾ ਸਕਦੀ ਹੈ ਜਿੱਥੇ ਮਹੱਤਵਪੂਰਨ ਸਮਾਜਿਕ ਯੋਜਨਾਵਾਂ ਤੇ ਸਰਕਾਰ ਨੇ ਖਰਚਾ ਘਟਾਇਆ ਹੈ। ਕੁਝ ਅਜਿਹੀਆਂ ਮਹੱਤਵਪੂਰਨ ਸਕੀਮਾਂ ਜਿੱਥੇ ਸਰਕਾਰ ਦੀ ਵੰਡ ਵਿਚ ਪਿਛਲੇ ਸਾਲ ਦੇ ਮੁਕਾਬਲੇ ਕਮੀ ਆਈ ਹੈ। ਨਾ ਸਿਰਫ ਸਮਾਜਿਕ ਸਕੀਮਾਂ ਉੱਤੇ ਪੈਸੇ ਦੀ ਘੱਟ ਵੰਡ ਕੀਤੀ ਗਈ ਹੈ, ਬਲਕਿ ਹੋਰ ਵੀ ਕੁਝ ਮਹੱਤਵਪੂਰਨ ਖੇਤਰ ਜਿਵੇਂ ਸਿੱਖਿਆ, ਖੇਤੀਬਾੜੀ ਤੇ ਸਹਾਇਕ ਧੰਦੇ, ਸੂਚਨਾ ਤੇ ਦੂਰਸੰਚਾਰ ਅਤੇ ਪੈਟਰੋਲੀਅਮ ਵੀ ਘੱਟ ਵੰਡ ਨਾਲ ਜੂਝ ਰਹੇ ਹਨ।

ਸਿਹਤ ਖੇਤਰ ਦੀ ਗੱਲ ਕਰੀਏ ਤਾਂ ਸਰਕਾਰ ਦਾ 223846 ਕਰੋੜ ਰੁਪਏ ਦਾ ਅੰਕੜਾ ਪੀਣ ਵਾਲੇ ਪਾਣੀ ਤੇ ਸਫਾਈ ਅਤੇ ਪੋਸ਼ਣ ਵਾਲੇ ਮਦਾਂ ਨੂੰ ਸਿਹਤ ਖੇਤਰ ਵਿਚ ਰਲਾ ਕੇ ਪਹੁੰਚਿਆ ਹੈ ਜਿਸ ਨੂੰ ਵਿੱਤ ਮੰਤਰੀ ਨੇ ਬੜੀ ਚਲਾਕੀ ਨਾਲ ਰੋਗ ਰੋਕਥਾਮ, ਉੱਨਤ ਇਲਾਜ ਅਤੇ ਤੰਦਰੁਸਤ ਭਾਰਤ ਦੇ ਤੌਰ ਤੇ ਆਪਣੇ ਭਾਸ਼ਣ ਵਿਚ ਉਚਾਰਿਆ ਸੀ। ਜਦੋਂ ਪਾਣੀ ਤੇ ਸਫਾਈ ਅਤੇ ਪੋਸ਼ਣ ਵਾਲੇ ਮਦ ਨੂੰ (ਕੁਲ ਮਿਲਾ ਕੇ 98752 ਕਰੋੜ ਰੁਪਏ) ਸਿਹਤ ਖੇਤਰ ਵਿਚੋਂ ਘਟਾ ਦਿੱਤਾ ਜਾਂਦਾ ਹੈ, ਤੇ ਕੋਵਿਡ ਟੀਕਾਕਰਨ ਦੇ 35000 ਕਰੋੜ ਰੁਪਏ ਨੂੰ ਸਿਹਤ ਖੇਤਰ ਵਿਚ ਰਲਾ ਲਿਆ ਜਾਂਦਾ ਹੈ ਤਾਂ ਕੁਲ ਵੰਡ ਬਣਦੀ ਹੈ 125094 ਕਰੋੜ ਜੋ ਪਿਛਲੇ ਸਾਲ ਦੇ 94452 ਕਰੋੜ ਦੇ ਮੁਕਾਬਲੇ 30642 ਕਰੋੜ ਰੁਪਏ ਵੱਧ ਹੈ। ਇਸ ਦਾ ਅਰਥ ਹੈ ਕਿ ਸਿਹਤ ਖੇਤਰ ਵਿਚ ਵਾਧਾ ਮਹਿਜ਼ 32% ਹੋਇਆ ਹੈ, 137% ਨਹੀਂ ਜਿਸ ਤਰ੍ਹਾਂ ਸਰਕਾਰ ਦਾਅਵਾ ਕਰ ਰਹੀ ਹੈ। ਆਪਣਾ ਬਜਟ ਸਹੀ ਕਰਨ ਖਾਤਰ ਕੇਂਦਰ ਨੇ ਇਕ ਹੋਰ ਚਾਲ ਚੱਲੀ ਹੈ। ਵਧ ਉਤਪਾਦਨ ਤੇ ਖੇਤੀਬਾੜੀ ਦੇ ਢਾਂਚੇ ਨੂੰ ਬਿਹਤਰ ਬਣਾਉਣ ਲਈ ਸਰਕਾਰ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਵਿਕਾਸ ਸੈੱਸ ਲਾਗੂ ਕੀਤਾ ਹੈ, ਭਾਵੇਂ ਨਾਲ ਇਹ ਵੀ ਕਹਿ ਦਿੱਤਾ ਕਿ ਇਸ ਸੈੱਸ ਦਾ ਆਮ ਖਪਤਕਾਰਾਂ ਤੇ ਬੋਝ ਨਹੀਂ ਪਵੇਗਾ, ਕਿਉਂਕਿ ਇਸ ਲਈ ਸਰਕਾਰ ਨੇ ਬਰਾਮਦ ਕਰ ਅਤੇ ਕਸਟਮ ਡਿਊਟੀ ਵਿਚ ਕਟੌਤੀ ਕਰ ਦਿੱਤੀ ਹੈ ਪਰ ਇੱਥੇ ਦੋ ਪੱਖ ਧਿਆਨ ਦੇਣ ਵਾਲੇ ਹਨ। ਇੱਕ ਤਾਂ ਇਹ ਕਿ ਸੈੱਸ ਤੋਂ ਹੋਣ ਵਾਲੀ ਕਮਾਈ ਕੇਵਲ ਕੇਂਦਰੀ ਖਜ਼ਾਨੇ ਵਿਚ ਜਾਂਦੀ ਹੈ ਅਤੇ ਰਾਜਾਂ ਨੂੰ ਸੈੱਸ ਦੁਆਰਾ ਇਕੱਠੀ ਕੀਤੀ ਰਕਮ ਦਾ ਕੋਈ ਹਿੱਸਾ ਪ੍ਰਾਪਤ ਨਹੀਂ ਹੁੰਦਾ। ਇਸ ਕਾਰਨ ਆਉਣ ਵਾਲੇ ਸਮੇਂ ਵਿਚ ਸੂਬਾਈ ਸਰਕਾਰਾਂ ਆਪਣੇ ਅਧਿਕਾਰ ਖੇਤਰ ਵਿਚ ਆਉਣ ਵਾਲੀਆਂ ਮਦਾਂ ਉੱਤੇ ਹੋਰ ਟੈਕਸ ਵਧਾਉਣਗੀਆਂ ਜਿਸ ਨਾਲ ਆਮ ਆਦਮੀ ਨੂੰ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ। ਦੂਜਾ, ਕੇਂਦਰ ਸਰਕਾਰ ਹੁਣ ਤਾਂ ਭਾਵੇਂ ਆਬਕਾਰੀ ਕਰ ਘਟਾ ਕੇ ਖਪਤਕਾਰਾਂ ਨੂੰ ਪੈਟਰੋਲ ਤੇ ਡੀਜ਼ਲ ਤੇ ਆਰਜ਼ੀ ਰਾਹਤ ਦੇ ਰਹੀ ਹੈ ਪਰ ਇਸ ਦਾ ਅਸਰ ਤੇਲ ਮਾਰਕੀਟਿੰਗ ਕੰਪਨੀਆਂ ਦੇ ਮੁਨਾਫਿਆਂ ਤੇ ਪਵੇਗਾ।

ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਮੌਜੂਦਾ ਬਜਟ ਇਕ ਵਾਰ ਫਿਰ ਕੇਵਲ ਅੰਕੜਿਆਂ ਦੀ ਹੀ ਜਾਦੂਗਰੀ ਹੈ। ਆਮ ਜਨਤਾ ਦੀ ਭਲਾਈ ਵਾਸਤੇ ਚੁੱਕੇ ਜਾਣ ਵਾਲੇ ਕਦਮਾਂ ਦੀ ਥਾਂ, ਕਾਰਪੋਰੇਟਾਂ ਨੂੰ ਹੀ ਖੁਸ਼ ਕੀਤਾ ਜਾ ਰਿਹਾ ਹੈ। ਜੇ ਆਉਣ ਵਾਲੇ ਵਿੱਤੀ ਸਾਲ ਦੌਰਾਨ ਸਰਕਾਰ ਆਪਣੀ ਸੋਚ ਵਿਚ ਕੋਈ ਸੋਧ ਨਹੀਂ ਕਰਦੀ ਤਾਂ ਆਮ ਆਦਮੀ ਨੂੰ ਬੇਰੁਜ਼ਗਾਰੀ, ਗਰੀਬੀ, ਅਸਮਾਨਤਾ ਅਤੇ ਮਹਿੰਗਾਈ ਦੀ ਹੋਰ ਵੱਧ ਮਾਰ ਝੱਲਣੀ ਪਵੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਫਰਵਰੀ 2021*

## ਕਿਸਾਨ ਅੰਦੋਲਨ ਦਾ ਭਵਿੱਖ

ਹਰਿਆਣਾ ਅਤੇ ਉਤਰ ਪ੍ਰਦੇਸ਼ ਵਿਚ ਵੱਡੀਆਂ ਮਹਾਂ ਪੰਚਾਇਤਾਂ ਦੇ ਬਾਵਜੂਦ ਮੋਦੀ ਸਰਕਾਰ ਇਹ ਸਿੱਧ ਕਰਨ 'ਤੇ ਲੱਗੀ ਹੋਈ ਹੈ ਕਿ ਕਿਸਾਨਾਂ ਦਾ ਸੰਘਰਸ਼ ਸਿਰਫ ਇਕ ਸੂਬੇ, ਭਾਵ ਪੰਜਾਬ ਤੱਕ ਹੀ ਸੀਮਤ ਹੈ। ਇਹ ਠੀਕ ਹੈ ਕਿ ਇਸ ਇਤਿਹਾਸਕ ਕਿਸਾਨ ਘੋਲ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਸੀ ਅਤੇ ਇਸ ਸੰਘਰਸ ਨੂੰ ਕੌਮੀ ਪੱਧਰ 'ਤੇ ਲਿਜਾਣ ਲਈ ਪੰਜਾਬ ਦੇ ਕਿਸਾਨ ਆਗੂਆਂ ਅਤੇ ਜਥੇਬੰਦੀਆਂ ਦਾ ਵੱਡਾ ਯੋਗਦਾਨ ਹੈ ਪਰ ਜੇ ਇਸ ਕਿਸਾਨ ਸੰਘਰਸ਼ ਉਤੇ ਸਮੁੱਚੇ ਰੂਪ ਵਿਚ ਨਿਗ੍ਹਾ ਮਾਰੀ ਜਾਵੇ ਤਾਂ ਭਲੀਭਾਂਤ ਸਾਬਤ ਹੋ ਜਾਂਦਾ ਹੈ ਕਿ ਇਸ ਅੰਦੋਲਨ ਨੂੰ ਭਖਾਉਣ ਲਈ ਹਰਿਆਣਾ ਅਤੇ ਉਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਦੇ ਲੋਕਾਂ ਅਤੇ ਕਿਸਾਨਾਂ ਦਾ ਕੋਈ ਘੱਟ ਯੋਗਦਾਨ ਨਹੀਂ ਹੈ। ਅਸਲ ਵਿਚ ਸਰਕਾਰ ਮੁੱਢ ਤੋਂ ਇਸ ਘੋਲ ਨੂੰ ਪੰਜਾਬ ਤੱਕ ਸੀਮਤ ਦੱਸ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਦਰਕਿਨਾਰ ਕਰਨਾ ਚਾਹੁੰਦੀ ਹੈ ਅਤੇ ਇਹ ਸਾਬਤ ਕਰਨ ਲਈ ਇਸ ਨੇ ਆਪਣੀ ਪੂਰੀ ਤਾਕਤ ਝੋਕੀ ਹੋਈ ਹੈ। ਇਸੇ ਲਈ ਬਹੁਤੇ ਸਿਆਸੀ ਵਿਸ਼ਲੇਸ਼ਕ 26 ਜਨਵਰੀ ਵਾਲੀ ਘਟਨਾ ਨੂੰ ਇਸ ਕਿਸਾਨ ਘੋਲ ਦੇ ਵਿਰੋਧ ਵਿਚ ਹੋਈ ਘਟਨਾ ਮੰਨ ਰਹੇ ਹਨ। ਇਨ੍ਹਾਂ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਦਿੱਲੀ ਦੇ ਬਾਰਡਰਾਂ ਉਤੇ ਬੈਠੇ ਕਿਸਾਨਾਂ ਵਿਚੋਂ ਬਹੁ-ਗਿਣਤੀ ਭਾਵੇਂ ਸਿੱਖ ਕਿਸਾਨਾਂ ਦੀ ਹੈ ਪਰ ਲਾਲ ਕਿਲ੍ਹੇ ਉਤੇ ਝੰਡਾ ਝੁਲਾਉਣਾ ਕਿਸਾਨ ਅੰਦੋਲਨ ਦਾ ਮੁੱਖ ਏਜੰਡਾ ਨਹੀਂ ਸੀ। ਇਸੇ ਕਰ ਕੇ ਕਿਸਾਨ ਲੀਡਰ ਵਾਰ-ਵਾਰ ਆਖ ਰਹੇ ਹਨ ਕਿ ਉਨ੍ਹਾਂ ਦੀਆਂ ਮੰਗਾਂ ਮੁਲਕ ਦੇ ਸਭ ਕਿਸਾਨਾਂ ਦੀਆਂ ਮੰਗਾਂ ਹਨ ਅਤੇ ਉਨ੍ਹਾਂ ਉਹ ਇਨ੍ਹਾਂ ਮੰਗਾਂ ਦੀ ਪੂਰਤੀ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੇ।

ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ ਉਤੇ ਬੈਠਿਆਂ ਨੂੰ ਤਿੰਨ ਮਹੀਨੇ ਹੋਣ ਵਾਲੇ ਹਨ ਪਰ ਸਰਕਾਰ ਨੇ ਅਜੇ ਤੱਕ ਕੋਈ ਲੜ-ਪੱਲਾ ਨਹੀਂ ਫੜਾਇਆ ਬਲਕਿ ਇਹ ਇਸ ਅੰਦੋਲਨ ਨੂੰ ਲਮਕਾ ਕੇ ਫੇਲ੍ਹ ਕਰਨ ਦੀਆਂ ਚਾਲਾਂ ਚੱਲ ਰਹੀ ਹੈ। ਹੁਣ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸਾਫ ਕਹਿ ਦਿੱਤਾ ਹੈ ਕਿ ਖੇਤੀ ਕਾਨੂੰਨ ਛੋਟੇ ਕਿਸਾਨਾਂ ਦੇ ਹੱਕਾਂ ਲਈ ਲਿਆਂਦੇ ਗਏ ਹਨ, ਇਹ ਕਿਸੇ ਵੀ ਸੂਰਤ ਵਿਚ ਵਾਪਸ ਨਹੀਂ ਲਏ ਜਾਣਗੇ। ਇਸ ਕਰ ਕੇ ਹੁਣ ਕਿਸਾਨ ਆਗੂਆਂ ਅਤੇ ਜਥੇਬੰਦੀਆਂ ਲਈ ਸੋਚਣ ਵਾਲੀ ਘੜੀ ਹੈ। ਇਹ ਸਮਾਂ ਬੇਹੱਦ ਨਾਜ਼ੁਕ ਹੈ ਕਿ 26 ਜਨਵਰੀ ਵਾਲੀ ਘਟਨਾ ਦੇ ਪ੍ਰਸੰਗ ਵਿਚ ਸੰਯੁਕਤ ਕਿਸਾਨ ਮੋਰਚੇ ਵਿਚ ਕੁਝ ਮੱਤਭੇਦ ਵੀ ਉਭਰ ਕੇ ਸਾਹਮਣੇ ਆਏ ਹਨ। ਅਸਲ ਵਿਚ ਸਰਕਾਰ ਇਹੀ ਕੁਝ ਉਡੀਕ ਰਹੀ ਹੈ। 26 ਜਨਵਰੀ ਵਾਲੀਆਂ ਘਟਨਾਵਾਂ ਤੋਂ ਬਾਅਦ ਵੱਖ-ਵੱਖ ਲੀਡਰਾਂ ਨੇ ਅੰਦੋਲਨ ਨੂੰ ਮੁੜ ਪੈਰਾਂ ਸਿਰ ਕਰਨ ਦਾ ਯਤਨ ਕੀਤਾਂ ਤਾਂ ਹੈ ਪਰ ਕੁਝ ਧਿਰਾਂ ਅਜੇ ਵੀ ਪੁਰਾਣੀ ਮੁਹਾਰਨੀ ਦੀ ਹੀ ਰਟ ਲਾ ਰਹੀਆਂ ਹਨ। 26 ਵਾਲੀ ਘਟਨਾ ਕਾਰਨ ਸੰਯੁਕਤ ਮੋਰਚੇ ਨੇ ਦੋ ਕਿਸਾਨ ਜਥੇਬੰਦੀਆਂ ਨੂੰ ਮੋਰਚੇ ਵਿਚੋਂ ਮੁਅੱਤਲ ਕਰ ਦਿੱਤਾ ਸੀ। ਇਹ ਮੁਅੱਤਲੀ ਤਾਂ ਭਾਵੇਂ 27 ਜਨਵਰੀ ਨੂੰ ਕਰ ਦਿੱਤੀ ਗਈ ਸੀ ਪਰ ਬਾਹਰ ਨਸ਼ਰ ਨਹੀਂ ਸੀ ਕੀਤੀ ਗਈ। ਇਸ ਲਈ ਸਭ ਤੋਂ ਵੱਡਾ ਕਾਰਜ ਮੋਰਚੇ ਨੂੰ ਇਕਜੁੱਟ ਰੱਖਣ ਦਾ ਹੈ। ਇਸ ਨੂੰ ਇਕਜੁੱਟ ਰੱਖਣ ਲਈ ਮੋਰਚੇ ਨੂੰ ਸਿਰਫ ਕਿਸਾਨ ਮੰਗਾਂ ਤੱਕ ਸੀਮਤ ਰੱਖਣਾ ਸਭ ਤੋਂ ਵੱਧ ਜ਼ਰੂਰੀ ਹੈ। ਹੋਰ ਮਸਲਿਆਂ ਬਾਰੇ ਵਿਚਾਰ ਚਰਚਾ ਜਾਂ ਸਰਗਰਮੀ ਵੱਖਰੇ ਰੂਪ ਵਿਚ ਕੀਤੀ ਜਾ ਸਕਦੀ ਹੈ ਪਰ ਫਿਲਹਾਲ ਕਿਸਾਨ ਮੰਗਾਂ ਨੂੰ ਹੀ ਕੇਂਦਰ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿਉਂਕਿ ਹੋਰ ਮੰਗਾਂ ਕਾਰਨ ਜੇ ਵੱਖ-ਵੱਖ ਧਿਰਾਂ ਵਿਚਕਾਰ ਮੱਤਭੇਦ ਹੋਰ ਉਭਰਦੇ ਹਨ ਤਾਂ ਸਰਕਾਰ ਬਹਾਨਾ ਬਣਾ ਕੇ ਇਸ ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਦਾ ਯਤਨ ਕਰ ਸਕਦੀ ਹੈ।

ਇਸ ਵਕਤ ਦੋਵੇਂ ਧਿਰਾਂ - ਸਰਕਾਰ ਅਤੇ ਕਿਸਾਨ, ਆਪੋ-ਆਪਣੇ ਪੈਂਤੜੇ 'ਤੇ ਡਟੇ ਹੋਏ ਹਨ। ਇਸ ਲਈ ਸੰਘਰਸ਼ ਵਿਚ ਆਪੋ-ਆਪਣਾ ਯੋਗਦਾਨ ਪਾ ਰਹੀਆਂ ਧਿਰਾਂ ਨੂੰ ਹੁਣ ਬਹੁਤ ਫੂਕ-ਫੂਕ ਕੇ ਅਗਲੇ ਕਦਮ ਉਠਾਉਣੇ ਪੈਣਗੇ। ਬਿਨਾਂ ਸ਼ੱਕ, ਸਰਕਾਰ ਮੌਕਾ ਹੀ ਭਾਲ ਰਹੀ ਹੈ ਅਤੇ 26 ਜਨਵਰੀ ਨੂੰ ਇਸ ਨੇ ਮੌਕਾ ਮਿਲਦਿਆਂ ਹੀ ਕਿਸਾਨ ਸੰਘਰਸ਼ ਨੂੰ ਹੋਰ ਹੀ ਰੂਪ ਵਿਚ ਢਾਲਣ ਦਾ ਪੂਰਾ ਟਿੱਲ ਲਾ ਦਿੱਤਾ। ਇਸ ਲਈ ਹੁਣ ਸਭ ਤੋਂ ਪਹਿਲਾਂ 26 ਜਨਵਰੀ ਵਾਲੀ ਘਟਨਾ ਦੇ ਵੱਖ-ਵੱਖ ਪੱਖਾਂ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ ਅਤੇ ਯਤਨ ਕਰਨਾ ਚਾਹੀਦਾ ਹੈ ਕਿ ਅਜਿਹੀ ਨੌਬਤ ਫਿਰ ਨਾ ਆਵੇ। ਇਸ ਇਤਿਹਾਸਕ ਘੋਲ ਉਤੇ ਸਮੁੱਚੇ ਸੰਸਾਰ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਇਹ ਠੀਕ ਹੈ ਕਿ ਵੱਖ-ਵੱਖ ਧਿਰਾਂ ਇਸ ਅੰਦੋਲਨ ਵਿਚ ਆਪਣੇ ਲਈ ਲਾਹੇ ਦੀ ਤਵੱਕੋ ਵੀ ਰੱਖ ਰਹੀਆਂ ਹਨ ਪਰ ਸੰਘਰਸ਼ ਦੇ ਇਸ ਮੋੜ ਉਤੇ ਪੁੱਜ ਕੇ ਇਹ ਸਮਝਣਾ ਜ਼ਰੂਰੀ ਹੈ ਕਿ ਆਪੋ-ਆਪਣੀ ਸਿਆਸਤ ਕਾਰਨ ਇਹ ਕਿਸਾਨ ਸੰਘਰਸ਼ ਦਾ ਕੋਈ ਹਰਜਾ ਨਾ ਹੋਵੇ। ਫਿਲਹਾਲ ਸਭ ਧਿਰਾਂ ਨੂੰ ਕਿਸਾਨ ਆਗੂ ਜੋ ਇਸ ਘੋਲ ਦੀ ਅਗਵਾਈ ਕਰ ਰਹੇ ਹਨ, ਨੂੰ ਮੌਕਾ ਦੇਣਾ ਚਾਹੀਦਾ ਹੈ। ਕੁਝ ਲੋਕ ਬਹੁਤ ਚਿਰ ਤੋਂ ਇਨ੍ਹਾਂ ਆਗੂਆਂ ਬਾਰੇ ਬੇਭਰੋਸਗੀ ਜ਼ਾਹਿਰ ਕਰ ਰਹੇ ਹਨ ਪਰ ਇਨ੍ਹਾਂ ਲੋਕਾਂ ਦਾ ਇਕ ਵੀ ਖਦਸ਼ਾ ਅਜੇ ਤੱਕ ਸੱਚ ਸਾਬਤ ਨਹੀਂ ਹੋਇਆ। ਪਹਿਲਾਂ-ਪਹਿਲ ਇਹ ਗੱਲ ਪ੍ਰਚਾਰੀ ਗਈ ਸੀ ਕਿ ਅੰਦੋਲਨ ਤਾਂ ਚੋਟੀ 'ਤੇ ਪੁੱਜ ਜਾਂਦਾ ਹੈ ਪਰ ਮੇਜ਼ 'ਤੇ ਗੱਲਬਾਤ ਦੌਰਾਨ ਸਾਡੇ ਲੀਡਰ ਮਾਰ ਖਾ ਜਾਂਦੇ ਹਨ ਪਰ ਕਿਸਾਨ ਆਗੂਆਂ ਨੇ ਸਰਕਾਰੀ ਧਿਰ ਨਾਲ ਚੱਲੀ ਗੱਲਬਾਤ ਦੌਰਾਨ ਇਹ ਸਾਬਤ ਕਰ ਦਿਖਾਇਆ ਕਿ ਇਹ ਕਾਨੂੰਨ ਕਿਸਾਨੀ ਦੇ ਪੱਖ ਵਿਚ ਨਹੀਂ ਹਨ, ਇਸੇ ਕਰ ਕੇ ਹੀ ਤਾਂ ਸਰਕਾਰ ਇਨ੍ਹਾਂ ਕਾਨੂੰਨਾਂ ਵਿਚ ਸੋਧ ਲਈ ਤਿਆਰ ਹੋਈ। ਇਸ ਲਈ ਹੁਣ ਇਸ ਅੰਦੋਲਨ 'ਤੇ ਸਿਆਸਤ ਨਹੀਂ ਬਲਕਿ ਸਰਗਰਮੀ ਹੋਣੀ ਚਾਹੀਦੀ ਹੈ। ਸਿਰਫ ਦਿੱਲੀ ਹੀ ਨਹੀਂ, ਜਿਥੋਂ ਇਹ ਸੰਘਰਸ਼ ਉਠਿਆ ਹੈ, ਭਾਵ ਪਿੰਡਾਂ-ਕਸਬਿਆਂ ਵਿਚ ਵੀ ਸਰਗਰਮੀ ਦੀ ਝੜੀ ਲੱਗਣੀ ਚਾਹੀਦੀ ਹੈ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਅੰਦੋਲਨ ਦਾ ਹਿੱਸਾ ਬਣ ਸਕਣ। ਮੋਦੀ ਸਰਕਾਰ ਜਿਨ੍ਹਾਂ ਨੀਤੀਆਂ ਉਤੇ ਚੱਲ ਰਹੀ ਹੈ, ਉਸ ਦਾ ਇਕੋ-ਇਕ ਤੋੜ ਵੱਡੀ ਤੋਂ ਵੱਡੀ ਲਾਮਬੰਦੀ ਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਿੱਲਾਂ ਦਾ ਕਬਿੱਤ!*

ਹੌਸਲੇ ਵਧਾਏ ਨੇ ਅੰਬਾਨੀਆਂ-ਅਡਾਨੀਆਂ ਦੇ, ਦੇਸ਼ ਨੂੰ ਲੁਟਾਉਂਦੇ 'ਚੌਕੀਦਾਰ' ਵਾਲੀ ਢਿੱਲ ਨੇ।
ਖੁਲ੍ਹੇ ਆਸਮਾਨ ਠੰਢ ਵਿਚ ਲੋਕੀ ਸੜਕਾਂ 'ਤੇ, ਹਾਕਮਾਂ ਦੀ ਛਾਤੀ ਵਿਚ ਦਿਲ ਨਹੀਉਂ ਸਿੱਲ ਨੇ।
ਜ਼ੁਲਮੋ-ਸਿਤਮ ਢਾਹੁਣ ਵਾਲੇ ਅਗਿਆਨੀ ਲੋਕ, ਲੋਕ-ਘੋਲਾਂ ਵਾਲੇ ਇਤਿਹਾਸ ਪੱਖੋਂ 'ਨਿੱਲ' ਨੇ।
ਅੰਦਰੋਂ ਹੁਕਮਰਾਨ 'ਹਿੱਲੇ ਹੁੰਦੇ' ਜਾਣਿਉਂ ਜੀ, ਕਾਫਲੇ ਵਿਰੋਧ ਵਿਚ ਜਦੋਂ ਪੈਣ ਠਿੱਲ੍ਹ ਜੀ।
ਭੰਡੀ-ਪ੍ਰਚਾਰ ਦਾ ਮੂੰਹ-ਤੋੜਵਾਂ ਜਵਾਬ ਦਿੰਦੇ, ਜਾਪਦਾ ਕਿਸਾਨਾਂ ਹੁਣ ਕੱਢਣੇ ਕੜਿੱਲ ਨੇ।
ਠੋਕੇ ਤਾਨਾਸ਼ਾਹੀ ਜਾਣੋ ਆਪਣੇ ਕਫਨ ਵਿਚ, ਕਿਰਤੀ ਕਿਸਾਨਾਂ ਦੁਆਲੇ ਗੱਡੇ ਜਿਹੜੇ ਕਿੱਲ ਨੇ!

# ਨੌਦੀਪ ਕੌਰ ਬਾਰੇ ਖਾਮੋਸ਼ੀ ਦੇ ਮਾਇਨੇ

**ਬੂਟਾ ਸਿੰਘ**
ਫੋਨ: +91-94634-74342

ਹਾਲ ਹੀ ਵਿਚ ਕੌਮਾਂਤਰੀ ਪੱਧਰ 'ਤੇ ਚਰਚਾ ਹੋਣ ਕਾਰਨ ਮਜ਼ਦੂਰ ਕਾਰਕੁਨ ਨੌਦੀਪ ਕੌਰ ਨਾਲ ਵਧੀਕੀ ਦਾ ਭਾਰਤ ਦੀਆਂ ਜਮਹੂਰੀ ਤਾਕਤਾਂ ਨੂੰ ਵੀ ਨੋਟਿਸ ਲੈਣਾ ਪਿਆ ਹੈ। 'ਦੇਰ ਆਇਦ ਦਰੁਸਤ ਆਇਦ' ਅਨੁਸਾਰ ਉਸ ਦੀ ਰਿਹਾਈ ਲਈ ਆਵਾਜ਼ ਉਠਣੀ ਸ਼ੁਰੂ ਹੋ ਗਈ ਹੈ। ਕੇਂਦਰੀ ਸਿੰਘ ਸਭਾ, ਚੰਡੀਗੜ੍ਹ ਨੇ ਉਸ ਦੇ ਮਾਮਲੇ ਦੀ ਪੈਰਵਾਈ ਕਰਨ ਅਤੇ ਪਰਿਵਾਰ ਦੀ ਵਿਤੀ ਮੱਦਦ ਕਰਨ ਦੀ ਜ਼ਿੰਮੇਵਾਰੀ ਓਟੀ ਹੈ। ਉਘੇ ਵਕੀਲਾਂ ਵੱਲੋਂ ਉਸ ਦੀ ਜ਼ਮਾਨਤ ਲਈ ਕਾਨੂੰਨੀ ਚਾਰਾਜੋਈ ਕਰਨ ਦੀਆਂ ਖਬਰਾਂ ਹਨ। ਹਾਲਾਂਕਿ ਗ੍ਰਿਫਤਾਰੀ ਸਿੰਘੂ ਹੱਦ ਉਪਰ ਹੋਈ ਸੀ, ਲੇਕਿਨ ਸੰਯੁਕਤ ਕਿਸਾਨ ਮੋਰਚੇ ਨੇ ਤਿੰਨ ਹਫਤੇ ਤੱਕ ਇਸ ਦੀ ਨਿਖੇਧੀ ਨਹੀਂ ਕੀਤੀ। ਸਾਂਝੇ ਰੂਪ ਵਿਚ ਨਾ ਸਹੀ, ਕਿਸਾਨ ਜਥੇਬੰਦੀਆਂ ਦੇ ਆਗੂ ਆਪਣੇ ਤੌਰ 'ਤੇ ਗ੍ਰਿਫਤਾਰੀ ਵਿਰੁੱਧ ਆਵਾਜ਼ ਉਠਾ ਸਕਦੇ ਸਨ। ਉਹ ਸਾਰੇ ਖਾਮੋਸ਼ ਰਹੇ। ਕੁਝ ਨਿਆਂਪਸੰਦ ਲੋਕਾਂ ਦੀ ਪਹਿਲਕਦਮੀ, ਖਾਸ ਕਰ ਕੇ ਅਮਰੀਕਨ ਉਪ-ਰਾਸ਼ਟਰਪਤੀ ਕਮਲਾ ਹੈਰਿਸ ਦੀ ਭਣੇਵੀਂ ਮੀਨਾ ਹੈਰਿਸ ਦੀ ਟਵੀਟ ਨਾਲ ਇਹ ਮਾਮਲਾ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਆ ਗਿਆ। ਭਾਰਤੀ ਹੁਕਮਰਾਨ ਕਸੂਤੀ ਹਾਲਤ 'ਚ ਘਿਰ ਗਏ ਹਨ ਜੋ ਆਲਮੀ ਜਵਾਬਦੇਹੀ ਤੋਂ ਬਚਣ ਲਈ 'ਅੰਦਰੂਨੀ ਮਾਮਲਾ ਹੈ' ਦੀ ਘਸੀਪਿਟੀ ਦਲੀਲ ਦੇਣ 'ਚ ਰੁੱਝਾ ਯਕੀਨ ਰੱਖਦੇ ਹਨ। ਭਗਵੇਂ ਬ੍ਰਿਗੇਡ ਦੇ ਸੱਜੇ ਪੱਖੀ ਜੋਟੀਦਾਰਾਂ ਨੂੰ ਛੱਡ ਕੇ ਬਾਕੀ ਜ਼ਿਆਦਾਤਰ ਦੁਨੀਆ ਨੇ ਇਸ ਜਾਅਲੀ ਲੋਕਤੰਤਰ ਦਾ ਅਸਲ ਚਿਹਰਾ ਇਕ ਵਾਰ ਫਿਰ ਚੰਗੀ ਤਰ੍ਹਾਂ ਦੇਖ-ਸਮਝ ਲਿਆ ਹੈ।

ਹੁਣ ਆਵਾਜ਼ ਉਠਣਾ ਚੰਗੀ ਗੱਲ ਹੈ ਲੇਕਿਨ ਡੂੰਘੀ ਚਿੰਤਾ ਦੀ ਗੱਲ ਇਹ ਹੈ ਕਿ ਲੋਕ ਹਿਤਾਂ ਲਈ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੇ ਆਗੂ ਵੀ ਕਈ ਬੇਹੱਦ ਗੰਭੀਰ ਮਾਮਲਿਆਂ ਦਾ ਨੋਟਿਸ ਨਹੀਂ ਲੈਂਦੇ ਅਤੇ ਲੋਕ ਹਿਤਾਂ ਲਈ ਜੂਝਣ ਵਾਲੇ ਕਾਰਕੁਨ ਨਿਖੇੜੇ ਦੀ ਹਾਲਤ 'ਚ ਸਟੇਟ ਦੇ ਹਮਲਿਆਂ ਦਾ ਸੰਤਾਪ ਝੱਲਦੇ ਰਹਿੰਦੇ ਹਨ। ਜਮਹੂਰੀ ਹੱਕਾਂ ਦੇ ਕਾਰਕੁਨ ਦੀ ਹੈਸੀਅਤ ਵਿਚ ਮੈਂ ਤੁਰੰਤ 13 ਜਨਵਰੀ ਦੀ ਸਵੇਰ ਨੂੰ ਨੌਦੀਪ ਕੌਰ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਸੋਸ਼ਲ ਮੀਡੀਆ ਉਪਰ ਪੋਸਟ ਪਾਈ ਜਿਸ ਨੂੰ 248 ਲੋਕਾਂ ਨੇ ਅੱਗੇ ਸ਼ੇਅਰ ਕੀਤਾ ਅਤੇ 358 ਲੋਕਾਂ ਨੇ ਇਸ ਉਪਰ ਕੁਮੈਂਟ ਕਰ ਕੇ ਗ੍ਰਿਫਤਾਰੀ ਦਾ ਵਿਰੋਧ ਵੀ ਕੀਤਾ; ਲੇਕਿਨ ਜਿੰਨੀ ਸ਼ਿੱਦਤ ਅਤੇ ਗੰਭੀਰਤਾ ਨਾਲ ਇਹ ਮਾਮਲਾ ਉਠਾ ਕੇ ਉਸ ਦੀ ਰਿਹਾਈ ਲਈ ਮੁਹਿੰਮ ਲਾਮਬੰਦੀ ਹੋਣੀ ਚਾਹੀਦੀ ਸੀ, ਉਹ ਗੰਭੀਰਤਾ ਨਹੀਂ ਦਿਖਾਈ ਗਈ। ਕਹਾਣੀ ਸੋਸ਼ਲ ਮੀਡੀਆ ਉਪਰ ਹੀ ਖਤਮ ਹੋ ਗਈ। ਕਿਸਾਨ ਜਥੇਬੰਦੀਆਂ ਦੀ ਤਾਂ ਗੱਲ ਛੱਡੋ, ਮਜ਼ਦੂਰ ਜਥੇਬੰਦੀਆਂ ਨੇ ਵੀ ਇਸ ਦਾ ਬਾਕਾਇਦਾ ਨੋਟਿਸ ਲੈ ਕੇ ਮਾਮਲਾ ਹੱਥ ਵਿਚ ਨਹੀਂ ਲਿਆ। ਅੱਜ ਜਿਨ੍ਹਾਂ ਹਿੱਸਿਆਂ ਨੇ ਇਸ ਮਾਮਲੇ ਨੂੰ ਕਿਸਾਨ ਆਗੂਆਂ ਨੂੰ ਭੰਡਣ ਦਾ ਮੁੱਦਾ ਬਣਾਇਆ ਹੋਇਆ ਹੈ, ਜੋ ਹਰ ਮਾਮਲੇ ਨੂੰ ਕਮਿਊਨਿਸਟਾਂ ਉਪਰ ਹਮਲਾ ਕਰਨ ਦਾ ਬਹਾਨਾ ਬਣਾਉਣ ਦੀ ਤਾਕ 'ਚ ਬੈਠੇ ਰਹਿੰਦੇ ਹਨ, ਇਸ ਸਾਰੇ ਸਮੇਂ ਦੌਰਾਨ ਉਹ ਖੁਦ ਵੀ ਖਾਮੋਸ਼ ਰਹੇ।

ਨੌਦੀਪ ਕੌਰ ਜ਼ਿਲ੍ਹਾ ਮੁਕਤਸਰ ਦੇ ਪਿੰਡ ਗੰਧੜ ਦੇ ਦਲਿਤ ਕਿਰਤੀ ਪਰਿਵਾਰ ਦੀ ਜਾਈ ਹੈ। ਪਰਿਵਾਰ ਦਾ ਹੱਥ ਵਟਾਉਣ ਦੇ ਨਾਲ-ਨਾਲ ਉਹ ਦਿੱਲੀ ਯੂਨੀਵਰਸਿਟੀ ਵਿਚ ਅੱਗੇ ਪੜ੍ਹਾਈ ਕਰਨਾ ਚਾਹੁੰਦੀ ਹੈ। ਉਸ ਦਾ ਬਾਕੀ ਪਰਿਵਾਰ ਵੀ ਸਮਾਜਿਕ ਹਿਤਾਂ ਅਤੇ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਦੋ ਭੈਣਾਂ ਵਿਦਿਆਰਥੀ ਜਥੇਬੰਦੀਆਂ ਵਿਚ ਸਰਗਰਮ ਆਗੂ ਹਨ ਅਤੇ ਉਸ ਦੇ ਮਾਤਾ ਜੀ ਗੰਧੜ ਬਲਾਤਕਾਰ ਕਾਂਡ ਦੇ ਦੋਸ਼ੀਆਂ ਨੂੰ ਜੇਲ੍ਹ ਭਿਜਵਾਉਣ ਲਈ ਸੰਘਰਸ਼ ਵਿਚ ਜੇਲ੍ਹ ਜਾ ਚੁੱਕੇ ਹਨ। ਨੌਦੀਪ ਕੌਰ +2 ਕਰਨ ਤੋਂ ਬਾਅਦ ਦਿੱਲੀ ਦੇ ਕੁੰਡਲੀ ਸਨਅਤੀ ਖੇਤਰ ਵਿਚ ਬਲਬ ਬਣਾਉਣ ਵਾਲੀ ਐਫ.ਆਈ.ਈ.ਐਮ. ਇੰਡਸਟਰੀਜ਼ ਵਿਚ ਨੌਕਰੀ ਕਰਦੀ ਸੀ। ਮਜ਼ਦੂਰ ਅਧਿਕਾਰ ਲਹਿਰ ਵਿਚ ਸਰਗਰਮ ਹੋਣ ਕਾਰਨ ਉਸ ਨੂੰ ਚਾਰ ਮਹੀਨੇ ਬਾਦ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਜਦ ਖੇਤੀ ਕਾਨੂੰਨ ਰੱਦ ਕਰਾਉਣ ਲਈ ਮਹਾਂ ਅੰਦੋਲਨ ਨੇ ਦਿੱਲੀ ਦੀਆਂ ਹੱਦਾਂ ਉਪਰ ਮੋਰਚੇ ਮੱਲ ਲਏ ਤਾਂ ਨੌਦੀਪ ਕੌਰ ਵੀ ਪਿੱਛੇ ਨਾ ਰਹੀ। ਉਸ ਨੇ ਆਪਣੇ ਸਾਥੀਆਂ ਸਮੇਤ ਕੁੰਡਲੀ ਖੇਤਰ ਦੇ ਮਜ਼ਦੂਰਾਂ ਨੂੰ ਮਹਾਂ ਅੰਦੋਲਨ ਦੀ ਹਮਾਇਤ 'ਚ ਲਾਮਬੰਦ ਕਰਨ ਲਈ ਮੁਹਿੰਮ ਚਲਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਯਤਨਾਂ ਨਾਲ ਮਜ਼ਦੂਰਾਂ ਦੇ ਕਾਫਲੇ ਸਿੰਘੂ ਹੱਦ ਉਪਰ ਇਤਿਹਾਸਕ ਸੰਘਰਸ਼ ਵਿਚ ਲਗਾਤਾਰ ਹਿੱਸਾ ਲੈ ਰਹੇ ਸਨ। ਨਾਲ ਦੀ ਨਾਲ ਨੌਦੀਪ ਕੌਰ ਫੈਕਟਰੀ ਮਾਲਕਾਂ ਦੀਆਂ ਮਨਮਾਨੀਆਂ ਅਤੇ ਮਜ਼ਦੂਰਾਂ ਦੇ ਸੋਸ਼ਣ ਵਿਰੁੱਧ ਆਵਾਜ਼ ਉਠਾ ਰਹੀ ਸੀ। ਸਿੰਘੂ ਹੱਦ ਉਪਰ ਉਨ੍ਹਾਂ ਨੇ ਵੀ ਆਪਣਾ ਟੈਂਟ ਲਗਾਇਆ ਹੋਇਆ ਸੀ, ਜਿਥੋਂ ਰਾਤ ਸਮੇਂ ਪੁਲਿਸ ਉਸ ਨੂੰ ਅਗਵਾ ਕਰ ਕੇ ਲੈ ਗਈ ਅਤੇ ਜੇਲ੍ਹ ਵਿਚ ਡੱਕ ਦਿੱਤਾ।

ਨੌਦੀਪ ਕੌਰ ਦੀ ਗ੍ਰਿਫਤਾਰੀ 12 ਜਨਵਰੀ 2021 ਦੀ ਰਾਤ ਨੂੰ ਹੋਈ, ਅਗਲੇ ਦਿਨ 'ਸ਼ਹੀਦ ਭਗਤ ਸਿੰਘ ਛਾਤਰ ਏਕਤਾ ਮੰਚ' ਦੇ ਕਾਰਕੁਨਾਂ ਨੇ ਇਹ ਸੂਚਨਾ ਸੋਸ਼ਲ ਮੀਡੀਆ ਉਪਰ ਪਾ ਦਿੱਤੀ ਕਿ ਫੈਕਟਰੀ ਮਾਲਕਾਂ ਦੇ ਗੁੰਡਿਆਂ ਵੱਲੋਂ 2 ਜਨਵਰੀ ਨੂੰ ਸ਼ਰੇਆਮ ਪੁਲਿਸ ਅਧਿਕਾਰੀਆਂ ਦੀ ਸ਼ਹਿ ਨਾਲ ਮਜ਼ਦੂਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਗੋਲੀਆਂ ਚਲਾਈਆਂ ਗਈਆਂ ਸਨ। ਫੈਕਟਰੀ ਮਾਲਕ ਮਜ਼ਦੂਰਾਂ ਦੀਆਂ ਉਜਰਤਾਂ ਨਹੀਂ ਦੇ ਰਹੇ ਸਨ ਅਤੇ ਉਨ੍ਹਾਂ ਦਾ ਬੇਕਿਰਕੀ ਨਾਲ ਸ਼ੋਸ਼ਣ ਕਰ ਰਹੇ ਸਨ। ਕੁੰਡਲੀ ਉਦਯੋਗਿਕ ਐਸੋਸੀਏਸ਼ਨ (ਕੇ.ਆਈ.ਏ.) ਅਤੇ ਮਜ਼ਦੂਰ ਸ਼ੋਸ਼ਣ ਦੀ ਪੁਸ਼ਤਪਨਾਹੀ ਕਰਨ ਵਾਲਾ ਹਰਿਆਣਾ ਪ੍ਰਸ਼ਾਸਨ ਨੌਦੀਪ ਕੌਰ ਅਤੇ ਉਸ ਦੇ ਸਾਥੀਆਂ ਦੀਆਂ ਸਰਗਰਮੀਆਂ ਤੋਂ ਖਫਾ ਸਨ। ਉਨ੍ਹਾਂ ਨੂੰ ਡਰ ਸੀ ਕਿ ਮੌਜੂਦਾ ਮਹਾਂ ਅੰਦੋਲਨ ਦੌਰਾਨ ਮਜ਼ਦੂਰਾਂ ਦੀ ਹੱਕ-ਜਤਾਈ ਕਿਤੇ ਬੜੇ ਪੈਮਾਨੇ ਦਾ ਮਜ਼ਦੂਰ ਅੰਦੋਲਨ ਨਾ ਬਣ ਜਾਵੇ, ਕਿਉਂਕਿ ਮਜ਼ਦੂਰ ਵਰਗ ਵਿਚ ਕਿਰਤ ਕਾਨੂੰਨਾਂ ਵਿਚ ਤਾਜ਼ਾ ਸੋਧਾਂ ਵਿਰੁੱਧ ਬੇਚੈਨੀ ਫੈਲ ਰਹੀ ਹੈ। ਗੁੰਡਿਆਂ ਅਤੇ ਫੈਕਟਰੀ ਮਾਲਕਾਂ ਉਪਰ ਪੁਲਿਸ ਨੇ ਐਫ.ਆਈ.ਆਰ. ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਲਟਾ ਨੌਦੀਪ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਉਪਰ ਪੂਰੀ ਤਰ੍ਹਾਂ ਝੂਠਾ ਕੇਸ ਪਾ ਦਿੱਤਾ ਗਿਆ। ਹੁਣ ਕੁੰਡਲੀ ਇੰਡਸਟ੍ਰੀਅਲ ਐਸੋਸੀਏਸ਼ਨ ਦੇ ਮੁਖੀ ਇਸ ਗੱਲ ਤੋਂ ਹੀ ਮੁੱਕਰ ਗਏ ਹਨ ਕਿ ਨੌਦੀਪ ਕੌਰ ਇਸ ਇਲਾਕੇ ਦੀ ਇਕ ਫੈਕਟਰੀ ਵਿਚ ਕੰਮ ਕਰਦੀ ਸੀ। ਸਰਮਾਏਦਾਰਾ ਲੋਟੂ ਲਾਣਾ ਹੁਣ ਇਸ ਤੋਂ ਅਣਜਾਣਤਾ ਦਾ ਨਾਟਕ ਕਰ ਰਿਹਾ ਹੈ ਕਿ ਨੌਦੀਪ ਕੌਰ ਨਾਲ ਹਿਰਾਸਤ ਵਿਚ ਪੁਲਿਸ ਵੱਲੋਂ ਜਿਨਸੀ ਹਿੰਸਾ ਅਤੇ ਹੋਰ ਵਧੀਕੀਆਂ ਕੀਤੀਆਂ ਗਈਆਂ ਹਨ। ਦੂਜੇ ਪਾਸੇ, ਇਹ ਸ਼ਖਸ ਇਹ ਵੀ ਦਾਅਵਾ ਕਰ ਰਹੇ ਹਨ ਕਿ ਲਾਲ ਝੰਡੇ ਵਾਲੀਆਂ ਯੂਨੀਅਨਾਂ ਫੈਕਟਰੀ ਮਾਲਕਾਂ ਨੂੰ ਪ੍ਰੇਸ਼ਾਨ ਕਰ ਰਹੀਆਂ ਹਨ। ਉਹ ਕਹਿ ਰਹੇ ਹਨ ਕਿ ਜੇ ਫੈਕਟਰੀਆਂ ਵਿਚ ਪ੍ਰਾਈਵੇਟ ਸਕਿਊਰਿਟੀ ਗਾਰਡ ਨਾ ਹੁੰਦੇ ਤਾਂ ਯੂਨੀਅਨ ਆਗੂਆਂ ਨੇ ਮਜ਼ਦੂਰਾਂ ਨੂੰ ਭੜਕਾ ਕੇ ਸਾਡੇ ਸਿਰ ਪੜਵਾ ਦੇਣੇ ਸਨ। ਉਹ ਇਹ ਵੀ ਕਹਿ ਰਹੇ ਹਨ ਕਿ ਨੌਦੀਪ ਕੌਰ ਸ਼ਾਹੀਨ ਬਾਗ ਪ੍ਰਦਰਸ਼ਨਾਂ ਵਿਚ ਵੀ ਹਿੱਸਾ ਲੈਂਦੀ ਸੀ। ਇਹ ਬਿਰਤਾਂਤ ਸਿਰਜ ਕੇ ਉਹ ਮਾਮਲੇ ਨੂੰ ਫਿਰਕੂ ਰੰਗਤ ਦੇਣ ਦੀ ਚਾਲ ਖੇਡ ਰਹੇ ਹਨ।

ਇਸ ਝੂਠੇ ਬਿਰਤਾਂਤ ਤੋਂ ਅਸਲ ਕਹਾਣੀ ਸਮਝੀ ਜਾ ਸਕਦੀ ਹੈ। ਫੈਕਟਰੀ ਮਾਲਕਾਂ ਨੂੰ ਮਜ਼ਦੂਰਾਂ ਦਾ ਆਪਣੇ ਹੱਕਾਂ ਦੀ ਰਾਖੀ ਯੂਨੀਅਨ ਬਣਾਉਣ ਅਤੇ ਇਕੱਠੇ ਹੋਣ ਦੇ ਸੰਵਿਧਾਨਕ ਹੱਕ ਇਸਤੇਮਾਲ ਕਰਨਾ ਬਹੁਤ ਚੁਭਦਾ ਹੈ। ਸਰਮਾਏਦਾਰੀ ਦੀ ਰਾਖੀ ਲਈ ਆਰ.ਐਸ.ਐਸ.-ਭਾਜਪਾ ਸਰਕਾਰ ਨੇ ਪਿਛਲੇ ਮਹੀਨਿਆਂ 'ਚ ਯੂਨੀਅਨ ਬਣਾਉਣ ਅਤੇ ਸੰਘਰਸ਼ ਦਾ ਹੱਕ ਖੋਹਣ ਲਈ ਕਾਨੂੰਨਾਂ ਵਿਚ ਬੇਕਿਰਕ ਰੱਦੋ-ਬਦਲ ਕਰ ਕੇ ਸੰਵਿਧਾਨਕ ਹੱਕ ਨੂੰ ਗੈਰਕਾਨੂੰਨੀ ਬਣਾ ਦਿੱਤਾ ਹੈ। ਜ਼ਮੀਨੀ ਪੱਧਰ 'ਤੇ ਆਰ.ਐਸ.ਐਸ. ਦੀ ਵਿਚਾਰਧਾਰਾ ਕਿਰਤੀ ਜਮਾਤ ਉਪਰ ਹਮਲਾ ਕਰਨ ਦਾ ਮੁੱਖ ਹਥਿਆਰ ਹੈ। ਸੰਘ ਪਰਿਵਾਰ ਦੇ ਟੋਲੇ ਸਰਮਾਏਦਾਰੀ ਦੇ ਗੁੰਡਿਆਂ ਦੀ ਭੂਮਿਕਾ ਨਿਭਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਦਸੰਬਰ 2020 'ਚ ਹਿੰਦੂ ਜਾਗਰਿਤੀ ਮੰਚ ਨਾਂ ਦੇ ਇਕ ਗਰੋਹ ਨੇ ਕੁੰਡਲੀ ਖੇਤਰ ਵਿਚ ਮਜ਼ਦੂਰ ਅਧਿਕਾਰ ਲਹਿਰ ਦੇ ਕਾਰਕੁਨਾਂ ਉਪਰ ਸ਼ਰੇਆਮ ਹਮਲਾ ਕਰ ਕੇ ਮਜ਼ਦੂਰ ਲਾਮਬੰਦੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਸੀ।

ਨੌਦੀਪ ਕੌਰ 12 ਜਨਵਰੀ ਤੋਂ ਬਿਨਾਂ ਜ਼ਮਾਨਤ ਹਿਰਾਸਤ ਵਿਚ ਹੈ ਅਤੇ ਕਰਨਾਲ ਜੇਲ੍ਹ ਵਿਚ ਬੰਦ ਹੈ। ਫੈਕਟਰੀ ਮਾਲਕਾਂ ਅਤੇ ਪੁਲਿਸ ਦੇ ਨਾਪਾਕ ਗੱਠਜੋੜ ਵੱਲੋਂ ਉਸ ਵਿਰੁੱਧ ਤਿੰਨ ਐਫ.ਆਈ.ਆਰ. ਦਰਜ ਕਰਵਾਈਆਂ ਗਈਆਂ ਹਨ। ਉਸ ਉਪਰ ਘਾਤਕ ਹਥਿਆਰ ਰੱਖਣ, ਗੈਰਕਾਨੂੰਨੀ ਇਕੱਠ ਕਰਨ, ਸਰਕਾਰੀ ਅਧਿਕਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣ, ਫਿਰੌਤੀ ਵਸੂਲਣ, ਅਪਰਾਧਿਕ ਧਮਕੀਆਂ ਦੇਣ, ਫੈਕਟਰੀ ਵਿਚ ਗੈਰਕਾਨੂੰਨੀ ਤੌਰ 'ਤੇ ਦਾਖਲ ਹੋਣ ਅਤੇ ਇਰਾਦਾ ਕਤਲ ਦੀਆਂ ਸੰਗੀਨ ਧਾਰਾਵਾਂ ਲਗਾਈਆਂ ਗਈਆਂ ਹਨ ਤਾਂ ਜੋ ਉਹ ਲੰਮਾ ਸਮਾਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਸੜਦੀ ਰਹੇ। ਹੁਣ ਤੱਕ ਉਸ ਦੀ ਜ਼ਮਾਨਤ ਦੀ ਅਰਜ਼ੀ ਸੈਸ਼ਨ ਜੱਜ ਵੱਲੋਂ ਦੋ ਵਾਰ ਰੱਦ ਕੀਤੀ ਜਾ ਚੁੱਕੀ ਹੈ। ਅਦਾਲਤਾਂ ਦੇ ਜੱਜਾਂ ਵੱਲੋਂ ਆਪਣਾ ਦਿਮਾਗ ਵਰਤ ਕੇ ਫੈਸਲੇ ਲੈਣ ਦੀ ਬਜਾਏ ਸਰਕਾਰੀ ਪੱਖ ਵੱਲੋਂ ਪੇਸ਼ ਦਲੀਲਾਂ ਨੂੰ ਮੰਨ ਕੇ ਮੁਲਜ਼ਮ ਨੂੰ ਜ਼ਮਾਨਤ ਦਾ ਹੱਕ ਦੇਣ ਤੋਂ ਇਨਕਾਰ ਕਰਨਾ ਆਮ ਹੈ। ਇਸ ਮਾਮਲੇ 'ਚ ਵੀ ਪੁਲਿਸ ਅਧਿਕਾਰੀਆਂ ਵੱਲੋਂ ਮੋਟੀਆਂ ਰਿਸ਼ਵਤਾਂ ਲੈ ਕੇ ਜੋ ਪੂਰੀ ਤਰ੍ਹਾਂ ਝੂਠੀ ਕਹਾਣੀ ਘੜੀ ਗਈ, ਜੱਜ ਨੇ ਅੱਖਾਂ ਮੀਟ ਕੇ ਮਨਜ਼ੂਰ ਕਰ ਲਈ ਅਤੇ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ। ਨੌਦੀਪ ਕੌਰ ਦਾ ਸਹੀ ਡਾਕਟਰੀ ਮੁਆਇਨਾ ਨਹੀਂ ਹੋਣ ਦਿੱਤਾ ਗਿਆ। ਜੋ ਵੀ ਡਾਕਟਰੀ ਰਿਪੋਰਟ ਹੈ, ਉਹ ਪੁਲਿਸ ਹਿਰਾਸਤ ਵਿਚ ਉਸ ਉਪਰ ਮਰਦ ਪੁਲਸੀਆਂ ਵੱਲੋਂ ਕੀਤੇ ਵਹਿਸ਼ੀ ਤਸ਼ੱਦਦ ਅਤੇ ਉਸ ਦੇ ਜਣਨ ਅੰਗਾਂ ਉਪਰ ਜਿਨਸੀ ਹਮਲੇ ਦੀ ਤਸਦੀਕ ਕਰਦੀ ਹੈ। ਇਹ ਲਾਕਾਨੂੰਨੀਆਂ ਕਰਨ ਵਾਲੇ ਪੁਲਿਸ ਅਧਿਕਾਰੀ ਕਾਨੂੰਨ ਦੇ ਠੇਕੇਦਾਰ ਬਣੇ ਹੋਏ ਹਨ ਕਿਉਂਕਿ ਸਟੇਟ ਲਾਕਾਨੂੰਨੀਆਂ ਅਤੇ ਮਜ਼ਲੂਮ ਹਿੱਸਿਆਂ ਵਿਰੁੱਧ ਜੁਰਮਾਂ ਦੀ ਪੁਸ਼ਤਪਨਾਹੀ ਕਰਦਾ ਹੈ ਅਤੇ ਜਾਬਰ ਤੇ ਭ੍ਰਿਸ਼ਟ ਪੁਲਿਸ ਮਸ਼ੀਨਰੀ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਮੁਕਤ ਹੈ।

ਹਿਰਾਸਤੀ ਕਤਲ, ਤਸ਼ੱਦਦ ਅਤੇ ਔਰਤਾਂ ਨਾਲ ਬਲਾਤਕਾਰ ਨਵੀਂ ਗੱਲ ਨਹੀਂ। ਇਸ ਬਾਰੇ ਮੁੱਖਧਾਰਾ ਸਿਆਸਤ ਆਮ ਹੀ ਖਾਮੋਸ਼ ਰਹਿੰਦੀ ਹੈ। ਇਨਸਾਫਪਸੰਦ ਕਹਾਉਣ ਵਾਲੇ ਅਗਾਂਹਵਧੂ ਹਿੱਸਿਆਂ ਦਾ ਰਵੱਈਆ ਵੀ ਚੋਣਵਾਂ ਹੁੰਦਾ ਹੈ। ਕਸ਼ਮੀਰ, ਛੱਤੀਸਗੜ੍ਹ ਅਤੇ ਹੋਰ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿਚ ਵਰਦੀਧਾਰੀਆਂ ਵੱਲੋਂ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਅਤੇ ਹੋਰ ਜਿਨਸੀ ਹਿੰਸਾ ਉਪਰ ਰਾਸ਼ਟਰਵਾਦ ਦੇ ਡੰਗੇ ਰਵਾਇਤੀ ਖੱਬੇ ਪੱਖੀ ਅਤੇ ਹੋਰ ਇਨਸਾਫਪਸੰਦ ਕਦੇ ਅੰਦੋਲਨ ਨਹੀਂ ਕਰਦੇ। ਜਦ ਹਿਰਾਸਤ ਦੌਰਾਨ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਧੱਕਣ ਵਾਲੇ ਪੁਲਿਸ ਅਧਿਕਾਰੀ ਨੂੰ ਗਣਤੰਤਰ ਦਿਵਸ ਉਪਰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ, ਉਦੋਂ ਕੋਈ ਅੰਦੋਲਨ ਨਹੀਂ ਹੋਇਆ। ਜਾਗਰੂਕਤਾ ਦਾ ਹਾਲ ਇਹ ਹੈ ਕਿ ਹਿਰਾਸਤੀ ਕਤਲ, ਝੂਠੇ ਪੁਲਿਸ ਮੁਕਾਬਲੇ, ਹਿਰਾਸਤ ਵਿਚ ਔਰਤਾਂ ਉਪਰ ਜਿਨਸੀ ਹਿੰਸਾ ਜ਼ਿਆਦਾਤਰ ਲੋਕਾਂ ਲਈ ਕੋਈ ਮੁੱਦਾ ਨਹੀਂ ਹੈ। ਖਾਸ ਕਰ ਕੇ, ਜੇ ਔਰਤ ਦਲਿਤ, ਕਸ਼ਮੀਰ, ਮੁਸਲਮਾਨ ਜਾਂ ਕਿਸੇ ਹੋਰ ਨਿਤਾਣੇ ਭਾਈਚਾਰੇ ਦੀ ਹੈ।

ਹਾਲਾਂਕਿ ਇਸ ਵਕਤ ਖੇਤੀ ਕਾਨੂੰਨਾਂ ਵਿਰੁੱਧ ਮਹਾਂ ਅੰਦੋਲਨ ਨਾਲ ਭਖੇ ਮਾਹੌਲ ਵਿਚ ਮਨੁੱਖੀ ਹੱਕਾਂ ਲਈ ਜੂਝਣ ਦੀ ਨਵੀਂ ਚੇਤਨਾ ਆਈ ਹੈ, ਫਿਰ ਵੀ ਨੌਦੀਪ ਕੌਰ ਉਪਰ ਜ਼ੁਲਮਾਂ ਦੀ ਕਹਾਣੀ ਨੂੰ ਚਰਚਾ ਵਿਚ ਆਉਣ ਵਿਚ ਲੀ 24-25 ਦਿਨ ਲੱਗ ਗਏ। ਇਸ ਡੂੰਘੇ ਰੂਪ 'ਚ ਜਾਤਪਾਤੀ, ਮਰਦਾਵੀਂ ਸੋਚ ਵਾਲੇ ਅਤੇ ਸਮਾਜਿਕ ਨਿਆਂ ਵਿਰੋਧੀ ਸਮਾਜ ਵਿਚ ਮਜ਼ਲੂਮ ਹਿੱਸਿਆਂ ਨੂੰ ਆਪਣੇ ਨਾਲ ਹੋਏ ਧੱਕੇ ਅਤੇ ਅਨਿਆਂ ਦੀ ਦਾਸਤਾਨ ਸੁਣਾਉਣ ਲਈ ਵੀ ਲੰਮੇ ਸੰਤਾਪ ਵਿੱਚੋਂ ਗੁਜ਼ਰਨਾ ਪੈਂਦਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਸ ਦਾ ਨੋਟਿਸ ਨਹੀਂ ਲਿਆ, ਵਿਅਕਤੀਗਤ ਕਿਸਾਨ ਜਥੇਬੰਦੀਆਂ ਨੇ ਵੀ ਨਹੀਂ। ਸਟੇਟ ਕਿੰਨਾ ਕੁ ਲੋਕਤੰਤਰੀ ਹੈ ਇਹ ਵੱਖਰਾ ਸਵਾਲ ਹੈ, ਜੇ ਜਾਗਰੂਕ ਹਿੱਸੇ ਵੀ ਮਨੁੱਖੀ ਹੱਕਾਂ ਦੇ ਘਾਣ ਪ੍ਰਤੀ ਸਰੋਕਾਰ ਨਹੀਂ ਦਿਖਾਉਂਦੇ ਤਾਂ ਉਨ੍ਹਾਂ ਦਾ ਲੋਕਤੰਤਰੀ ਅਤੇ ਅਗਾਂਹਵਧੂ ਹੋਣਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਭਾਰਤੀ ਸਮਾਜ ਵਿਚ ਇਸ ਸਮੱਸਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਅਮਰੀਕਾ ਵਰਗੇ ਸਮਾਜ ਵਿਚ ਇਕ ਸਿਆਹਫਾਮ ਸ਼ਖਸ ਦਾ ਪੁਲਿਸ ਵੱਲੋਂ ਜਨਤਕ ਕਤਲ ਭਾਰੀ ਸਮਾਜੀ ਉਥਲ-ਪੁਥਲ ਨੂੰ ਜਨਮ ਦਿੰਦਾ ਹੈ, ਭਾਰਤ ਵਿਚ ਮਨੁੱਖੀ ਹੱਕਾਂ ਪ੍ਰਤੀ ਸਰੋਕਾਰ ਜਾਤ, ਲਿੰਗ ਅਤੇ ਧਾਰਮਿਕ ਪਛਾਣ ਦੇ ਆਧਾਰ 'ਤੇ ਤੈਅ ਹੁੰਦਾ ਹੈ। ਇਸ ਸਥਿਤੀ ਨੂੰ ਬਦਲਣ ਲਈ ਯੁਗ-ਪਲਟਾਊ ਹੰਭਲਾ ਦਰਕਾਰ ਹੈ।

# ਕਿਸਾਨ ਸੰਘਰਸ਼ ਦੀ ਸਮਰੱਥਾ

ਬਚਪਨ ਦੇ ਦਿਨੀਂ ਜਾਲ ਲੈ ਕੇ ਉਡਦੇ ਕਬੂਤਰਾਂ ਦੀ ਬਾਲ-ਕਥਾ ਪੜ੍ਹਦੇ-ਸੁਣਦੇ ਸਾਂ। ਕਿਸਾਨੀ ਅੰਦੋਲਨ ਸੱਤਾ ਦੇ ਜਾਲ ਤੋੜਦੀ ਪਰਵਾਜ਼ ਦੇ ਮੰਜ਼ਰ ਦਿਖਾ ਰਿਹਾ ਸੀ; ਸੱਤਾ ਦਾ ਹਰ ਰੇਸ਼ਮੀ ਫੰਦਾ ਫੰਭੇ ਬਣ ਬਣ ਉਡ ਰਿਹਾ ਸੀ ਕਿ 26 ਜਨਵਰੀ ਦਾ ਲਾਲ ਕਿਲ੍ਹਾ ਘਟਨਾਕ੍ਰਮ ਵਾਪਰ ਗਿਆ। ਇਹ ਸੱਤਾ ਦੇ ਹਮਲਾਵਰ ਹੋਣ ਦੇ ਚਿੰਤਾਜਨਕ ਹਾਲਾਤ ਦਾ ਆਗਾਜ਼ ਸੀ ਜਿਸ ਨੂੰ ਗੋਦੀ ਮੀਡੀਆ ਨੇ 'ਸਾਡਾ ਬਾਰਡਰ ਖਾਲੀ ਕਰੋ' ਦੀ ਮੁਹਿੰਮ ਤਹਿਤ 'ਸਥਾਨਕ ਬਨਾਮ ਕਿਸਾਨ' ਬਣਾ ਦਿੱਤਾ ਸੀ। ਇਸ ਤੋਂ ਪਹਿਲਾਂ ਗਾਜ਼ੀਪੁਰ ਬਾਰਡਰ 'ਯੋਗੀ ਮਾਰਗ' ਦੇ ਸਿੱਧੇ ਸੱਤਾਵਾਦੀ ਅਮਲ ਤਹਿਤ ਹਮਲੇ ਦੀ ਮਾਰ ਹੇਠ ਸੀ। ਜਦੋਂ ਕਾਰਪੋਰੇਟ ਮੀਡੀਆ ਬੁਝੇ ਚਿਹਰੇ ਲੈ ਕੇ ਘਰੀਂ ਮੁੜਦੇ ਕਿਸਾਨਾਂ ਦਾ ਲਾਈਵ ਪਰੋਸ ਰਿਹਾ ਸੀ, ਰਾਕੇਸ਼ ਟਿਕੈਤ ਦੇ ਅੰਗਿਆਰ ਬਣੇ ਹੰਝੂ ਨਵਾਂ ਇਤਿਹਾਸ ਸਿਰਜ ਗਏ;

**ਸ਼ਬਦੀਸ਼**
ਫੋਨ: +91-98148-03773

ਇਸ ਤੋਂ ਅਗਲੇ ਮੰਜ਼ਰ 'ਸਾਡਾ ਬਾਰਡਰ ਖਾਲੀ ਕਰੋ' ਮੁਹਿੰਮ ਦੇ ਗੁਬਾਰੇ ਦੀ ਹਵਾ ਨਿਕਲਣ ਦੇ ਸਨ। ਅਸੀਂ ਇਤਿਹਾਸ ਦੇ ਉਸ ਮੰਜ਼ਰ ਦੇ ਚਸ਼ਮਦੀਦ ਗਵਾਹ ਬਣ ਰਹੇ ਹਾਂ, ਜਦੋਂ 'ਮੋਦੀ ਹੈ ਤੋ ਮੁਮਕਿਨ ਹੈ' ਦਾ ਮਹਾਂ ਬਿਰਤਾਂਤ ਤਿੜਕ ਗਿਆ ਹੈ। ਸਰਕਾਰ ਕਾਰਪੋਰੇਟ ਜਗਤ ਦਾ 'ਪ੍ਰਥਮ ਸੇਵਕ' ਸਾਬਿਤ ਹੋ ਰਹੀ ਹੈ। ਇਹ ਹਾਲਾਤ ਸੱਤਾ ਤੇ ਉਸ ਦੇ ਚਿੰਤਕਾਂ ਲਈ ਮਹਾਂ ਸਬਕ ਹੈ ਜਿਨ੍ਹਾਂ ਦੇ ਦਿਲੋ-ਦਿਮਾਗ ਵਿਚ ਤੀਰਾਂ ਨਾਲ ਭਰੇ ਭੱਥੇ ਦਾ ਗੁਮਾਨ ਬਰਕਰਾਰ ਹੋ ਸਕਦਾ ਹੈ।

26 ਜਨਵਰੀ ਦਾ ਘਟਨਾਕ੍ਰਮ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਲਈ ਵੀ ਸਬਕ ਹੈ। ਜਿਸ ਟਰੈਕਟਰ ਪਰੇਡ ਦੇ 70-72 ਘੰਟੇ ਚੱਲਣ ਦੀ ਸੰਭਾਵਨਾ ਸੀ, ਉਸ ਨੂੰ ਵਿਚਾਲੇ ਹੀ ਰੋਕਣਾ ਪੈ ਗਿਆ। ਇਸ ਅਰਸੇ ਦੌਰਾਨ ਮਾਣਮੱਤੇ ਸਵਾਗਤੀ ਪਲ ਵੀ ਲਾਲ ਕਿਲ੍ਹਾ ਘਟਨਾਕ੍ਰਮ ਦੀ ਭੇਟ ਚੜ੍ਹ ਗਏ। ਇਸ ਦੇ ਸੁਚੇਤ-ਅਚੇਤ ਜ਼ਿੰਮੇਵਾਰ ਤੈਅਸ਼ੁਦਾ ਰੂਟਾਂ ਦੀ ਅਵੱਗਿਆ ਕਰਨ ਵਾਲੇ ਸਨ। ਫਿਲਮੀ ਦੁਨੀਆ ਨਾਲ ਸਬੰਧਿਤ ਇਕ ਵਿਅਕਤੀ ਨੇ ਇਕ ਕਿਸਾਨ ਜਥੇਬੰਦੀ ਦੇ ਮੋਢੇ 'ਤੇ ਧਰ ਕੇ ਬੰਦੂਕ ਚਲਾਉਣ ਦੀ ਕੋਸ਼ਿਸ਼ ਕੀਤੀ। ਉਹ ਕਿਸ ਰੰਗ ਦੀ ਸਿਆਸਤ ਲਈ ਕਿਸ ਲਈ ਖਲਨਾਇਕ ਹੈ, ਕਿਸ ਲਈ ਮਹਾਂਨਾਇਕ; ਇਸ ਸੋਸ਼ਲ ਮੀਡੀਆ ਬਹਿਸ ਦੌਰਾਨ ਅੱਧੀ ਗਲਤੀ ਮੰਨਣ ਦਾ ਸੰਕੇਤ ਦੇਣਾ ਇਤਿਹਾਸ ਦੇ ਫੁੱਟਨੋਟ ਬਣਨ ਦੇ ਸਰਾਪ ਨੂੰ ਸੱਦਾ ਹੈ। ਇਸ ਇਤਿਹਾਸਕ ਮਹਾਂ ਅੰਦੋਲਨ ਵਿਚ ਸਾਰਥਿਕ ਭੂਮਿਕਾ ਅਦਾ ਕਰਨ ਲਈ ਦਿਲੀ ਧੜਕਣ ਦਾ ਸੱਚਾ ਇਜ਼ਹਾਰ ਹੀ ਸਹਾਈ ਹੋ ਸਕਦਾ ਹੈ। ਇਤਿਹਾਸ ਦਾ ਇਹ ਕਾਲਖੰਡ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਵੱਲੋਂ ਬਾਅਦ ਵਿਚ ਵਰਤੀ ਗਈ ਭਾਸ਼ਾ ਦੇ ਮੁਲੰਕਣ ਦੀ ਵੀ ਮੰਗ ਕਰਦਾ ਹੈ।

ਇਸ ਸੰਘਰਸ਼ ਦੀ ਸਫਲਤਾ ਦਾ ਰਾਜ਼ ਸ਼ਾਂਤੀਪੂਰਵਕ ਉਤਸ਼ਾਹ ਤੇ ਸਹਿਜ ਭਾਅ ਸਥਾਪਿਤ ਹੋਇਆ ਜ਼ਾਬਤਾ ਸੀ ਜਿਸ ਨੂੰ ਹੁਣ ਸੁਚੇਤ ਅਮਲ ਵਿਚ ਢਾਲਣ ਦੀ ਲੋੜ ਹੈ। ਇਸ ਘਟਨਾਕ੍ਰਮ ਨਾਲ਼ ਅੰਦੋਲਨ ਦਾ ਅਗਲੇ ਪੜਾਅ ਵਿਚ ਦਾਖਲਾ ਹੋ ਗਿਆ ਹੈ। ਇਸ ਲੰਮੇ ਤੇ ਲਟਕਵੇਂ ਅੰਦੋਲਨ ਦੇ ਰਾਹ ਵਿਚ ਆਏ ਕੂਹਣੀ ਮੋੜ ਟਲ ਗਏ ਹਨ; ਤੇ ਹੋਰ ਵੀ ਆ ਸਕਦੇ ਹਨ। ਜਿਹੜੇ ਦੋਸਤ ਲਾਲ ਕਿਲ੍ਹੇ ਦੇ ਘਟਨਾਕ੍ਰਮ ਨੂੰ ਹਜ਼ਾਰਾਂ ਲੋਕਾਂ ਦੇ ਉਤਸ਼ਾਹ ਦੀ ਪਿੱਠਭੂਮੀ ਦੇ ਹਵਾਲੇ ਨਾਲ ਵਾਜਿਬ ਠਹਿਰਾ ਰਹੇ ਹਨ, ਉਹ ਸੱਤਾ ਦੇ ਜ਼ਾਹਿਰਾ ਭਾਈਵਾਲਾਂ ਅਤੇ ਉਨ੍ਹਾਂ ਦੇ ਵੇਗ ਵਿਚ ਫਸ ਕੇ ਭਟਕਣ ਦੇ ਸ਼ਿਕਾਰ ਅੰਦੋਲਨਕਾਰੀਆਂ ਵਿਚਲੀ ਲਕੀਰ ਫਿੱਕੀ ਕਰ ਰਹੇ ਹਨ। ਇਸ ਲੀਕ ਦੇ ਹੋਰ ਗੂੜ੍ਹੀ ਹੋਣ ਨਾਲ਼ ਹੀ ਅੰਦੋਲਨਕਾਰੀਆਂ ਦੇ ਅੰਤਰ-ਵਿਰੋਧਾਂ ਦੀ ਲਕੀਰ ਮਿਟ ਸਕਦੀ ਹੈ।

ਸੰਯੁਕਤ ਕਿਸਾਨ ਮੋਰਚਾ ਲੀਡਰਸ਼ਿਪ ਦਿੱਲੀ ਦੀਆਂ ਬਰੂਹਾਂ 'ਤੇ ਬਹੁਤ ਜਟਿਲ ਹਾਲਾਤ ਦੇ ਸਨਮੁੱਖ ਹੋ ਰਹੀ ਹੈ, ਜਦੋਂ ਪ੍ਰਧਾਨ ਮੰਤਰੀ ਦਾ ਕਿਸਾਨ ਅੰਦੋਲਨ ਪ੍ਰਤੀ ਪਲੇਠਾ ਹੁੰਗਾਰਾ ਖੇਤੀ ਮੰਤਰੀ ਦੀ ਤਜਵੀਜ਼ ਦੁਹਰਾਏ ਜਾਣ ਤੱਕ ਸਿਮਟ ਗਿਆ ਹੈ। ਜਿਸ 'ਫੋਨ ਕਾਲ ਦੀ ਦੂਰੀ' ਦਾ ਗੋਦੀ ਮੀਡੀਆ ਗੁਣਗਾਨ ਕਰ ਰਿਹਾ ਹੈ, ਇਹ ਕਿਸਾਨ ਨੇਤਾਵਾਂ ਲਈ ਚਿਤਾਵਨੀ ਭਰੇ ਬੋਲ ਹਨ ਜਿਨ੍ਹਾਂ ਦਾ ਖੇਤੀ ਮੰਤਰੀ ਨਾਲ਼ ਸੰਵਾਦ 'ਬੈਸਟ ਪ੍ਰਪੋਜ਼ਲ' (ਬਿਹਤਰੀਨ ਤਜਵੀਜ਼) ਉਤੇ ਆ ਕੇ ਅਟਕ ਗਿਆ ਹੈ। ਇਹ ਕਾਰਪੋਰੇਟੀ ਉਦੇਸ਼ਾਂ ਦੀ ਪੂਰਤੀ ਲਈ ਥੋੜ੍ਹਾ ਸਮਾਂ ਮੰਗਣ ਦੀ ਤਜਵੀਜ਼ ਹੈ। ਸੱਤਾ 'ਰੁਕਾਵਟੀ ਕਾਲ' ਨੂੰ ਬਜਟ ਸੈਸ਼ਨ ਤੱਕ ਲਟਕਾਈ ਰੱਖਣ ਦੀ ਧਾਰੀ ਬੈਠੀ ਹੈ। ਇਨ੍ਹਾਂ ਹਾਲਾਤ ਵਿਚ ਕਾਨੂੰਨਾਂ ਦੀ ਵਾਪਸੀ ਦਾ ਸੰਘਰਸ਼ ਬਹੁਤ ਦੂਰ ਤੱਕ ਜਾਣ ਵਾਲਾ ਹੈ।

ਇਸ ਅੰਦੋਲਨ ਦਾ ਸ਼ਾਂਤਮਈ ਉਤਸ਼ਾਹ ਤੇ ਜ਼ਾਬਤਾ ਹੀ ਤਾਕਤ ਦਾ ਕ੍ਰਿਸ਼ਮਾ ਹੈ। ਇਸ ਨੇ ਕੱਟੜਵਾਦੀ ਸੋਚ ਦੇ ਰਾਸ਼ਟਰਵਾਦ ਤੇ ਅਵਾਮ ਦੀ ਦੇਸ਼ਭਗਤੀ ਦੇ ਅਰਥ ਜ਼ਾਹਿਰ ਕਰ ਦਿੱਤੇ ਹਨ। ਇਸ ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਤੋਂ ਸ਼ਾਹੀਨ ਬਾਗ ਤੱਕ ਵਾਰ ਕਰਦੇ ਰਾਮ-ਬਾਣ ਨੂੰ ਅਤੀਤ ਦੇ ਰਾਹ ਤੋਰਨ ਦਾ ਆਗਾਜ਼ ਕੀਤਾ ਹੈ। ਲੋਕ ਹੁਕਮਰਾਨਾਂ ਦੀ ਬੋਲਬਾਣੀ ਤੇ ਦੇਹ-ਭਾਸ਼ਾ ਦਾ ਅਰਥ-ਸੰਚਾਰ ਸਮਝਣ ਲੱਗੇ ਹਨ। ਦੇਸ਼ ਦੇ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਦਾ 'ਖੁੱਲ੍ਹੇ ਮਨ ਸੇ ਗੱਲਬਾਤ' ਦਾ ਬਿਆਨ ਹਰ ਸ਼ਖਸ ਦੇ ਬੁੱਲ੍ਹਾਂ ਤੇ ਕਟਾਖਸ਼ੀ ਮੁਸਕਾਨ ਬਿਖੇਰਦਾ ਰਿਹਾ ਹੈ।



ਇਸ ਲੋਕ ਅੰਦੋਲਨ ਨੇ ਸੱਤਾਸੀਨ ਅਤੇ ਸੱਤਾਹੀਣ ਸਿਆਸਤ ਪ੍ਰਤੀ ਬੇਭਰੋਸਗੀ ਦਾ ਦਾਇਰਾ ਹੋਰ ਵਧਾ ਦਿੱਤਾ ਹੈ। ਸਾਦ-ਮੁਰਾਦੇ ਕਿਸਾਨ ਨੀਤੀਗਤ ਸਵਾਲਾਂ ਦੀ ਸੋਝੀ ਹਾਸਿਲ ਕਰ ਰਹੇ ਹਨ। ਉਹ ਤਾਂ ਮੰਨੀ ਬੈਠੇ ਹਨ ਕਿ ਜੇ ਸੱਤਾ ਦੀ ਸਿਆਸਤ ਕਾਨੂੰਨ ਵਾਪਸ ਲੈ ਵੀ ਲੈਂਦੀ ਹੈ, ਭਵਿੱਖ ਚੁਣੌਤੀ ਭਰਪੂਰ ਹੀ ਰਹੇਗਾ। ਉਹ ਤਿੰਨ ਕਾਨੂੰਨਾਂ ਖਿਲਾਫ ਚਲਦੇ ਸੰਘਰਸ਼ ਨੂੰ ਸੰਵਿਧਾਨ ਦੀ ਰਾਖੀ ਦੇ ਸਵਾਲ ਨਾਲ ਜੋੜਨਾ ਸਿੱਖ ਰਹੇ ਹਨ ਜਿਸ ਨੇ ਫੈਡਰਲ ਢਾਂਚੇ ਦਾ ਸਵਾਲ ਉਭਾਰ ਦਿੱਤਾ ਹੈ।

ਖੇਤੀ ਕਾਨੂੰਨ ਜਿਵੇਂ ਇਸ ਦੇ ਹਾਮੀ ਦੱਸਦੇ ਹਨ, ਸੱਚਮੁੱਚ 'ਕਿਸਾਨਾਂ ਦਾ ਕਾਇਆ-ਕਲਪ ਕਰਨ' ਵਾਲ਼ੇ ਹਨ; ਉਨ੍ਹਾਂ ਨੂੰ ਕਾਰਪੋਰੇਟ ਮਾਲਕਾਂ ਦੇ ਗੁਲਾਮ ਬਣਾ ਦੇਣ ਦੀ ਸ਼ਕਲ ਵਿਚ। ਇਸੇ ਲਈ ਕਿਸਾਨ ਖੇਤੀ ਕਾਨੂੰਨਾਂ ਦੀ ਵਾਪਸੀ ਮੰਗ ਰਿਹਾ ਹੈ ਅਤੇ ਸਰਕਾਰੀ ਮੰਡੀ ਦੀ ਮਜ਼ਬੂਤੀ ਦਾ ਤਲਬਗਾਰ ਹੈ। ਇਹ ਸਾਰੇ ਰਾਜਾਂ ਵਿਚ ਅਤੇ ਤਮਾਮ ਫਸਲਾਂ ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਦਕਾ ਹੀ ਸੰਭਵ ਹੈ। ਪੰਜਾਬ ਤੇ ਹਰਿਆਣਾ ਦਾ ਕਿਸਾਨ ਸਰਕਾਰੀ ਮੰਡੀ ਦੀ ਹੋਂਦ ਦੇ ਅਰਥ ਸਮਝਦਾ ਹੈ ਅਤੇ ਬਾਕੀ ਦੇ ਰਾਜਾਂ ਅੰਦਰ ਅਣਹੋਂਦ ਦਾ ਅਹਿਸਾਸ ਗਹਿਰਾ ਹੋ ਰਿਹਾ ਹੈ। ਜਦੋਂ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਸਰਕਾਰੀ ਮੰਡੀ ਦੇ ਬਣੇ ਰਹਿਣ ਦਾ ਭਰੋਸਾ ਦਿੰਦੇ ਹਨ ਤਾਂ ਭਾਰਤੀ ਅਵਾਮ ਦਾ ਚੇਤੰਨ ਵਰਗ ਅਣਐਲਾਨੀ ਸਾਜ਼ਿਸ਼ ਤਹਿਤ ਸਰਕਾਰੀ ਸਕੂਲਾਂ, ਹਸਪਤਾਲਾਂ ਤੇ ਸਰਕਾਰੀ ਟਰਾਂਸਪੋਰਟ ਦੀ ਤਬਾਹੀ ਦੇ ਮੰਜ਼ਰ ਯਾਦ ਕਰਨ ਲੱਗਦਾ ਹੈ।

ਆਬਾਦੀ ਦੇ ਲਿਹਾਜ ਨਾਲ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨਿਆਂ ਵਿਵਸਥਾ ਕਦੇ ਵੀ ਆਦਰਸ਼ਕ ਨਹੀਂ ਰਹੀ। ਇਨ੍ਹੀਂ ਦਿਨੀਂ ਤਾਂ ਸੱਤਾ ਦੀ ਸੁਪਰੀਮ ਕੋਰਟ ਤੋਂ ਅਵਾਜ਼ਾਰੀ ਹੋਰ ਵਧ ਰਹੀ ਹੈ, ਜਿੱਥੇ ਕੇਂਦਰ ਸਰਕਾਰ ਦਾ ਵਿਵਾਦਤ ਫੈਸਲਾ ਮਹਾਂ ਜੱਜ ਨੂੰ ਰਾਜ ਸਭਾ ਮੈਂਬਰ ਨਾਮਜ਼ਦ ਕਰਨ ਤੱਕ ਲੈ ਜਾਂਦਾ ਹੈ। ਕਿਸੇ ਨਿਜ਼ਾਮ ਅੰਦਰ ਨਿਆਂਵਿਵਸਥਾ ਪ੍ਰਤੀ ਸ਼ੰਕੇ ਦਾ ਵਿਸ਼ਵਾਸ ਤਿੜਕਣ ਤੱਕ ਚਲੇ ਜਾਣਾ ਖਤਰਨਾਕ ਸੰਕੇਤ ਹੈ। ਇਹ ਤਿੰਨ ਖੇਤੀ ਕਾਨੂੰਨ ਰਾਜਾਂ ਦੇ ਅਧਿਕਾਰ ਵਾਲੇ ਵਿਸ਼ੇ ਨੂੰ ਸਮਵਰਤੀ ਸੂਚੀ ਵਿਚ ਸ਼ਾਮਲ ਕੀਤੇ ਬਿਨਾਂ ਪਾਸ ਹੋ ਜਾਣਾ ਲੋਕਤੰਤਰ ਦੇ ਕਾਰਪੋਰੇਟੀਕਰਨ ਦੀ ਹਕੀਕਤ ਦਰਸਾ ਗਿਆ ਹੈ। ਰਾਜ ਸਭਾ ਵਿਚ ਵੋਟਿੰਗ ਦੀ ਮੰਗ ਸ਼ਰੇਆਮ ਠੁਕਰਾ ਦੇਣਾ ਸੰਵਿਧਾਨਕ ਪਰੰਪਰਾ ਦੀ ਤੌਹੀਨ ਹੈ। ਇਸ ਦਾ ਗਿਲਾ ਰਾਸ਼ਟਰਪਤੀ ਤੱਕ ਪਹੁੰਚਣ ਤੋਂ ਬਾਅਦ ਹੀ ਕਾਨੂੰਨਾਂ ਤੇ ਮੋਹਰ ਲੱਗੀ ਹੈ। ਜਦੋਂ ਸੁਪਰੀਮ ਕੋਰਟ ਕਾਰਪੋਰੇਟ ਪੱਖੀ ਖੇਤੀ ਮਾਹਿਰਾਂ ਦੀ ਕਮੇਟੀ ਦੀ ਸਥਾਪਿਤ ਕਰ ਰਹੀ ਸੀ, ਉਹ ਸੰਵਿਧਾਨਕ ਉਲੰਘਣਾ ਦੀ ਨਜ਼ਰਸਾਨੀ ਦਾ ਵੇਲਾ ਵੀ ਸੀ ਜਿਸ ਦਾ ਅਣਡਿੱਠ ਹੋਣਾ ਸਵਾਲਾਂ ਦੇ ਦਾਇਰੇ ਵਿਚ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ ਵੱਲੋਂ ਕਾਨੂੰਨਾਂ ਦਾ ਅਸਲ ਉਦੇਸ਼ ਬਰਕਰਾਰ ਰੱਖਦੀਆਂ ਸਰਕਾਰੀ ਤਜਵੀਜ਼ਾਂ ਮੰਨਣ ਤੋਂ ਇਨਕਾਰੀ ਹੋਣਾ ਸੁਭਾਵਿਕ ਹੈ। ਉਹ ਤਾਂ ਕਿਸਾਨ ਦੀਆਂ ਅੱਖਾਂ ਵਿਚ ਬਿਹਤਰ ਜੀਵਨ ਦੇ ਸੁਪਨਈ ਸੰਸਾਰ ਦਾ ਸੁਪਨਾ ਵੇਖ ਰਹੇ ਹਨ। ਇਨ੍ਹਾਂ ਤਿੰਨ ਕਾਨੂੰਨਾਂ ਦੀ ਵਾਪਸੀ ਤਾਂ ਸੁਪਨਈ ਸੰਸਾਰ ਦੀ ਤਾਂਘ ਜਗਾਈ ਰੱਖਣ ਦਾ ਭਰੋਸਾ ਮਾਤਰ ਹੈ। ਆਉਣ ਵਾਲੇ ਸਮੇਂ ਹੋਰ ਨਾਜ਼ੁਕ ਹੋ ਸਕਦੇ ਹਨ। ਸੁਪਰੀਮ ਕੋਰਟ ਦੀ ਬਣਾਈ ਕਮੇਟੀ ਦੇ ਖੇਤੀ ਮਾਹਿਰ ਅਸ਼ੋਕ ਗੁਲਾਟੀ, ਜਿਨ੍ਹਾਂ ਨੇ ਨਿਰਪੱਖ ਰਿਪੋਟਰ ਤਿਆਰ ਕਰਨ ਦਾ ਭਰੋਸਾ ਵੀ ਦਿੱਤਾ ਹੈ, ਪਹਿਲਾਂ ਹੀ ਸਰਕਾਰ ਨੂੰ ਚਿਤਾਵਨੀ ਦੇ ਚੁੱਕੇ ਹਨ, "ਜੇ ਪ੍ਰਾਈਵੇਟ ਖੇਤਰ ਲਈ ਘੱਟੋ-ਘੱਟ ਖਰੀਦ ਮੁੱਲ ਤੇ ਖਰੀਦ ਕਰਨਾ ਕਾਨੂੰਨੀ ਤੌਰ 'ਤੇ ਜ਼ਰੂਰੀ ਬਣਾ ਦਿੱਤਾ ਗਿਆ ਤਾਂ ਪ੍ਰਾਈਵੇਟ ਵਪਾਰੀ ਉਸ ਵਿਵਸਥਾ ਤੋਂ ਦੂਰ ਹੀ ਰਹਿਣਗੇ ਅਤੇ ਨਤੀਜੇ ਵਜੋਂ ਅਰਾਜਕਤਾ ਪੈਦਾ ਹੋ ਜਾਵੇਗੀ। ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਗਾਰੰਟੀ ਦੇਣਾ ਤਾਂ ਤਿੰਨਾਂ ਕਾਨੂੰਨਾਂ ਨੂੰ ਵਾਪਸ ਲੈਣ ਤੋਂ ਵੀ ਬਦਤਰ ਗੱਲ ਹੋਵੇਗੀ।"

ਇਸ ਪ੍ਰਸੰਗ 'ਚ ਸਰਕਾਰ ਦੀ ਕਿਸਾਨ ਨੇਤਾਵਾਂ ਸਾਹਮਣੇ ਰੱਖੀ 'ਬਿਹਤਰੀਨ ਤਜਵੀਜ਼' ਦਾ ਸੱਚ ਜ਼ਾਹਿਰ ਹੋ ਜਾਂਦਾ ਹੈ, ਜਦੋਂ ਦੇਸ਼ ਦੀ ਆਰਥਿਕਤਾ ਦਾ ਭਵਿੱਖ ਕਾਨੂੰਨਾਂ ਦੇ ਆਰ-ਪਾਰ ਦਿਸ ਰਿਹਾ ਹੈ। ਇਸ ਵੇਲ਼ੇ ਆਮ ਬੰਦੇ ਦੀ ਸਹਿਜ ਸੂਝ ਮੁਨਾਫਾ ਕੇਂਦਰਿਤ ਨਿਜ਼ਾਮ ਦੀਆਂ ਗਹਿਰੀਆਂ ਪਰਤਾਂ ਪਛਾਣਨ ਲੱਗੀ ਹੈ। ਉਸ ਦੇ ਜ਼ਿਹਨ ਵਿਚ ਸਵਾਲ ਖਲਬਲੀ ਮਚਾ ਰਿਹਾ ਹੈ ਕਿ ਜਿਸ ਖੇਤੀ ਖੇਤਰ ਨੇ ਸਦੀਆਂ ਤੱਕ ਕਿਸਾਨਾਂ ਨੂੰ ਪਿੱਠ ਸਿੱਧੀ ਕਰਨ ਦਾ ਮੌਕਾ ਨਹੀਂ ਦਿੱਤਾ, ਉਹ ਕਾਰਪੋਰੇਟੀ ਜਗਤ ਲਈ ਮਹਾਂ ਮੁਨਾਫੇ ਦਾ ਖੇਤਰ ਕਿਵੇਂ ਬਣਨ ਜਾ ਰਿਹਾ ਹੈ? ਇਸ ਮੁਨਾਫੇ ਦੀ ਹਵਸ ਕਿੰਨਾ ਵੱਡੀ ਹੈ ਕਿ ਸਰਕਾਰ ਕਾਰਪੋਰੇਟ ਜਗਤ ਦੀ ਕਾਰਜਕਾਰੀ ਕਮੇਟੀ ਵਰਗੀ ਬਦਨਾਮੀ ਖੱਟ ਕੇ ਵੀ ਅੰਦੋਲਨਕਾਰੀਆਂ ਦੀ ਆਵਾਜ਼ ਸੁਣਨ ਤੋਂ ਆਕੀ ਹੈ?

ਇਹ ਇਤਿਹਾਸਕ ਅੰਦੋਲਨਾਂ ਸਦਕਾ ਆਮ ਬੰਦੇ ਦੀ ਚੇਤਨਾ ਦੇ ਸਿਖਰ ਛੋਹਣ ਦੀ ਸੱਚਾਈ ਹੈ, ਜਿਸ ਨੂੰ ਹੋਣੀ-ਅਨਹੋਣੀ ਤਸੱਵੁਰ ਕਰਦੇ ਗਿਆਨਵਾਨ ਸਾਲਾਂ ਤੋਂ ਬਹਿਸ ਕਰਦੇ ਆ ਰਹੇ ਸਨ। ਇਹ ਭਵਿੱਖ ਦੀ ਸਿਆਸੀ ਜ਼ਮੀਨ ਤੇ ਸਭਿਆਚਾਰਕ ਕ੍ਰਾਂਤੀ ਦੇ ਸਿਆੜ ਹਨ। ਇਹ ਸਹਿਜ ਚੇਤਨਾ ਹੁਕਮਰਾਨ ਜਮਾਤਾਂ ਦੀ ਨੀਤੀ ਤੇ ਨੀਅਤ ਤੋਂ ਪਰਦਾ ਉਠਾ ਰਹੀ ਹੈ, ਜਿਸ ਲਈ ਕਰੋਨਾ ਕਾਲ ਦਾ 'ਸੰਕਟ ਹੀ ਬਿਹਤਰ ਅਵਸਰ' ਬਣ ਗਿਆ ਸੀ।

ਇਹ ਲੋਕ ਅੰਦੋਲਨ ਭਵਿੱਖ ਦੇ ਸਿਆਸੀ-ਸਮਾਜੀ ਸਰੋਕਾਰਾਂ ਨੂੰ ਤਬਦੀਲ ਕਰਨ ਦੇ ਸਮਰੱਥ ਪ੍ਰਤੀਤ ਹੋ ਰਿਹਾ ਹੈ। ਇਸ ਦੇ ਜੇਤੂ ਹੋਣ ਤੱਕ ਕੌਣ ਕਿਸ ਤਰ੍ਹਾਂ ਦੀ ਭੂਮਿਕਾ ਅਦਾ ਕਰੇਗਾ; ਇਹ ਸਵਾਲ ਹਾਲ ਦੀ ਘੜੀ ਸਵਾਲ ਹੀ ਹੈ ਅਤੇ ਇਹ ਬਾਰੀਕਬੀਨ ਜਵਾਬ ਭਾਲਣ ਦਾ ਵੇਲ਼ਾ ਵੀ ਨਹੀਂ ਹੈ। ਇਹ ਤਾਂ ਸੱਤਾ ਦੀ ਸਿਆਸਤ, ਇਸ ਦੇ ਅਸਲ ਮਾਲਕਾਂ ਦੇ ਆਰਥਿਕ ਟੀਚੇ ਅਤੇ ਇਨ੍ਹਾਂ ਦੋਵਾਂ ਦੇ ਗੁਲਾਮ ਗੋਦੀ ਮੀਡੀਆ ਦੇ ਕੱਚ-ਸੱਚ ਨੂੰ ਸਮਝਣ-ਸਿਆਣਨ ਦਾ ਵੇਲਾ ਹੈ।

# ਭਾਜਪਾ ਅਤੇ ਕਿਸਾਨ ਅੰਦੋਲਨ

ਸਮਾਂ ਆ ਗਿਆ ਹੈ ਕਿ ਮੇਰੇ ਵਰਗੇ ਸਿਆਸੀ ਸਮੀਖਿਅਕ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਇਤਿਹਾਸਕ ਕਿਸਾਨ ਅੰਦੋਲਨ ਦਾ ਰੋਜ਼ਨਾਮਚਾ ਲਿਖਣ ਦੀ ਸ਼ੁਰੂਆਤ ਕਰਨ। ਜੇ ਸਿਰਫ ਦਿੱਲੀ ਦੇ ਘੇਰੇ ਨੂੰ ਹੀ ਧਿਆਨ ਵਿਚ ਰੱਖਿਆ ਜਾਵੇ ਤਾਂ ਅੰਦੋਲਨ ਨੂੰ ਸੱਤਰ ਤੋਂ ਉਪਰ ਦਿਨ ਹੋ ਚੁੱਕੇ ਹਨ ਪਰ ਦਿਨਾਂ ਦੀ ਗਿਣਤੀ ਅੰਦੋਲਨ ਨੂੰ ਘਟਾ ਕੇ ਦੇਖਣ ਦੇ ਬਰਾਬਰ ਹੋਵੇਗੀ। ਇਹ ਸਹੀ ਹੈ ਕਿ ਅੰਦੋਲਨ ਦਾ ਮੁੱਖ ਮੰਚ ਦਿੱਲੀ ਹੈ ਪਰ ਇਸ ਦੇ ਘਟਨਾਕ੍ਰਮ ਨੂੰ ਦਿੱਲੀ ਦੀਆਂ ਹੱਦਾਂ ਤੱਕ ਹੀ ਸੀਮਤ ਮੰਨਣਾ

**ਅਭੈ ਕੁਮਾਰ ਦੂਬੇ**

ਗੈਰ-ਵਾਜਿਬ ਹੋਵੇਗਾ। ਅੰਦੋਲਨ ਦਾ ਦਾਇਰਾ ਕਿਤੇ ਜ਼ਿਆਦਾ ਵੱਡਾ ਹੈ ਅਤੇ ਉਹ ਦਿੱਲੀ ਦੀ ਘੇਰਾਬੰਦੀ ਤੋਂ ਕਾਫੀ ਪਹਿਲਾਂ ਤੋਂ ਚੱਲ ਰਿਹਾ ਹੈ। ਜੇ ਘੇਰਾਬੰਦੀ ਤੋਂ ਪਹਿਲਾਂ ਵਾਲੇ ਅੰਦੋਲਨ ਦਾ ਧਿਆਨ ਨਾ ਰੱਖਿਆ ਜਾਵੇ ਤਾਂ ਰਾਜਧਾਨੀ ਦੀਆਂ ਹੱਦਾਂ 'ਤੇ ਇਕੱਠੇ ਹੋਏ ਕਿਸਾਨਾਂ ਦੇ ਟਿਕਾਊਪਣ ਨੂੰ ਠੀਕ ਢੰਗ ਨਾਲ ਸਮਝਣਾ ਔਖਾ ਹੋਵੇਗਾ।

ਪਿਛਲੇ ਸਾਲ ਤਾਲਾਬੰਦੀ ਖੋਲ੍ਹਣ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਤਿੰਨ ਦਿਨ ਪਹਿਲਾਂ (ਕਰੋਨਾ ਕਾਰਨ ਲੰਮੀ ਤਾਲਾਬੰਦੀ ਤੋਂ ਬਾਅਦ 8 ਜੂਨ, 2020 ਨੂੰ ਸਰਕਾਰ ਨੇ ਵੱਖ-ਵੱਖ ਸੇਵਾਵਾਂ ਨੂੰ ਪੜਾਵਾਰ ਖੋਲ੍ਹਣ ਦੀ ਸ਼ੁਰੂਆਤ ਕੀਤੀ ਸੀ), ਭਾਵ 5 ਜੂਨ ਨੂੰ ਕੇਂਦਰੀ ਮੰਤਰੀ ਮੰਡਲ ਵਿਚ ਖੇਤੀ ਕਾਨੂੰਨਾਂ ਸਬੰਧੀ ਆਰਡੀਨੈਂਸ ਪੇਸ਼ ਕੀਤੇ ਸਨ। ਮੀਡੀਆ ਵਿਚ ਮਹਾਂਮਾਰੀ ਕਾਰਨ ਰਾਜਨੀਤੀ ਦੇ ਕਿਸੇ ਵੀ ਕਿੱਸੇ 'ਤੇ ਚਰਚਾ ਨਹੀਂ ਹੋ ਰਹੀ ਸੀ। ਸਰਕਾਰ ਨੇ ਸੋਚਿਆ ਹੋਵੇਗਾ ਕਿ ਇਸ ਕੋਵਿਡ ਪੀੜਤ ਮਾਹੌਲ ਦਾ ਲਾਭ ਉਠਾ ਕੇ ਉਹ ਇਨ੍ਹਾਂ ਆਰਡੀਨੈਂਸਾਂ ਨੂੰ ਚੁੱਪਚਾਪ ਜਾਰੀ ਕਰਵਾ ਲਵੇਗੀ। ਇਨ੍ਹਾਂ ਖਿਲਾਫ ਆਵਾਜ਼ ਵੀ ਨਹੀਂ ਉਠ ਸਕੇਗੀ, ਕਿਉਂਕਿ ਕਿਸੇ ਵੀ ਕਿਸਮ ਦੀ ਰਾਜਸੀ ਗੋਲਬੰਦੀ ਮਹਾਂਮਾਰੀ ਕਾਰਨ ਰੋਕੀ ਗਈ ਸੀ ਪਰ ਪੰਜਾਬ ਦੇ ਕਿਸਾਨ ਸੰਗਠਨਾਂ ਨੂੰ ਸ਼ਾਇਦ ਖਦਸ਼ਾ ਸੀ ਅਤੇ ਉਹ ਸਰਕਾਰ ਦੇ ਹਰ ਸਬੰਧਿਤ ਕਦਮ 'ਤੇ ਸਖਤ ਨਿਗ੍ਹਾ ਰੱਖ ਰਹੇ ਸਨ। ਆਰਡੀਨੈਂਸ ਜਾਰੀ ਹੋਣ ਦੇ 9 ਦਿਨਾਂ ਦੇ ਅੰਦਰ-ਅੰਦਰ ਉਨ੍ਹਾਂ ਨੇ ਰਾਜਸੀ ਕੁਸ਼ਲਤਾ ਦਾ ਸਬੂਤ ਦਿੰਦਿਆਂ ਅੰਦੋਲਨ ਦੀ ਸ਼ੁਰੂਆਤ ਕਰ ਦਿੱਤੀ। ਯੂਨੀਅਨਾਂ ਦੇ ਨਿਰਦੇਸ਼ 'ਤੇ 14 ਤੋਂ 30 ਜੂਨ ਦਰਮਿਆਨ ਕਿਸਾਨਾਂ ਨੇ ਪੂਰਾ-ਪੂਰਾ ਦਿਨ ਆਪਣੇ ਘਰਾਂ ਦੀਆਂ ਛੱਤਾਂ 'ਤੇ ਇਨ੍ਹਾਂ ਆਰਡੀਨੈਂਸਾਂ ਨੂੰ ਵਾਪਸ ਲੈਣ ਦੀ ਮੰਗ ਵਾਲੀਆਂ ਤਖਤੀਆਂ ਨਾਲ ਗੁਜ਼ਾਰਿਆ। ਸਰਕਾਰ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਇਸ ਤਰੀਕੇ ਨਾਲ ਵੀ ਅੰਦੋਲਨ ਹੋ ਸਕਦਾ ਹੈ।

19 ਅਗਸਤ ਨੂੰ 31 ਕਿਸਾਨ ਸੰਗਠਨਾਂ ਨੇ ਸੰਯੁਕਤ ਮੰਚ ਬਣਾ ਲਿਆ। ਕਿਸਾਨਾਂ ਦੇ ਰੋਸ ਦਾ ਪਹਿਲਾ ਸਾਹਮਣਾ ਅਕਾਲੀਆਂ ਅਤੇ ਭਾਰਤੀ ਜਨਤਾ ਪਾਰਟੀ ਨੂੰ ਕਰਨਾ ਪਿਆ। ਪਿੰਡਾਂ ਵਿਚ ਉਨ੍ਹਾਂ ਦੇ ਨੇਤਾਵਾਂ ਦੇ ਵੜਨ 'ਤੇ ਪਾਬੰਦੀ ਲਗਾ ਦਿੱਤੀ ਗਈ। 15 ਤੋਂ 22 ਅਗਸਤ ਦਰਮਿਆਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਬਾਦਲ ਵਿਚ ਘਰ ਸਾਹਮਣੇ ਪੱਕਾ ਮੋਰਚਾ (ਟੈਂਟ ਲਗਾ ਕੇ ਧਰਨਾ) ਲੱਗ ਗਿਆ। ਕਿਸਾਨਾਂ ਨੇ ਮੌਜੂਦਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਚੋਣ ਖੇਤਰ ਵਿਚ ਵੀ ਪੱਕਾ ਮੋਰਚਾ ਲਗਾਇਆ। 15 ਸਤੰਬਰ ਤੋਂ ਹੀ ਸਾਰੇ ਸੂਬੇ ਵਿਚ ਲਲਕਾਰ ਰੈਲੀਆਂ ਦੀ ਸ਼ੁਰੂਆਤ ਕਰ ਦਿੱਤੀ ਗਈ। ਇਸ ਨਾਲ ਪੰਜਾਬ ਦੇ ਰਾਜਸੀ ਦਲਾਂ ਅਤੇ ਸਰਕਾਰ 'ਤੇ ਏਨਾ ਦਬਾਅ ਪੈਦਾ ਹੋਇਆ ਕਿ ਕੇਂਦਰ ਸਰਕਾਰ ਵਿਚ ਅਕਾਲੀ ਦਲ ਦੀ ਪ੍ਰਤੀਨਿਧ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਪਿਆ। ਇਸ ਤੋਂ ਪਹਿਲਾਂ ਉਨ੍ਹਾਂ ਦੇ ਪਤੀ ਸੁਖਬੀਰ ਸਿੰਘ ਬਾਦਲ ਕਿਸਾਨ ਯੂਨੀਅਨਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਕਿ ਉਨ੍ਹਾਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਨਾਲ ਗੱਲ ਕਰ ਲਈ ਹੈ ਅਤੇ ਤਿੰਨਾਂ ਖੇਤੀ ਆਰਡੀਨੈਂਸਾਂ ਨਾਲ ਕਿਸਾਨਾਂ ਨੂੰ ਫਾਇਦਾ ਹੋਣ ਵਾਲਾ ਹੈ। 25 ਤੋਂ 30 ਸਤੰਬਰ ਦਰਮਿਆਨ ਪੰਜਾਬ ਵਿਚ ਕਿਸਾਨਾਂ ਨੇ 'ਰੇਲ ਰੋਕੋ ਮੁਹਿੰਮ' ਚਲਾਈ। ਉਹ ਪਟੜੀਆਂ 'ਤੇ ਲੇਟ ਗਏ ਅਤੇ ਰੇਲਵੇ ਆਵਾਜਾਈ ਠੱਪ ਹੋ ਗਈ। ਅਕਾਲੀ ਦਲ 'ਤੇ ਦਬਾਅ ਹੋਰ ਵਧਿਆ। ਹਰਸਿਮਰਤ ਕੌਰ ਬਾਦਲ ਦੇ ਅਸਤੀਫੇ ਤੋਂ ਬਾਅਦ ਅਕਾਲੀ ਦਲ ਨੂੰ ਭਾਜਪਾ ਨਾਲੋਂ ਆਪਣਾ 27 ਸਾਲ ਪੁਰਾਣਾ ਰਿਸ਼ਤਾ ਤੋੜਨਾ ਪਿਆ। ਇਹ ਬਹੁਤ ਵੱਡੀ ਗੱਲ ਸੀ।

ਇਕ ਅਕਤੂਬਰ ਤੋਂ 21 ਅਕਤੂਬਰ ਦਰਮਿਆਨ 30 ਤੋਂ ਜ਼ਿਆਦਾ ਥਾਵਾਂ 'ਤੇ ਮੁਸਾਫਰ ਅਤੇ ਮਾਲ ਗੱਡੀਆਂ ਰੋਕੀਆਂ ਗਈਆਂ। ਭਾਜਪਾ ਨੇਤਾਵਾਂ ਦੇ ਘਰਾਂ ਸਾਹਮਣੇ ਪੱਕੇ ਧਰਨੇ ਸ਼ੁਰੂ ਕਰ ਦਿੱਤੇ ਗਏ। 25 ਅਕਤੂਬਰ ਨੂੰ 'ਦਿੱਲੀ ਚੱਲੋ' ਦਾ ਸੱਦਾ ਦਿੱਤਾ ਗਿਆ। 13 ਨਵੰਬਰ ਨੂੰ ਕਿਸਾਨ ਯੂਨੀਅਨਾਂ ਦੀ ਕੇਂਦਰ ਸਰਕਾਰ ਨਾਲ ਪਹਿਲੀ ਗੱਲਬਾਤ ਹੋਈ। ਵਾਅਦੇ ਅਨੁਸਾਰ ਇਸ ਵਿਚ ਖੇਤੀਬਾੜੀ ਮੰਤਰੀ ਨੇ ਆਉਣਾ ਸੀ ਪਰ ਆਏ ਸਿਰਫ ਅਫਸਰ। ਕਿਸਾਨ ਯੂਨੀਅਨਾਂ ਨੇ ਸਮਝ ਲਿਆ ਕਿ ਸਰਕਾਰ ਗੱਲਬਾਤ ਦੇ ਨਾਂ 'ਤੇ ਉਨ੍ਹਾਂ ਨੂੰ ਗੁਮਰਾਹ ਕਰ ਰਹੀ ਹੈ। ਇਸ ਲਈ ਉਨ੍ਹਾਂ ਨੇ ਸਰਕਾਰ ਵਲੋਂ ਦੂਜੇ ਸੱਦੇ ਦਾ ਇੰਤਜ਼ਾਰ ਕੀਤੇ ਬਿਨਾਂ ਦਿੱਲੀ ਕੂਚ ਦਾ ਫੈਸਲਾ ਕੀਤਾ ਅਤੇ 25 ਤੋਂ 27 ਨਵੰਬਰ ਦਰਮਿਆਨ ਕਿਸਾਨ ਦਿੱਲੀ ਵੱਲ ਤੁਰੇ।

ਅੰਦੋਲਨ ਦਾ ਦ੍ਰਿਸ਼ ਸਿਰਫ ਪੰਜਾਬ ਤੱਕ ਸੀਮਤ ਨਹੀਂ ਸੀ। ਭਾਜਪਾ ਦੀ ਸਰਕਾਰ ਵਾਲੇ ਹਰਿਆਣੇ ਵਿਚ ਵੀ ਅੰਦੋਲਨ ਜਾਰੀ ਸੀ। ਦਿੱਲੀ ਕੂਚ ਲਈ ਉੱਥੋਂ ਵੀ ਕਿਸਾਨ ਤੁਰੇ ਸਨ। ਉਨ੍ਹਾਂ ਨੇ ਆਪਣੇ ਵਿਰੋਧ ਦਾ ਪ੍ਰਗਟਾਵਾ ਕਰਨ ਲਈ ਹਰਿਆਣਾ ਵਿਚ ਸਿੱਧਾ ਸੱਤਾਧਾਰੀਆਂ ਨੂੰ ਨਿਸ਼ਾਨਾ ਬਣਾਉਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਭਾਜਪਾ ਅਤੇ ਜਨਨਾਇਕ ਜਨਤਾ ਪਾਰਟੀ ਦੇ ਨੇਤਾਵਾਂ ਦੀ ਕੋਈ ਮੀਟਿੰਗ ਨਹੀਂ ਹੋਣ ਦੇਣਗੇ। 23 ਦਸੰਬਰ ਨੂੰ ਅੰਬਾਲੇ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਨਾ ਸਿਰਫ ਕਾਲੇ ਝੰਡਿਆਂ ਦਾ ਸਾਹਮਣਾ ਕੀਤਾ ਸਗੋਂ ਮਹਾਰਾਜਾ ਅਗਰਸੈਨ ਚੌਕ ਤੋਂ ਉਨ੍ਹਾਂ ਦੇ ਕਾਫਲੇ ਨੂੰ ਵਾਪਸ ਜਾਣਾ ਪਿਆ। ਜਨਨਾਇਕ ਜਨਤਾ ਪਾਰਟੀ ਦੇ ਨੇਤਾ ਦੁਸ਼ਿਅੰਤ ਚੌਟਾਲਾ ਨੇ ਆਪਣੇ ਜੀਂਦ ਸਥਿਤ ਚੋਣ ਖੇਤਰ ਵਿਚ ਆਪਣੇ ਲਈ ਹੈਲੀਪੈਡ ਬਣਾ ਰੱਖਿਆ ਸੀ। ਕਿਸਾਨਾਂ ਨੇ ਉਸ ਨੂੰ ਨਸ਼ਟ ਕਰ ਦਿੱਤਾ। ਕੈਥਲ ਵਿਚ ਖੱਟਰ ਸਰਕਾਰ ਵਿਚ ਮੰਤਰੀ ਕਮਲੇਸ਼ ਢਾਂਡਾ ਦੇ ਭੱਜਦੇ ਹੋਏ ਕਾਫਲੇ ਦਾ ਕਿਸਾਨਾਂ ਨੇ ਕਾਫੀ ਦੂਰ ਤੱਕ ਪਿੱਛਾ ਕੀਤਾ। ਫਤਿਹਾਬਾਦ ਵਿਚ ਸਤਲੁਜ ਯਮੁਨਾ ਸੰਪਰਕ ਨਹਿਰ ਦੇ ਮੁੱਦੇ 'ਤੇ ਰਾਜਨੀਤੀ ਕਰਕੇ ਕਿਸਾਨਾਂ ਦੇ ਅੰਦੋਲਨ ਨੂੰ ਪੰਜਾਬ ਅਤੇ ਹਰਿਆਣਾ ਵਿਚ ਵੰਡਣ ਦੀ ਸਰਕਾਰੀ ਯੋਜਨਾ ਕਿਸਾਨਾਂ ਦੇ ਸਖਤ ਵਿਰੋਧ ਕਾਰਨ ਰੱਦ ਕਰਨੀ ਪਈ। ਕਈ ਪਿੰਡਾਂ ਦੇ ਬਾਹਰ ਭਾਜਪਾ ਅਤੇ ਜਨਨਾਇਕ ਜਨਤਾ ਪਾਰਟੀ ਦੇ ਨੇਤਾਵਾਂ ਦੇ ਪ੍ਰਵੇਸ਼ 'ਤੇ ਪਾਬੰਦੀ ਵਾਲੇ ਬੋਰਡ ਲਗਾ ਦਿੱਤੇ ਗਏ। 10 ਜਨਵਰੀ ਨੂੰ ਕਰਨਾਲ ਵਿਚ ਭਾਜਪਾ ਵਲੋਂ ਕੀਤੀ ਜਾਣ ਵਾਲੀ ਕਿਸਾਨ ਪੰਚਾਇਤ ਵਿਚ ਮੁੱਖ ਮੰਤਰੀ ਖੱਟਰ ਹੈਲੀਕਾਪਟਰ ਰਾਹੀਂ ਆਉਣ ਵਾਲੇ ਸਨ ਤਾਂ ਕਿ ਸਰਕਾਰ ਦਾ ਪੱਖ ਰੱਖ ਸਕਣ ਪਰ ਕਿਸਾਨਾਂ ਨੇ ਉਨ੍ਹਾਂ ਦਾ ਉੱਡਣ ਖਟੋਲਾ ਉਤਰਨ ਹੀ ਨਹੀਂ ਦਿੱਤਾ। ਅੱਥਰੂ ਗੈਸ ਦੇ ਗੋਲਿਆਂ ਨਾਲ ਲੈਸ ਡੇਢ ਹਜ਼ਾਰ

ਹਰਿਆਣਾ ਵਿਚ ਭਾਜਪਾ 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਵਾਪਰੀਆਂ ਘਟਨਾਵਾਂ ਦਾ ਵੀ ਕੋਈ ਸਿਆਸੀ ਲਾਭ ਲੈਣ ਵਿਚ ਨਾਕਾਮ ਰਹੀ। ਇਸ ਲਈ ਉਨ੍ਹਾਂ ਨੇ ਜਨਸਭਾਵਾਂ ਕਰਨ ਦੀ ਯੋਜਨਾ ਬਣਾਈ ਸੀ ਪਰ ਕਿਸਾਨਾਂ ਦੇ ਵਿਰੋਧ ਕਾਰਨ ਇਕ ਵੀ ਮੀਟਿੰਗ ਨਹੀਂ ਕੀਤੀ ਜਾ ਸਕੀ। ਭਾਜਪਾ ਦੇ ਨੇਤਾ ਪੂਰੀ ਤਰ੍ਹਾਂ ਨਾਲ ਆਪਣੇ ਘਰਾਂ ਵਿਚ ਬੰਦ ਹਨ। ਪੁਲਿਸ ਦੀ ਸੁਰੱਖਿਆ ਵਿਚ ਵੀ ਉਨ੍ਹਾਂ ਨੂੰ ਬਾਹਰ ਨਿਕਲਣ ਦੀ ਹਿੰਮਤ ਨਹੀਂ ਪੈ ਰਹੀ। ਕਿਸਾਨਾਂ ਦੇ ਗੁੱਸੇ ਨੂੰ ਦੇਖਦੇ ਹੋਏ ਮੁੱਖ ਮੰਤਰੀ ਖੱਟਰ ਨੇ ਕੇਂਦਰੀ ਮੰਤਰੀ ਅਮਿਤ ਸ਼ਾਹ ਨੂੰ ਸਲਾਹ ਦਿੱਤੀ ਸੀ ਕਿ ਉਹ ਹਰਿਆਣਾ ਦਾ ਆਪਣਾ ਦੌਰਾ ਫਿਲਹਾਲ ਰੱਦ ਕਰ ਦੇਣ। ਜ਼ਾਹਰ ਸੀ ਕਿ ਕਰਨਾਲ ਦੀ ਘਟਨਾ ਤੋਂ ਬਾਅਦ ਸਰਕਾਰ ਨੂੰ ਆਪਣੀ ਪੁਲਿਸ 'ਤੇ ਵਿਸ਼ਵਾਸ ਨਹੀਂ ਸੀ ਰਹਿ ਗਿਆ ਕਿ ਉਹ ਕਿਸਾਨਾਂ ਦੇ ਮੁਕਾਬਲੇ ਖੜ੍ਹੀ ਰਹਿ ਕੇ ਸਰਕਾਰੀ ਪ੍ਰੋਗਰਾਮ ਕਰਵਾ ਸਕਦੀ ਹੈ। ਕਿਸਾਨਾਂ ਨੇ ਰਾਜ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਵੀ ਨਹੀਂ ਬਖਸ਼ਿਆ। ਅੱਠ ਦਸੰਬਰ ਨੂੰ ਕਾਂਗਰਸ ਦੇ ਰਾਸ਼ਟਰੀ ਬੁਲਾਰੇ ਅਤੇ ਸਥਾਨਕ ਨੇਤਾ ਰਣਦੀਪ ਸਿੰਘ ਸੂਰਜੇਵਾਲਾ ਕੈਥਲ ਵਿਚ ਘਟਨਾ ਸਥਾਨ 'ਤੇ ਗਏ ਤਾਂ ਉਨ੍ਹਾਂ ਨੂੰ ਵੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਦਿੱਲੀ ਦੇ ਟਿਕਰੀ ਬਾਰਡਰ 'ਤੇ ਇਹੀ ਹਸ਼ਰ ਹੋਇਆ। ਜ਼ਾਹਰ ਹੈ, ਕਿਸਾਨਾਂ ਨੂੰ ਚੰਗੀ ਤਰ੍ਹਾਂ ਨਾਲ ਪਤਾ ਹੈ ਕਿ ਜੇ ਕਾਂਗਰਸ ਦੀ ਸਰਕਾਰ ਹੁੰਦੀ ਤਾਂ ਉਹ ਵੀ ਅਜਿਹਾ ਕੁਝ ਹੀ ਕਰਦੀ, ਜਿਵੇਂ ਕਿ ਮੋਦੀ ਸਰਕਾਰ ਨੇ ਕੀਤਾ ਹੈ। ਆਖਰਕਾਰ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਏ.ਪੀ.ਐਮ.ਸੀ. ਮੰਡੀਆਂ ਨੂੰ ਖਤਮ ਕਰਨ ਅਤੇ ਕਾਂਨਟ੍ਰੈਕਟ ਫਾਰਮਿੰਗ ਲਿਆਉਣ ਦੇ ਵਾਅਦੇ ਵੀ ਦਰਜ ਹਨ।


## ਮੀਡੀਆ ਸਰਕਾਰ ਦਾ ਹਿੱਸਾ ਕਿਵੇਂ ਬਣਿਆ-4

# ਸਰਕਾਰੀ ਇਸ਼ਤਿਹਾਰ ਅਤੇ ਪੱਤਰਕਾਰੀ

*ਭਾਰਤੀ ਮੀਡੀਆ ਦਾ ਕਿਰਦਾਰ ਤੇਜ਼ੀ ਨਾਲ ਬਦਲਿਆ ਹੈ। ਇਸ ਨੇ ਸੱਤਾ ਨੂੰ ਸਵਾਲ ਕਰਨ ਦੀ ਬਜਾਏ ਸਿਰਫ ਸੱਤਾ ਦੀ ਧਿਰ ਬਣ ਕੇ ਵਿਰੋਧੀ ਧਿਰ ਨੂੰ ਭੰਡਣ ਅਤੇ ਅਸਲ ਮੁੱਦਿਆਂ ਤੇ ਸਮਾਜੀ ਸਰੋਕਾਰਾਂ ਤੋਂ ਧਿਆਨ ਹਟਾਉਣ ਦੀ ਘਿਨਾਉਣੀ ਭੂਮਿਕਾ ਅਖਤਿਆਰ ਕਰ ਲਈ ਹੈ। ਆਪਣੇ ਲੰਮੇ ਲੇਖ ਵਿਚ ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬੱਲ ਜੋ ਕਾਰਵਾਂ ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਹਨ, ਨੇ ਇਸ ਬਦਲਾਓ ਦਾ ਵਿਸ਼ਲੇਸ਼ਣ ਕੀਤਾ ਹੈ। ਕਾਰਵਾਂ ਮੈਗਜ਼ੀਨ ਦੇ ਧੰਨਵਾਦ ਸਹਿਤ ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। 'ਕਾਰਜਕਾਰੀ (ਅਤੇ) ਸੰਪਾਦਕ' ਦੇ ਸਿਰਲੇਖ ਹੇਠ ਛਪੇ ਇਸ ਲੇਖ ਦੀ ਚੌਥੀ ਅਤੇ ਆਖਰੀ ਕਿਸ਼ਤ ਪੇਸ਼ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸੈਂਟਰ ਫਾਰ ਮੀਡੀਆ ਸਟੱਡੀਜ਼ ਦੇ ਅੰਦਾਜ਼ਿਆਂ ਅਨੁਸਾਰ ਸਿਆਸੀ ਪਾਰਟੀਆਂ ਨੇ 2019 ਦੀਆਂ ਚੋਣਾਂ ਵਿਚ 55000 ਕਰੋੜ ਰੁਪਏ ਖਰਚੇ। 2014 ਦੀਆਂ ਚੋਣਾਂ ਵਿਚ 30 ਹਜ਼ਾਰ ਕਰੋੜ ਅਤੇ ਉਸ ਤੋਂ ਪਹਿਲੀਆਂ 2009 ਦੀਆਂ ਚੋਣਾਂ ਵਿਚ 20 ਹਜ਼ਾਰ ਕਰੋੜ ਰੁਪਏ ਖਰਚੇ ਸਨ। ਮੋਟੇ ਅੰਦਾਜ਼ੇ ਅਨੁਸਾਰ, 2019 ਦੀਆਂ ਆਮ ਚੋਣਾਂ ਵਿਚ ਜਿੰਨਾ ਧਨ ਖਰਚਿਆ, ਉਸ ਦਾ 50 ਫੀਸਦੀ ਇਕੱਲੀ ਬੀ.ਜੇ.ਪੀ. ਨੇ ਖਰਚਿਆ ਅਤੇ ਕਾਂਗਰਸ ਨੇ 20 ਫੀਸਦੀ। 2009 ਵਿਚ ਕਾਂਗਰਸ ਨੇ ਕੁਲ ਖਰਚ ਦਾ 45 ਫੀਸਦੀ ਧਨ ਖਰਚਿਆ ਸੀ ਜਦਕਿ ਬੀ.ਜੇ.ਪੀ. ਨੇ 40 ਫੀਸਦੀ। ਇਸ ਪੈਮਾਨੇ 'ਤੇ ਕੀਤੇ ਜਾਣ ਵਾਲੇ ਖਰਚ ਅਤੇ ਬੜੇ ਕਾਰੋਬਾਰੀ ਘਰਾਣਿਆਂ ਤੋਂ ਹਰ ਇਕ ਸਿਆਸੀ ਪਾਰਟੀ ਨੂੰ ਮਿਲਣ ਵਾਲੇ ਚੰਦੇ ਦੇ ਪੱਧਰ ਵਿਚ ਸਿੱਧਾ ਸਬੰਧ ਹੈ, ਕਿਉਂਕਿ ਮੁਲਕ ਵਿਚ ਐਨੇ ਵਿਆਪਕ ਪੱਧਰ 'ਤੇ ਧਨ ਜੁਟਾਉਣ ਦਾ ਹੋਰ ਕੋਈ ਵਸੀਲਾ ਨਹੀਂ ਹੈ।



**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ**

ਬੀ.ਜੇ.ਪੀ. ਵਿਚ ਕਾਰਪੋਰੇਟ ਪੂੰਜੀ ਨਿਵੇਸ਼ ਲਗਾਤਾਰ ਵਧਦਾ ਗਿਆ ਹੈ ਜੋ ਸੱਤਾਧਾਰੀ ਪਾਰਟੀ ਹੋਣ ਕਾਰਨ ਵਧੇਰੇ ਲਾਭ ਲੈਣ ਦੇ ਤਰਕ ਤੋਂ ਉਪਰ ਹੈ। 2014-2019 ਦਾ ਅਰਸਾ ਆਰਥਿਕਤਾ ਵਿਚ ਗਿਰਾਵਟ ਦੇ ਰੂਪ 'ਚ ਦਰਜ ਕੀਤਾ ਗਿਆ ਹੈ, ਫਿਰ ਵੀ ਬੜੇ ਕਾਰੋਬਾਰੀ ਘਰਾਣੇ ਮੋਦੀ ਦੀ ਲਗਾਤਾਰ ਜ਼ਬਰਦਸਤ ਮਦਦ ਕਰਦੇ ਰਹੇ ਹਨ। ਇਹ ਜਿੱਤਣ ਵਾਲੀ ਪਾਰਟੀ ਨੂੰ ਚੰਦਾ ਦੇਣ ਦੇ ਸੁਭਾਵਿਕ ਤਰਕ ਦਾ ਹਿੱਸਾ ਹੋ ਸਕਦਾ ਹੈ ਲੇਕਿਨ ਇਹ ਰੁਝਾਨ ਕਾਂਗਰਸ ਦੇ ਸ਼ਾਸਨ ਕਾਲਾਂ ਨਾਲ ਮੇਲ ਨਹੀਂ ਖਾਂਦਾ ਹੈ। ਇੱਥੋਂ ਤੱਕ ਕਿ 2005 ਤੇ 2009 ਦਰਮਿਆਨ ਆਰਥਿਕਤਾ ਵਿਚ ਉਛਾਲ ਆਇਆ ਸੀ ਅਤੇ ਹਰ ਲਿਹਾਜ਼ ਨਾਲ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਹਮਾਇਤ ਮੁਨਾਸਿਬ ਸੀ, ਉਸ ਦੇ ਮੁਕਾਬਲੇ ਬੀ.ਜੇ.ਪੀ. ਦੀ ਅਗਵਾਈ ਇਸ ਦਾ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਕਰ ਰਿਹਾ ਸੀ ਜਿਸ ਨੂੰ ਸੱਤਾ ਦੇ ਲਈ ਗੰਭੀਰ ਦਾਅਵੇਦਾਰ ਦੇ ਰੂਪ 'ਚ ਨਹੀਂ ਦੇਖਿਆ ਜਾ ਰਿਹਾ ਸੀ, ਇਸ ਦੇ ਬਾਵਜੂਦ ਬੜੇ ਕਾਰੋਬਾਰੀ ਘਰਾਣਿਆਂ ਨੇ ਦੋਨਾਂ ਹੀ ਪਾਰਟੀਆਂ ਵਿਚ ਲੱਗਭੱਗ ਬਰਾਬਰ ਪੂੰਜੀ ਨਿਵੇਸ਼ ਕੀਤਾ ਸੀ। 2014 ਦੀਆਂ ਚੋਣਾਂ 'ਚ ਭਾਜਪਾ ਨੇ ਆਪਣੀ ਵਿਰੋਧੀ ਪਾਰਟੀ ਦੀ ਬਨਿਸਬਤ ਸਭ ਤੋਂ ਜ਼ਿਆਦਾ ਧਨ ਇਕੱਠਾ ਕੀਤਾ ਸੀ, ਜਦਕਿ ਉਹ ਉਸ ਵਕਤ ਵਿਰੋਧੀ ਧਿਰ ਵਿਚ ਸੀ।

ਕਾਰਪੋਰੇਟ ਭਾਰਤ ਵਿਚਾਰਧਾਰਕ ਤੌਰ 'ਤੇ ਮੋਦੀ ਸਰਕਾਰ ਵਿਚ ਪੂੰਜੀ ਨਿਵੇਸ਼ ਕਰਦਾ ਹੈ ਅਤੇ ਅੱਜ ਜੋ ਕੁਝ ਮੀਡੀਆ ਵਿਚ ਹੋ ਰਿਹਾ ਹੈ, ਉਹ ਇਸੇ ਦਾ ਪ੍ਰਤੀਬਿੰਬ ਹੈ। ਮੀਡੀਆ ਮਾਲਕਾਂ ਨੂੰ ਜਦ ਕਦੇ ਵੀ ਸਰਕਾਰ ਦੇ ਪ੍ਰਤੀ ਆਪਣੀ ਵਫਾਦਾਰੀ ਦਿਖਾਉਣ ਦਾ ਮੌਕਾ ਦਿੱਤਾ ਗਿਆ ਹੈ, ਉਹ ਇਸ ਵਿਚ ਕਦੇ ਫੇਲ੍ਹ ਨਹੀਂ ਹੋਏ ਹਨ।

ਮਾਰਚ 2020 ਵਿਚ ਕਰੋਨਾ ਵਾਇਰਸ ਦੇ ਪ੍ਰਤੀਕਰਮ ਵਜੋਂ ਪੂਰੇ ਮੁਲਕ ਵਿਚ ਲੌਕਡਾਊਨ ਲਾਗੂ ਕਰਨ ਤੋਂ ਕੁਝ ਘੰਟੇ ਪਹਿਲਾਂ ਮੋਦੀ ਨੇ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਮੁਲਕ ਦੀਆਂ ਸਭ ਤੋਂ ਬੜੀਆਂ ਮੀਡੀਆ ਕੰਪਨੀਆਂ ਦੇ ਮਾਲਕਾਂ ਅਤੇ ਉਨ੍ਹਾਂ ਦੇ ਸਿਖਰਲੇ ਕਾਰਜਕਾਰੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਸੀ। ਇਸ ਵਿਚ ਸ਼ਾਮਲ ਹੋਏ ਬਹੁਤ ਸਾਰੇ ਲੋਕਾਂ ਨਾਲ ਉਸ ਨੇ ਬਾਅਦ 'ਚ ਵੀ ਵਿਅਕਤੀਗਤ ਤੌਰ 'ਤੇ ਗੱਲਬਾਤ ਕੀਤੀ ਸੀ। ਪ੍ਰਧਾਨ ਮੰਤਰੀ ਦੀ ਵੈੱਬਸਾਈਟ ਉਪਰ ਦਿੱਤੀ ਗਈ ਜਾਣਕਾਰੀ ਮੁਤਾਬਿਕ, ਜੋ ਲੋਕ ਵੀਡੀਓ ਕਾਨਫਰੰਸਿੰਗ ਵਿਚ ਮੌਜੂਦ ਸਨ, ਉਹ "ਪ੍ਰਧਾਨ ਮੰਤਰੀ ਦੀ ਸਲਾਹ 'ਤੇ ਇਸ ਦੌਰਾਨ ਹਾਂ-ਪੱਖੀ ਅਤੇ ਪ੍ਰੇਰਨਾਦਾਇਕ ਰਿਪੋਰਟਿੰਗ ਛਾਪਣ ਲਈ ਸਹਿਮਤ ਹੋ ਗਏ ਸਨ"। ਇਸ ਕਾਨਫਰੰਸ ਵਿਚ ਮੌਜੂਦ ਮੀਡੀਆ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਵਿਚ ਐਚ.ਟੀ. ਸਮੂਹ ਦੀ ਸ਼ੋਭਨਾ ਭਾਰਤੀਆ, ਲੋਕਮੱਤ ਗਰੁੱਪ ਦੇ ਰਿਸ਼ੀ ਦਾਰਦਾ ਅਤੇ ਐਕਸਪ੍ਰੈੱਸ ਗਰੁੱਪ ਦੇ ਵਿਵੇਕ ਗੋਇਨਕਾ ਵੀ ਸ਼ਾਮਲ ਸਨ।

ਕਰੋਨਾ ਵਾਇਰਸ ਤੋਂ ਪੈਦਾ ਹੋਈ ਆਲਮੀ ਮਹਾਮਾਰੀ ਨਾਲ ਨਜਿੱਠਣ 'ਚ ਸਰਕਾਰ ਦੀ ਬਦਇੰਤਜ਼ਾਮੀ ਦੀ ਮੀਡੀਆ ਪੁਣਛਾਣ ਤੋਂ ਬਚਣ ਦੀ ਵਜ੍ਹਾ ਇਹੀ ਸੀ। ਪਿਛਲੇ ਮਾਰਚ ਦੇ ਅੱਧ ਤੱਕ, ਭਾਰਤ ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ (ਪੀ.ਪੀ.ਈ.) ਦੇ ਕੱਚੇ ਮਾਲ ਦੀ ਬਰਾਮਦ ਕਰ ਰਿਹਾ ਸੀ; ਜਦਕਿ ਆਪਣੇ ਮੁਲਕ ਵਿਚ ਇਸ ਦੀ ਭਾਰੀ ਥੁੜ ਸੀ। ਇਸ ਦੇ ਨਾਲ ਹੀ ਵੈਂਟੀਲੇਟਰ ਦੀ ਬਰਾਮਦ ਵੀ ਜਾਰੀ ਸੀ। ਅਫਰਾ ਤਫਰੀ 'ਚ ਲਾਗੂ ਕੀਤੇ ਲੌਕਡਾਊਨ ਨੇ ਲੱਖਾਂ ਪਰਵਾਸੀਆਂ ਨੂੰ ਭੁੱਖੇ ਤਿਹਾਏ, ਰੁਜ਼ਗਾਰਹੀਣ ਅਤੇ ਆਵਾਜਾਈ ਦੀਆਂ ਸਹੂਲਤਾਂ ਤੋਂ ਵਾਂਝੇ ਕਰ ਦਿੱਤਾ। ਦੂਰ-ਦਰਾਜ ਦੇ ਸ਼ਹਿਰਾਂ ਤੋਂ ਲੰਮਾ ਪੈਂਡਾ ਗਾਹ ਕੇ ਆਪਣੇ ਪਿੰਡਾਂ ਨੂੰ ਜਾ ਰਹੇ ਬਹੁਤ ਸਾਰੇ ਲੋਕਾਂ ਦੀ ਜਾਨ ਚਲੀ ਗਈ। ਇਕ ਸਮਰੱਥ ਅਧਿਕਾਰਕ ਸਮੂਹ ਦੇ ਇਕ ਮੈਂਬਰ ਨੇ ਇਹ ਦਾਅਵਾ ਕਰਨ ਦੀ ਕੋਸ਼ਿਸ਼ ਕੀਤੀ ਕਿ ਸਰਕਾਰ ਦੇ ਲੌਕਡਾਊਨ ਲਾਉਣ ਦੇ ਕਾਰਨ ਮਈ ਦੇ ਅੱਧ ਤੋਂ ਬਾਅਦ ਮੁਲਕ ਵਿਚ ਕਰੋਨਾ ਦੇ ਨਵੇਂ ਮਾਮਲੇ ਨਹੀਂ ਹੋਣਗੇ। ਹੁਣ ਦੁਨੀਆ ਦੇ ਮੁਲਕਾਂ ਵਿਚ ਸਭ ਤੋਂ ਜ਼ਿਆਦਾ ਕਰੋਨਾ ਵਾਇਰਸ ਦੇ ਮਾਮਲੇ ਭਾਰਤ ਵਿਚ ਹਨ ਅਤੇ ਉਹ ਆਪਣੇ ਗੁਆਂਢੀ ਮੁਲਕਾਂ ਦੀ ਤੁਲਨਾ ਵਿਚ ਸਭ ਤੋਂ ਜ਼ਿਆਦਾ ਭੈੜੀ ਹਾਲਤ 'ਚ ਹਨ, ਜਦਕਿ ਸਰਕਾਰ ਦਾ ਖਿਆਲ ਹੈ ਕਿ ਉਸ ਨੇ ਇਸ ਅਸਾਧਾਰਨ ਹਾਲਤ ਨਾਲ ਬਿਹਤਰ ਤਰੀਕੇ ਨਾਲ ਨਜਿੱਠਿਆ ਹੈ। ਐਸਾ ਇਸ ਕਰ ਕੇ ਸੰਭਵ ਹੁੰਦਾ ਰਿਹਾ ਕਿ ਮੀਡੀਆ ਨੇ ਆਪਣੀ ਉਹ ਭੂਮਿਕਾ ਤਿਆਗ ਦਿੱਤੀ ਹੈ ਜਿਸ ਦੀ ਇਸ ਤੋਂ ਤਵੱਕੋ ਕੀਤੀ ਜਾਂਦੀ ਹੈ।

ਸਰਕਾਰੀ ਇਸ਼ਤਿਹਾਰਾਂ ਅਤੇ ਹੋਰ ਕਿਸਮ ਦੀਆਂ ਰਿਆਇਤਾਂ ਜ਼ਰੀਏ ਮੀਡੀਆ ਨੂੰ ਆਪਣੀ ਇਸ ਵਚਨਬੱਧਤਾ ਦਾ ਇਨਾਮ ਵੀ ਮਿਲਿਆ ਹੈ। 2020 ਦੇ ਸ਼ੁਰੂ ਵਿਚ ਸੰਸਦ ਨੇ ਮੁਲਕ ਦੇ ਕਿਰਤ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਇਸ ਵਿਚ ਵਰਕਿੰਗ ਜਰਨਲਿਸਟ ਐਕਟ ਵੀ ਸ਼ਾਮਲ ਸੀ ਜੋ ਪ੍ਰਿੰਟ ਮੀਡੀਆ ਦੇ ਸਾਰੇ ਪੱਤਰਕਾਰਾਂ ਦੀਆਂ ਨੌਕਰੀ ਸ਼ਰਤਾਂ ਨੂੰ ਨਿਯਮਤ ਕਰਦਾ ਹੈ। ਪਹਿਲੀ ਵਿਵਸਥਾ ਵਿਚ ਸੰਪਾਦਕਾਂ ਨੂੰ ਨੌਕਰੀ ਤੋਂ ਹਟਾਉਣ ਤੋਂ ਛੇ ਮਹੀਨੇ ਪਹਿਲਾਂ ਅਤੇ ਹੋਰ ਸਾਰੇ ਅਹੁਦਿਆਂ ਉਪਰ ਕੰਮ ਕਰਨ ਵਾਲੇ ਪੱਤਰਕਾਰਾਂ ਲਈ 3 ਮਹੀਨੇ ਪਹਿਲਾਂ ਨੋਟਿਸ ਦੇਣ ਦੀ ਸਮਾਂ ਸੀਮਾ ਤੈਅ ਸੀ। ਇਸ ਨੂੰ ਬਦਲ ਕੇ ਸਾਰੇ ਪੱਤਰਕਾਰਾਂ ਲਈ 1 ਮਹੀਨਾ ਪਹਿਲਾਂ ਦੀ ਸਮਾਂ ਸੀਮਾ ਤੈਅ ਕਰ ਦਿੱਤੀ ਗਈ। ਇਸ ਸੋਧੇ ਹੋਏ ਕਾਨੂੰਨ ਜ਼ਰੀਏ ਮੀਡੀਆ ਮਾਲਕਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ ਗਏ ਅਤੇ ਉਨ੍ਹਾਂ ਦੇ ਖਿਲਾਫ ਖੜ੍ਹੇ ਹੋਣ ਦੀ ਪੱਤਰਕਾਰਾਂ ਦੀ ਸਮਰੱਥਾ ਖਤਮ ਕਰ ਦਿੱਤੀ ਗਈ।

ਇਸ ਰੁਝਾਨ ਨੇ ਨਿਊਜ਼ ਰੂਮ ਦੀ ਸੁਤੰਤਰਤਾ ਵੀ ਖਤਮ ਕਰ ਦਿੱਤੀ। ਇਸੇ ਰਸਾਲੇ ਲਈ ਦੋ ਸਾਲ ਪਹਿਲਾਂ ਲਿਖੇ ਆਪਣੇ ਲੇਖ ਵਿਚ ਤਜਰਬੇਕਾਰ ਸੰਪਾਦਕ ਹਰੀਸ਼ ਖਰੇ ਨੇ ਟਿੱਪਣੀ ਕੀਤੀ ਸੀ: 'ਕਾਬੂ ਨਾ ਆਉਣ ਵਾਲੀ' ਸੰਪਾਦਕਾਂ ਦੀ ਨਸਲ ਹੁਣ ਭਾਰਤ 'ਚ ਦੁਰਲੱਭ ਹੋ ਗਈ ਹੈ। ਕੇਂਦਰ ਤੇ ਰਾਜ ਸਰਕਾਰਾਂ ਅਤੇ ਉਨ੍ਹਾਂ ਦੀਆਂ ਵਿਰੋਧੀ ਪਾਰਟੀਆਂ ਸਮੇਤ ਭਾਰਤ ਦਾ ਜ਼ਿਆਦਾਤਰ ਰਾਜਨੀਤਕ ਵਰਗ ਮਜ਼ਬੂਤ ਅਤੇ ਸੁਤੰਤਰ ਨਜ਼ਰੀਆ ਰੱਖਣ ਵਾਲੇ ਸੰਪਾਦਕ ਨੂੰ ਅਣਚਾਹਿਆ ਮੰਨਦਾ ਹੈ। ਪੇਸ਼ੇਵਰ ਸੰਪਾਦਕਾਂ ਦੇ ਪ੍ਰਤੀ ਕਾਰਪੋਰੇਟ ਬੌਸ ਦਾ ਵਿਹਾਰ ਤ੍ਰਿਸਕਾਰ ਵਾਲਾ ਰਿਹਾ ਹੈ। ਮੀਡੀਆ ਘਰਾਣਿਆਂ ਦੇ ਮਾਲਕ ਜੋ ਚਾਪਲੂਸੀ ਕਰਨ ਵਾਲੇ ਪੱਤਰਕਾਰਾਂ ਨੂੰ ਖਾਸ ਤੌਰ 'ਤੇ ਪਸੰਦ ਕਰਦੇ ਹਨ, ਉਹ ਨਿਡਰ ਪੱਤਰਕਾਰ ਤੋਂ ਸਭ ਤੋਂ ਜ਼ਿਆਦਾ ਨਾਖੁਸ਼ ਰਹਿੰਦੇ ਹਨ। ਇੱਥੋਂ ਤੱਕ ਕਿ ਨਿਊਜ਼ ਜਥੇਬੰਦੀਆਂ 'ਚ ਵੀ ਸਾਥੀ ਪੱਤਰਕਾਰ ਮੈਨੇਜਮੈਂਟ ਵਿਚ ਕਮਜ਼ੋਰ ਵਿਅਕਤੀ ਨੂੰ ਬਿਰਾਜਮਾਨ ਦੇਖਣਾ ਪਸੰਦ ਕਰਦੇ ਹਨ।




---

2019 ਦੀਆਂ ਆਮ ਚੋਣਾਂ ਵਿਚ ਮੋਦੀ ਦੇ ਦੁਬਾਰਾ ਚੁਣੇ ਜਾਣ ਤੋਂ ਸਾਲ ਕੁ ਪਹਿਲਾਂ ਇੰਡੀਅਨ ਐਕਸਪ੍ਰੈੱਸ ਦੇ ਚੀਫ ਐਡੀਟਰ ਰਾਜਕਮਲ ਝਾਅ ਨੇ ਇਕ ਸੰਪਾਦਕੀ ਮੀਟਿੰਗ ਵਿਚ ਆਪਣੇ ਸਹਿਯੋਗੀਆਂ ਨੂੰ ਕਿਹਾ ਕਿ ਅਖਬਾਰ ਵਿਚ ਕਿਸੇ ਸਟੋਰੀ ਨੂੰ ਛਾਪਣ ਤੋਂ ਪਹਿਲਾਂ ਬਹੁਤ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਇਹ ਕਾਂਗਰਸ ਦੀ ਅਗਵਾਈ ਵਾਲੀ ਪੁਰਾਣੀ ਸਰਕਾਰ ਨਹੀਂ ਹੈ ਜਿੱਥੇ ਕੋਈ ਗੱਲ ਕਹੀ ਜਾ ਸਕਦੀ ਸੀ ਅਤੇ ਕਿਸੇ ਨੂੰ ਕੋਈ ਡਰ ਨਹੀਂ ਹੁੰਦਾ ਸੀ - 'ਇਹ' ਲੋਕ ਵੱਖਰੀ ਤਰ੍ਹਾਂ ਦੇ ਹਨ।

ਇਹ ਉਸੇ ਪਿਛੋਕੜ ਨਾਲ ਜੁੜੀ ਗੱਲ ਹੈ ਕਿ ਅਜੋਕਾ ਮੀਡੀਆ ਇਸ ਤਰ੍ਹਾਂ ਦਾ ਕਿਉਂ ਹੋ ਗਿਆ ਹੈ। ਜੇ ਵਿੱਤੀ ਮਾਨਸਿਕਤਾ ਅਤੇ ਵਿਚਾਰਧਾਰਕ ਤੌਰ 'ਤੇ ਹਮਦਰਦ ਮੀਡੀਆ ਮਾਲਕ ਹੋਣਾ ਕਾਫੀ ਨਾ ਹੋਵੇ ਤਾਂ ਸਰਕਾਰ ਦੀ ਦਾਦਾਗਿਰੀ ਦਾ ਭੈਅ ਵੀ ਦਿਖਾਇਆ ਜਾਂਦਾ ਹੈ।

ਇਸ ਨੂੰ ਖੁਦ ਪ੍ਰਧਾਨ ਮੰਤਰੀ ਨੇ 2019 ਦੀਆਂ ਚੋਣਾਂ ਦੌਰਾਨ ਹੀ ਐਕਸਪ੍ਰੈੱਸ ਨਾਲ ਆਪਣੇ ਇੰਟਰਵਿਊ ਵਿਚ ਜ਼ੋਰ ਦੇ ਕੇ ਕਹਿ ਦਿੱਤਾ ਸੀ। ਰਾਜ ਕਮਲ ਝਾਅ ਅਤੇ ਅਖਬਾਰ ਦੇ ਨੈਸ਼ਨਲ ਬਿਊਰੋ ਪ੍ਰਮੁੱਖ ਰਵੀਸ਼ ਤਿਵਾੜੀ ਨਾਲ ਗੱਲਬਾਤ ਕਰਦੇ ਹੋਏ ਮੋਦੀ ਨੇ ਸਾਰਿਆਂ ਨੂੰ ਚੇਤਾਵਨੀ ਦੇ ਦਿੱਤੀ ਸੀ:

"ਤੁਸੀਂ ਹੁਣ ਸਾਡੇ ਨਾਲ ਮੀਡੀਆ ਦਾ ਮਖੌਟਾ ਪਾ ਕੇ ਨਹੀਂ ਲੜ ਸਕਦੇ ... ਹੁਣ ਤੁਸੀਂ ਬੇਨਕਾਬ ਹੋ ਗਏ ਹੋ, ਸਾਰੇ ਹੀ ਪੱਤਰਕਾਰ। ਸੋਸ਼ਲ ਮੀਡੀਆ ਉਪਰ ਤੁਹਾਡੇ ਵਿਚਾਰ ਨਜ਼ਰ ਆਉਂਦੇ ਹਨ। ਲੋਕ ਉਸ ਦਾ ਵਿਸ਼ਲੇਸ਼ਣ ਕਰਦੇ ਹਨ ਕਿ ... ਜੋ ਵਿਅਕਤੀਗਤ ਵਿਚਾਰ ਮੀਡੀਆ ਵਿਚ ਪ੍ਰਤੀਬਿੰਬਤ ਹੋ ਰਹੇ ਹਨ, ਉਹ ਮੀਡੀਆ ਦੀ ਨਿਰਪੱਖਤਾ ਨਹੀਂ ਹੈ। ਇਸ ਲੀਏ ਆਜ ਆਪ ਕੀ ਪ੍ਰਤਿਸ਼ਠਤਾ ਜੋ ਦਾਂਵ ਪਰ ਲੱਗੀ ਹੈ, ਇਸੇ ਕੇ ਕਾਰਨ ਲੱਗੀ ਹੈ। ਆਪਣਾ ਵੱਕਾਰ ਬਣਾਈ ਰੱਖਣ ਲਈ ਤੁਹਾਨੂੰ ਸੰਜਮ ਨਾਲ ਕੰਮ ਕਰਨਾ ਪਵੇਗਾ। ਸਮੁੱਚੇ ਮੀਡੀਆ ਭਾਈਚਾਰੇ ਨੂੰ ਇਹ ਕਰਨਾ ਪਵੇਗਾ। ਪਹਿਲਾਂ ਸੰਪਾਦਕ ਗੋਸ਼ਟੀਆਂ ਵਿਚ ਵਿਚਾਰ ਪ੍ਰਗਟਾਇਆ ਕਰਦੇ ਸਨ ਤਾਂ ਉਨ੍ਹਾਂ ਨੂੰ ਦੂਜੇ ਰੂਪ 'ਚ ਨਹੀਂ ਲਿਆ ਜਾਂਦਾ ਸੀ। ਹੁਣ ਗੱਲ ਇਸ ਤਰ੍ਹਾਂ ਨਹੀਂ ਹੈ। ਭਰੋਸੇਯੋਗਤਾ ਦਾ ਸੰਕਟ ਮੀਡੀਆ ਦਾ ਸੰਕਟ ਨਹੀਂ ਹੈ ਸਗੋਂ ਇਹ ਇਸ ਵਿਚ ਕੰਮ ਕਰਨ ਵਾਲੇ ਵਿਅਕਤੀ ਦਾ ਸੰਕਟ ਹੈ। ਇਸ ਲਈ ਸਾਨੂੰ ਗਾਹਲਾਂ ਨਾ ਕੱਢੋ।"

ਸੰਦੇਸ਼ ਸਾਫ ਸਪਸ਼ਟ ਸੀ: ਅਸੀਂ ਤੁਹਾਡੇ ਉਪਰ ਨਜ਼ਰ ਰੱਖ ਰਹੇ ਹਾਂ, ਹਰ ਇਕ ਉਪਰ ਵਿਅਕਤੀਗਤ ਤੌਰ 'ਤੇ, ਅਤੇ ਜੇ ਤੁਸੀਂ ਦਾਇਰੇ ਤੋਂ ਬਾਹਰ ਪੈਰ ਰੱਖਿਆ ਤਾਂ ਤੁਹਾਡਾ ਮਾਣ-ਤਾਣ ਆਨਲਾਈਨ ਹੋ ਜਾਵੇਗਾ। ਇਸ ਦਾ ਭਾਵ ਇਹ ਨਹੀਂ ਹੈ ਕਿ ਤੁਸੀਂ ਕੀ ਰਿਪੋਰਟ ਕਰਦੇ ਹੋ ਸਗੋਂ ਇਹ ਹੈ ਕਿ ਕੀ ਤੁਸੀਂ ਇਸ ਸਰਕਾਰ ਦੇ ਹਮਾਇਤੀ ਹੋ। ਕੋਈ ਵੀ ਵਿਅਕਤੀ ਜੋ ਮੋਦੀ ਦੀ ਖੁੱਲ੍ਹ ਕੇ ਆਲੋਚਨਾ ਕਰਦਾ ਹੈ, ਉਸ ਨੂੰ ਮੋਦੀ ਦੀ ਰਿਪੋਰਟਿੰਗ ਤੋਂ ਪਾਸੇ ਕਰਨਾ ਹੋਵੇਗਾ ਅਤੇ ਕੋਈ ਪੱਤਰਕਾਰ ਮੋਦੀ ਬਾਰੇ ਰਿਪੋਰਟਿੰਗ ਕਰਦਾ ਹੈ ਤਾਂ ਉਸ ਨੂੰ ਉਸ ਦੀ ਆਲੋਚਨਾ ਕਰਨ ਤੋਂ ਲਾਜ਼ਮੀ ਪਰਹੇਜ਼ ਕਰਨਾ ਪਵੇਗਾ।

ਮੋਦੀ ਨੇ ਇੰਟਰਵਿਊ ਦੌਰਾਨ ਸਪਸ਼ਟ ਕਰ ਦਿੱਤਾ ਕਿ ਐਕਸਪ੍ਰੈੱਸ ਲੋੜੀਂਦਾ 'ਸੰਜਮ' ਨਹੀਂ ਵਰਤ ਰਿਹਾ। ਉਹ ਵਾਰ-ਵਾਰ ਅਖਬਾਰ ਵਿਚ ਨਜ਼ਰ ਆਈਆਂ ਗਲਤੀਆਂ ਦੇ ਵਿਸਤਾਰਤ ਵੇਰਵੇ ਦੇਣ ਵੱਲ ਮੁੜਦਾ ਰਿਹਾ, ਜਿਸ ਤੋਂ ਇਹ ਪ੍ਰਤੀਤ ਹੁੰਦਾ ਸੀ ਕਿ ਉਹ ਕਿੰਨੀ ਤਿਆਰੀ ਨਾਲ ਆਇਆ ਸੀ। ਫਿਰ ਜਦ ਉਸ ਨੂੰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕੁਝ ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਬੀ.ਜੇ.ਪੀ. ਦੇ ਵਿਰੁੱਧ ਕਾਂਗਰਸ ਦੀ ਜਿੱਤ ਬਾਰੇ ਸਵਾਲ ਕੀਤਾ ਗਿਆ ਤਾਂ ਮੋਦੀ ਨੇ ਅਖਬਾਰ ਵਿਚ ਛਪੀਆਂ ਰਿਪੋਰਟਾਂ ਦੀ ਸੂਚੀ ਦਿਖਾ ਦਿੱਤੀ ਜਿਨ੍ਹਾਂ ਨੂੰ ਲੈ ਕੇ ਉਹ ਮਹਿਸੂਸ ਕਰਦਾ ਸੀ ਕਿ ਅਖਬਾਰ ਨੂੰ ਇਹ ਉਨ੍ਹਾਂ ਰਾਜਾਂ ਤੋਂ ਛਾਪਣੀਆਂ ਚਾਹੀਦੀਆਂ ਸਨ; ਹਾਲਾਂਕਿ ਇਹ ਰਿਪੋਰਟਾਂ ਕਾਂਗਰਸ ਦੀਆਂ ਸੰਭਾਵਨਾਵਾਂ ਦੀ ਧੁੰਦਲੀ ਤਸਵੀਰ ਪੇਸ਼ ਕਰਦੀਆਂ ਸਨ।

ਜਦ ਉਸ ਤੋਂ ਉਨ੍ਹਾਂ ਦੀ ਸਰਕਾਰ ਦੀਆਂ ਸਵੈ ਵਿਰੋਧੀ ਨੀਤੀਆਂ ਬਾਰੇ ਪੁੱਛਿਆ ਗਿਆ, ਭਾਵ ਇਕ ਪਾਸੇ ਤਾਂ ਉਸ ਦੀ ਸਰਕਾਰ ਸਵੈ-ਰੁਜ਼ਗਾਰ ਲਈ ਕਰਜ਼ੇ ਦਿੰਦੀ ਹੈ ਅਤੇ ਦੂਜੇ ਪਾਸੇ ਕਿਸਾਨਾਂ ਤੇ ਹੋਰ ਲੋਕਾਂ ਨੂੰ ਧਨ ਵੰਡਣ ਦੀ ਯੋਜਨਾ ਬਣਾਈ ਗਈ ਹੈ ਤਾਂ ਮੋਦੀ ਨੇ ਪੈਂਦੀ ਸੱਟੇ ਕਿਹਾ, "ਮੈਂ ਇੰਡੀਅਨ ਐਕਸਪ੍ਰੈੱਸ ਨੂੰ ਇਸ਼ਤਿਹਾਰ ਦਿੰਦਾ ਹਾਂ। ਇਹ ਮੈਨੂੰ ਕੋਈ ਫਾਇਦਾ ਨਹੀਂ ਦਿੰਦਾ ਤਾਂ ਕੀ ਇਹ ਧਨ ਵੰਡਣਾ ਹੋਇਆ? ਅਖਬਾਰਾਂ ਨੂੰ ਦਿੱਤਾ ਜਾਣ ਵਾਲਾ ਇਸ਼ਤਿਹਾਰ ਖੈਰਾਤ ਦੇ ਵੇਰਵੇ ਵਿਚ ਬਿਲਕੁਲ ਫਿੱਟ ਬੈਠ ਸਕਦਾ ਹੈ।"

ਇਹ ਉਸ ਸਵਾਲ ਦਾ ਜਵਾਬ ਨਹੀਂ ਸੀ ਜੋ ਉਸ ਨੂੰ ਪੁੱਛਿਆ ਗਿਆ ਸੀ ਲੇਕਿਨ ਇਸ ਨੇ ਐਕਸਪ੍ਰੈੱਸ ਨੂੰ ਸਰਕਾਰੀ ਇਸ਼ਤਿਹਾਰਾਂ ਉਪਰ ਉਸ ਦੀ ਨਿਰਭਰਤਾ ਚੇਤੇ ਕਰਾ ਦਿੱਤੀ। ਮੋਦੀ ਨੇ 'ਮੈਂ' ਸ਼ਬਦ ਇਸਤੇਮਾਲ ਕੀਤਾ। ਇਹ ਵੀ ਇਸ ਦੀ ਯਾਦ ਦਿਵਾਉਂਦਾ ਸੀ ਕਿ ਗੱਲ ਖੜ੍ਹੀ ਕਿੱਥੇ ਹੈ; ਬਿਲਕੁਲ ਇੱਥੇ ਕਿ ਇਸ ਸਰਕਾਰ ਵਿਚ ਕੌਣ ਤੈਅ ਕਰਦਾ ਹੈ ਕਿ ਇਸ਼ਤਿਹਾਰ ਦੇ ਰੂਪ ਵਿਚ ਕਿਸ ਨੂੰ ਕਿੰਨਾ ਪੈਸਾ ਦਿੱਤਾ ਜਾਵੇਗਾ।

ਇਸ ਦਾ ਭਾਵ ਇਹ ਨਹੀਂ ਕਿ ਅਖਬਾਰ ਆਪਣੀਆਂ ਵਿਤੀ ਹਕੀਕਤਾਂ ਤੋਂ ਅਣਜਾਣ ਹੈ। ਜਨਤਕ ਟੈਂਡਰ ਨੂੰ ਲਾਜ਼ਮੀ ਤੌਰ 'ਤੇ ਪ੍ਰਿੰਟ ਮੀਡੀਆ ਵਿਚ ਪ੍ਰਕਾਸ਼ਿਤ ਕੀਤੇ ਜਾਣ ਦੇ 2018 ਦੇ ਸਰਕਾਰੀ ਫੈਸਲੇ ਦਾ ਵੀ ਐਕਸਪ੍ਰੈੱਸ ਗਰੁੱਪ ਨੂੰ ਬਹੁਤ ਫਾਇਦਾ ਹੋਇਆ ਹੈ ਜੋ ਵਿੱਤੀ ਵਰ੍ਹੇ 2019 ਦੌਰਾਨ 33.3 ਕਰੋੜ ਰੁਪਏ ਤੋਂ 19.2 ਕਰੋੜ 'ਤੇ ਜਾ ਡਿੱਗਿਆ ਸੀ। ਇੱਥੋਂ ਤੱਕ ਕਿ ਨਵੀਂ ਵਿਵਸਥਾ ਤਹਿਤ ਵੀ ਉਸ ਵਿੱਤੀ ਵਰ੍ਹੇ ਵਿਚ ਐਕਸਪ੍ਰੈੱਸ ਗਰੁੱਪ ਨੂੰ ਦੋ ਕਰੋੜ ਰੁਪਏ ਦਾ ਇਸ਼ਤਿਹਾਰ ਮਿਲਿਆ ਸੀ ਜਿਸ ਵਿਚ ਮੰਤਰਾਲੇ ਨੂੰ ਇਹ ਤੈਅ ਕਰਨ ਦਾ ਅਧਿਕਾਰ ਹੈ ਕਿ ਟੈਂਡਰ ਪ੍ਰਿੰਟ ਵਿਚ ਛਪਾਇਆ ਜਾਵੇ ਜਾਂ ਕਿਤੇ ਹੋਰ, ਤੇ ਕੇਂਦਰੀ ਮੰਤਰਾਲਿਆਂ ਦੇ ਇਸ਼ਤਿਹਾਰ, ਐਡਵਰਟਾਈਜ਼ਿੰਗ ਐਂਡ ਵਿਜ਼ੂਅਲ ਪਬਲਿਸਟੀ ਵੱਲੋਂ ਜਾਰੀ ਕੀਤੇ ਜਾਂਦੇ ਹਨ। ਇਹ ਰਕਮ ਅਖਬਾਰ ਦੇ ਕੁਲ ਲਾਭਅੰਸ਼ ਦੇ 10 ਫੀਸਦੀ ਤੋਂ ਵਧੇਰੇ ਸੀ।

ਸਰਕਾਰ ਅਤੇ ਬੀ.ਜੇ.ਪੀ. ਦੀ ਤਰਫੋਂ ਹੋਰ ਇਸ਼ਤਿਹਾਰਾਂ ਦੀ ਆਮਦ ਨਾਲ ਐਕਸਪ੍ਰੈੱਸ ਗਰੁੱਪ ਮੋਦੀ ਦੀ ਖੈਰਾਤ ਲਈ ਜ਼ਾਹਰਾ ਤੌਰ 'ਤੇ ਬੇਕਰਾਰ ਸੀ। ਮੋਦੀ ਨੇ ਇਸ ਅਖਬਾਰ ਦੀ ਆਪਣੀ ਪੁਣਛਾਣ ਜਾਰੀ ਰੱਖੀ। ਉਸ ਨੇ ਚਿੜ ਕੇ ਸਵਾਲ ਕੀਤਾ ਕਿ ਜੰਮੂ ਕਸ਼ਮੀਰ ਵਿਚ ਉਸ ਦੇ 'ਰਾਸ਼ਟਰਵਾਦ' ਪ੍ਰਤੀ ਐਕਸਪ੍ਰੈੱਸ ਨੇ ਅੱਖਾਂ ਕਿਉਂ ਮੀਟ ਰੱਖੀਆਂ ਸਨ; ਤੇ ਇਸੇ ਤਰ੍ਹਾਂ ਦੇ ਹੋਰ ਸਵਾਲ ਹੋਏ। ਗੱਲਬਾਤ ਦੌਰਾਨ ਇਕ ਨੁਕਤੇ ਉਪਰ ਯਾਕੂਬ ਮੈਨਨ ਦਾ ਜ਼ਿਕਰ ਕਰਦੇ ਹੋਏ ਉਸ ਨੇ ਫਰਮਾਇਆ, "ਜਦ ਇਕ ਦਹਿਸ਼ਤਗਰਦ ਨੂੰ ਸੁਪਰੀਮ ਕੋਰਟ ਵੱਲੋਂ ਫਾਂਸੀ ਦੀ ਸਜ਼ਾ ਦੇ ਦਿੱਤੀ ਜਾਂਦੀ ਹੈ ਤਾਂ ਇਸ ਤਰ੍ਹਾਂ ਦੀਆਂ ਸੁਰਖੀਆਂ ਦਿੱਤੀਆਂ ਜਾਂਦੀਆਂ ਹਨ, 'ਉਨ੍ਹਾਂ ਨੇ ਉਸ ਨੂੰ ਫਾਂਸੀ 'ਤੇ ਲਟਕਾ ਦਿੱਤਾ'।" ਐਕਸਪ੍ਰੈੱਸ ਵਿਚ ਹੈਡਿੰਗ ਖੁਦ ਝਾਅ ਵੱਲੋਂ ਲਿਖਿਆ ਜਾਂ ਤੈਅ ਕੀਤਾ ਜਾਂਦਾ ਹੈ। ਮੋਦੀ ਮਜ਼ਾਕ ਨਾਲ ਪੁੱਛਦਾ ਹੈ, "ਇਹ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਸੀ, ਕੀ ਇਹ ਨਹੀਂ ਸੀ?"

ਐਕਸਪ੍ਰੈੱਸ ਐਸੀ ਇਕੋ-ਇਕ ਮੀਡੀਆ ਸੰਸਥਾ ਨਹੀਂ ਹੈ ਜਿਸ ਦੀ ਮੋਦੀ ਸਰਕਾਰ ਵੱਲੋਂ ਐਨੀ ਬਾਰੀਕੀ ਵਿਚ ਅਤੇ ਤਫਸੀਲ ਨਾਲ ਪੁਣਛਾਣ ਕੀਤੀ ਜਾ ਰਹੀ ਹੈ। ਪੁਣਛਾਣ ਦਾ ਉਸ ਦਾ ਤੌਰ-

(ਬਾਕੀ ਅਗਲੇ ਸਫੇ 'ਤੇ)

*ਸਰਕਾਰੀ ਇਸ਼ਤਿਹਾਰਾਂ ਅਤੇ ਹੋਰ ਕਿਸਮ ਦੀਆਂ ਰਿਆਇਤਾਂ ਜ਼ਰੀਏ ਮੀਡੀਆ ਨੂੰ ਆਪਣੀ ਇਸ ਵਚਨਬੱਧਤਾ ਦਾ ਇਨਾਮ ਵੀ ਮਿਲਿਆ ਹੈ। 2020 ਦੇ ਸ਼ੁਰੂ ਵਿਚ ਸੰਸਦ ਨੇ ਮੁਲਕ ਦੇ ਕਿਰਤ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਇਸ ਵਿਚ ਵਰਕਿੰਗ ਜਰਨਲਿਸਟ ਐਕਟ ਵੀ ਸ਼ਾਮਲ ਸੀ ਜੋ ਪ੍ਰਿੰਟ ਮੀਡੀਆ ਦੇ ਸਾਰੇ ਪੱਤਰਕਾਰਾਂ ਦੀਆਂ ਨੌਕਰੀ ਸ਼ਰਤਾਂ ਨੂੰ ਨਿਯਮਤ ਕਰਦਾ ਹੈ। ਪਹਿਲੀ ਵਿਵਸਥਾ ਵਿਚ ਸੰਪਾਦਕਾਂ ਨੂੰ ਨੌਕਰੀ ਤੋਂ ਹਟਾਉਣ ਤੋਂ ਛੇ ਮਹੀਨੇ ਪਹਿਲਾਂ ਅਤੇ ਹੋਰ ਸਾਰੇ ਅਹੁਦਿਆਂ ਉਪਰ ਕੰਮ ਕਰਨ ਵਾਲੇ ਪੱਤਰਕਾਰਾਂ ਲਈ 3 ਮਹੀਨੇ ਪਹਿਲਾਂ ਨੋਟਿਸ ਦੇਣ ਦੀ ਸਮਾਂ ਸੀਮਾ ਤੈਅ ਸੀ। ਇਸ ਨੂੰ ਬਦਲ ਕੇ ਸਾਰੇ ਪੱਤਰਕਾਰਾਂ ਲਈ 1 ਮਹੀਨਾ ਪਹਿਲਾਂ ਦੀ ਸਮਾਂ ਸੀਮਾ ਤੈਅ ਕਰ ਦਿੱਤੀ ਗਈ। ਇਸ ਸੋਧੇ ਹੋਏ ਕਾਨੂੰਨ ਜ਼ਰੀਏ ਮੀਡੀਆ ਮਾਲਕਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ ਗਏ ਅਤੇ ਉਨ੍ਹਾਂ ਦੇ ਖਿਲਾਫ ਖੜ੍ਹੇ ਹੋਣ ਦੀ ਪੱਤਰਕਾਰਾਂ ਦੀ ਸਮਰੱਥਾ ਖਤਮ ਕਰ ਦਿੱਤੀ ਗਈ।*

# ਮੁੱਦਾ ਬਾਹਰੀ ਲੋਕਾਂ ਦੀਆਂ ਟਿੱਪਣੀਆਂ ਦਾ ਜਾਂ ਲੋਕ-ਸੰਘਰਸ਼ ਦਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਰਕਾਰਾਂ ਅਤੇ ਖਾਸ ਤੌਰ 'ਤੇ ਚੁਣੀਆਂ ਹੋਈਆਂ ਸਰਕਾਰਾਂ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਹ ਸਮਾਜ ਦੇ ਇੱਕ ਜਾਂ ਦੂਸਰੇ ਵਰਗ ਅਤੇ ਇੱਕ ਜਾਂ ਦੂਸਰੀ ਧਿਰ ਵੱਲ ਪੱਖਪਾਤੀ ਨਹੀਂ ਹੋਣਗੀਆਂ। ਇਹ ਵੀ ਆਸ ਰੱਖੀ ਜਾਂਦੀ ਹੈ ਕਿ ਉਹ ਕਿਸੇ ਸਟਾਕ ਐਕਸਚੇਂਜ ਵਾਂਗ ਜਿਸ ਕੋਲ ਪੈਸਾ ਹੈ, ਉਸ ਨੂੰ ਸਾਰਾ ਕੁਝ ਖਰੀਦਣ ਦੀ ਖੁੱਲ੍ਹ ਦੇਣ ਵਾਲੀਆਂ ਨਹੀਂ ਹੋਣਗੀਆਂ, ਸਗੋਂ ਉਨ੍ਹਾਂ ਸਿਰ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਕਿਸੇ ਇੱਕਲੀ ਧਿਰ ਨੂੰ ਏਨੀ ਧੜਵੈਲ ਨਹੀਂ ਹੋਣ ਦੇਣਗੀਆਂ ਕਿ ਉਹ ਬਾਕੀ ਸਾਰੀਆਂ ਧਿਰਾਂ 'ਤੇ, ਖਾਸ ਕਰ ਕੇ ਕਮਜ਼ੋਰ ਧਿਰਾਂ ਨੂੰ ਹੜੱਪਣ ਤੁਰ ਪਵੇ। ਇਸੇ ਸੋਚ ਅਧੀਨ ਭਾਰਤ ਸਰਕਾਰ ਨੇ ਸਾਲ 1969 ਵਿਚ 'ਮਨਾਪਲੀਜ਼ ਐਂਡ ਰਿਸਟ੍ਰਿਕਟਿਡ ਪ੍ਰੈਕਟਿਸਿਜ਼ ਐਕਟ' ਬਣਾਇਆ ਸੀ, ਜਿਸ ਦਾ ਮਕਸਦ ਕਿਸੇ ਵੀ ਖਾਸ ਖੇਤਰ ਵਿਚ ਕਿਸੇ ਇੱਕ ਧਿਰ ਦੀ ਅਜਾਰੇਦਾਰੀ ਕਾਇਮ ਹੋਣ ਤੋਂ ਰੋਕਣਾ ਸੀ। ਇਸ ਐਕਟ ਪਿੱਛੇ ਧਾਰਨਾ ਇਹ ਸੀ ਕਿ ਭਾਰਤ ਵਰਗੇ ਦੇਸ਼ ਵਿਚ ਕਿਸੇ ਧਿਰ ਜਾਂ ਕਿਸੇ ਵਿਅਕਤੀ ਜਾਂ ਕਿਸੇ ਇੱਕਲੇ ਘਰਾਣੇ ਕੋਲ ਦੌਲਤ ਇਕੱਠੀ ਹੋਣ ਤੋਂ ਰੋਕੀ ਜਾਵੇ, ਤਾਂ ਕਿ ਉਹ ਬਾਕੀ ਸਭ ਲੋਕਾਂ ਨੂੰ ਕੀੜੇ-ਮਕੌੜੇ ਨਾ ਮੰਨਣ ਲੱਗ ਜਾਵੇ।

ਭਾਜਪਾ ਦੀ ਸੋਚ ਹਮੇਸ਼ਾ ਤੋਂ ਇਸ ਦੇ ਉਲਟ ਚੱਲਣ ਵਾਲੀ ਰਹੀ ਹੋਣ ਕਰ ਕੇ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਇਸ ਪਾਰਟੀ ਨੇ ਪਹਿਲਾ ਐਕਟ ਲਾਂਭੇ ਧੱਕ ਕੇ ਨਵਾਂ ਕਾਨੂੰਨ, 'ਕੰਪੀਟੀਸ਼ਨ ਐਕਟ-2002 ਬਣਾ ਕੇ ਕਿਹਾ ਸੀ ਕਿ ਇਹ ਕਾਨੂੰਨ ਮੁਕਾਬਲੇਬਾਜ਼ੀ ਰੋਕਣ ਦਾ ਵਿਰੋਧ ਕਰੇਗਾ, ਪਰ ਅਸਲ ਵਿਚ ਇਹ ਮੁਕਾਬਲੇ ਖਤਮ ਕਰਨ ਦੇ ਬਾਨ੍ਹਣੂੰ ਬੰਨ੍ਹਣ ਦਾ ਯਤਨ ਸੀ। ਇਸ ਦੇ ਬਾਅਦ ਜਦੋਂ ਡਾ. ਮਨਮੋਹਨ ਸਿੰਘ ਦੀ ਸਰਕਾਰ ਬਣੀ ਤਾਂ 2007 ਵਿਚ ਇਸ ਵਿਚ ਸੋਧ ਕੀਤੀ ਗਈ, ਤਾਂ ਕਿ ਕਿਸੇ ਇੱਕੋ ਵੱਡੀ ਧਿਰ ਨੂੰ ਕਾਨੂੰਨ ਦੀ ਦੁਰਵਰਤੋਂ ਕਰਨ ਅਤੇ ਸਮੁੱਚੀ ਮੰਡੀ ਉੱਤੇ ਪੂਰਾ ਕਬਜ਼ਾ ਕਰਨ ਤੋਂ ਰੋਕਿਆ ਜਾ ਸਕੇ। ਇਸ ਕਾਨੂੰਨ ਨਾਲ ਕਿਸੇ ਵੱਡੀ ਧਿਰ ਵੱਲੋਂ ਛੋਟੀਆਂ ਕੰਪਨੀਆਂ ਖਰੀਦਦੇ ਜਾਣ 'ਤੇ ਇਸ ਤਰ੍ਹਾਂ ਭਾਰਤ ਦੇ ਆਰਥਿਕ ਪ੍ਰਬੰਧ ਵਿਚ ਦੇਸ਼ ਦੇ ਲੋਕਾਂ ਨੂੰ ਰਗੜਨ ਵਾਲੀ ਕਿਸੇ ਵੀ ਵੱਡੀ ਧਿਰ ਦੀ ਚੁਣੌਤੀ ਰਹਿਤ ਸਰਦਾਰੀ ਰੋਕਣ ਦਾ ਯਤਨ ਕੀਤਾ ਗਿਆ ਸੀ।

ਇਸ ਵਕਤ ਕੀ ਹੋ ਰਿਹਾ ਹੈ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸ਼ੀਰਵਾਦ ਨਾਲ ਦੋ ਵੱਡੇ ਕਾਰਪੋਰੇਟ ਘਰਾਣੇ ਸਾਰੇ ਭਾਰਤ ਦੀ ਜਨਤਾ ਨੂੰ ਰਗੜ ਦੇਣ ਦੀ ਨੀਅਤ ਨਾਲ ਮੰਡੀਆਂ ਤੇ ਚੋਣਵੇਂ ਖੇਤਰਾਂ ਉੱਤੇ ਕਬਜ਼ੇ ਕਰਨ ਲਈ ਸਾਰਾ ਤਾਣ ਲਾਈ ਜਾਂਦੇ ਹਨ। ਨਵੇਂ ਬਣਾਏ ਤਿੰਨ ਖੇਤੀ ਕਾਨੂੰਨਾਂ ਵਿਚੋਂ ਇੱਕ ਨਾਲ ਉਨ੍ਹਾਂ ਨੂੰ ਪਹਿਲਿਆਂ ਸਭ ਮੰਡੀਆਂ ਲਾਂਭੇ ਕਰਨ ਤੇ ਬਾਹਰ ਦੀ ਬਾਹਰ ਮਨ-ਮਰਜ਼ੀ ਮੁਤਾਬਕ ਕਿਸਾਨਾਂ ਦੀ ਫਸਲ ਖਰੀਦਣ ਦੀ ਖੁੱਲ੍ਹ ਮਿਲਣ ਲੱਗੀ ਹੈ। ਦੂਸਰੇ ਕਾਨੂੰਨ ਨਾਲ ਕਿਸਾਨਾਂ ਨੂੰ ਏਦਾਂ ਦੇ ਸਮਝੌਤੇ ਹੇਠ ਖੇਤੀ ਕਰਨ ਨੂੰ ਮਜਬੂਰ ਕੀਤਾ ਜਾ ਸਕਦਾ ਹੈ, ਜਿਸ ਨਾਲ ਕਿਸਾਨ ਆਪਣੇ ਖੇਤਾਂ ਦੀ ਮਾਲਕੀ ਵੀ ਕੁਝ ਸਮਾਂ ਪਾ ਕੇ ਗੁਆ ਲੈਣਗੇ। ਤੀਸਰਾ ਕਾਨੂੰਨ ਆਮ ਲੋਕਾਂ ਦੀ ਲੋੜ ਦੀਆਂ ਵਸਤਾਂ ਗੋਦਾਮਾਂ ਵਿਚ ਲੁਕਾਉਣ ਦੀ ਪੂਰੀ ਖੁੱਲ੍ਹ ਦੇਣ ਵਾਲਾ ਹੈ, ਜਿਸ ਦਾ ਲਾਭ ਉਠਾ ਕੇ ਆਪਣੀ ਮਰਜ਼ੀ ਦੇ ਮੁੱਲ ਮੁਤਾਬਕ ਖਪਤਕਾਰਾਂ ਨੂੰ ਵੇਚਣਗੇ, ਜਿਸ ਨਾਲ ਕਿਸਾਨ ਅਤੇ ਖਪਤਕਾਰ-ਦੋਹਾਂ ਦੀ ਜਾਨ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਹੋਵੇਗੀ। ਭਾਰਤ ਦੀ ਮੋਦੀ ਸਰਕਾਰ ਇਨ੍ਹਾਂ ਦੋ ਘਰਾਣਿਆਂ ਦੇ ਪੱਖ ਵਿਚ ਇਸ ਹੱਦ ਤੱਕ ਉਲਾਰ ਹੈ ਕਿ ਟੈਲੀਕਾਮ ਦਾ 5-ਜੀ ਸਿਸਟਮ ਵੀ ਬਣਾਇਆ ਗਿਆ ਤਾਂ ਸਰਕਾਰੀ ਮਾਲਕੀ ਵਾਲੀ ਟੈਲੀਕਾਮ ਕੰਪਨੀ ਨੂੰ ਨਹੀਂ ਸੀ ਦਿੱਤਾ ਤੇ ਇੱਕੋ ਕਾਰਪੋਰੇਟ ਘਰਾਣੇ ਦੀ ਜੇਬ ਵਿਚ ਪਾ ਦਿੱਤਾ ਸੀ ਅਤੇ ਦੇਸ਼ ਦੇ ਅੱਧੇ ਤੋਂ ਵੱਧ ਏਅਰਪੋਰਟ ਦੂਸਰੇ ਕਾਰਪੋਰੇਟ ਘਰਾਣੇ ਨੂੰ ਦੇ ਦਿੱਤੇ ਹਨ। ਇਸ ਤਰ੍ਹਾਂ ਜਿਹੜੀ ਨੀਅਤ ਨਾਲ ਨਰਿੰਦਰ ਮੋਦੀ ਦੀ ਸਰਕਾਰ ਚੱਲ ਰਹੀ ਹੈ, ਉਸ ਵਿਚ ਸਿਰਫ ਵੱਡੇ ਘਰਾਣੇ ਬਚਣਗੇ, ਆਮ ਲੋਕ ਰਗੜੇ ਜਾਣਗੇ।



ਪੌਪ ਸਿੰਗਰ ਰਿਹਾਨਾ



ਗ੍ਰੇਟਾ ਥਨਬਰਗ

ਭਾਰਤ ਦੇਸ਼ ਦਾ ਕਿਸਾਨ ਇਸ ਵੇਲੇ ਜਿਹੜੀ ਜੰਗ ਲੜਦਾ ਪਿਆ ਹੈ, ਉਹ ਸਿਰਫ ਉਸ ਦੀ ਨਹੀਂ, ਦੇਸ਼ ਦੇ ਕਰੋੜਾਂ ਉਨ੍ਹਾਂ ਲੋਕਾਂ ਵਾਸਤੇ ਵੀ ਹੈ, ਜਿਨ੍ਹਾਂ ਨੇ ਕਿਸਾਨੀ ਫਸਲਾਂ ਖਰੀਦਣੀਆਂ ਹਨ ਤੇ ਕਾਰਪੋਰੇਟ ਘਰਾਣੇ ਕਾਬਜ਼ ਹੋ ਗਏ ਤਾਂ ਲੋਕਾਂ ਦੇ ਢਿੱਡ ਉੱਤੇ ਵੀ ਲੱਤ ਵੱਜਣੀ ਹੈ। ਇਨ੍ਹਾਂ ਕਾਨੂੰਨਾਂ ਦਾ ਵਿਰੋਧ ਭਾਰਤ ਵਿਚ ਵੀ ਹੋ ਰਿਹਾ ਹੈ ਅਤੇ ਵਿਰੋਧ ਦੀ ਹਮਾਇਤ ਵਿਚ ਵਿਦੇਸ਼ਾਂ ਤੋਂ ਵੀ ਆਵਾਜ਼ਾਂ ਉੱਠ ਪਈਆਂ ਹਨ। ਭਾਜਪਾ ਤੇ ਇਸ ਨਾਲ ਜੁੜੇ ਲੋਕ ਸੰਸਾਰ ਦੇ ਕਿਸੇ ਵੀ ਦੇਸ਼ ਜਾਂ ਕਿਸੇ ਵੀ ਵਿਅਕਤੀ ਬਾਰੇ ਕੁਝ ਕਹਿਣ ਤੋਂ ਨਹੀਂ ਝਿਜਕਦੇ, ਪਰ ਜਦੋਂ ਕੋਈ ਏਦਾਂ ਦੀ ਗੱਲ ਕਹੇ ਕਿ ਭਾਰਤ ਵਿਚ ਭਾਜਪਾ ਰਾਜ ਵਿਚ ਆਹ ਗੱਲ ਠੀਕ ਨਹੀਂ ਲੱਗਦੀ ਤਾਂ ਭੂੰਡਾਂ ਦੀ ਖੱਖਰ ਵਾਂਗ ਉਸ ਦੇ ਗਲ ਪੈ ਜਾਂਦੇ ਹਨ ਤੇ ਸਰਕਾਰੀ ਏਜੰਸੀਆਂ ਉਨ੍ਹਾਂ ਦੀ ਸਰਪ੍ਰਸਤੀ ਕਰਦੀਆਂ ਹਨ।

ਅਸੀਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਜਿਸ ਪੜਾਅ ਵਿਚੋਂ ਗੁਜ਼ਰ ਰਹੇ ਹਾਂ, ਉਸ ਵਿਚ ਹਰ ਕਿਸੇ ਨੂੰ ਆਪਣੇ ਮਨ ਦੀ ਗੱਲ ਕਹਿਣ ਦਾ ਹੱਕ ਹੈ, ਸਾਨੂੰ ਵੀ ਏਦਾਂ ਦਾ ਹੱਕ ਦੇਸ਼ ਦੇ ਸੰਵਿਧਾਨ ਤੇ ਦੁਨੀਆਂ ਦੀ ਆਮ ਸਹਿਮਤੀ ਨੇ ਦਿੱਤਾ ਹੋਇਆ ਹੈ, ਪਰ ਇਹ ਸਾਰਾ ਹੱਕ ਸਿਰਫ ਸਾਡੇ ਤੱਕ ਆ ਕੇ ਰੁਕ ਨਹੀਂ ਸਕਦਾ, ਇਹ ਹੱਕ ਹੋਰਨਾਂ ਲੋਕਾਂ ਨੂੰ ਵੀ ਹੈ। ਸੰਸਾਰ ਪ੍ਰਸਿੱਧ ਪੌਪ ਸਿੰਗਰ ਰਿਹਾਨਾ ਜਾਂ ਵਾਤਾਵਰਣ ਬਾਰੇ ਸਮਾਜ ਸੇਵਾ ਲਈ ਜਾਣੀ ਜਾਂਦੀ ਗ੍ਰੇਟਾ ਥਨਬਰਗ ਨੇ ਭਾਰਤ ਵਿਚ ਕਿਸਾਨਾਂ ਦੇ ਸੰਘਰਸ਼ ਬਾਰੇ ਜ਼ਰਾ ਕੁ ਟਿੱਪਣੀ ਕਰ ਦਿੱਤੀ ਤਾਂ ਇਸ ਦੇ ਨਾਲ ਭਾਰਤ ਦੀ ਹੋਂਦ ਨੂੰ ਖਤਰੇ ਦਾ ਰੌਲਾ ਪਾਇਆ ਜਾਣ ਲੱਗਾ ਹੈ। ਕੰਗਨਾ ਰਣੌਤ ਤੋਂ ਸ਼ੁਰੂ ਹੋ ਕੇ ਜਣੇ-ਖਣੇ ਤੋਂ ਹੁੰਦੀ ਕਹਾਣੀ ਸਚਿਨ ਤੇਂਦੁਲਕਰ ਤੇ ਲਤਾ ਮੰਗੇਸ਼ਕਰ ਦੇ ਇਹ ਕਹਿਣ ਤੱਕ ਜਾ ਪੁੱਜੀ ਹੈ ਕਿ ਬਾਹਰਲੇ ਲੋਕਾਂ ਨੂੰ ਭਾਰਤ ਦੇ ਕਿਸੇ ਤਰ੍ਹਾਂ ਦੇ ਅੰਦਰੂਨੀ ਮਾਮਲੇ ਵਿਚ ਦਖਲ ਦੇਣ ਦਾ ਹੱਕ ਨਹੀਂ ਹੈ।

ਆਮ ਹਾਲਾਤ ਵਿਚ ਸ਼ਾਇਦ ਅਸੀਂ ਵੀ ਇਸ ਦਲੀਲ ਨਾਲ ਸਹਿਮਤ ਹੋ ਜਾਂਦੇ, ਪਰ ਅੱਜ ਏਦਾਂ ਨਹੀਂ ਕਿਹਾ ਜਾ ਸਕਦਾ, ਕਿਉਂਕਿ ਦੂਸਰੇ ਦੇਸ਼ ਵਿਚ ਦਖਲ ਨਾ ਦੇਣ ਵਾਲਾ ਅਸੂਲ ਨਰਿੰਦਰ ਮੋਦੀ ਨੇ ਖੁਦ ਹੀ ਤੋੜਿਆ ਹੈ। ਪਿਛਲੇ ਸਾਲ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਸੀ, ਉਸ ਤੋਂ ਪਹਿਲਾਂ ਉਥੇ ਜਾ ਕੇ 'ਹਾਉਡੀ ਮੋਦੀ' ਸ਼ੋਅ ਦੌਰਾਨ ਨਰਿੰਦਰ ਮੋਦੀ ਨੇ ਇਹ ਨਾਅਰਾ ਚੁੱਕਿਆ ਸੀ ਕਿ 'ਅਬ ਕੀ ਬਾਰ, ਟਰੰਪ ਸਰਕਾਰ', ਜਿਸ ਦੇ ਨਾਲ ਅਮਰੀਕਾ ਵਿਚ ਵੱਸਦੇ ਭਾਰਤੀਆਂ ਨੂੰ ਡੋਨਾਲਡ ਟਰੰਪ ਨੂੰ ਵੋਟਾਂ ਪਾਉਣ ਦਾ ਇਸ਼ਾਰਾ ਕੀਤਾ ਗਿਆ ਸੀ। ਟਰੰਪ ਤਾਂ ਬਹੁਤ ਬੁਰੀ ਤਰ੍ਹਾਂ ਹਾਰਿਆ ਹੀ, ਇਹ ਨਾਅਰਾ ਦੇਣ ਵਾਲੇ ਦੀ ਵੀ ਬੇਇੱਜ਼ਤੀ ਹੋ ਗਈ ਹੈ। ਉਦੋਂ ਭਾਰਤ ਦਾ ਪ੍ਰਧਾਨ ਮੰਤਰੀ ਇਸ ਤਰ੍ਹਾਂ ਦੂਸਰੇ ਦੇਸ਼ ਦੇ ਚੋਣ ਪ੍ਰਬੰਧ ਵਿਚ ਦਖਲ ਨਾ ਦਿੰਦਾ ਤਾਂ ਅੱਜ ਦੂਸਰਿਆਂ ਨੂੰ ਕਹਿ ਸਕਦਾ ਸੀ। ਅੱਜ ਭਾਰਤ ਦੇ ਮਾਮਲੇ ਵਿਚ ਦੂਸਰੇ ਲੋਕ ਟਿੱਪਣੀਆਂ ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰਾ-ਭਲਾ ਕਹਿਣ ਵਾਲੇ ਸਚਿਨ ਤੇਂਦੁਲਕਰ ਜਾਂ ਲਤਾ ਮੰਗੇਸ਼ਕਰ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਅਮਰੀਕਾ ਵਿਚ ਮੋਦੀ ਦੇ ਇਸ ਦਖਲ ਵੇਲੇ ਕਿਉਂ ਨਹੀਂ ਸਨ ਬੋਲੇ?

ਅਸਲ ਮੁੱਦਾ ਇਹ ਤਾਂ ਹੈ ਹੀ ਨਹੀਂ ਕਿ ਬਾਹਰ ਦੇ ਲੋਕ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਜਾਂ ਨਾ ਦੇਣ, ਅਸਲ ਮੁੱਦਾ ਇਹ ਹੈ ਕਿ ਭਾਰਤ ਦੀ ਸਰਕਾਰ ਜਿਵੇਂ ਦੋ ਵੱਡੇ ਘਰਾਣਿਆਂ ਅੱਗੇ ਦੇਸ਼ ਦੇ ਸਾਰੇ ਹਿੱਤ ਢੇਰੀ ਕਰੀ ਜਾ ਰਹੀ ਹੈ, ਉਸ ਦਾ ਰਾਹ ਕਿਵੇਂ ਰੋਕਿਆ ਜਾ ਸਕਦਾ ਹੈ? ਗੱਡੀ ਇੱਕ ਵਾਰੀ ਜਦੋਂ ਨਿਵਾਣ ਵੱਲ ਰਿੜ੍ਹਨ ਲੱਗਦੀ ਹੈ ਤਾਂ ਫਿਰ ਰੁਕਦੀ ਨਹੀਂ ਹੁੰਦੀ। ਭਾਰਤੀ ਆਰਥਿਕਤਾ ਵਿਚ ਮੁਕਾਬਲੇਬਾਜ਼ੀ ਅਤੇ ਨਿਯਮਾਂ ਦਾ ਘਾਣ ਵਾਜਪਾਈ ਸਰਕਾਰ ਦੌਰਾਨ ਸ਼ੁਰੂ ਹੋਇਆ ਸੀ, ਡਾ. ਮਨਮੋਹਨ ਸਿੰਘ ਦੀ ਇਸ ਨੂੰ ਰੋਕਣ ਦੀ ਦਿਲਚਸਪੀ ਨਹੀਂ ਸੀ ਅਤੇ ਨਰਿੰਦਰ ਮੋਦੀ ਵਾਲੀ ਸਰਕਾਰ ਇਹ ਅਮਲ ਅੱਗੇ ਵਧਾ ਕੇ ਸਿਰਫ ਦੋ ਘਰਾਣਿਆਂ ਕੋਲ ਦੇਸ਼ ਨੂੰ ਗਹਿਣੇ ਪਾਉਣ ਤੁਰ ਪਈ ਹੈ। ਇਸੇ ਲਈ ਇਹ ਨਿਰਾ ਕਿਸਾਨਾਂ ਦੀਆਂ ਫਸਲਾਂ ਤੇ ਖੇਤਾਂ ਦਾ ਮਸਲਾ ਨਾ ਰਹਿ ਕੇ ਭਾਰਤ ਦੇ ਆਮ ਲੋਕਾਂ ਦਾ ਉਹ ਮੁੱਦਾ ਬਣ ਗਿਆ ਹੈ, ਜਿਸ ਤੋਂ ਅਜੇ ਤੱਕ ਆਮ ਲੋਕ ਜਾਣੂ ਨਹੀਂ। ਇਤਿਹਾਸ ਕਿਸਾਨਾਂ ਦੇ ਇਸ ਸਿਰੜੀ ਸੰਘਰਸ਼ ਦਾ ਮੁੱਲ ਪਾਏ ਬਿਨਾ ਨਹੀਂ ਰਹਿ ਸਕੇਗਾ।

## ਸਰਕਾਰੀ ਇਸ਼ਤਿਹਾਰ ਅਤੇ ਪੱਤਰਕਾਰੀ

*(ਪਿਛਲੇ ਸਫੇ ਦੀ ਬਾਕੀ)*

ਤਰੀਕਾ ਏ.ਬੀ.ਪੀ. ਦੇ ਨਿਊਜ਼ ਐਂਕਰ ਪੁਨਿਆ ਪ੍ਰਸੂਨ ਬਾਜਪਾਈ ਦੇ ਮਾਮਲੇ ਵਿਚ ਸਪਸ਼ਟ ਹੋ ਗਿਆ ਸੀ, ਜਦ 2018 ਵਿਚ ਉਸ ਨੂੰ ਧੱਕੇ ਨਾਲ ਨੌਕਰੀ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਏ.ਬੀ.ਪੀ. ਗਰੁੱਪ ਨੇ ਖੁਦ ਨੂੰ ਉਨ੍ਹਾਂ ਮੁੱਲਾਂ ਤੋਂ ਅਲਹਿਦਾ ਕਰ ਲਿਆ ਜਿਨ੍ਹਾਂ ਦਾ ਮਾਰਵਾੜੀ ਮਾਲਕੀ ਵਾਲੀਆਂ ਮੀਡੀਆ ਸੰਸਥਾਵਾਂ ਉਪਰ ਕੁੰਡਾ ਹੈ। ਇਸ ਗਰੁੱਪ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਅਖਬਾਰ 'ਦਿ ਟੈਲੀਗ੍ਰਾਫ' ਕੇਂਦਰ ਸਰਕਾਰ ਦੀ ਲਗਾਤਾਰ ਖੁੱਲ੍ਹ ਕੇ ਆਲੋਚਨਾ ਕਰਦਾ ਹੈ; ਲੇਕਿਨ ਇਕ ਗੱਲ ਤਾਂ ਇਹ 'ਦਿ ਟੈਲੀਗ੍ਰਾਫ' ਅੰਗਰੇਜ਼ੀ ਅਖਬਾਰ ਹੈ, ਉਹ ਕੋਲਕਾਤਾ ਤੋਂ ਨਿਕਲਦਾ ਹੈ ਅਤੇ ਉਸ ਦੀ ਸਰਕੂਲੇਸ਼ਨ ਬਹੁਤ ਸੀਮਤ ਹੈ; ਜਦਕਿ, ਏ.ਬੀ.ਪੀ. ਨਿਊਜ਼ ਵਿਆਪਕ ਰੂਪ ਵਿਚ ਦੇਖਿਆ ਜਾਣ ਵਾਲਾ ਹਿੰਦੀ ਚੈਨਲ ਹੈ ਅਤੇ ਇਸ ਲਈ ਇੱਥੇ ਉਸ ਨੂੰ ਸਰਕਾਰ ਦਾ ਦਬਾਓ ਝੱਲਣਾ ਪੈਂਦਾ ਹੈ।

ਪੁਨਿਆ ਪ੍ਰਸੂਨ ਬਾਜਪਾਈ ਏ.ਬੀ.ਪੀ. ਨਿਊਜ਼ ਚੈਨਲ ਉਪਰ ਪ੍ਰਾਈਮ ਟਾਈਮ ਸ਼ੋਅ ਕਰਦੇ ਸਨ। ਉਨ੍ਹਾਂ ਨੇ ਖੁਦ ਨੂੰ ਚੈਨਲ ਤੋਂ ਅਲੱਗ ਕਰ ਲੈਣ ਬਾਰੇ ਵਿਸਤਾਰ ਵਿਚ ਵੇਰਵਾ ਦਿੰਦੇ ਹੋਏ ਕਿਹਾ ਕਿ ਕਿਵੇਂ ਚੈਨਲ ਦੇ ਮਾਲਕ ਨੇ ਉਸ ਨੂੰ ਸਰਕਾਰ ਦੀ ਕਿਸੇ ਵੀ ਤਰ੍ਹਾਂ ਦੀ ਆਲੋਚਨਾ ਕਰਦੇ ਵਕਤ ਮੋਦੀ ਦਾ ਨਾਮ ਨਾ ਲੈਣ ਲਈ ਕਿਹਾ ਸੀ। ਫਿਰ ਐਸੀਆਂ ਖਬਰਾਂ ਦੌਰਾਨ ਮੋਦੀ ਦੀ ਤਸਵੀਰ ਨਾ ਲਗਾਉਣ ਦਾ ਫਰਮਾਨ ਜਾਰੀ ਕੀਤਾ ਗਿਆ - ਇਹ ਇਕ ਬੇਤੁਕੀ ਹਾਲਤ ਸੀ, ਕਿਉਂਕਿ ਕੇਂਦਰ ਸਰਕਾਰ ਦੀ ਹਰ ਸਕੀਮ ਜਾਂ ਪਹਿਲ ਦੀ ਸ਼ੁਰੂਆਤ ਖੁਦ ਪ੍ਰਧਾਨ ਮੰਤਰੀ ਵੱਲੋਂ ਕੀਤੀ ਜਾਂਦੀ ਸੀ।

ਚੈਨਲ ਵਿਚ ਆਪਣੇ ਕੰਮਕਾਜ ਦੇ ਅਨੁਭਵਾਂ ਬਾਰੇ ਬਾਜਪਾਈ ਨੇ ਲਿਖਿਆ- "ਮੰਤਰਾਲੇ ਵਿਚ ਵਧੀਕ ਡਾਇਰੈਕਟਰ ਜਨਰਲ ਦੇ ਮਤਹਿਤ 200 ਮੈਂਬਰਾਂ ਦੀ ਨਿਗਰਾਨੀ ਟੀਮ ਕੰਮ ਕਰਦੀ ਹੈ ਜੋ ਸਿੱਧਾ ਸਬੰਧਤ ਮੰਤਰੀ ਨੂੰ ਆਪਣੀ ਰਿਪੋਰਟ ਦਿੰਦੀ ਹੈ। ਚੈਨਲ ਦੀ ਨਿਗਰਾਨੀ ਦੇ ਕੰਮ ਵਿਚ 150 ਮੈਂਬਰਾਂ ਦੀ ਟੀਮ ਲੱਗੀ ਹੋਈ ਹੈ, 25 ਮੈਂਬਰ ਸਰਕਾਰ ਦੀ ਇੱਛਾ ਮੁਤਾਬਿਕ ਇਸ ਦਾ ਸਰੂਪ ਤੈਅ ਕਰਦੇ ਹਨ; ਤੇ ਬਾਕੀ 25 ਮੈਂਬਰ ਚੈਨਲਾਂ ਉਪਰ ਪ੍ਰਸਾਰਿਤ ਹੋਣ ਵਾਲੀ ਵਿਸ਼ਾ-ਵਸਤੂ ਦੀ ਅੰਤਿਮ ਸਮੀਖਿਆ ਕਰਦੇ ਹਨ। ਇਸ ਰਿਪੋਰਟ ਦੇ ਆਧਾਰ 'ਤੇ ਡਿਪਟੀ ਸੈਕਟਰੀ ਰੈਂਕ ਦੇ ਤਿੰਨ ਅਧਿਕਾਰੀ ਰਿਪੋਰਟ ਤਿਆਰ ਕਰਦੇ ਹਨ ਜੋ ਸੂਚਨਾ ਅਤੇ ਪ੍ਰਸਾਰਨ ਮੰਤਰੀ ਨੂੰ ਭੇਜੀ ਜਾਂਦੀ ਹੈ। ਅੱਗੇ ਉਹ ਇਹ ਪੀ.ਐਮ.ਓ. (ਪ੍ਰਧਾਨ ਮੰਤਰੀ ਦਫਤਰ) ਨੂੰ ਭੇਜਦਾ ਹੈ, ਜਿੱਥੋਂ ਦੇ ਅਧਿਕਾਰੀ ਇਸ ਨੂੰ ਐਕਟੀਵੇਟ ਕਰਦੇ ਹਨ ਅਤੇ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਨੂੰ ਨਿਊਜ਼ ਚੈਨਲਾਂ ਦੇ ਸੰਪਾਦਕਾਂ ਤੱਕ ਭੇਜ ਦਿੱਤਾ ਜਾਂਦਾ ਹੈ ਕਿ ਚੀਜ਼ਾਂ ਨੂੰ ਕਿਸ ਰੂਪ 'ਚ ਅਤੇ ਕਿਵੇਂ ਕਰਨਾ ਹੈ।"

ਬਾਜਪਾਈ ਨੇ ਲਿਖਿਆ ਕਿ ਜੇ ਸੰਪਾਦਕ ਪੱਤਰਕਾਰੀ ਦੀ ਜ਼ਮੀਨ 'ਤੇ ਪੈਰ ਗੱਡ ਕੇ ਡਟਿਆ ਰਹਿੰਦਾ, "ਤਾਂ ਮੰਤਰਾਲੇ ਦਾ ਅਧਿਕਾਰੀ ਜਾਂ ਪੀ.ਐਮ.ਓ. ਸਿੱਧਾ ਉਸ ਚੈਨਲ ਦੇ ਮਾਲਕ ਨਾਲ ਗੱਲ ਕਰਦਾ ਸੀ...ਉਹ ਉਸ ਨੂੰ ਮਾਨੀਟਰਿੰਗ ਰਿਪੋਰਟ ਦੀ ਪੂਰੀ ਫਾਈਲ ਭੇਜ ਦਿੰਦੇ ਜਿਸ ਵਿਚ ਇਸ ਦਾ ਵਿਸਤਾਰ 'ਚ ਵੇਰਵਾ ਦਿੱਤਾ ਹੁੰਦਾ ਸੀ ਕਿ ਕਿਸ ਤਰ੍ਹਾਂ ਪ੍ਰਧਾਨ ਮੰਤਰੀ ਦੇ ਬਿਆਨ, 2014 ਦੇ ਚੋਣ ਵਾਅਦਿਆਂ ਤੋਂ ਲੈ ਕੇ ਨੋਟਬੰਦੀ ਦੇ ਉਸ ਦੇ ਵਾਅਦਿਆਂ, ਸਰਜੀਕਲ ਸਟਰਾਈਕ ਅਤੇ ਜੀ.ਐਸ.ਟੀ. ਨੂੰ ਫਿਰ ਤੋਂ ਦਿਖਾਇਆ ਜਾ ਸਕਦਾ ਹੈ, ਇਸ ਵਿਚ ਪ੍ਰਧਾਨ ਮੰਤਰੀ ਦੇ ਪੁਰਾਣੇ ਵਾਅਦਿਆਂ ਨੂੰ ਵੀ ਜੋੜਿਆ ਜਾ ਸਕਦਾ ਹੈ।"

ਜੇ ਇਹ ਤਰੀਕਾ ਕਾਮਯਾਬ ਨਹੀਂ ਹੁੰਦਾ ਸੀ ਤਾਂ ਬੀ.ਜੇ.ਪੀ. ਅਤੇ ਆਰ.ਐਸ.ਐਸ. ਦੇ ਨੁਮਾਇੰਦੇ ਉਸ ਭਟਕੇ ਹੋਏ ਚੈਨਲ ਉਪਰ ਹੋਣ ਵਾਲੀ ਬਹਿਸ ਵਿਚ ਭਾਗ ਲੈਣਾ ਹੀ ਬੰਦ ਕਰ ਦਿੰਦੇ ਸਨ - ਜਿਵੇਂ ਕਿ ਏ.ਬੀ.ਪੀ. ਨਿਊਜ਼ ਨਾਲ ਹੋਇਆ ਜਦ ਬਾਜਪਾਈ ਉਥੇ ਨੌਕਰੀ ਕਰਦੇ ਸਨ - ਚੈਨਲ ਦੇ ਪ੍ਰਾਈਮ ਟਾਈਮ ਪ੍ਰੋਗਰਾਮ ਨੂੰ ਝਟਕਾ ਲੱਗਣ ਤੋਂ ਬਚਣ ਲਈ ਉਸੇ ਤਰ੍ਹਾਂ ਕਰਦੇ ਸਨ।

ਚੈਨਲ ਦੇ ਉਚ ਪੱਧਰੀ ਜਨਤਕ ਪ੍ਰੋਗਰਾਮ ਦਾ ਬਾਈਕਾਟ ਇਸ ਦਾ ਆਖਰੀ ਪੜਾਅ ਸੀ। ਬਾਜਪਾਈ ਨੇ ਲਿਖਿਆ- "ਬੀ.ਜੇ.ਪੀ. ਅਤੇ ਮੋਦੀ ਸਰਕਾਰ, ਦੋਹਾਂ ਨੇ ਪ੍ਰੋਗਰਾਮ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦਾ ਮਤਲਬ ਸੀ ਕਿ ਇਸ ਸਮਾਰੋਹ ਵਿਚ ਕੋਈ ਮੰਤਰੀ ਸ਼ਾਮਿਲ ਨਹੀਂ ਹੋਵੇਗਾ, ਤੇ ਸੱਤਾਧਾਰੀਆਂ ਦੀ ਉਘੜਵੀਂ ਗੈਰਹਾਜ਼ਰੀ ਦੀ ਸੂਰਤ ਵਿਚ ਕੋਈ ਪ੍ਰੋਗਰਾਮ ਸਿਰਫ ਵਿਰੋਧੀ ਧਿਰ ਦੀ ਮੌਜੂਦਗੀ ਵਿਚ ਕਾਮਯਾਬ ਕਿਵੇਂ ਹੋ ਸਕਦਾ ਹੈ? ਸਾਰੇ ਚੈਨਲਾਂ ਲਈ ਤਿੱਖਾ ਤੇ ਸਪਸ਼ਟ ਸੰਦੇਸ਼ ਸੀ: ਸਾਡੇ ਖਿਲਾਫ ਖੜ੍ਹੋਗੇ ਤਾਂ ਤੁਹਾਡੇ ਕਾਰੋਬਾਰ 'ਤੇ ਅਸਰ ਪਵੇਗਾ।"

ਮੈਂ 2017 ਵਿਚ ਐਸੇ ਮੀਡੀਆ ਸਮਾਰੋਹਾਂ ਵਿਚ ਹੋ ਰਹੇ ਵਾਧੇ ਨੂੰ ਲੈ ਕੇ ਲਿਖੇ ਇਕ ਲੇਖ ਵਿਚ ਇਹ ਦਿਖਾਇਆ ਸੀ ਕਿ ਐਸੇ ਪ੍ਰੋਗਰਾਮ ਮੀਡੀਆ ਕੰਪਨੀਆਂ ਦੀ ਬਰੈਂਡਿੰਗ ਅਤੇ ਧਨ ਲਈ ਕਿਸ ਤਰ੍ਹਾਂ ਜ਼ਰੂਰੀ ਹੋ ਗਏ ਹਨ ਅਤੇ ਇਹ ਕਿ ਸਰਕਾਰ ਦੀ ਭਾਗੀਦਾਰੀ ਉਪਰ ਉਨ੍ਹਾਂ ਦੀ ਭਾਰੀ ਨਿਰਭਰਤਾ ਨੇ ਉਨ੍ਹਾਂ ਦੀ ਸੁਤੰਤਰਤਾ ਕਮਜ਼ੋਰ ਕਰ ਦਿੱਤੀ ਹੈ। ਗੋਇਨਕਾ ਨੇ ਤਾਂ ਬਾਅਦ ਵਿਚ ਮੰਤਰੀਆਂ ਨੂੰ ਸੱਦ ਕੇ ਉਨ੍ਹਾਂ ਦੇ ਹੱਥੋਂ 'ਸਾਲਾਨਾ ਰਾਮਨਾਥ ਗੋਇਨਕਾ ਸ਼ਾਨਦਾਰ ਪੱਤਰਕਾਰੀ ਪੁਰਸਕਾਰ' ਦੇਣ ਦੀ ਆਦਤ ਹੀ ਬਣਾ ਲਈ ਸੀ (ਉਦੋਂ ਗੀਤਾ ਪ੍ਰੈੱਸ ਦੇ ਲੇਖਕ ਮੁਕੁਲ ਨੇ ਵਿਰੋਧ ਦਰਜ ਕਰਾਉਂਦੇ ਹੋਏ ਇਸ ਕਿਤਾਬ ਉਪਰ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ)। ਇਸ ਤੋਂ ਪਹਿਲਾਂ ਮੋਦੀ ਅਤੇ ਉਸ ਦੀ ਪਾਰਟੀ ਨੇ ਟਾਈਮਜ਼ ਗਰੁੱਪ ਅਤੇ ਐਚ.ਟੀ. ਮੀਡੀਆ ਦੇ ਸਮਾਰੋਹਾਂ ਦਾ ਬਾਈਕਾਟ ਕੀਤਾ ਸੀ।

ਹਿੰਦੁਸਤਾਨ ਟਾਈਮਜ਼ ਦੇ ਮਾਮਲੇ ਵਿਚ ਗੱਲ ਇੱਥੇ ਆ ਕੇ ਮੁੱਕ ਗਈ: ਘਿਨਾਉਣੇ ਜੁਰਮਾਂ ਨੂੰ ਸਰਸਰੀ ਤਰੀਕੇ ਨਾਲ ਲੈਣਾ ਸ਼ੁਰੂ ਕਰ ਦਿੱਤਾ ਗਿਆ, ਮੋਦੀ ਬਾਰੇ ਹਾਸਰਸ ਰੇਡੀਓ ਪ੍ਰੋਗਰਾਮ ਨੂੰ ਰੋਕ ਦਿੱਤਾ ਗਿਆ, ਸਰਕਾਰ ਨੂੰ ਵਿਰੋਧੀ ਧਿਰ ਵਾਲੇ ਨਜ਼ਰੀਏ ਨਾਲ ਦੇਖਣ ਵਾਲੇ ਪੱਤਰਕਾਰਾਂ ਨੂੰ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਅਤੇ ਜੋ ਸੰਪਾਦਕ ਮੋਦੀ ਪ੍ਰਤੀ ਥੋੜ੍ਹਾ-ਬਹੁਤ ਆਲੋਚਕ ਰਵੱਈਏ ਵਾਲੇ ਸਨ, ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ। ਪੁਨਿਆ ਪ੍ਰਸੂਨ ਬਾਜਪਾਈ ਨਾਲ ਵੀ ਇਉਂ ਹੀ ਹੋਇਆ।

ਮੀਡੀਆ ਦਾ ਕੋਈ ਵੀ ਖੇਤਰ ਸਰਕਾਰ ਦੀ ਨਿਗਰਾਨੀ ਤੋਂ ਅਛੋਹ ਨਾ ਰਿਹਾ। ਦੁਰਲੱਭ ਬਣ ਰਹੇ ਐਸੇ ਪੱਤਰਕਾਰ ਜੋ ਮੋਦੀ ਦੇ ਰਾਜ-ਕਾਲ ਦੀ ਗੰਭੀਰਤਾ ਨਾਲ ਆਲੋਚਨਾ ਕਰਦੇ ਸਨ, ਉਨ੍ਹਾਂ ਦੀ ਬੜੀ ਤਾਦਾਦ ਨੇ ਡਿਜੀਟਲ ਪਲੇਟਫਾਰਮ ਵਰਤਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਸਰਕਾਰ ਉਸ ਨੂੰ ਵੀ ਨਿਯਮਤ ਕਰਨ ਜਾ ਰਹੀ ਹੈ।

ਪਿਛਲੇ ਸਤੰਬਰ ਨੂੰ ਸੁਪਰੀਮ ਕੋਰਟ ਨੇ ਸੁਦਰਸ਼ਨ ਟੀ.ਵੀ. ਉਪਰ 'ਯੂ.ਪੀ.ਐਸ.ਸੀ. ਜਹਾਦ. ਤੋਂ ਖਤਰੇ ਨੂੰ ਲੈ ਕੇ ਪ੍ਰਸਾਰਿਤ ਕੀਤੇ ਜਾ ਰਹੇ ਭੜਕਾਊ ਪ੍ਰੋਗਰਾਮ ਦੇ ਮਾਮਲੇ ਵਿਚ ਸੁਣਵਾਈ ਕੀਤੀ ਸੀ। ਅਦਾਲਤ ਨੇ ਜਿਉਂ ਹੀ ਟੈਲੀਵਿਜ਼ਨ ਚੈਨਲਾਂ ਨੂੰ ਨਿਯਮਤ ਕਰਨ ਦੇ ਬਦਲ ਉਪਰ ਵਿਚਾਰ ਕਰਨ ਦੀ ਗੱਲ ਕਹੀ ਤਾਂ ਕੇਂਦਰ ਸਰਕਾਰ ਨੇ ਇਸ ਨੂੰ ਰੋਕਣ ਲਈ ਤੁਰੰਤ ਦਖਲ ਦਿੱਤਾ ਅਤੇ ਕਿਹਾ ਕਿ ਸਭ ਤੋਂ ਪਹਿਲਾਂ ਡਿਜੀਟਲ ਮੀਡੀਆ ਲਈ ਨਿਯਮ ਬਣਾਏ ਜਾਣੇ ਚਾਹੀਦੇ ਹਨ; ਜਿਵੇਂ 'ਦਿ ਹਿੰਦੂ' ਨੇ ਆਪਣੇ ਸੰਪਾਦਕੀ ਵਿਚ ਲਿਖਿਆ, "ਇਸ ਡਰ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਹੋਰ ਨਿਯਮ ਬਣਾਉਣ ਦਾ ਮਤਲਬ ਹੈ ਸੈਂਸਰਸ਼ਿਪ। ਇਹ ਸਾਰੇ ਸਵਾਲ ਅਤਿ ਮਹੱਤਵਪੂਰਨ ਹਨ ਕਿਉਂਕਿ ਹਾਲ ਹੀ ਦੇ ਸਾਲਾਂ ਵਿਚ ਡਿਜੀਟਲ ਨਿਊਜ਼ ਮੀਡੀਆ ਦੇ ਖੇਤਰ ਵਿਚ ਪੈਸਾ ਲਾਉਣ ਦੀ ਇਕ ਲਹਿਰ ਬਣੀ ਹੈ। ਇਹ ਮੀਡੀਆ ਸਾਈਟਾਂ ਅਤੇ ਰਸਾਲੇ ਤਰਕਪੂਰਨ ਪੱਤਰਕਾਰੀ ਦੀ ਪਹਿਲਕਦਮੀ ਕਰਦੇ ਹਨ, ਜਿਨ੍ਹਾਂ ਦੇ ਕੋਲ ਨਾ ਸਿਰਫ ਗੁਣਾਤਮਕ ਸਮੱਗਰੀ ਦੇਣ ਦੀ ਲੋੜੀਂਦੀ ਮਸ਼ੀਨਰੀ ਹੈ ਸਗੋਂ ਇਸ ਉਹ ਇਹ ਕੰਮ ਉਚ ਮਿਆਰੀ ਜ਼ਿੰਮੇਵਾਰੀ ਨਾਲ ਕਰਦੇ ਹਨ।"

ਇਸ ਤੋਂ ਤੁਰੰਤ ਬਾਅਦ ਹੀ ਸਰਕਾਰ ਨੇ ਆਨਲਾਈਨ ਨਿਊਜ਼ ਪਲੇਟਫਾਰਮਾਂ ਨੂੰ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੀ ਨਿਗਰਾਨੀ ਦੇ ਦਾਇਰੇ ਵਿਚ ਲੈ ਆਂਦਾ। ਇਸ ਵਿਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਅੰਤਿਮ ਸੀਮਾ ਵੀ ਤੈਅ ਕਰ ਦਿੱਤੀ ਗਈ ਜਿਸ ਦੇ ਤਹਿਤ ਕੁਲ ਮਾਲਕੀ ਦੇ 26 ਫੀਸਦੀ ਤੋਂ ਜ਼ਿਆਦਾ ਵਿਦੇਸ਼ੀ ਪੂੰਜੀ ਨਿਵੇਸ਼ ਨਹੀਂ ਕੀਤਾ ਜਾਵੇਗਾ। ਸਰਕਾਰ ਦੀ ਇਸ ਨੀਤੀ ਦੀ ਪਹਿਲੀ ਸ਼ਿਕਾਰ ਹਫ-ਪੋਸਟ ਇੰਡੀਆ ਨਿਊਜ਼ ਪੋਰਟਲ ਬਣਿਆ ਜੋ ਉਨ੍ਹਾਂ ਚੁਣਵੀਆਂ ਸੰਸਥਾਵਾਂ ਵਿਚ ਸ਼ਾਮਲ ਸੀ ਜੋ ਸਰਕਾਰ ਦੀ ਛਾਣਬੀਣ ਕਰਦੀਆਂ ਸਨ। ਇਸ ਦੀ ਸਰਪ੍ਰਸਤ ਕੰਪਨੀ ਨੇ ਖੁਦ ਨੂੰ ਨਵੇਂ ਨਿਯਮਾਂ ਦੇ ਗਲਤ ਪਾਲੇ ਵਿਚ ਦੇਖਦੇ ਹੋਏ ਨਵੰਬਰ ਵਿਚ ਆਪਣੀ ਇਹ ਵੈੱਬਸਾਈਟ ਤੁਰੰਤ ਬੰਦ ਕਰ ਦਿੱਤੀ।

ਮੋਦੀ ਦੇ ਹੁਣ ਤੱਕ ਦੇ ਕਾਰਜਕਾਲ ਦੌਰਾਨ 'ਦਿ ਇੰਡੀਅਨ ਐਕਸਪ੍ਰੈੱਸ' ਉਹ ਅਖਬਾਰ ਨਹੀਂ ਰਿਹਾ ਜੋ ਇਕ ਸਮੇਂ ਇੰਦਰਾ ਗਾਂਧੀ ਦੇ ਰਵੱਈਏ ਵਿਰੁੱਧ ਡਟਿਆ ਸੀ। ਅਖਬਾਰ ਦੇ ਉਥੇ ਪੱਤਰਕਾਰਾਂ ਨੂੰ ਕਿਹਾ ਗਿਆ ਕਿ ਅਖਬਾਰ ਲਈ ਰਿਪੋਰਟਿੰਗ 'ਸਿੱਧੀ' (ਐਫ.ਵਾਈ.ਆਈ. - ਫਾਰ ਯੂਅਰ ਇਨਫਰਮੇਸ਼ਨ) ਹੋਣੀ ਚਾਹੀਦੀ ਹੈ। ਆਪਣੇ ਸਟਾਫ ਨਾਲ ਨਿੱਜੀ ਗੱਲਬਾਤ ਵਿਚ ਰਾਜਕਮਲ ਝਾਅ ਨੇ ਕਿਹਾ ਕਿ ਉਹ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਨਹੀਂ ਸਮਝਦੇ ਜਿੱਥੇ 350 ਨੌਕਰੀਆਂ ਖਤਰੇ 'ਚ ਹਨ। ਇਹ ਦਲੀਲ ਰਾਮ ਨਾਥ ਗੋਇਨਕਾ ਨੇ ਸਮਝੌਤੇ ਲਈ ਕਦੇ ਨਹੀਂ ਵਰਤੀ ਸੀ।

ਮੈਂ ਇਹ ਲੇਖ ਲਿਖੇ ਜਾਣ ਸਮੇਂ ਇਸ ਬਾਬਤ ਅਤੇ ਉਸ ਸੰਪਾਦਕੀ ਮੀਟਿੰਗ ਬਾਬਤ, ਜਿਸ ਵਿਚ ਉਸ ਨੇ ਪੁਰਾਣੀ ਸਰਕਾਰ ਅਤੇ 'ਇਨ੍ਹਾਂ' ਲੋਕਾਂ ਵਿਚ ਫਰਕ ਗਿਣਾਇਆ ਸੀ, ਨੂੰ ਲੈ ਕੇ ਰਾਜਕਮਲ ਝਾਅ ਨੂੰ ਕੁਝ ਸਵਾਲ ਭੇਜੇ ਸਨ। ਉਸ ਦਾ ਜਵਾਬ ਸੀ, "ਤੁਹਾਡੇ ਸਵਾਲ ਉਨ੍ਹਾਂ ਗੱਲਬਾਤਾਂ ਨੂੰ ਲੈ ਕੇ ਹਨ ਜੋ ਕਦੇ ਹੋਈਆਂ ਹੀ ਨਹੀਂ। ਐਕਸਪ੍ਰੈੱਸ ਦੀ ਹਰ ਸੰਪਾਦਕੀ ਮੀਟਿੰਗ ਵਿਚ ਜੋ ਵੀ ਹੁੰਦਾ ਹੈ, ਉਹ ਦਿਆਨਤਦਾਰੀ ਨਾਲ, ਸਟੀਕ ਅਤੇ ਵਿਸ਼ੇਸ਼ਤਾ ਤਹਿਤ ਹੁੰਦਾ ਹੈ। ਨਾ ਸਿਰਫ ਸੰਪਾਦਕੀ ਪਵਿੱਤਰਤਾ ਦੇ ਰੂਪ ਵਿਚ ਸਗੋਂ ਇਸ ਪਾਲਾਬੰਦੀ ਵਾਲੇ ਸਮਿਆਂ ਵਿਚ ਚਾਰ ਚੁਫੇਰਿਓਂ ਹੋਣ ਵਾਲੇ ਹਮਲੇ ਤੋਂ ਬਚਣ ਦੇ ਸੰਦ ਇਹੀ ਹਨ ਜਿਨ੍ਹਾਂ ਨੂੰ ਅਸੀਂ ਨਿਊਜ਼ ਰੂਮ ਦੀ ਸੁਰੱਖਿਆ ਦੀਵਾਰ ਦੇ ਰੂਪ ਵਿਚ ਇਸਤੇਮਾਲ ਕਰਦੇ ਹਾਂ। ਨਿੱਤ ਦਿਨ, ਐਕਸਪ੍ਰੈੱਸ ਦੀ ਰਿਪੋਰਟਿੰਗ, ਉਸ ਦੇ ਸੰਪਾਦਕੀ ਅਤੇ ਕਾਲਮਨਵੀਸਾਂ ਜਾਂ ਮਹਿਮਾਨ ਲੇਖਕਾਂ ਦੀਆਂ ਟਿੱਪਣੀਆਂ, ਨਿਰਪੱਖਤਾ ਤੇ ਸੁਤੰਤਰਤਾ ਪ੍ਰਤੀ ਨਿਊਜ਼ ਰੂਮ ਦੀ ਪ੍ਰਤੀਬੱਧਤਾ ਨੂੰ ਪ੍ਰਤੀਬਿੰਬਤ ਕਰਦੀਆਂ ਹਨ ਅਤੇ ਮਜ਼ਬੂਤੀ ਬਖਸ਼ਦੀਆਂ ਹਨ।"

ਕਸ਼ਮੀਰੀ ਰਿਪੋਰਟਿੰਗ ਦੀ ਸਭ ਤੋਂ ਉਘੀ ਆਵਾਜ਼ ਮੁਜ਼ਮਿਲ ਜਲੀਲ ਦੀ ਬਾਈਲਾਈਨ ਲਗਭਗ 2019 ਦੇ ਸ਼ੁਰੂ ਤੋਂ ਹੀ ਐਕਸਪ੍ਰੈੱਸ ਵਿਚੋਂ ਗਾਇਬ ਹੋ ਗਈ ਹੈ। ਸੀਮਾ ਚਿਸ਼ਤੀ, ਪ੍ਰਤੀਕ ਕਾਂਜੀਲਾਲ ਅਤੇ ਸੁਸ਼ਾਂਤ ਸਿੰਘ ਵਰਗੀਆਂ ਉਘੀਆਂ ਕਲਮਾਂ ਨੇ ਅਖਬਾਰ ਛੱਡ ਦਿੱਤਾ ਹੈ। ਜਦ ਇੰਡੀਅਨ ਐਕਸਪ੍ਰੈੱਸ ਨੇ ਕੁਝ ਸਾਲ ਪਹਿਲਾਂ ਆਪਣਾ ਸਰੂਪ ਮੁੜ ਡਿਜ਼ਾਈਨ ਕਰਾਇਆ ਸੀ ਤਾਂ ਇਸ ਨੇ ਕਲਮ ਅਤੇ ਸਟਾਈਲਿਸ਼ ਲਾਟ ਵਾਲਾ ਪੁਰਾਣਾ ਲੋਗੋ ਹੀ ਮੁੜ ਸਜਾ ਕੇ ਲਗਾਇਆ ਸੀ। ਲਾਟ ਤਾਂ ਹੁਣ ਵੀ ਬਰਕਰਾਰ ਹੈ ਲੇਕਿਨ ਇਸ ਦੀ ਕਲਮ ਗਾਇਬ ਹੋ ਗਈ ਹੈ।

*(ਸਮਾਪਤ)*

# ਟੁਕੜੇ ਟੁਕੜੇ ਗੈਂਗ ਕਿਸਾਨ ਨਹੀਂ, ਭਾਜਪਾ ਹੈ

**ਨਰਿੰਦਰ ਸਿੰਘ ਢਿੱਲੋਂ**

ਭਾਰਤ ਸਰਕਾਰ ਵੱਲੋਂ ਪਾਸ ਕੀਤੇ ਗਏ ਕਿਸਾਨ ਵਿਰੋਧੀ ਅਤੇ ਕਾਰਪੋਰੇਟ ਪੱਖੀ ਕਾਨੂੰਨਾਂ ਵਿਰੁੱਧ ਦਿੱਲੀ ਵਿਚ ਬੈਠੇ ਕਿਸਾਨਾਂ ਦਾ ਸੰਘਰਸ਼ ਸਿਖਰਾਂ 'ਤੇ ਹੈ। ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਹੁਣ ਸਾਰੇ ਦੇਸ਼ ਦੇ ਕਿਸਾਨਾਂ ਦਾ ਸੰਘਰਸ਼ ਬਣ ਗਿਆ ਹੈ। ਪੰਜਾਬ ਵਿਚ ਲੰਮਾ ਸਮਾਂ ਧਰਨੇ, ਮੁਜਾਹਰੇ ਅਤੇ ਰੇਲ ਰੋਕਣ ਦੇ ਐਕਸ਼ਨ ਕਰਨ ਤੋਂ ਬਾਅਦ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ 26 ਨਵੰਬਰ ਨੂੰ ਦਿੱਲੀ ਚੱਲੋ ਦਾ ਨਾਹਰਾ ਦਿੱਤਾ, ਜਿਸ ਨੂੰ ਪੰਜਾਬ ਵਿਚੋਂ ਤਾਂ ਜਬਰਦਸਤ ਹੁੰਗਾਰਾ ਮਿਲਿਆ ਹੀ, ਹਰਿਆਣਾ ਦੇ ਕਿਸਾਨਾਂ ਵੱਲੋਂ ਵੀ ਭਰਵਾਂ ਹੁੰਗਾਰਾ ਮਿਲਿਆ। ਹਰਿਆਣੇ ਦੀ ਭਾਜਪਾ ਦੀ ਅਗਵਾਈ ਵਾਲੀ ਮਨੋਹਰ ਲਾਲ ਖੱਟਰ ਸਰਕਾਰ ਵੱਲੋਂ ਦਿੱਲੀ ਦੇ ਰਸਤੇ ਵਿਚ ਲਾਈਆਂ ਰੋਕਾਂ ਨੂੰ ਲਾਂਭੇ ਸੁੱਟਦੇ ਹੋਏ ਕਿਸਾਨ ਦਿੱਲੀ ਪਹੁੰਚ ਗਏ। ਦਿੱਲੀ ਦੇ ਬਾਰਡਰ 'ਤੇ ਵੱਡੀ ਗਿਣਤੀ ਵਿਚ ਪੁਲਿਸ ਅਤੇ ਨੀਮ ਫੌਜੀ ਦਸਤਿਆਂ ਦੀ ਤਾਇਨਾਤੀ ਅਤੇ ਵੱਡੀਆਂ ਰੋਕਾਂ ਕਾਰਨ ਕਿਸਾਨਾਂ ਨੂੰ ਉਥੇ ਹੀ ਰੁਕਣਾ ਪਿਆ। ਇਸ ਅੰਦੋਲਨ ਦਾ ਸ਼ਾਂਤਮਈ ਰਹਿਣਾ ਅਤੇ ਵੱਡੀ ਗਿਣਤੀ ਵਿਚ ਨੌਜਵਾਨਾਂ ਦਾ ਸ਼ਾਮਲ ਹੋਣਾ ਬੜੇ ਸਲਾਹੁਣਯੋਗ ਪਹਿਲੂ ਹਨ। ਭਾਵੇਂ ਹਰਿਆਣਾ ਅਤੇ ਕੇਂਦਰ ਸਰਕਾਰ ਵੱਲੋਂ ਕਈ ਭੜਕਾਊ ਸ਼ਰਾਰਤਾਂ ਕਰਨ ਦਾ ਯਤਨ ਕੀਤਾ ਗਿਆ। ਇਸ ਸੰਘਰਸ਼ ਵਿਚ ਹੁਣ ਕਿਸਾਨ ਦੇਸ਼ ਦੇ ਸਾਰੇ ਰਾਜਾਂ ਤੋਂ ਸਮਰੱਥਾ ਮੁਤਾਬਕ ਹਿੱਸਾ ਲੈ ਰਹੇ ਹਨ ਅਤੇ ਵਿਦੇਸ਼ਾਂ ਵਿਚ ਵੀ ਇਸ ਦੇ ਪੱਖ ਵਿਚ ਮੁਜਾਹਰੇ ਹੋ ਰਹੇ ਹਨ।

ਚਾਹੀਦਾ ਤਾਂ ਇਹ ਸੀ ਕਿ ਕੇਂਦਰ ਸਰਕਾਰ ਕਿਸਾਨਾਂ ਦੀ ਲੀਡਰਸ਼ਿਪ ਨਾਲ ਤਰਕ ਦੇ ਆਧਾਰ 'ਤੇ ਗੱਲਬਾਤ ਕਰਕੇ ਕਿਸਾਨਾਂ ਦੀਆਂ ਮੰਗਾਂ ਮੰਨਦੀ, ਪਰ ਕੇਂਦਰ ਸਰਕਾਰ ਤੇ ਭਾਰਤੀ ਜਨਤਾ ਪਾਰਟੀ ਨੇ ਕਿਸਾਨਾਂ 'ਤੇ ਘਟੀਆ ਦੂਸ਼ਣਬਾਜ਼ੀ ਸ਼ੁਰੂ ਕਰ ਦਿੱਤੀ। ਪਹਿਲਾਂ ਇਹ ਕਿਹਾ ਕਿ ਇਹ ਕੇਵਲ ਪੰਜਾਬ ਦੇ ਹੀ ਕਿਸਾਨ ਹਨ, ਜਦ ਦਿੱਲੀ ਨੂੰ ਸਾਰੇ ਪਾਸਿਓਂ ਘੇਰਾ ਪੈ ਗਿਆ ਤਾਂ ਫਿਰ ਕਿਹਾ ਕਿ ਇਸ ਵਿਚ ਖਾਲਿਸਤਾਨੀ ਹਨ, ਜਦ ਇਹ ਪ੍ਰਚਾਰ ਵੀ ਸਿਰੇ ਨਾ ਚੜ੍ਹਿਆ ਤਾਂ ਫਿਰ ਇਹ ਕਿਹਾ ਜਾਣ ਲੱਗਾ ਕਿ ਕਿਸਾਨਾਂ ਦਾ ਅੰਦੋਲਨ ਪਾਕਿਸਤਾਨ ਤੇ ਚੀਨ ਦੀ ਸ਼ਹਿ 'ਤੇ ਚੱਲ ਰਿਹਾ ਹੈ ਅਤੇ ਇਸ ਸੰਘਰਸ਼ ਲਈ ਫੰਡ ਬਾਹਰੋਂ ਆ ਰਹੇ ਹਨ। ਲੋਕਾਂ ਨੇ ਇਸ ਦੋਸ਼ ਦਾ ਵੀ ਜਦ ਮਖੌਲ ਉਡਾਇਆ ਤਾਂ ਭਾਜਪਾ ਲੀਡਰਾਂ ਨੇ ਨਵਾਂ ਪੈਂਤੜਾ ਲੈਂਦਿਆਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਦੀ ਸਮਝ ਨਹੀਂ ਆਈ, ਇਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ ਅਤੇ ਵਿਰੋਧੀ ਪਾਰਟੀਆਂ ਇਨ੍ਹਾਂ ਦੇ ਰਾਹੀਂ ਸਰਕਾਰ ਵਿਰੁੱਧ ਭੰਡੀ ਪ੍ਰਚਾਰ ਕਰ ਰਹੀਆਂ ਹਨ। ਖੇਤੀ ਮੰਤਰੀ ਨਰਿੰਦਰ ਤੋਮਰ, ਰੇਲ ਮੰਤਰੀ ਪਿਊਸ਼ ਗੋਇਲ ਨੇ ਆਪਣੇ ਸਾਰੇ ਅਫਸਰਾਂ ਨੂੰ ਨਾਲ ਲੈ ਕੇ ਜਦ ਪਹਿਲੀ ਮੀਟਿੰਗ ਕੀਤੀ ਤਾਂ ਕਿਸਾਨ ਲੀਡਰਾਂ ਨੇ ਬਿਲਾਂ 'ਤੇ ਬਹਿਸ ਵਿਚ ਇਨ੍ਹਾਂ ਸਾਰਿਆਂ ਨੂੰ ਠਿੱਠ ਕਰ ਦਿੱਤਾ ਅਤੇ ਸਪਸ਼ਟ ਕਰ ਦਿੱਤਾ ਕਿ ਇਹ ਤਿੰਨੇ ਕਾਨੂੰਨ ਵਾਪਸ ਲੈਣ ਤੋਂ ਬਿਨਾ ਉਨ੍ਹਾਂ ਨੂੰ ਹੋਰ ਕੁਝ ਵੀ ਪ੍ਰਵਾਨ ਨਹੀਂ।

ਸਾਰੇ ਪਾਸਿਉਂ ਚਿੱਤ ਹੋਣ ਤੋਂ ਬਾਅਦ ਭਾਜਪਾ ਆਗੂਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਕਿਸਾਨਾਂ ਵਿਚ ਮਾਓਵਾਦੀ ਅਤੇ ਕਮਿਊਨਿਸਟ ਸ਼ਾਮਲ ਹੋ ਗਏ ਹਨ, ਇਸ ਕਰਕੇ ਹੁਣ ਇਹ ਸੰਘਰਸ਼ ਕਿਸਾਨਾਂ ਦੇ ਹੱਥ ਵਿਚ ਨਹੀਂ ਰਿਹਾ। ਭਾਜਪਾ ਵੱਲੋਂ ਭੇਜੇ ਗਏ ਆਰ. ਐਸ. ਐਸ. ਦੇ ਬੰਦੇ ਕਿਸਾਨ ਵਾਲੰਟੀਅਰਾਂ ਨੇ ਫੜ ਲਏ, ਜੋ ਸ਼ਾਂਤਮਈ ਸੰਘਰਸ਼ ਵਿਚ ਕੋਈ ਤੋੜ-ਫੋੜ ਜਾਂ ਹਿੰਸਕ ਕਾਰਵਾਈ ਕਰਨਾ ਚਾਹੁੰਦੇ ਸਨ। ਇਸ ਤੋਂ ਬਾਅਦ ਭਾਜਪਾ ਨੇਤਾਵਾਂ ਨੇ ਕਿਸਾਨਾਂ ਨੂੰ 'ਟੁਕੜੇ ਟੁਕੜੇ ਗੈਂਗ' ਕਹਿ ਕੇ ਇਨ੍ਹਾਂ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਕਹਿਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਭਾਜਪਾ ਦੇ ਹੋਛੇ ਹਥਿਆਰਾਂ ਦਾ ਸਿਖਰ ਆ ਗਿਆ ਹੈ। ਇਸ 'ਤੇ ਵਿਚਾਰ ਕਰਨ ਦੀ ਲੋੜ ਹੈ।

ਭਾਰਤੀ ਜਨਤਾ ਪਾਰਟੀ ਵਿਚ ਸਿਆਸੀ ਅਸਹਿਣਸ਼ੀਲਤਾ ਏਨੀ ਭਰੀ ਹੋਈ ਹੈ ਕਿ ਇਹ ਹਰ ਵਿਰੋਧੀ ਵਿਚਾਰ ਰੱਖਣ ਵਾਲੇ ਨੂੰ ਦੇਸ਼ ਧ੍ਰੋਹੀ ਕਹਿਣ ਤੱਕ ਚਲੇ ਜਾਂਦੇ ਹਨ। ਜਦ ਨਾਗਰਿਕਤਾ ਸਬੰਧੀ ਬਿੱਲ ਪਾਸ ਕੀਤਾ ਗਿਆ ਸੀ ਤਾਂ ਸ਼ਾਹੀਨ ਬਾਗ ਦਿੱਲੀ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਲੰਮਾ ਸਮਾਂ ਧਰਨਾ ਮਾਰਿਆ ਸੀ, ਜੋ ਕਰੋਨਾ ਦੀ ਆੜ ਵਿਚ ਅਦਾਲਤ ਦੇ ਹੁਕਮਾਂ 'ਤੇ ਸਮਾਪਤ ਕੀਤਾ ਗਿਆ ਸੀ। ਕਿਸਾਨਾਂ ਦੇ ਸੰਘਰਸ਼ ਨੂੰ ਵੀ ਖਤਮ ਕਰਾਉਣ ਦਾ ਯਤਨ ਕੀਤਾ ਗਿਆ ਸੀ, ਪਰ ਸੁਪਰੀਮ ਕੋਰਟ ਨੇ ਕਿਸਾਨਾਂ ਦੇ ਸੰਘਰਸ਼ ਨੂੰ ਜਾਇਜ਼ ਕਰਾਰ ਦੇ ਕੇ ਭਾਜਪਾ ਆਗੂਆਂ ਦੇ ਮੂੰਹ ਬੰਦ ਕਰ ਦਿੱਤੇ ਸਨ। ਹੁਣ ਇਹ ਗੱਲ ਵਿਚਾਰਨਯੋਗ ਹੈ ਕਿ ਟੁਕੜੇ ਟੁਕੜੇ ਗੈਂਗ ਕਿਸਾਨ ਹਨ ਕਿ ਭਾਰਤੀ ਜਨਤਾ ਪਾਰਟੀ ਹੈ?

ਜੇ ਥੋੜ੍ਹਾ ਪਿੱਛੇ ਜਾ ਕੇ ਵੇਖੀਏ ਤਾਂ ਜਾਹਰ ਹੈ ਕਿ ਜਦੋਂ ਤੋਂ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਆਈ ਹੈ, ਓਦੋਂ ਤੋਂ ਹੀ ਇਹ ਦੇਸ਼ ਵਿਚ ਘੱਟ ਗਿਣਤੀਆਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕਰ ਰਹੀ ਹੈ। ਇਹ ਕਦੇ ਗਊ ਦੇ ਨਾਂ 'ਤੇ, ਕਦੇ ਮੰਦਿਰ ਦੇ ਨਾਂ 'ਤੇ, ਕਦੇ ਜੈ ਸ੍ਰੀ ਰਾਮ ਦੇ ਨਾਂ 'ਤੇ ਅਤੇ ਹੁਣ ਨਾਗਰਿਕਤਾ ਸੋਧ ਕਾਨੂੰਨ ਦੇ ਬਹਾਨੇ ਦਲਿਤਾਂ, ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀ ਲੋਕਾਂ 'ਤੇ ਸ਼ਬਦੀ ਅਤੇ ਹਿੰਸਕ ਹਮਲੇ ਕਰ ਰਹੀ ਹੈ। ਨਾਗਰਿਕਤਾ ਸੋਧ ਕਾਨੂੰਨ ਪਾਸ ਕਰਕੇ ਇਸ ਗੱਲ ਦਾ ਮੁੱਢ ਬੰਨ ਦਿੱਤਾ ਗਿਆ ਹੈ ਕਿ ਸਰਕਾਰ ਜਿਸ ਨੂੰ ਚਾਹੇ ਆਪਣੇ ਪਿਓ-ਦਾਦਿਆਂ ਦਾ ਭਾਰਤ ਵਿਚ ਜਨਮ ਦਾ ਸਬੂਤ ਨਾ ਦੇ ਸਕਣ ਦੇ ਕਾਰਨ ਦੇਸ਼ ਛੱਡਣ ਦਾ ਹੁਕਮ ਦੇ ਸਕਦੀ ਹੈ ਅਤੇ ਦੇਸ਼ ਨਾ ਛੱਡਣ ਦੀ ਸੂਰਤ ਵਿਚ ਉਸ ਨੂੰ ਦੇਸ਼ ਅੰਦਰ ਨਾਜਾਇਜ਼ ਘੁਸਪੈਠੀਆ ਕਰਾਰ ਦੇ ਕੇ ਜੇਲ੍ਹ ਵਿਚ ਬੰਦ ਕਰ ਸਕਦੀ ਹੈ। ਭਾਵੇਂ ਅਜੇ ਇਹ ਕਾਨੂੰਨ ਮੁਸਲਿਮ ਵਿਰੋਧੀ ਹੀ ਜਾਪਦਾ ਹੈ, ਪਰ ਭਵਿੱਖ ਵਿਚ ਜੇ ਭਾਜਪਾ ਕੇਂਦਰ ਸਰਕਾਰ ਕਾਇਮ ਰਹਿੰਦੀ ਹੈ ਤਾਂ ਇਹ ਸਾਰੇ ਵਿਰੋਧੀਆਂ ਲਈ ਵਰਤਿਆ ਜਾਵੇਗਾ। ਸ਼ਾਹੀਨ ਬਾਗ ਵਿਚ ਬੈਠੇ ਧਰਨਾਕਾਰੀਆਂ ਨੂੰ ਟੁਕੜੇ ਟੁਕੜੇ ਗੈਂਗ ਕਹਿਣ ਤੋਂ ਇਲਾਵਾ ਭਾਜਪਾ ਅਨੁਸਾਰ ਠਾਕਰ ਅਤੇ ਕਪਿਲ ਮਿਸ਼ਰਾ ਨੇ 'ਦੇਸ਼ ਕੇ ਗਦਾਰੋਂ ਕੋ ਗੋਲੀ ਮਾਰੋ, ਗੋਲੀ ਮਾਰੋ' ਵੀ ਕਿਹਾ ਸੀ ਅਤੇ ਲੋਕਾਂ ਨੂੰ ਧਰਨਾਕਾਰੀ ਬਾਰੇ ਇਹ ਵੀ ਕਿਹਾ ਸੀ ਕਿ ਇਹ ਲੋਕ ਤੁਹਾਡੇ ਘਰਾਂ ਵਿਚ ਦਾਖਲ ਹੋ ਕੇ ਤੁਹਾਡੀਆਂ ਧੀਆਂ-ਭੈਣਾਂ ਨਾਲ ਜ਼ਬਰ ਜਨਾਹ ਕਰਨਗੇ। ਏਨੀ ਜ਼ਹਿਰੀਲੀ ਭਾਸ਼ਾ ਵਰਤਣ ਤੋਂ ਬਾਅਦ ਭਾਜਪਾ ਨੇ ਆਪਣੇ ਇਨ੍ਹਾਂ ਲਾਡਲਿਆਂ ਦੀ ਜਬਾਨ ਨੂੰ ਲਗਾਮ ਨਹੀਂ ਸੀ ਦਿੱਤੀ, ਸਗੋਂ ਚੰਗੇ ਅਹੁਦਿਆਂ ਨਾਲ ਨਵਾਜਿਆ ਸੀ। ਅਨੁਰਾਗ ਠਾਕਰ ਇਸ ਵੇਲੇ ਕੇਂਦਰੀ ਰਾਜ ਵਿੱਤ ਮੰਤਰੀ ਤੇ ਕਪਿਲ ਮਿਸ਼ਰਾ ਵੀ ਪਾਰਟੀ ਵਿਚ ਚੰਗੀ ਪੁਜੀਸ਼ਨ ਰੱਖਦਾ ਹੈ। ਇਨ੍ਹਾਂ ਲੀਡਰਾਂ ਦੀ ਜ਼ਹਿਰੀਲੀ ਬਿਆਨਬਾਜੀ ਕਰਕੇ ਹੀ ਚੋਣ ਕਮਿਸ਼ਨ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਨੁਰਾਗ ਠਾਕਰ ਤੇ ਕੁੱਝ ਹੋਰਨਾਂ ਉਤੇ ਚੋਣ ਪ੍ਰਚਾਰ ਕਰਨ 'ਤੇ ਪਾਬੰਦੀ ਲਾ ਦਿੱਤੀ ਸੀ।

ਭਾਜਪਾ ਦੀ ਇੱਕ ਇੱਟ ਨਹੀਂ, ਆਵਾ ਹੀ ਊਤਿਆ ਹੋਇਆ ਹੈ। ਦੇਸ਼ ਦੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸ਼ਾਦ ਨੇ ਵੀ ਇਹ ਬਿਆਨ ਦਾਗਿਆ ਕਿ ਅੰਦੋਲਨਕਾਰੀ ਕਿਸਾਨ 'ਟੁਕੜੇ ਟੁਕੜੇ ਗੈਂਗ' ਹਨ। ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਸਾਰੀ ਲੀਡਰਸ਼ਿਪ ਇਸ ਗੱਲੋਂ ਘਬਰਾਹਟ ਵਿਚ ਹੈ ਕਿ ਕਿਸਾਨਾਂ ਨੂੰ ਸਮੁੱਚੇ ਦੇਸ਼ ਵਿਚੋਂ ਕਿਸਾਨਾਂ, ਸਾਬਕਾ ਫੌਜੀਆਂ, ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ, ਮਜ਼ਦੂਰਾਂ, ਸਾਬਕਾ ਪੁਲਿਸ ਅਤੇ ਸਿਵਲ ਅਫਸਰਾਂ, ਪਦਮ ਭੂਸ਼ਨ ਅਤੇ ਹੋਰ ਸਨਮਾਨ ਪ੍ਰਾਪਤ ਸ਼ਖਸੀਅਤਾਂ, ਖਿਡਾਰੀਆਂ ਅਤੇ ਇਥੋਂ ਤੱਕ ਕਿ ਸਾਬਕਾ ਜੱਜਾਂ ਅਤੇ ਆਈ. ਏ. ਐਸ. ਅਫਸਰਾਂ ਆਦਿ ਦੀ ਹਮਾਇਤ ਮਿਲ ਰਹੀ ਹੈ। ਜੋ ਰਾਜ ਦਿੱਲੀ ਤੋਂ ਦੂਰ ਹਨ, ਕਿਸਾਨ ਉਥੇ ਧਰਨੇ ਅਤੇ ਮੁਜਾਹਰੇ ਕਰਕੇ ਦਿੱਲੀ ਦੇ ਕਿਸਾਨਾਂ ਨਾਲ ਇਕਮੁੱਠਤਾ ਪ੍ਰਗਟਾ ਰਹੇ ਹਨ। ਸੁਪਰੀਮ ਕੋਰਟ ਦੀ ਬਾਰ ਅਤੇ ਹੋਰ ਬਹੁਤ ਸਾਰੀਆਂ ਵਕੀਲ ਜੱਥੇਬੰਦੀਆਂ ਕਿਸਾਨਾਂ ਦੀ ਹਮਾਇਤ ਵਿਚ ਕਿਸਾਨਾਂ ਦੀ ਸਟੇਜ 'ਤੇ ਸਮਰਥਨ ਦਾ ਐਲਾਨ ਕਰਕੇ ਗਈਆਂ ਹਨ, ਜਿਸ ਨੂੰ ਨਰਿੰਦਰ ਮੋਦੀ ਤੇ ਭਾਜਪਾ ਲੀਡਰਸ਼ਿਪ ਹਜ਼ਮ ਕਰਨ ਦੀ ਥਾਂ ਕੂੜ ਕਬਾੜ ਬੋਲੀ ਜਾ ਰਹੀ ਹੈ। ਅਸਲ ਵਿਚ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਕਿਸਾਨਾਂ ਜਾਂ ਉਸ ਦੇ ਉਪਰੋਕਤ ਸਮਰਥਕਾਂ ਤੋਂ ਨਹੀਂ, ਭਾਜਪਾ ਦੀਆਂ ਫਿਰਕੂ, ਤੰਗ ਨਜ਼ਰੀ ਅਤੇ ਅਸਹਿਣਸ਼ੀਲ ਨੀਤੀਆਂ ਤੋਂ ਹੈ।

ਆਜ਼ਾਦ ਭਾਰਤ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਵਾਪਰਿਆ ਸੀ, ਜਦੋਂ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਹੁੰਦਿਆਂ ਦੇਸ਼ ਦੀ ਸਰਵ ਉੱਚ ਅਦਾਲਤ (ਸੁਪਰੀਮ ਕੋਰਟ) ਦੇ ਚਾਰ ਸੀਨੀਅਰ ਜੱਜਾਂ ਨੇ 12 ਜਨਵਰੀ 2018 ਨੂੰ ਪ੍ਰੈਸ ਕਾਨਫਰੰਸ ਕਰਕੇ ਕਿਹਾ ਸੀ ਕਿ ਭਾਰਤੀ ਲੋਕਤੰਤਰ ਖਤਰੇ ਵਿਚ ਹੈ। ਜੱਜਾਂ ਦੀ ਨਿਯੁਕਤੀ ਲਈ ਕਾਲਜੀਅਮ ਵਿਚ ਸਿਆਸੀ ਦਖਲ ਵੀ ਮੀਡੀਆ ਦੀਆਂ ਸੁਰਖੀਆਂ ਵਿਚ ਰਿਹਾ ਹੈ। ਜੱਜ ਸਾਹਿਬਾਨ ਵੱਲੋਂ ਦੱਸੇ ਖਤਰੇ ਹੁਣ ਸਾਹਮਣੇ ਆ ਰਹੇ ਹਨ। ਪਿਛਲੇ ਘਟਨਾਕ੍ਰਮ ਤੋਂ ਜਾਪਦਾ ਹੈ ਕਿ ਦੇਸ਼ ਦੀ ਨਿਆਂਪਾਲਿਕਾ, ਚੋਣ ਕਮਿਸ਼ਨ ਅਤੇ ਕਾਰਜਪਾਲਿਕਾ ਦਬਾਅ ਅਧੀਨ ਕੰਮ ਕਰ ਰਹੇ ਹਨ। ਵਿਧਾਨਪਾਲਿਕਾ 'ਤੇ ਭਾਜਪਾ ਭਾਰੂ ਹੋਣ ਕਰਕੇ ਮਨਮਰਜ਼ੀ ਦੇ ਫੈਸਲੇ ਲੈ ਰਹੀ ਹੈ। ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ ਦਾ ਵੱਡੀ ਹਿੱਸਾ ਵਿਕਣ ਦੇ ਚਰਚੇ ਹਨ, ਜੋ ਦਿਨ ਰਾਤ 'ਮੋਦੀ ਮੋਦੀ' ਹੀ ਕਰਦਾ ਹੈ। ਇੰਜ ਜਾਪਦਾ ਹੈ ਕਿ ਨਰਿੰਦਰ ਮੋਦੀ ਸਰਕਾਰ ਸਾਰੀਆਂ ਲੋਕਤੰਤਰੀ ਰਵਾਇਤਾਂ ਖਤਮ ਕਰਕੇ ਤਾਨਾਸ਼ਾਹੀ ਵੱਲ ਵਧਦਿਆਂ ਦੇਸ਼ ਨੂੰ ਟੁਕੜੇ ਟੁਕੜੇ ਕਰਨ ਜਾ ਰਹੀ ਹੈ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਮਾਲੇਗਾਉਂ ਬੰਬ ਧਮਾਕਿਆਂ ਦੇ ਦੋਸ਼ ਅਧੀਨ ਜੇਲ੍ਹ ਵਿਚ ਰਹੀ




ਤੇ ਕੇਸ ਦਾ ਸਾਹਮਣਾ ਕਰ ਰਹੀ ਭਾਜਪਾ ਦੀ ਮੈਂਬਰ ਪਾਰਲੀਮੈਂਟ ਸਾਧਵੀ ਪ੍ਰਗਿਆ ਨੇ ਪਾਰਲੀਮੈਂਟ ਵਿਚ ਮਹਾਤਮਾ ਗਾਂਧੀ ਨੂੰ ਕਤਲ ਕਰਨ ਵਾਲੇ ਨੱਥੂ ਰਾਮ ਗੌਂਡਸੇ ਨੂੰ ਦੇਸ਼ ਭਗਤ ਦੱਸਿਆ ਸੀ, ਜਿਸ ਦਾ ਪਾਰਲੀਮੈਂਟ ਵਿਚ ਆਪੋਜੀਸ਼ਨ ਨੇ ਭਾਰੀ ਵਿਰੋਧ ਕੀਤਾ ਸੀ ਤੇ ਭਾਜਪਾ ਨੂੰ ਸਥਿਤੀ ਸਪਸ਼ਟ ਕਰਨ ਲਈ ਕਿਹਾ ਸੀ, ਪਰ ਭਾਜਪਾ ਦੇ ਆਗੂ ਸੁੰਨ ਹੋਏ ਬੈਠੇ ਰਹੇ ਸਨ ਤੇ ਪ੍ਰਗਿਆ ਵਿਰੁੱਧ ਇੱਕ ਸ਼ਬਦ ਨਹੀਂ ਕਹਿ ਰਹੇ ਸਨ। ਕੀ ਇਹੋ ਜਿਹੇ ਮੈਂਬਰ ਭਾਜਪਾ ਦੇ ਟੁਕੜੇ ਟੁਕੜੇ ਗੈਂਗ ਦਾ ਹਿੱਸਾ ਨਹੀਂ? ਬੰਬ ਧਮਾਕਿਆਂ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ, ਧਰਮ, ਜਾਤ, ਭਾਸ਼ਾ ਅਤੇ ਇਲਾਕੇ ਦੇ ਨਾਂ 'ਤੇ ਹਜੂਮੀ ਹਿੰਸਾ ਫੈਲਾਉਣ ਵਾਲੇ ਜੇ ਭਾਜਪਾ ਵਿਚ ਹਨ ਤਾਂ ਦੇਸ਼ ਭਗਤ ਹਨ, ਪਰ ਜੇ ਅੱਤ ਦੀ ਠੰਡ ਵਿਚ ਕਾਲੇ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਇਹ ਕਨੂੰਨ ਰੱਦ ਕਰਨ ਦੀ ਮੰਗ ਕਰਦੇ ਹਨ ਤਾਂ ਉਹ ਦੇਸ਼ ਲਈ ਖਤਰਾ ਕਹੇ ਜਾ ਰਹੇ ਹਨ।

ਭਾਜਪਾ ਦੇ ਯੋਧਿਆਂ ਤੇ ਦੇਸ਼ ਭਗਤਾਂ ਦੇ ਹੋਰ ਕਾਰਨਾਮੇ ਵੀ ਪਾਠਕਾਂ ਨਾਲ ਸਾਂਝੇ ਕਰਨੇ ਬਣਦੇ ਹਨ। ਜੰਮੂ ਕਸ਼ਮੀਰ ਦੇ ਕਠੂਆ ਕਸਬੇ ਵਿਚ ਇੱਕ ਧਾਰਮਿਕ ਸਥਾਨ ਨੇ 8 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ ਤੇ ਲੜਕੀ ਨੂੰ ਕਤਲ ਕਰਕੇ ਲਾਸ਼ ਇਧਰ ਉਧਰ ਸੁੱਟ ਦਿੱਤੀ ਗਈ ਸੀ। ਇਸ ਦੁਸ਼ਕਰਮ ਵਿਚ ਧਾਰਮਿਕ ਥਾਂ ਦਾ ਪੁਜਾਰੀ ਵੀ ਸ਼ਾਮਲ ਸੀ। ਇਹ ਮਾਮਲਾ ਦੇਸ਼ ਭਰ ਵਿਚ ਚਰਚਾ ਦਾ ਵਿਸ਼ਾ ਸੀ ਤੇ ਸਥਾਨਕ ਲੋਕ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਸਨ, ਪਰ ਬੇਸ਼ਰਮੀ ਦੀ ਕੋਈ ਹੱਦ ਨਾ ਰਹੀ, ਜਦ ਭਾਜਪਾ ਨੇ ਬਲਾਤਕਾਰੀਆਂ ਦੇ ਹੱਕ ਵਿਚ ਮੁਜਾਹਰਾ ਕੀਤਾ, ਜਿਸ ਵਿਚ ਭਾਜਪਾ ਦੇ ਦੋ ਮੰਤਰੀ ਸ਼ਾਮਲ ਹੋਏ। ਬਾਅਦ ਵਿਚ ਅਦਾਲਤ ਨੇ ਦੋਸ਼ੀਆਂ ਨੂੰ ਸਖਤ ਸਜ਼ਾ ਸੁਣਾਈ।

ਭਾਜਪਾ ਦੇ ਅਖੌਤੀ ਦੇਸ਼ ਭਗਤਾਂ ਦੀ ਇੱਕ ਹੋਰ ਮਿਸਾਲ ਉੱਤਰ ਪ੍ਰਦੇਸ਼ ਦੇ ਉਨਾਉ ਦੀ ਹੈ, ਜਿਥੇ ਭਾਜਪਾ ਦੇ ਵਿਧਾਇਕ ਕੁਲਦੀਪ ਸੇਂਗਰ 'ਤੇ ਦੋਸ਼ ਸੀ ਕਿ ਉਸ ਨੇ 17 ਸਾਲਾ ਲੜਕੀ ਨਾਲ ਬਲਾਤਕਾਰ ਕੀਤਾ ਹੈ। ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਕੁਲਦੀਪ ਸੇਂਗਰ ਦੀ ਪੂਰੀ ਪਿੱਠ ਥਾਪੜੀ, ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ, ਸਗੋਂ ਲੜਕੀ ਦੇ ਪਿਤਾ ਨੂੰ ਥਾਣੇ ਲਿਜਾ ਕੇ ਬੁਰੀ ਤਰ੍ਹਾਂ ਮਾਰਿਆ ਕੁੱਟਿਆ ਗਿਆ ਤੇ ਆਪਣੀ ਜਬਾਨ ਬੰਦ ਰੱਖਣ ਲਈ ਕਿਹਾ ਗਿਆ। ਤਸ਼ੱਦਦ ਨਾ ਝੱਲਦਿਆਂ ਉਸ ਦੀ ਮੌਤ ਹੋ ਗਈ। ਅਦਾਲਤ ਦੀ ਦਖਲਅੰਦਾਜ਼ੀ ਨਾਲ ਕੁਲਦੀਪ ਸੇਂਗਰ 'ਤੇ ਪਰਚਾ ਦਰਜ ਹੋਇਆ ਤੇ ਅੱਜ ਕੱਲ੍ਹ ਜੇਲ੍ਹ ਵਿਚ ਉਮਰ ਕੈਦ ਕੱਟ ਰਿਹਾ ਹੈ। ਬਲਾਤਕਾਰ ਦੀ ਘਟਨਾ 4 ਜੂਨ 2017 ਨੂੰ ਵਾਪਰੀ ਅਤੇ ਸਜ਼ਾ 20 ਦਸੰਬਰ 2019 ਨੂੰ ਸੁਣਾਈ ਗਈ। ਉਮਰ ਕੈਦ ਦੇ ਨਾਲ 25 ਲੱਖ ਜੁਰਮਾਨਾ ਵੀ ਕੀਤਾ ਗਿਆ।

ਸਤੰਬਰ 2020 ਵਿਚ ਵਾਪਰਿਆ ਹਾਥਰਸ ਬਲਾਤਕਾਰ ਕੇਸ ਵੀ ਦੇਸ਼ ਭਰ ਵਿਚ ਚਰਚਾ ਦਾ ਵਿਸ਼ਾ ਰਿਹਾ, ਜਿਸ ਵਿਚ ਇੱਕ ਦਲਿਤ ਲੜਕੀ ਨਾਲ ਬਲਾਤਕਾਰ ਕੀਤਾ ਗਿਆ ਤੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਲਾਸ਼ ਪਰਿਵਾਰ ਨੂੰ ਦੇਣ ਦੀ ਥਾਂ ਅੱਧੀ ਰਾਤ ਨੂੰ ਆਪ ਹੀ ਉਸ ਦਾ ਸਸਕਾਰ ਕਰ ਦਿੱਤਾ। ਲੋਕਾਂ ਦੇ ਭਾਰੀ ਵਿਰੋਧ ਕਾਰਨ ਕੇਸ ਸੀ. ਬੀ. ਆਈ. ਨੂੰ ਦਿੱਤਾ ਗਿਆ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਚਰਚਾ ਹੈ ਕਿ ਇਹ ਦੁਸ਼ਕਰਮ ਵੀ ਭਾਜਪਾ ਦੇ 'ਦੇਸ਼ ਭਗਤ ਯੋਧਿਆਂ' ਦਾ ਹੀ ਸੀ। ਇਹੋ ਜਿਹੀਆਂ ਹੋਰ ਘਟਨਾ ਵੀ ਗਿਣਾਈਆਂ ਜਾ ਸਕਦੀਆਂ ਹਨ, ਪਰ ਭਾਜਪਾ ਲੀਡਰਸ਼ਿਪ ਨੇ ਇਨ੍ਹਾਂ ਘਟਨਾਵਾਂ 'ਤੇ ਕਦੇ ਵੀ ਨਮੋਸ਼ੀ ਜਾਹਰ ਨਹੀਂ ਕੀਤੀ।

ਕੇਂਦਰ ਸਰਕਾਰ ਨਰਿੰਦਰ ਮੋਦੀ ਦੀ ਅਗਵਾਈ ਵਿਚ ਦੇਸ਼ ਲਈ ਗੰਭੀਰ ਖਤਰੇ ਖੜ੍ਹੇ ਕਰ ਰਹੀ ਹੈ। ਦੇਸ਼ ਵਿਚ ਆਰਥਿਕ ਸੰਕਟ ਦਿਨੋਂ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਰਾਜਾਂ ਨੂੰ ਜੀ. ਐਸ. ਟੀ. ਦੀ ਬਣਦੀ ਰਕਮ ਤੋਂ ਇਨਕਾਰ ਕਰਕੇ ਕਰਜ਼ਾ ਲੈਣ ਲਈ ਕਿਹਾ ਜਾ ਰਿਹਾ ਹੈ, ਜਿਸ ਨਾਲ ਰਾਜਾਂ ਦੀ ਹਾਲਤ ਕੰਗਾਲੀ ਵਰਗੀ ਹੋ ਰਹੀ ਹੈ। ਦੇਸ਼ ਦੇ ਦੁਆਲੇ ਪਾਕਿਸਤਾਨ, ਚੀਨ, ਨੇਪਾਲ ਆਦਿ ਨਾਲ ਸਰਹੱਦੀ ਸੰਕਟ ਹੱਲ ਨਹੀਂ ਹੋ ਰਿਹਾ, ਸਗੋਂ ਮੋਦੀ ਵੱਲੋਂ ਹੋਛੇ ਜਿਹੇ ਨਾਹਰੇ ਮਾਰੇ ਜਾ ਰਹੇ ਹਨ। ਮੋਦੀ ਸਰਕਾਰ ਦੇਸ਼ ਸੰਭਾਲ ਨਹੀਂ ਸਕੀ, ਸਿਰਫ ਮੀਡੀਆ ਮੈਨੇਜ ਕਰਕੇ ਆਪਣੀ ਬੱਲੇ ਬੱਲੇ ਕਰਵਾ ਰਹੀ ਹੈ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਾਹਲੀ ਕਾਹਲੀ ਪਹਿਲਾਂ ਨੋਟਬੰਦੀ ਕੀਤੀ। ਕਿਹਾ ਗਿਆ ਕਿ ਇਸ ਨਾਲ ਕਾਲਾ ਧਨ ਬਾਹਰ ਆ ਜਾਵੇਗਾ। 500 ਤੇ 1000 ਦੇ ਨੋਟ ਬੰਦ ਕਰ ਦਿੱਤੇ ਗਏ। ਨਾਲ ਹੀ 500 ਅਤੇ 2000 ਦੇ ਨੋਟ ਛਾਪ ਦਿੱਤੇ ਗਏ। ਕਾਲਾ ਧਨ ਤਾਂ ਬਾਹਰ ਨਹੀਂ ਆਇਆ, ਪਰ ਲੋਕਾਂ ਦਾ ਕਾਰੋਬਾਰ ਤਬਾਹ ਹੋ ਗਿਆ/ਖੇਤੀ ਸੈਕਟਰ ਨੂੰ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨ ਲਈ ਕਾਹਲੀ ਕਾਹਲੀ ਬਿੱਲ ਲਿਆਂਦੇ, ਪਾਰਲੀਮੈਂਟ ਦੀ ਜਮਹੂਰੀ ਰਵਾਇਤਾਂ ਨੂੰ ਦਰੜਦਿਆਂ ਕਾਹਲੀ-ਕਾਹਲੀ ਬਿੱਲ ਪਾਸ ਕਰਵਾ ਲਏ। ਰਾਜ ਸਭਾ ਵਿਚ ਤਾਂ ਮੈਂਬਰਾਂ ਨੇ ਮੰਗ ਕੀਤੀ ਕਿ ਇਨ੍ਹਾਂ ਬਿੱਲਾਂ 'ਤੇ ਬਹਿਸ ਕਰਵਾ ਕੇ ਵੋਟਿੰਗ ਕਰਵਾਈ ਜਾਵੇ, ਪਰ ਸਭਾਪਤੀ ਨੇ ਜ਼ਬਾਨੀ ਵੋਟਾਂ ਨਾਲ ਆਪ ਹੀ ਬਿੱਲ ਪਾਸ ਹੋਣ ਦਾ ਐਲਾਨ ਕਰ ਦਿੱਤਾ। ਉਂਜ ਵੀ ਸੰਵਿਧਾਨਕ ਤੌਰ 'ਤੇ ਖੇਤੀ ਰਾਜਾਂ ਦਾ ਵਿਸ਼ਾ ਹੈ ਅਤੇ ਇਹ ਬਿੱਲ ਗੈਰ ਸੰਵਿਧਾਨਕ ਹਨ। ਇਨ੍ਹਾਂ ਬਿੱਲਾਂ ਨੂੰ ਕਾਨੂੰਨੀ ਨੁਕਤਾਨਿਗਾਹ ਤੋਂ ਵਿਚਾਰਨ ਲਈ ਸਿਲੈਕਟ ਕਮੇਟੀ ਕੋਲ ਭੇਜਣ ਦੀ ਮੰਗ ਵੀ ਨਾ ਮੰਨੀ ਗਈ। ਇਹ ਬਿੱਲ, ਜੋ ਹੁਣ ਕਾਨੂੰਨ ਬਣ ਚੁਕੇ ਹਨ, ਵਿਚ ਕਿਸਾਨਾਂ ਦਾ ਕਿਸੇ ਵਿਵਾਦ ਦੀ ਹਾਲਤ ਵਿਚ ਨਿਆਂ ਲੈਣ ਲਈ ਅਦਾਲਤ ਜਾਣ ਦਾ ਅਧਿਕਾਰ ਵੀ ਖੋਹ ਲਿਆ ਗਿਆ। ਸਰਕਾਰੀ ਮੰਡੀਆਂ ਨੂੰ ਖਤਮ ਕਰਕੇ ਮੰਡੀਕਰਨ ਪੂਰੀ ਤਰ੍ਹਾਂ ਕਾਰਪੋਰੇਟਾਂ ਦੇ ਹਵਾਲੇ ਕਰਕੇ ਕਿਸਾਨ ਦੇ ਖਾਤਮੇ ਦਾ ਰਾਹ ਤਿਆਰ ਕੀਤਾ ਗਿਆ ਹੈ। ਇਸ ਤਰ੍ਹਾਂ ਨਰਿੰਦਰ ਮੋਦੀ ਜਿੱਥੇ ਰੇਲਵੇ, ਹਵਾਈ ਅੱਡੇ, ਏਅਰ ਇੰਡੀਆ, ਪੈਟਰੋਲੀਅਮ ਅਦਾਰੇ ਆਦਿ ਵੇਚਣ ਦੇ ਰਾਹ 'ਤੇ ਹੈ, ਉਥੇ ਖੇਤੀ ਸੈਕਟਰ ਵੀ ਕੁਝ ਕੁ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਲਈ ਯਤਨਸ਼ੀਲ ਹੈ, ਜਿਸ ਵਿਰੁੱਧ ਕਿਸਾਨ ਮੈਦਾਨ ਵਿਚ ਡਟੇ ਹੋਏ ਹਨ।

ਕਿਸਾਨ ਸਾਂਝੇ ਮੋਰਚੇ ਨੇ ਫੈਸਲਾ ਕੀਤਾ ਕਿ ਕਾਨੂੰਨੀ ਪੱਖ ਤੋਂ ਤਿੰਨ ਖੇਤੀ ਬਿੱਲ ਗੈਰ ਸੰਵਿਧਾਨਕ ਹੋਣ ਦੇ ਬਾਵਜੂਦ ਉਹ ਸੁਪਰੀਮ ਕੋਰਟ ਨਹੀਂ ਜਾਣਗੇ। ਕਿਉਂ? ਇਸ ਕਰਕੇ ਕਿ ਪਿਛਲੇ ਸਮੇਂ ਵਿਚ ਨਿਆਂਪਾਲਿਕਾ ਨੇ ਰਾਫੇਲ ਜਹਾਜਾਂ, ਮੰਦਿਰ, ਨਾਗਰਿਕਤਾ ਕਾਨੂੰਨ ਅਤੇ ਜੰਮੂ ਕਸ਼ਮੀਰ ਬਾਰੇ ਧਾਰਾ 370 ਲਈ ਜੋ ਰੁਖ ਅਪਨਾਇਆ, ਉਸ ਨੂੰ ਵੇਖਦਿਆਂ ਸਿਰਫ ਕਿਸਾਨਾਂ ਹੀ ਨਹੀਂ, ਦੇਸ਼ ਦੇ ਲੋਕਾਂ ਦਾ ਨਿਆਂਪਾਲਿਕਾ ਅਤੇ ਵਿਸ਼ੇਸ਼ ਤੌਰ 'ਤੇ ਸੁਪਰੀਮ ਕੋਰਟ ਤੋਂ ਭਰੋਸਾ ਟੁੱਟਦਾ ਜਾ ਰਿਹਾ ਹੈ। ਸੇਵਾ ਮੁਕਤੀ ਤੋਂ ਬਾਅਦ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਦਾ ਰਿਟਾਇਰਮੈਂਟ ਤੋਂ ਕੁੱਝ ਮਹੀਨੇ ਬਾਅਦ ਰਾਜ ਸਭਾ ਵਿਚ ਆ ਜਾਣਾ ਤੇ ਉਸ ਵਲੋਂ ਕਥਿਤ ਇਹ ਕਿਹਾ ਜਾਣਾ ਕਿ ਉਹ ਵਿਧਾਨ ਪਾਲਿਕਾ ਅਤੇ ਨਿਆਂਪਾਲਿਕਾ ਨੂੰ ਰਲ ਕੇ ਚਲਾਉਣ ਲਈ ਕੇਸ ਕਰਨਗੇ, ਤੋਂ ਇਹੋ ਸੁਨੇਹਾ ਮਿਲਦਾ ਹੈ ਕਿ ਰਾਜਨੀਤੀ ਨੇ ਨਿਆਂਪਾਲਿਕਾ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਤਿੰਨਾਂ ਖੇਤੀ ਕਾਨੂੰਨ ਪਿੱਛੇ ਜੋ ਕਹਾਣੀ ਹੈ, ਕਿਸਾਨ ਉਸ ਨੂੰ ਸਮਝਦੇ ਹਨ ਅਤੇ ਅਦਾਲਤ ਵਿਚ ਜਾ ਕੇ ਉਹ ਸਿਆਸਤ ਹੱਥੋਂ ਠਿੱਬੀ ਖਾਣ ਨੂੰ ਤਿਆਰ ਨਹੀਂ ਹਨ।

ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਸਮਝਦੀ ਹੈ ਕਿ ਲੋਕਤੰਤਰ ਉਹ ਹੈ, ਜੋ ਉਹ ਕਰ ਰਹੇ ਹਨ। ਵਿਰੋਧੀ ਆਵਾਜ਼ਾਂ ਨੂੰ ਦਬਾਉਣ ਅਤੇ ਵਿਧਾਇਕਾਂ ਜਾਂ ਪਾਰਲੀਮੈਂਟ ਮੈਂਬਰਾਂ ਨੂੰ ਤੋੜਨ ਨੂੰ ਸੀ.ਬੀ.ਆਈ.ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੂੰ ਵਰਤਿਆ ਜਾ ਰਿਹਾ ਹੈ। ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੀ ਕਾਰਜਸ਼ੈਲੀ ਦੀ ਮਰਿਆਦਾ ਹੁਣ ਉਹ ਹੈ, ਜੋ ਮੋਦੀ ਜਾਂ ਅਮਿਤ ਸ਼ਾਹ ਕਹਿੰਦੇ ਹਨ। ਇਸ ਤਾਨਾਸ਼ਾਹੀ ਰੁਝਾਨ ਬਾਰੇ ਦੇਸ਼ ਦੇ ਲੋਕ ਚਿੰਤਾ ਵਿਚ ਹਨ, ਪਰ ਆਪੋਜੀਸ਼ਨ ਬਹੁਤ ਕਮਜੋਰ ਹੋਣ ਕਰਕੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਕੋਈ ਲਹਿਰ ਨਹੀਂ ਉਠ ਸਕੀ। ਕਿਸਾਨਾਂ ਨੂੰ ਇਹ ਸਿਹਰਾ ਜਾਂਦਾ ਹੈ ਕਿ ਉਹ ਇਨ੍ਹਾਂ ਨੀਤੀਆਂ ਵਿਰੁੱਧ ਅੜੇ ਹਨ ਅਤੇ ਕੇਂਦਰ ਸਰਕਾਰ ਦੇ ਹਰ ਫੁੱਟਪਾਊ ਹੱਥਕੰਡੇ ਨੂੰ ਫੇਲ੍ਹ ਕਰਕੇ ਸੰਘਰਸ਼ ਨੂੰ ਸਿਖਰ 'ਤੇ ਲਿਜਾ ਚੁਕੇ ਹਨ।

ਭਾਜਪਾ ਦਾ ਇਹ ਨਾਹਰਾ ਕਿ ਇੱਕ ਦੇਸ਼ ਇੱਕ ਮੰਡੀ, ਇੱਕ ਰਾਸ਼ਨ ਕਾਰਡ ਇੱਕ ਚੋਣ ਅਤੇ ਇੱਕ ਭਾਸ਼ਾ ਆਦਿ ਦੇ ਪਿੱਛੇ ਲੁਕੀ ਹੋਈ ਬਦਨੀਤ ਨੂੰ ਸਮਝਣ ਦੀ ਲੋੜ ਹੈ। ਇਸ ਤੋਂ ਬਾਅਦ ਨਾਹਰਾ ਆਵੇਗਾ। ਇੱਕ ਦੇਸ਼, ਇੱਕ ਧਰਮ। ਉਹ ਹੋਵੇਗੀ ਸਾਰੇ ਲੋਕਾਂ ਨੂੰ ਹਿੰਦੂ ਬਣਾਉਣ ਦੀ ਮੁਹਿੰਮ। ਭਾਜਪਾ ਦੀ ਮਾਂ ਜਥੇਬੰਦੀ ਆਰ. ਐਸ. ਐਸ. ਦੇ ਲੁਕਵੇਂ ਏਜੰਡੇ ਵਿਚ ਇਹ ਸਾਰੀਆਂ ਮੱਦਾਂ ਸ਼ਾਮਲ ਹਨ, ਜੋ ਸਮੇਂ ਸਮੇਂ ਮੀਡੀਆ ਦੀ ਚਰਚਾ ਵਿਚ ਰਹਿੰਦੀਆਂ ਹਨ। ਚਰਚਾ ਇਹ ਵੀ ਹੈ ਕਿ ਆਰ. ਐਸ. ਐਸ. ਆਪਣੇ ਵਾਲੰਟੀਅਰਾਂ ਨੂੰ ਕਥਿਤ ਕਹਿੰਦੀ ਹੈ ਕਿ ਉਹ ਆਪਣੇ ਕੋਲ ਹਥਿਆਰ ਅਤੇ ਧਮਾਕਾ ਸਮੱਗਰੀ ਰੱਖਣ, ਦਲਿਤਾਂ ਤੇ ਮੁਸਲਮਾਨਾਂ ਪ੍ਰਤੀ ਵੈਰ ਭਾਵਨਾ ਰੱਖਣ ਅਤੇ ਇਨ੍ਹਾਂ ਤੇ ਹੋਰ ਘੱਟ ਗਿਣਤੀਆਂ ਨੂੰ ਜੈ ਸ੍ਰੀ ਰਾਮ ਕਹਿਣ ਲਈ ਮਜ਼ਬੂਰ ਕਰਨ, ਦੰਗਿਆਂ ਦੌਰਾਨ ਦਲਿਤਾਂ, ਮੁਸਲਮਾਨਾਂ ਅਤੇ ਕਬੀਲਾ ਜਾਤੀਆਂ ਦੀਆਂ ਲੜਕੀਆਂ ਦਾ ਬਿਨਾ ਕਿਸੇ ਰਹਿਮ ਦੇ ਜਬਰ ਜਨਾਹ ਕੀਤਾ ਜਾਵੇ, ਬੋਧੀਆਂ, ਜੈਨੀਆਂ, ਸਿੱਖਾਂ ਅਤੇ ਇਸਾਈਆਂ ਦਾ ਧਰਮ ਤਬਦੀਲ ਕਰਕੇ ਹਿੰਦੂ ਧਰਮ ਵਿਚ ਸ਼ਾਮਲ ਕੀਤਾ ਜਾਵੇ, ਡਾ. ਅੰਬੇਦਕਰ ਦੇ ਬੁੱਤ ਤੋੜੇ ਜਾਣ, ਮੁਸਲਮਾਨਾਂ ਅਤੇ ਦਲਿਤ ਲੜਕੀਆਂ ਦੀਆਂ ਨੰਗੀਆਂ ਫੋਟੋਆਂ ਲਈਆਂ ਜਾਣ ਅਤੇ ਹਿੰਦੂਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਕਤਲ ਕਰਨ ਅਤੇ ਹੋਰ ਬਹੁਤ ਕੁਝ ਏਜੰਡੇ ਵਿਚ ਸ਼ਾਮਲ ਹੈ। ਭਾਵੇਂ ਅਸੀਂ ਇਸ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਨਹੀਂ ਕਰਦੇ, ਪਰ ਮੀਡੀਆ ਵਿਚ ਹੁੰਦੀ ਚਰਚਾ ਸਮੇਂ ਕਿਸੇ ਸਬੰਧਿਤ ਵਿਅਕਤੀ ਨੇ ਇਸ ਦਾ ਖੰਡਨ ਨਹੀਂ ਕੀਤਾ। ਅਸਲ ਵਿਚ ਇਸ ਏਜੰਡੇ 'ਤੇ ਕੰਮ ਕਰਨ ਵਾਲੀ ਭਾਜਪਾ ਦੇਸ਼ ਦੇ ਟੁਕੜੇ ਟੁਕੜੇ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ, ਜਿਸ ਕਰਕੇ ਟੁਕੜੇ ਟੁਕੜੇ ਗੈਂਗ ਭਾਜਪਾ ਹੀ ਹੈ।

ਕਿਸਾਨ ਜਥੇਬੰਦੀਆਂ ਸਿਰ ਇਹ ਵੀ ਸਿਹਰਾ ਬੱਝਦਾ ਹੈ ਕਿ ਭਾਜਪਾ ਨੇ ਪਿਛਲੇ ਸਾਲਾਂ ਦੇ ਸਮੇਂ ਦੌਰਾਨ ਧਰਮ, ਜਾਤ, ਬੋਲੀ ਜਾਂ ਇਲਾਕੇ ਦੇ ਨਾਂ

*(ਬਾਕੀ ਅਗਲੇ ਸਫੇ 'ਤੇ)*

# ਕਿਸਾਨੀ ਸੰਘਰਸ਼ ਭੁੱਲੇ ਚੋਣ ਭਲਵਾਨਾਂ ਨੂੰ ਖਰੀਆਂ-ਖਰੀਆਂ

ਮੇਰੇ ਪੰਜਾਬ ਦੇ ਚੋਣਾਂ ਲੜਨ ਵਾਲੇ ਭਲਵਾਨੋ, ਜੇ ਇਸ ਵਾਰੀ ਨਗਰਪਾਲਿਕਾ ਦੀ ਚੋਣ ਨਾਂ ਲੜਦੇ ਤਾਂ ਕਿੰਨਾ ਕੁ ਫਰਕ ਪੈ ਜਾਂਦਾ? ਜੇ ਲੜਨਾ ਜਰੂਰੀ ਸੀ ਤਾਂ ਸਰਬਸੰਮਤੀ ਵਰਗਾ ਸਰਬਪ੍ਰਵਾਨਤ ਵਿਚਲਾ ਰਾਹ ਅਪਨਾ ਲੈਂਦੇ। ਇੱਕ ਕਿਸਾਨ ਅਰਸ਼ ਗਿੱਲ ਉਮਰੀਆਣਾ ਨੇ ਤਖਤੀ ਗਲ ਵਿਚ ਪਾ ਕੇ ਨਗਰ ਕੌਂਸਲ ਚੋਣਾਂ ਦਾ ਬਾਈਕਾਟ ਕਰਦਿਆਂ ਕੋਟ ਈਸੇ ਖਾਂ ਚੌਕ ਵਿਚ ਖੜ੍ਹ ਕੇ ਪ੍ਰਦਰਸ਼ਨ ਕੀਤਾ ਕਿ 'ਕਿਸਾਨ ਦਿੱਲੀ ਬੈਠੇ ਹਨ, ਤੁਸੀਂ ਚੌਧਰਾਂ ਭਾਲ ਰਹੇ ਹੋ।' ਆਪਣੇ ਢੰਗ ਰਾਹੀਂ ਤੁਹਾਨੂੰ ਆਪਣੇ ਤੇ ਸੂਬਾ ਵਾਸੀਆਂ ਦੇ ਮਨ ਦੇ ਵਲਵਲਿਆਂ ਤੋਂ ਜਾਣੂੰ ਕਰਾਉਣ ਦੀ ਕੋਸ਼ਿਸ ਕੀਤੀ। ਲੋਕਾਂ ਵਿਚ ਇਨ੍ਹਾਂ ਚੋਣਾਂ ਲਈ ਉਤਸ਼ਾਹ



ਨਹੀਂ। ਕਿਸੇ ਵੀ ਧਿਰ ਨੂੰ ਸਾਰੀਆਂ ਸੀਟਾਂ ਲਈ ਉਮੀਦਵਾਰ ਨਹੀਂ ਮਿਲੇ। ਫਿਰ ਵੀ ਤੁਸੀਂ ਲੋਕਾਂ ਦੀਆਂ ਭਾਵਨਾਵਾਂ ਤੋਂ ਪਾਸਾ ਵੱਟਿਆ।

**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਚੋਣ ਖਿਲਾੜੀਓ, ਕੋਈ ਧਿਰ ਤਾਂ ਪਹਿਲਕਦਮੀ ਕਰਦੀ। ਮਿੱਟੀ ਦਾ ਪੁੱਤਰ ਵਰਦੇ ਕੱਕਰ ਵਿਚ ਮਾਂ-ਧਰਤੀ ਦੀ ਜੰਗ ਵਿੱਢੀ ਬੈਠਾ ਹੈ। ਦਿੱਲੀ ਦੀ ਹਕੂਮਤ ਨੇ ਜ਼ਬਰ ਜੁਲਮ ਦਾ ਕੁਹਾੜਾ ਪੂਰਾ ਪ੍ਰਚੰਡ ਕੀਤਾ ਹੋਇਆ ਹੈ। ਉਨ੍ਹਾਂ ਦੇ ਮੋਰਚਿਆਂ ਨੂੰ ਅਣਐਲਾਨੀ ਜੇਲ੍ਹ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਨੈਸ਼ਨਲ ਹਾਈਵੇ ਦੀਆਂ ਨਵੀਆਂ ਨਕੋਰ ਸੜਕਾਂ 'ਤੇ ਕਿੱਲਾਂ ਗੱਡਣ, ਪ੍ਰਤੀਬੰਧਤ ਘੁਮਾਓਦਾਰ ਕੰਡਿਆਲੀ ਤਾਰ, ਜਿਸ ਦੀ ਖੇਤਾਂ ਦੁਆਲੇ ਵਲਣ 'ਤੇ ਵੀ ਪਾਬੰਦੀ ਹੈ, ਸੀਮਿੰਟ ਦੇ ਦੋ ਦੋ ਬੈਰੀਕੇਡਾਂ ਨੂੰ ਜੋੜ ਕੇ ਕੰਕਰੀਟ ਨਾਲ ਭਰਨ, ਇੰਟਰਨੈਟ, ਬਿਜਲੀ, ਪਾਣੀ, ਰਾਸ਼ਨ ਦੀ ਸਪਲਾਈ ਕੱਟਣ ਤੇ ਪਿਛੋਂ ਪਿੰਡਾਂ ਤੋਂ ਆ ਰਹੇ ਕਿਸਾਨਾਂ ਨੂੰ ਰੋਕਣ ਆਦਿ ਵਰਗੇ ਲੋਕ-ਮਾਰੂ ਹੱਥਕੰਡੇ ਵਰਤੇ ਜਾ ਰਹੇ ਹਨ। ਮੋਰਚੇ ਨੂੰ ਬਦਨਾਮ ਕਰਨ ਲਈ ਹਰ ਰੋਜ ਪਾਲਤੂ ਹਕੂਮਤੀ ਦਹਿਸ਼ਤਗਰਦਾਂ ਵਲੋਂ ਮੋਰਚਿਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਪੁਲਸੀ ਧਾੜਾਂ ਤੇ ਰੈਪਿਡ ਫੋਰਸਾਂ ਦੀ ਹਾਜਰੀ ਵਿਚ ਨਿਹੱਥੇ ਧਰਨਾਕਾਰੀਆਂ 'ਤੇ ਇੱਟਾਂ ਰੋੜੇ ਤੇ ਗੰਦੀਆਂ ਗਾਲ੍ਹਾਂ ਬਰਸਾਏ ਜਾ ਰਹੇ ਹਨ। ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਧਰਤੀ ਪੁੱਤਰ ਨੂੰ 'ਗੱਦਾਰ' ਦੇਸ਼ ਧ੍ਰੋਹੀ ਦੇ ਲਕਬਾਂ ਨਾਲ ਜ਼ਲੀਲ ਕੀਤਾ ਜਾ ਰਿਹਾ ਹੈ। ਉਥੇ ਤੁਹਾਡੇ ਘਰਾਂ ਦੀ ਇੱਜਤ ਮਾਂਵਾਂ, ਭੈਣਾਂ, ਧੀਆਂ, ਬੱਚੇ, ਬਜੁਰਗ ਜਿਊਣ-ਮਰਨ ਦੀ ਲੜਾਈ ਵਿਚ ਸਿਰਾਂ 'ਤੇ ਕਫਨ ਬੰਨ੍ਹੀ ਬੈਠੇ ਹਨ।

ਕਿਸਾਨ ਜਥੇਬੰਦੀਆਂ ਨੇ ਤੁਹਾਨੂੰ ਆਪਣੀ ਸਟੇਜ 'ਤੇ ਆਉਣ ਤੋਂ ਵਰਜਿਆ ਸੀ, ਤੁਹਾਡੇ ਵਲੋਂ ਆਪਣੇ ਪੱਧਰ 'ਤੇ ਕੀਤੇ ਜਾਣ ਵਾਲੇ ਕਿਸੇ ਰੋਸ ਪ੍ਰਦਰਸ਼ਨ ਤੋਂ ਤਾਂ ਨਹੀਂ ਰੋਕਿਆ ਸੀ। ਤੁਸੀਂ ਤਾਂ ਉਸ ਨੂੰ ਬਧਿਆਤ ਮੂਹਰੇ ਸੁੱਟ ਕੇ ਪਿਛੇ ਹਟ ਗਏ। ਇਹ ਲੜਾਈ ਇਕੱਲੀ ਉਹਦੀ ਨਹੀਂ, ਉਹ ਤਾਂ ਪੰਜਾਬ ਸਮੇਤ ਪੂਰੇ ਦੇਸ਼ ਦੇ ਗੌਰਵ ਅਸਮਤ ਦਾ ਆਢਾ ਲਈ ਬੈਠਾ ਹੈ। ਜਿਹੜੇ ਲੋਕਤੰਤਤਰ ਦੀ ਲੜਾਈ ਵਿਚ ਤੁਸੀਂ ਗੋਲੀਆਂ ਚਲਾ ਰਹੇ ਹੋ, ਆਪਣਿਆਂ ਦਾ ਖੂਨ ਵਹਾ ਰਹੇ ਹੋ, ਉਹ ਤਾਂ ਕਦੋਂ ਦਾ ਤਹਿਸ-ਨਹਿਸ ਹੋ ਚੁਕਾ ਹੈ। ਤੁਹਾਡੀਆਂ ਇਨ੍ਹਾਂ ਖੁਦਗਰਜੀਆਂ ਤੇ ਚੌਧਰ ਦੀ ਲਾਲਸਾ ਨੇ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਲਿਆ ਖੜ੍ਹਾਇਆ ਹੈ।

ਕਰੀਬ ਦੋ ਸੌ ਕਿਸਾਨ ਵੀਰ ਇਸ ਸੰਘਰਸ਼ ਦੀ ਭੇਟ ਚੜ੍ਹ ਚੁਕੇ ਹਨ। ਸੈਂਕੜੇ ਨੌਜੁਆਨਾਂ 'ਤੇ ਅਣਮਨੁੱਖੀ ਤਸ਼ੱਦਦ ਉਸ ਗੁਨਾਹ ਲਈ ਢਾਹਿਆ ਜਾ ਰਿਹਾ ਹੈ, ਜੋ ਉਨ੍ਹਾਂ ਨੇ ਕੀਤਾ ਹੀ ਨਹੀਂ। ਦਰਜਨਾਂ ਨੌਜਵਾਨ ਤੇ ਟਰੈਕਟਰ ਲਾਪਤਾ ਹਨ। ਦਿੱਲੀ ਪੁਲਿਸ ਵਲੋਂ ਉਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਦੱਸਿਆ ਜਾ ਰਿਹਾ। ਕਿਸਾਨ ਆਗੂਆਂ 'ਤੇ ਇਰਾਦਾ ਕਤਲ ਸਮੇਤ ਦਰਜਨਾਂ ਸੰਗੀਨ ਧਾਰਾਵਾਂ ਥੱਲੇ ਮੁਕੱਦਮੇ ਦਰਜ ਕਰ ਦਿੱਤੇ ਹਨ। ਸਾਡੇ ਅੰਮ੍ਰਿਤਧਾਰੀ ਬੱਚਿਆਂ ਤੇ ਉਨ੍ਹਾਂ ਦੇ ਕੱਕਾਰਾਂ ਨੂੰ ਬੂਟਾਂ ਥੱਲੇ ਦਰੜਿਆ ਗਿਆ। ਮਿੱਟੀ ਦੇ ਜਾਏ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਨ ਵਾਲੇ ਪੱਤਰਕਾਰਾਂ ਨੂੰ ਸਿੰਘੂ ਮੋਰਚੇ ਦੀ ਕਵਰੇਜ ਕਰਦੇ ਸਮੇਂ ਜਾਨਵਰਾਂ ਵਾਂਗ ਘੜੀਸ ਕੇ ਛੱਲੀਆਂ ਵਾਂਗ ਕੁੱਟਦੇ ਚੁੱਕ ਕੇ ਲੈ ਗਏ। ਮੀਡੀਆ ਭਾਈਚਾਰੇ ਵਲੋਂ ਇਸ ਦਰਿੰਦਗੀ ਖਿਲਾਫ ਆਵਾਜ਼ ਬੁਲੰਦ ਕਰਨ 'ਤੇ ਹੀ ਉਨ੍ਹਾਂ ਦੀ ਤਿਹਾੜ ਜੇਲ੍ਹ ਤੋਂ ਬੰਦ ਖਲਾਸੀ ਹੋ ਸਕੀ। ਸੋਸ਼ਲ ਮੀਡੀਏ 'ਤੇ ਸਾਡੇ ਖੇਤਾਂ ਦੇ ਪੁੱਤਰਾਂ ਦੀਆਂ ਲਹੂ ਨਾਲ ਭਿੱਜੀਆਂ ਤੇ ਨੰਗੇ ਪਿੰਡੇ 'ਤੇ ਪਈਆਂ ਖੂਨ ਸੰਜੋਈਆਂ ਲਾਸਾਂ ਦੇਖ ਕੇ ਪੱਥਰ ਦਿਲ ਵੀ ਕੁਰਲਾ ਉਠੇ, ਪਰ ਤੁਹਾਡਾ ਕਿਤੇ ਮਨ ਨਹੀਂ ਪਸੀਜਿਆ!

ਦੇਸ਼ ਵਿਦੇਸ਼ ਬੈਠੇ ਸਾਡੇ ਭਰਾ ਮੋਰਚੇ ਦੀ ਹੋਣੀ ਤੋਂ ਚਿੰਤਾਤੁਰ ਹਨ। ਉਨ੍ਹਾਂ ਹਰ ਪੱਧਰ 'ਤੇ ਆਪਣਾ ਆਪ ਦਾਅ 'ਤੇ ਲਾਇਆ ਹੋਇਆ ਹੈ। ਅੰਤਰਰਾਸ਼ਟਰੀ ਪੱਧਰ 'ਤੇ ਕਿਸਾਨ ਮੋਰਚੇ ਨੂੰ ਭਾਰੀ ਮਾਨਤਾ ਮਿਲ ਰਹੀ ਹੈ। ਸੰਸਾਰ ਦੀਆਂ ਮਾਨਵੀ ਧਿਰਾਂ ਵਲੋਂ ਮੋਰਚੇ ਦੇ ਸ਼ਾਂਤਮਈ ਸੁਭਾਅ ਦਾ ਵਿਸ਼ਲੇਸ਼ਣ ਕਰਕੇ ਪੂਰਨ ਹਮਾਇਤ ਦਿੱਤੀ ਜਾ ਰਹੀ ਹੈ। ਵਾਤਾਵਰਣ ਪ੍ਰੇਮੀ ਗਰੇਟਾ ਥਨਬਰਗ ਤੇ ਅਮਰੀਕਨ ਵਾਈਸ ਪ੍ਰੈਜੀਡੈਂਟ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ ਨੇ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ। ਕੌਮਾਂਤਰੀ ਪ੍ਰਸਿੱਧੀ ਦੀ ਪੌਪ ਗਾਇਕਾ ਰੇਹਾਨਾ, ਜਿਸ ਦੀ ਹਾਲੀਵੁੱਡ ਵਿਚ ਤੂਤੀ ਬੋਲਦੀ ਹੈ, ਨੇ ਵੀ ਅੰਦੋਲਨ ਦੀ ਹਮਾਇਤ ਕੀਤੀ। ਸਾਡੇ ਬੌਣੀ ਸੋਚ ਦੇ ਨੇਤਾਵਾਂ ਨੇ ਜਾਂ ਜਿਹੋ ਜਿਹੀ ਉਨ੍ਹਾਂ ਦੀ ਪ੍ਰੈਕਟਿਸ ਹੈ, ਦੋਸ਼ ਲਾਇਆ ਕਿ ਉਸ ਨੇ ਪੈਸੇ ਲੈ ਕੇ ਕਿਸਾਨਾਂ ਦੇ ਹੱਕ ਵਿਚ ਟਵੀਟ ਕੀਤਾ ਹੈ। ਇਸ ਨੇ 2012 ਵਿਚ ਕਲਾਰਾ ਲਿਓਨਲ ਸੰਸਥਾ ਦੀ ਸਥਾਪਨਾ ਕੀਤੀ। ਇਹ ਸੰਗਠਨ ਸਮੁੱਚੀ ਦੁਨੀਆਂ ਵਿਚ ਸਿਹਤ ਸਿਖਿਆ 'ਤੇ ਕੰਮ ਕਰ ਰਿਹਾ ਹੈ। ਮਾਰਚ 2020 ਵਿਚ ਸੰਸਥਾ ਨੇ ਕੋਵਿਡ-19 ਨਾਲ ਨਜਿੱਠਣ ਲਈ ਪੰਜਾਹ ਲੱਖ ਡਾਲਰ (36 ਹਜ਼ਾਰ ਕਰੋੜ ਰੁਪਏ) ਦੇ ਕਰੀਬ ਮਦਦ ਕੀਤੀ। ਅਪਰੈਲ 2020 ਵਿਚ ਟਵਿੱਟਰ ਦੇ ਸੀ. ਈ. ਓ. ਜੈਕ ਡੋਰਸੀ ਨਾਲ ਮਿਲ ਕੇ 42 ਲੱਖ ਡਾਲਰ ਘਰੇਲੂ ਹਿੰਸਾ ਦਾ ਸ਼ਿਕਾਰ ਲੋਕਾਂ ਨੂੰ ਦਿੱਤੇ, ਜਿਸ ਵਿਚ 21 ਲੱਖ ਡਾਲਰ ਇਕੱਲੀ ਰੇਹਾਨਾ ਦੇ ਸੀ। 10 ਹਜ਼ਾਰ ਡਾਲਰ ਦੀ ਇੱਕ ਹੋਰ ਖੇਪ ਵੀ ਕਰੋਨਾ ਰਾਹਤ ਵਜੋਂ ਦਿੱਤੀ। ਕੌਮਾਂਤਰੀ ਪ੍ਰਸਿੱਧੀ ਵਾਲੀਆਂ ਇਨ੍ਹਾਂ ਔਰਤਾਂ ਦਾ ਅਮਰੀਕਾ, ਸਾਰਾ ਯੂਰਪ, ਆਸਟਰੇਲੀਆ ਤੇ ਪੱਛਮੀ ਦੇਸ਼ਾਂ ਵਿਚ ਬਹੁਤ ਸਤਿਕਾਰ ਹੈ।

ਅਮਰੀਕਾ ਦੇ ਤਿੰਨ ਸ਼ਹਿਰਾਂ ਦੇ ਮੇਅਰਾਂ-ਜੈਰੀ ਡਾਇਰ ਫਰਿਜਨੋ, ਬੌਬੀ ਸਿੰਘ ਐਲਕ ਗਰੂਵ ਤੇ ਸੁਖਮਿੰਦਰ ਸਿੰਘ ਧਾਲੀਵਾਲ ਲੈਥਰੋਪ ਨੇ ਕਿਸਾਨ ਸੰਘਰਸ਼ ਦੀ ਹਮਾਇਤ ਕੀਤੀ ਹੈ। ਅਮਰੀਕੀ ਖਿਡਾਰੀ ਜੂਜੂ ਸਮਿਥ ਨੇ ਵੀ 10 ਹਜ਼ਾਰ ਡਾਲਰ ਕਿਸਾਨ ਸੰਘਰਸ਼ੀਆਂ ਦੀ ਸਿਹਤ ਸੇਵਾਵਾਂ ਲਈ ਦਿੱਤੇ ਹਨ। ਇਨ੍ਹਾਂ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਬਰਤਾਨੀਆ ਦੀ ਸੰਸਦ ਵਿਚ ਇੱਕ ਲੱਖ ਦਸਤਖਤਾਂ ਵਾਲੀ ਈ-ਪਟੀਸ਼ਨ ਦਾਇਰ ਕੀਤੀ ਹੈ। ਗੁਰੂ ਹਰ ਸਹਾਏ ਦੇ ਨੇੜਲੇ ਪਿੰਡ ਗੁਰੂ ਕਾ ਮੋੜ ਵਾਸੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਪ੍ਰਧਾਨ ਮੰਤਰੀ ਮੋਦੀ ਦੀ ਮਾਤਾ ਨੂੰ ਚਿੱਠੀ ਲਿਖੀ ਹੈ। ਇਸ ਤੋਂ ਪਹਿਲਾਂ ਲੰਡਨ ਦੀ ਇੱਕ ਸੰਸਥਾ ਵਲੋਂ ਵੀ ਚਿੱਠੀ ਭੇਜੀ ਗਈ ਸੀ।

ਪਰ ਦੂਜੇ ਪਾਸੇ ਅਸੀਂ ਕਿੰਨੇ ਅਕ੍ਰਿਤਘਣ ਹੋ ਗਏ ਹਾਂ। ਜਦੋਂ ਤੋਂ ਦੇਸ਼ ਅਜ਼ਾਦ ਹੋਇਆ ਹੈ, ਤੁਸੀਂ ਸੱਤਾ ਦਾ ਅਨੰਦ ਮਾਣਦੇ ਆ ਰਹੇ ਹੋ। ਉਹ ਤੁਹਾਡੇ ਰਾਜ ਭਾਗ ਦੇ ਕਦੀ ਆੜੇ ਨਹੀਂ ਆਇਆ। ਮਿੱਟੀ ਦੇ ਜਾਏ ਦਾ ਲਗਾਓ ਆਪਣੀ ਧਰਤੀ ਆਪਣੀ ਮਿੱਟੀ ਨਾਲ ਹੈ। ਉਹ ਤਾਂ ਤੁਹਾਨੂੰ ਸੱਤਾ 'ਤੇ ਬਿਠਾਉਣ ਲਈ ਆਪਣੇ ਭਰਾ ਤੇ ਭਰਾ ਜਿਹੇ ਗੁਆਂਢੀ ਨਾਲ ਵੀ ਵੈਰ ਵਿਹਾਜ ਲੈਂਦਾ ਹੈ। ਇੰਨਾ ਸਾਦਾ ਹੈ ਕਿ ਤੁਹਾਡੀਆਂ ਲੀਡਰੀਆਂ ਵਜ਼ੀਰੀਆਂ ਪਿਛੇ ਅਜਿਹੇ ਵਚਨ ਪਾਲ ਲੈਂਦਾ ਹੈ ਕਿ ਚਾਹੇ ਉਸ ਨੂੰ ਕਿੰਨੀ ਵੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇ, ਪਰ ਆਪਣੇ ਵਚਨ ਤੋਂ ਪਿਛੇ ਨਹੀਂ ਹਟਦਾ। ਬਜੁਰਗਾਂ ਤੋਂ ਸੁਣੀ ਕਹਾਣੀ ਮੁਤਾਬਕ ਮਾਲਵਾ ਖਿੱਤੇ ਦੇ ਇੱਕ ਖੇਤਾਂ ਦੇ ਪੁੱਤਰ ਨੇ ਆਪਣੇ ਆਗੂ ਦੀ ਸਰਕਾਰ ਨਾ ਬਣਨ 'ਤੇ ਸਹੁੰ ਖਾਧੀ ਕਿ ਜਦੋਂ ਤਕ ਉਸ ਦੀ ਸਰਕਾਰ ਨਹੀਂ ਬਣਦੀ, ਉਹ ਪੈਰੀਂ ਜੁੱਤੀ ਨਹੀਂ ਪਾਏਗਾ। ਪੰਜ ਸਾਲ ਤਕ ਉਹਨੇ ਖੇਤਾਂ ਦੇ ਕਰਚਿਆਂ ਵੱਟਾਂ ਨੂੰ ਨੰਗੇ ਪੈਰੀਂ ਦਰੜਿਆ। ਆਪਣੇ ਪੁੱਤ ਦੀ ਬਰਾਤ ਵੀ ਨੰਗੇ ਪੈਰੀਂ ਚੜ੍ਹਿਆ। ਪੰਜ ਸਾਲ ਬਾਅਦ ਉਸ ਦੇ ਚਹੇਤੇ ਆਗੂ ਦੀ ਸਰਕਾਰ ਬਣ ਗਈ, ਪਰ ਉਸ ਦੀ ਕਿਸੇ ਨੇ ਵਾਤ ਤਕ ਨਾ ਪੁੱਛੀ। ਮਾਨ ਸਨਮਾਨ ਤਾਂ ਕੀ ਦੇਣਾ ਸੀ! ਮੀਡੀਏ ਵਿਚ ਚਰਚਾ ਆ ਜਾਣ 'ਤੇ ਹੀ ਉਸ ਦੀ ਚਹੇਤੀ ਸਰਕਾਰ ਦੀ ਜਾਗ ਖੁੱਲ੍ਹੀ ਤਾਂ ਤੀਜੇ-ਚੌਥੇ ਨੰਬਰ ਦੇ ਆਗੂ ਰਾਹੀਂ ਉਸ ਨੂੰ ਜੁੱਤੀ ਦਾ ਜੋੜਾ ਭੇਜ ਕੇ ਉਸ ਦੇ ਪੰਜਾਂ ਸਾਲਾਂ ਦੀ ਤਪੱਸਿਆ ਦਾ ਉਲਾਂਭਾ ਲਾਹਿਆ।

ਤੁਹਾਡੀ ਹਕੂਮਤੀ ਭੁੱਖ, ਖੁਦਗਰਜੀ ਤੇ ਚੌਧਰ ਦੀ ਲਾਲਸਾ ਨੇ ਸਾਡੇ ਰੰਗਲੇ ਪੰਜਾਬ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾਇਆ ਹੈ। ਉਹ ਤੁਹਾਨੂੰ ਦਿੱਲੀ ਪਹੁੰਚਣ ਦੀਆਂ ਵਾਰ ਵਾਰ ਅਪੀਲਾਂ ਕਰ ਰਹੇ ਹਨ, ਪਰ ਤੁਸੀਂ ਲੋਕਾਂ ਨੂੰ ਚੋਣਾਂ ਦੇ ਚੱਕਰ ਵਿਚ ਪਾ ਕੇ ਧਰਤੀ ਦੇ ਜਾਏ ਦੀ ਪੁਕਾਰ ਨੂੰ ਬੇਅਸਰ ਕਰਨ ਲਈ ਪ੍ਰਮੁਖ ਰੋਲ ਨਿਭਾ ਰਹੇ ਹੋ। ਇਨ੍ਹਾਂ ਚੋਣਾਂ ਨੇ ਕਦੇ ਕੁਝ ਸੰਵਾਰਿਆ ਹੈ? ਸਿਵਾਏ ਭਾਈ ਨੂੰ ਭਾਈ ਨਾਲ ਲੜਾਉਣ ਦੇ ਅਤੇ ਲੱਖਾਂ ਰੁਪਿਆ ਬਰਬਾਦ ਕਰਨ ਦੇ!

26 ਜਨਵਰੀ ਤੋਂ ਕੇਂਦਰੀ ਹਕੂਮਤ ਦਾ ਬੇਰਹਿਮ ਕੁਹਾੜਾ ਜਿਵੇਂ ਕਿਸਾਨਾਂ 'ਤੇ ਚਲਿਆ, ਉਸ ਦੇ ਰੋਸ ਵਜੋਂ ਹੀ ਤੁਸੀਂ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਤੋਂ ਨਾਂਹ ਕਰ ਦਿੰਦੇ। ਵਿਸ਼ਵ ਪੱਧਰ 'ਤੇ ਕਿੱਡਾ ਵੱਡਾ ਸੰਦੇਸ਼ ਜਾਣਾ ਸੀ, ਤੁਹਾਡੇ ਇਸ ਫੈਸਲੇ ਦਾ। ਦੇਸ਼-ਵਿਦੇਸ਼ ਦੀਆਂ ਵੱਡੀਆਂ ਹਸਤੀਆਂ ਲੋਕ ਸੰਘਰਸ਼ ਦੀ ਹਮਾਇਤ ਕਰ ਰਹੀਆ ਹਨ ਤੇ ਤੁਸੀਂ ਚੋਣਾਂ ਵਿਚ ਗੋਲੀਆਂ ਵਰ੍ਹਾ ਰਹੇ ਹੋ। ਆਪ ਤਾਂ ਤੁਸੀਂ ਕੀ ਕਰਨਾ ਸੀ, ਸਗੋਂ ਸੂਬੇ ਦੀ ਕਿਸਾਨੀ ਹਮਦਰਦ ਜਨਤਾ ਨੂੰ ਵੀ ਸੰਘਰਸ਼ ਤੋਂ ਹੋੜ ਕੇ ਆਪਣੀ ਚਾਟ 'ਤੇ ਲਾ ਲਿਆ। ਬਾਵਜੂਦ ਇਸ ਦੇ ਕਿ ਤੁਹਾਨੂੰ ਪੂਰੇ ਉਮੀਦਵਾਰ ਵੀ ਨਹੀਂ ਮਿਲ ਰਹੇ।

ਤੁਹਾਡਾ ਕਿਤੇ ਵੀ ਅੰਦਰਲਾ ਵਲੂੰਧਰਿਆ ਨਹੀਂ ਗਿਆ। ਤੁਹਾਡੇ ਨਾਲੋਂ ਤਾਂ ਯੂ. ਪੀ. ਹਰਿਆਣੇ ਦੇ ਕਿਸਾਨ ਹੀ ਵਧੀਆ ਰਹੇ, ਜੋ ਆਪਣੇ ਨੇਤਾ ਦੇ ਇੱਕ ਹੰਝੂ 'ਤੇ ਰਾਤੋ ਰਾਤ ਪਾਣੀ ਤੇ ਖਾਣਾ ਲੈ ਕੇ ਪਹੁੰਚ ਗਏ ਅਤੇ 'ਬਿਲ ਵਾਪਸੀ ਤਾਂ ਘਰ ਵਾਪਸੀ' 'ਤੇ ਪਹਿਰਾ ਦਿੰਦਿਆਂ ਆਪਣੇ ਆਗੂ ਦੀ ਪਿੱਠ 'ਤੇ ਕੰਧ ਬਣ ਖੜ੍ਹ ਗਏ। ਇਥੋਂ ਤਕ ਕਿ ਮੋਰਚੇ ਦੇ ਬਚੇ ਖੁਚੇ ਕਿਸਾਨ ਵੀ ਸਟੇਜ ਦੇ ਸਾਹਮਣੇ ਨੀਲੇ ਅੰਬਰ ਥੱਲੇ ਆਪਣੇ ਨੇਤਾ ਨਾਲ ਜੀਣ ਮਰਨ ਦਾ ਅਹਿਦਨਾਮਾ ਕਰ ਬਾਕੀ ਭਰਾਵਾਂ ਦੇ ਪਹੁੰਚਣ ਤਕ ਡਟੇ ਰਹੇ। ਇਹ ਹੁੰਦੀ ਹੈ ਮਿਥੇ ਕਾਜ ਲਈ ਪ੍ਰਤੀਬੱਧਤਾ ਅਤੇ ਆਪਣੇ ਆਗੂ 'ਤੇ ਦ੍ਰਿੜ ਵਿਸ਼ਵਾਸ ਤੇ ਅੰਦੋਲਨ ਪ੍ਰਤੀ ਵਫਾਦਾਰੀ। ਕਿਸਾਨ ਸੰਯੁਕਤ ਮੋਰਚੇ ਦੇ ਪਿਛੇ ਪਿਛੇ ਰਹਿੰਦਾ ਟਿਕੈਤ ਰਾਤੋ ਰਾਤ ਸਟਾਰ ਬਣ ਗਿਆ ਸੀ। ਨਾ ਸਿਰਫ ਹਰਿਆਣਾ, ਯੂ. ਪੀ. ਸਗੋਂ ਉਤਰਾਖੰਡ, ਰਾਜਸਥਾਨ ਮੱਧ ਪ੍ਰਦੇਸ਼ ਸਮੇਤ ਦਰਜਨਾਂ ਸਟੇਟਾਂ ਦੇ ਕਿਸਾਨ ਉਸ ਦੀ ਇੱਕ ਪੁਕਾਰ ਉਤੇ ਵਹੀਰਾਂ ਘੱਤ ਕੇ ਚਲ ਪਏ ਸਨ। ਗਾਜੀਪੁਰ ਮੋਰਚਾ ਤਾਂ ਤਕੜਾ ਹੋਇਆ ਹੀ, ਉਥੋਂ ਦੇ ਸੰਘਰਸ਼ੀ ਯੋਧਿਆਂ ਦੇ ਜੋਸ਼ ਨੇ ਬਾਕੀ ਮੋਰਚਿਆਂ ਵਿਚ ਵੀ ਜਾਨ ਫੂਕ ਦਿੱਤੀ।

ਕਿਸਾਨਾਂ ਤੇ ਯੂ. ਪੀ., ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ, ਉਤਰਾਖੰਡ ਦੀਆਂ 21 ਖਾਪ ਪੰਚਾਇਤਾਂ ਵੀ ਕਿਸਾਨ ਮੋਰਚੇ ਦੀ ਪਿੱਠ 'ਤੇ ਖੜ੍ਹੇ ਗਈਆਂ ਹਨ। ਉਨ੍ਹਾਂ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਪੰਜ ਮਤੇ ਪਾ ਕੇ ਮੋਰਚੇ ਨਾਲ ਇੱਕਜੁੱਟਤਾ ਦਾ ਸਬੂਤ ਦਿੱਤਾ ਹੈ। ਤਿੰਨੋ ਕਾਲੇ ਖੇਤੀ ਕਾਨੂੰਨ ਵਾਪਸ ਲੈਣ, ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਦਰਜਾ ਦੇਣ, ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੇ ਸਮੁੱਚਾ ਕਿਸਾਨੀ ਕਰਜਾ ਮੁਆਫ ਕਰਨ ਦੇ ਮਤਿਆਂ ਨੂੰ ਜੈ ਕਾਰਿਆਂ ਦੀ ਗੂੰਜ ਵਿਚ ਪਾਸ ਕਰਕੇ ਮੋਰਚੇ ਵਿਚ ਰੂਹ ਫੂਕ ਦਿੱਤੀ, ਪਰ ਤੁਸੀਂ ਮੇਰੇ ਉਜੜਦੇ ਪੰਜਾਬ ਦੇ 'ਅਖੌਤੀ ਭਲਵਾਨੋ' ਆਪਣੇ ਲੱਖਾਂ ਭੈਣ-ਭਰਾਵਾਂ ਦੀ ਚੀਖ ਪੁਕਾਰ ਸੁਣਨ ਦੀ ਥਾਂ ਅਖੌਤੀ ਚੌਧਰ ਨੂੰ ਤਰਜੀਹ ਦਿੱਤੀ। ਕਦੇ ਸੋਚਿਆ ਹੈ ਕਿ ਜੇ ਤੁਹਾਡੀਆਂ ਜ਼ਮੀਨਾਂ ਨਾ ਰਹੀਆਂ, ਪੰਜਾਬ ਨਾ ਰਿਹਾ ਤਾਂ ਬਚਣਾ ਧਰਤੀ ਪੁੱਤਰ ਨੇ ਵੀ ਨਹੀਂ, ਫਿਰ ਇਹ ਚੌਧਰਾਂ ਕਿਥੇ ਕਰੋਗੇ? ਤੁਹਾਡੇ ਹੀ ਇਹ ਵੋਟਰ ਭਰਾ ਕਰੋ ਜਾਂ ਮਰੋ ਦੀ ਲੜਾਈ ਵਿੱਢੀ ਫਾਸ਼ੀ ਹਕੂਮਤ ਨਾਲ ਮੱਥਾ ਲਾਈ ਬੈਠੇ ਹਨ। ਤੁਹਾਨੂੰ ਇਹ ਚੌਧਰਾਂ ਸੁਝ ਰਹੀਆ ਹਨ! ਲਾਹਨਤ ਹੈ, ਤੁਹਾਡੇ ਪੰਜਾਬੀ ਹੋਣ 'ਤੇ! ਡੀਂਗਾਂ ਮਾਰਨ ਲੱਗੇ ਅਸੀਂ ਟਿੱਬੇ ਢਾਹ ਦਿੰਦੇ ਹਾਂ। ਸਮੇਂ ਸਿਰ ਫੈਸਲਾ ਨਾ ਲੈਣ ਕਾਰਨ ਅਸੀਂ ਪਹਿਲਾਂ ਹੀ ਬਹੁਤ ਨੁਕਸਾਨ ਝੱਲ ਚੁਕੇ ਹਾਂ। ਸੱਤਾ ਚੌਧਰ ਦਾ ਅਨੰਦ ਮਾਣਨ ਵਾਲਿਓ, ਯਾਦ ਰੱਖਿਓ! ਜੇ ਅੱਜ ਖੁੰਝ ਗਏ ਤਾਂ ਵੇਲਾ ਹੱਥ ਨਹੀਂ ਆਉਣਾ।

ਨਿਸ਼ਾਨ ਸਾਹਿਬ ਤੇ ਤਿਰੰਗੇ ਝੰਡੇ ਦਾ ਸਤਿਕਾਰ ਸਾਡੀ ਤਾਕਤ ਹੈ: ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਿੰਘ ਜੀ ਦਾ ਵਰੋਸਾਇਆ ਨਿਸ਼ਾਨ ਸਾਹਿਬ ਸਿੱਖੀ, ਪੰਜਾਬ ਦਾ ਗੌਰਵ ਇੱਕ ਕੱਪੜੇ ਦਾ ਟੁਕੜਾ ਨਹੀਂ ਹੈ। ਕਿੰਨੀ ਇੱਜਤ ਤੇ ਪਵਿੱਤਰਤਾ ਨਾਲ ਅਸੀਂ ਇਸ ਨੂੰ ਗੁਰੂ ਘਰਾਂ ਉਤੇ ਸੁਸ਼ੋਭਿਤ ਕਰਦੇ ਹਾਂ। ਸ਼ਾਨਾਂ ਨਾਲ ਦੇਸ਼ ਦੀਆਂ ਸਰਹੱਦਾਂ 'ਤੇ ਝੂਲਦਾ ਹੈ। ਦੁਸ਼ਮਣ ਨਾਲ ਜੰਗ ਸਮੇਂ ਸਾਡੀਆਂ ਫੌਜਾਂ ਦੀ ਅਗਵਾਈ ਕਰਦਾ ਹੈ। ਸਿੱਖ ਇਤਿਹਾਸ ਵਿਚ ਨਿਸ਼ਾਨ ਸਾਹਿਬ ਨੂੰ 'ਪਾਵਰ ਆਫ ਗੌਡ' ਦਾ ਦਰਜਾ ਪ੍ਰਾਪਤ ਹੈ। ਲਾਲ ਕਿਲਾ, ਜੋ ਸਾਡੇ ਦੇਸ਼ ਦੀ ਕੌਮੀ ਧਰੋਹਰ ਹੈ, ਨੂੰ ਸਾਡੇ ਦੇਸ਼ ਦੇ ਅਖੌਤੀ ਠੇਕੇਦਾਰਾਂ ਨੇ ਡਾਲਮੀਆ ਨੂੰ ਲੀਜ਼ 'ਤੇ ਦਿੱਤਾ ਹੋਇਆ ਹੈ। ਹੁਣ ਜਿਹੜੀਆਂ ਸਰਕਾਰਾਂ ਸਾਡੀਆਂ ਕੌਮੀ ਧਰੋਹਰਾਂ ਨੂੰ ਸੰਭਾਲਣ ਦੇ ਹੀ ਕਾਬਲ ਨਹੀਂ, ਉਹ ਸਾਨੂੰ ਇਨ੍ਹਾਂ ਦੇ ਸਨਮਾਨ ਦਾ ਸਬਕ ਦੇ ਰਹੀਆਂ ਹਨ। ਫਿਰ ਜਦੋਂ ਅਸੀਂ ਹੀ ਟੰਗ ਕੇ ਭੱਜ ਆਏ ਤਾਂ ਉਨ੍ਹਾਂ ਇਸ ਨੂੰ ਰੱਦੀ ਵਿਚ ਹੀ ਸੁੱਟਣਾ ਸੀ। ਸੋਚਿਓ ਕਿ ਨਿਸ਼ਾਨ ਸਾਹਿਬ ਨੂੰ ਇਸ ਤਰ੍ਹਾਂ ਚੜ੍ਹਾਉਣ ਨਾਲ ਅਸੀਂ ਕੀ ਖੱਟਿਆ? ਕੋਈ ਸਤਿਕਾਰ ਵਧਾ ਸਕੇ? ਉਲਟਾ ਸੈਂਕੜੇ ਨੌਜਵਾਨ ਜੇਲ੍ਹਾਂ ਵਿਚ ਤਾੜੇ ਗਏ, ਆਗੂਆਂ 'ਤੇ ਝੂਠੇ ਪਰਚੇ, ਸਿਖਰ 'ਤੇ ਪਹੁੰਚੇ ਮੋਰਚੇ ਦਾ ਨੁਕਸਾਨ ਕੀਤਾ, ਦੇਸ਼-ਵਿਦੇਸ਼ ਵਿਚ ਮੋਰਚੇ ਤੇ ਕੌਮ ਨੂੰ ਨਮੋਸ਼ੀ ਦੇਣ ਤੋਂ ਇਲਾਵਾ ਸਾਡੇ ਪੱਲੇ ਕੀ ਪਿਆ? ਜਿਸ ਤਿਰੰਗੇ ਦੀ ਸ਼ਾਨ ਲਈ ਸਾਡੇ ਵੱਡਿਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਉਸ ਝੰਡੇ ਦੇ ਅਪਮਾਨ ਦਾ ਫਰੇਬੀ ਕੁਫਰ ਕਲੰਕ ਸਾਡੇ ਮੱਥੇ 'ਤੇ ਮੜ੍ਹ ਦਿੱਤਾ। ਸੋ ਭਰਾਵੋ! ਨਿਸ਼ਾਨ ਸਾਹਿਬ ਨੂੰ ਤਿਰੰਗੇ ਦੇ ਵਿਰੋਧ ਵਿਚ ਨਾ ਖੜ੍ਹਾ ਕਰੋ। ਦੋਹਾਂ ਦਾ ਆਦਰ ਸਤਿਕਾਰ ਕਰਨਾ ਸਾਡੀ ਤਾਕਤ ਹੈ। ਜੇ ਨਿਸ਼ਾਨ ਸਾਹਿਬ ਸਿੱਖ ਸ਼ਕਤੀ ਤੇ ਅਜ਼ਮਤ ਦਾ ਪ੍ਰਤੀਕ ਹੈ ਤਾਂ ਤਿਰੰਗਾ ਵੀ ਸਾਡੇ ਦੇਸ਼ ਦੀ ਆਨ ਸ਼ਾਨ ਤੇ ਪ੍ਰਭੂਸੱਤਾ ਦਾ ਪ੍ਰਤੀਕ ਹੈ।

'ਇੱਕ ਸਰਕਾਰ ਬਾਝੋਂ...' ਦਾ ਮਿਹਣਾ ਪੰਜਾਬੀਆਂ ਦੀ ਹੋਣੀ ਨਾ ਬਣ ਜਾਵੇ: ਸੋ ਝੰਡਿਆ ਦੀ ਸਿਆਸਤ ਤੋਂ ਪਰੇ ਤਿੰਨ ਕਾਲੇ ਕਾਨੂੰਨਾਂ ਅਤੇ ਕਿਰਤ ਦਾ ਸ਼ੋਸ਼ਣ ਕਰਨ ਵਾਲੇ ਮੁੱਦਿਆਂ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਆਗੂਆਂ ਦੀ ਅਗਵਾਈ ਵਿਚ ਲੜਾਈ ਲੜੀਏ। ਜੇ ਸਚਮੁੱਚ ਹੀ ਸੰਘਰਸ਼ ਹਿਤੈਸ਼ੀ ਹੋ ਤਾਂ ਗਲਤ-ਠੀਕ ਦਾ ਕੋਈ ਵੀ ਵਿਸ਼ਲੇਸ਼ਣ ਅੰਦਰੂਨੀ ਤੌਰ 'ਤੇ ਅਪਣੱਤ ਨਾਲ ਲੀਡਰਾਂ ਤਕ ਪਹੁੰਚਾਓ, ਨਹੀਂ ਫਿਰ ਜੇਬ ਵਿਚ ਰੱਖੋ। ਸੋਸ਼ਲ ਮੀਡੀਆ 'ਤੇ ਵੀਡੀਓਜ਼ ਪਾ ਕੇ ਵਿਰੋਧੀ ਨੂੰ ਸੰਘਰਸ਼ ਨੂੰ ਢਾਅ ਲਾਉਣ ਦੀ ਪਿੱਠ ਭੂਮੀ ਨਾ ਮੁਹੱਈਆ ਕਰਵਾਓ। ਪੇਚਾ ਡਾਢੇ ਨਾਲ ਪਿਆ ਹੈ, ਫਿਰ ਵੀ ਆਪਣੀਆਂ 32 ਸਣੇ ਦੂਜੀਆਂ ਸਟੇਟਾਂ ਦੀਆਂ 44 ਜਥੇਬੰਦੀਆਂ ਵਲੋਂ ਇਕੱਠਾ ਹੋ ਕੇ ਇੰਨੇ ਵੱਡੇ ਘੋਲ ਨੂੰ ਅਗਵਾਈ ਦੇਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਹੁਣ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਦਾ ਸਮਾਂ ਨਹੀਂ। ਅਸੀਂ ਮਾਇਕ ਮਦਦ ਰਾਸ਼ਨ, ਟਰੈਕਟਰਾਂ ਦੀ ਘਸਾਈ, ਦਿੱਲੀ ਨੂੰ ਖੇਤ ਵਿਚ ਤਬਦੀਲ ਕਰਨ ਸਮੇਤ ਬਹੁਤ ਸਾਰੀ ਨਫਰੀ ਤੇ ਹਰ ਤਰ੍ਹਾਂ ਦੀ ਮਦਦ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ; ਪਰ ਜਦੋਂ ਲੱਤਾਂ ਖਿੱਚਣ 'ਤੇ ਆਉਂਦੇ ਹਾਂ, ਫਿਰ ਸਾਰਾ ਕੁਝ ਹੀ ਦਾਅ 'ਤੇ ਲਾ ਦਿੰਦੇ ਹਾਂ। ਭੁੱਲ ਜਾਂਦੇ ਹਾਂ ਸਾਡੀ ਇਸ ਛੋਟੀ ਜਿਹੀ ਗਲਤੀ ਦੇ ਕੀ ਸਿੱਟੇ ਨਿਕਲਣਗੇ?

1947 ਦਾ ਉਜਾੜਾ, 1984 ਦੀ ਨਸਲਕੁਸ਼ੀ ਸਾਡੇ ਸਾਹਮਣੇ ਹੈ। ਕਪੂਰੀ ਮੋਰਚਾ, ਐਸ. ਵਾਈ. ਐਲ. ਮੋਰਚਾ, ਅਨੰਦਪੁਰ ਸਾਹਿਬ ਦਾ ਮਤਾ, ਰਾਜੀਵ-ਲੌਂਗੋਵਾਲ ਸਮਝੌਤੇ ਦਾ ਕੀ ਬਣਿਆ? ਬਰਗਾੜੀ ਮੋਰਚੇ ਦਾ ਅੱਜ ਤਕ ਕੋਈ ਨਤੀਜਾ ਨਹੀਂ। ਸਾਡੇ ਬੱਚਿਆਂ ਦੀ ਮਾਰ-ਮਰਾਈ ਉਸੇ ਤਰ੍ਹਾਂ ਜਾਰੀ ਹੈ, ਪਰ ਰਾਜ ਕਰਨ ਵਾਲਾ ਸ਼ਾਤਰ ਦੂਰ ਬੈਠਾ ਪੰਜਾਬ ਦੀ ਤ੍ਰਾਸਦੀ 'ਤੇ ਆਪਣੇ ਰਾਜ ਭਾਗ ਦੀਆਂ ਰੋਟੀਆਂ ਸੇਕ ਰਿਹਾ ਹੈ। ਅਸੀਂ ਕਦੋਂ ਇਨ੍ਹਾਂ ਸ਼ਾਤਰ ਚਾਲਾਂ ਨੂੰ ਸਮਝਣ ਦੇ ਕਾਬਲ ਹੋਵਾਂਗੇ। 26 ਜਨਵਰੀ ਦੀ ਸਰਕਾਰੀ ਤੰਤਰ ਦੀ ਚਾਲ ਤੋਂ ਅਸੀਂ ਕੋਈ ਸਬਕ ਨਹੀਂ ਸਿੱਖਿਆ ਲਗਦਾ! ਸਗੋਂ ਵੱਧ ਸਪੀਡ ਨਾਲ ਸੋਸ਼ਲ ਮੀਡੀਏ 'ਤੇ ਗਿਆਨ ਛਾਂਟ ਰਹੇ ਹਾਂ। ਭੁੱਲੋ ਨਾ, ਦੁਸ਼ਮਣ ਤੁਹਾਡੇ ਜਿੰਨਾ ਅਵੇਸਲਾ ਨਹੀਂ। ਹਾਲੇ ਬਹੁਤ ਸਾਰੀਆਂ ਚਾਲਾਂ ਚੱਲੀਆਂ ਜਾਣੀਆਂ ਹਨ ਤੁਹਾਡੇ ਮੋਰਚੇ ਨੂੰ ਫੇਲ੍ਹ ਕਰਨ ਲਈ। ਮੋਰਚਾ ਫਾਸ਼ੀਵਾਦੀ ਰੁਚੀਆਂ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ। ਉਹ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਦੀ ਮਗਰੂਰੀ ਨੂੰ ਚੈਲੰਜ ਕਰੇ, ਜਮਹੂਰੀ ਹਕੂਕਾਂ ਦੀ ਬਾਤ ਪਾਵੇ, ਉਨ੍ਹਾਂ ਦੀ ਅੱਖ 'ਚ ਅੱਖ ਪਾ ਕੇ ਗੱਲ ਕਰੇ।

ਮੋਰਚੇ ਦੇ ਸੰਚਾਲਕ ਭਰਾਵੋ, ਤੁਹਾਡੀ ਕਾਬਲੀਅਤ 'ਤੇ ਕੋਈ ਸ਼ੱਕ ਨਹੀਂ। ਪਿਛਲੇ ਪੰਜ ਮਹੀਨੇ ਤੋਂ ਜਿਵੇਂ ਤੁਸੀਂ ਇਸ ਸੰਘਰਸ਼ ਨੂੰ ਜ਼ਾਬਤਾਬੱਧ ਕੀਤਾ ਹੋਇਆ ਹੈ, ਇਹ ਆਪਣੇ ਆਪ ਵਿਚ ਸ਼ਲਾਘਾਯੋਗ ਹੈ। ਇਸ ਵਿਉਂਤਬੰਦੀ ਵਿਚ ਜੇ ਸਮਾਂ ਕੱਢ ਕੇ ਇੱਕ ਕਮੇਟੀ ਬਣਾ ਕੇ ਟਰਾਲੀਆਂ ਵਿਚ ਬੈਠੇ ਬਜੁਰਗਾਂ ਨੌਜੁਆਨਾਂ, ਬੀਬੀਆਂ, ਬੱਚਿਆਂ ਨਾਲ ਸੰਵਾਦ ਦੀ ਪਰੰਪਰਾ ਤੋਰ ਲਓ ਤਾਂ ਕਾਫੀ ਹੱਦ ਤਕ ਨਕਾਰਾਤਮਕ ਰੁਚੀਆਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਮੋਰਚੇ ਵਿਚ ਵਿਰੋਧੀਆਂ ਦੇ ਹਰ ਤਰ੍ਹਾਂ ਦੇ ਦਮਨਕਾਰੀ ਮਨਸੂਬਿਆਂ ਨੂੰ ਵੀ ਫੇਲ੍ਹ ਕੀਤਾ ਜਾ ਸਕਦਾ ਹੈ। ਫਿਰ ਆਪਣੇ ਤਾਂ ਬਾਬੇ ਨੇ ਵੀ 'ਕਿਛੁ ਸੁਣੀਐ ਕਿਛੁ ਕਹੀਐ ਨਾਨਕ' ਦੇ ਵੱਡੇ ਉਪਦੇਸ਼ ਨਾਲ ਸੰਵਾਦ ਦੀ ਮਹੱਤਤਾ ਨੂੰ ਜਤਾਇਆ ਹੈ। ਐਵੇਂ ਤਾਂ ਨਹੀਂ ਸਾਡਾ ਬਾਬਾ ਚਾਰ ਉਦਾਸੀਆਂ ਕਰ ਗਿਆ, ਮੱਕੇ ਮਦੀਨੇ ਦੇ ਕਾਜ਼ੀਆਂ, ਹਰਿਦੁਆਰ ਦੇ ਪਾਂਡਿਆਂ, ਕੌਡੇ ਰਾਕਸ਼, ਸਿੱਧਾਂ ਨਾਲ ਗੋਸ਼ਟੀਆਂ ਕਰਕੇ ਆਪਸੀ ਗੱਲਬਾਤ ਦੀ ਲੋੜ ਤੇ ਮਹੱਤਵ ਨੂੰ ਵਡਿਆ ਗਿਆ ਸੀ।

ਸੋ, ਸੰਭਲੋ! ਆਪਣੇ ਆਗੂਆਂ 'ਤੇ ਭਰੋਸਾ ਰੱਖ ਕੇ ਉਨ੍ਹਾਂ ਦੇ ਪਿਛੇ ਖੜ੍ਹ ਮਜ਼ਬੂਤੀ ਬਣਾਈ ਰੱਖੀਏ ਤਾਂ ਜੋ ਉਹ ਬਿਹਤਰ ਫੈਸਲੇ ਲੈ ਕੇ ਸਾਡੀ ਫਸਲਾਂ-ਨਸਲਾਂ ਦੀ ਲੜਾਈ ਨੂੰ ਫਤਿਹ ਕਰ ਸਕਣ। ਦੇਖਿਆ ਜਾਵੇ, ਵੱਡੀਆਂ ਗਲਤੀਆਂ ਹੁੰਦੀਆਂ ਹਨ-ਸੰਘਰਸ਼ ਨੂੰ ਢਿੱਬੀ ਲਾਉਣਾ, ਦੁਸ਼ਮਣ ਤਾਕਤਾਂ ਨਾਲ ਮਿਲਣਾ ਤੇ ਕਈ ਕਿਸਮ ਦੇ ਸੰਘਰਸ਼ ਨੂੰ ਢਾਹ ਲਾਉਣ ਵਾਲੇ ਕਾਰਜ ਕਰਨਾ ਆਦਿ। ਵਕਤ ਤੋਂ ਪਹਿਲਾਂ ਵਕਤ ਨੂੰ ਸੰਭਾਲਣ ਦੀ ਜਾਚ ਸਿੱਖੀਏ, ਨਹੀਂ ਤਾਂ ਵਕਤ ਮੁੜ ਸੰਭਲਣ ਦਾ ਕੋਈ ਵਕਤ ਨਹੀਂ ਦਿੰਦਾ।

# ਟੁਕੜੇ ਟੁਕੜੇ ਗੈਂਗ ਕਿਸਾਨ ਨਹੀਂ, ਭਾਜਪਾ ਹੈ

*(ਪਿਛਲੇ ਸਫੇ ਦੀ ਬਾਕੀ)*

'ਤੇ ਜਿਨ੍ਹਾਂ ਲੋਕਾਂ ਨੂੰ ਵੰਡਿਆ ਹੋਇਆ, ਟੁਕੜੇ ਟੁਕੜੇ ਕੀਤਾ ਹੋਇਆ ਸੀ, ਉਨ੍ਹਾਂ ਸਾਰਿਆਂ ਨੂੰ ਇਕੱਠਾ ਕਰ ਦਿੱਤਾ ਹੈ। ਲੱਖਾਂ ਦੀ ਗਿਣਤੀ ਵਿਚ ਕਿਸਾਨ ਸਾਰੇ ਕੂੜ ਪ੍ਰਚਾਰ ਨੂੰ ਹਰਾ ਕੇ ਦਿੱਲੀ ਨੂੰ ਘੇਰਾ ਪਾਈ ਬੈਠੇ ਹਨ। ਕਿਸਾਨ ਧਰਨਿਆਂ ਵਿਚ ਲੰਗਰ ਦੀ ਪ੍ਰਥਾ ਨੇ ਸਾਰੇ ਕਿਸਾਨਾਂ ਨੂੰ ਇੱਕ ਦੂਜੇ ਦੇ ਹੋਰ ਨੇੜੇ ਲੈ ਆਂਦਾ ਹੈ ਅਤੇ ਉਹ ਇਹ ਪ੍ਰਣ ਕਰ ਰਹੇ ਹਨ ਕਿ ਉਹ ਕਿਸਾਨ ਵਿਰੋਧੀ ਕਾਲੇ ਕਾਨੂੰਨ ਰੱਦ ਕਰਵਾ ਕੇ ਹੀ ਵਾਪਸ ਜਾਣਗੇ। ਖੇਤੀ ਮੰਤਰੀ ਨਰਿੰਦਰ ਤੋਮਰ ਦਾ ਇਹ ਕਹਿਣਾ ਕਿ ਜੇ ਸਰਕਾਰ ਤਿੰਨ ਖੇਤੀ ਕਾਨੂੰਨ ਰੱਦ ਕਰਦੀ ਹੈ ਤਾਂ ਅੰਬਾਨੀ ਅਤੇ ਅਡਾਨੀ ਨਾਰਾਜ਼ ਹੋ ਜਾਣਗੇ, ਸਾਬਤ ਕਰਦਾ ਹੈ ਕਿ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਕੋਲ ਵਿਕ ਚੁਕੀ ਹੈ। ਭਾਜਪਾ ਹੈ ਜਾਂ ਕਾਂਗਰਸ ਕਾਰਪੋਰੇਟ ਘਰਾਣੇ ਇਨ੍ਹਾਂ ਦੀ ਆਮਦਨ ਦਾ ਸੋਮਾ ਹਨ। ਇਨ੍ਹਾਂ ਤੋਂ ਕਮਾਈ ਕਰਕੇ ਇਨ੍ਹਾਂ ਪਾਰਟੀਆਂ ਦੇ ਨੇਤਾ ਕਰੋੜਪਤੀ ਬਣਦੇ ਹਨ ਤੇ ਚੋਣਾਂ ਦੌਰਾਨ ਪਾਣੀ ਵਾਂਗ ਪੈਸਾ ਵਹਾਉਂਦੇ ਹਨ। ਇਸੇ ਕਰਕੇ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਸਾਡਾ ਦੇਸ਼ ਉਨ੍ਹਾਂ ਕੋਲ ਵੇਚਣ 'ਤੇ ਤੁਲੀ ਹੋਈ ਹੈ। ਆਪਣੇ ਮਨਸੂਬਿਆਂ ਦੀ ਪੂਰਤੀ ਲਈ ਜਮਹੂਰੀ ਅਤੇ ਸੰਵਿਧਾਨਕ, ਕਦਰਾਂ ਕੀਮਤਾਂ ਨੂੰ ਬਹੁ ਸੰਮਤੀ ਦੇ ਹੰਕਾਰ ਵਿਚ ਤੋੜ ਕੇ ਆਪ ਹੁਦਰੇ ਫੈਸਲੇ ਕੀਤੇ ਜਾ ਰਹੇ ਹਨ। ਦੇਸ਼ ਵਿਚ ਮਹਿੰਗਾਈ ਬੇਰੁਜ਼ਗਾਰੀ, ਰਿਸ਼ਵਤਖੋਰੀ, ਗੁੰਡਾਗਰਦੀ, ਪ੍ਰਸ਼ਾਸਨਿਕ ਕੰਮਾਂ ਵਿਚ ਦਖਲਅੰਦਾਜ਼ੀ, ਕਾਲਾ ਬਾਜ਼ਾਰੀ, ਨਸ਼ਾਖੋਰੀ, ਬਲੈਕ ਮਾਰਕੀਟਿੰਗ ਆਦਿ ਤੋਂ ਲੋਕ ਅੱਤ ਦੇ ਦੁਖੀ ਹਨ, ਪਰ ਭਾਜਪਾ ਇਨ੍ਹਾਂ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਕੇ ਲੋਕਾਂ ਨੂੰ ਧਰਮ, ਜਾਤ, ਭਾਸ਼ਾ, ਇਲਾਕੇ ਆਦਿ ਦੇ ਆਧਾਰ 'ਤੇ ਦੇਸ਼ ਨੂੰ ਟੁਕੜੇ ਟੁਕੜੇ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ। ਇਸ ਰੁਝਾਨ ਵਿਰੁੱਧ ਕਿਸਾਨ ਅੰਦੋਲਨ ਸ਼ਲਾਘਾਯੋਗ ਰੋਲ ਅਦਾ ਕਰ ਰਿਹਾ ਹੈ। ਸਾਨੂੰ ਸਾਰਿਆਂ ਨੂੰ ਕਿਸਾਨਾਂ ਦੀ ਪਿੱਠ 'ਤੇ ਖਲੋਣਾ ਚਾਹੀਦਾ ਹੈ।

# ਸਮੇਂ ਦੇ ਹਾਣ ਦੀ ਖੇਤੀਬਾੜੀ

**ਡਾ. ਗਿਆਨ ਸਿੰਘ**
**ਫੋਨ: 1-424-422-7025**

ਕਿਸਾਨ ਸੰਘਰਸ਼ ਬਹੁਤ ਪੱਖਾਂ ਤੋਂ ਨਿਵੇਕਲਾ ਹੈ। ਇਸ ਤਰ੍ਹਾਂ ਦੇ ਸਾਂਤਮਈ ਅਤੇ ਲੋਕਤੰਤਰੀ ਢੰਗ ਨਾਲ ਚਲਾਏ ਜਾ ਰਹੇ ਕਿਸਾਨ ਸੰਘਰਸ਼ ਦੀ ਕੋਈ ਬਰਾਬਰ ਦੀ ਹੋਰ ਮਿਸਾਲ ਕਿਤੇ ਵੀ ਨਹੀਂ ਮਿਲਦੀ। ਇਸ ਦੀਆਂ ਸਿਫਤਾਂ ਭਾਰਤ ਸਮੇਤ ਦੁਨੀਆਂ ਦੇ ਬਹੁਤੇ ਮੁਲਕਾਂ ਦੇ ਲੋਕ ਅਤੇ ਰਾਜਸੀ ਆਗੂ ਕਰ ਰਹੇ ਹਨ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਇਸ ਤਰ੍ਹਾਂ ਦੇ ਸੰਘਰਸ਼ ਨੂੰ ਕਿਸਾਨਾਂ ਦਾ ਹੱਕ ਦੱਸਿਆ ਹੈ।

ਕੇਂਦਰ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀਬਾੜੀ ਕਾਨੂੰਨ ਖੇਤੀਬਾੜੀ ਜਿਨਸਾਂ ਦੀ ਖਰੀਦ-ਵੇਚ ਲਈ ਨਿੱਜੀ ਮੰਡੀਆਂ ਨੂੰ ਸਥਾਪਿਤ ਕਰਨ, ਇਕਰਾਰਨਾਮਿਆਂ ਵਾਲੀ ਖੇਤੀਬਾੜੀ ਅਤੇ ਜ਼ਰੂਰੀ ਵਸਤਾਂ ਕਾਨੂੰਨ 1955 ਨੂੰ ਬਹੁਤ ਨਰਮ ਕਰਨ ਬਾਰੇ ਹਨ। ਨਿੱਜੀ ਮੰਡੀਆਂ ਦੀ ਸਥਾਪਤੀ ਜਿੱਥੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਅਤੇ ਉਨ੍ਹਾਂ ਉੱਪਰ ਖਰੀਦ ਕਰਨ ਸਬੰਧੀ ਕੇਂਦਰ ਸਰਕਾਰ ਦੇ ਪੱਲਾ ਝਾੜਨ, ਉੱਥੇ ਏ. ਪੀ. ਐਮ. ਸੀ. ਮੰਡੀਆਂ ਦੇ ਭੋਗ ਪਾਉਣ, ਦਿਹਾਤੀ ਵਿਕਾਸ ਲਈ ਮਿਲਦੀ ਰਕਮ ਨੂੰ ਖਤਮ ਕਰਨ ਅਤੇ ਸੰਘੀ ਢਾਂਚੇ ਨੂੰ ਵੱਡਾ ਖੋਰਾ ਲਾਉਣ ਨੂੰ ਸਾਹਮਣੇ ਲਿਆਉਂਦੀ ਹੈ। ਇਕਰਾਰਨਾਮਿਆਂ ਦੀ ਖੇਤੀਬਾੜੀ ਕਿਸਾਨਾਂ ਨੂੰ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਦੀ ਗਾਰੰਟੀ ਦੇ ਭਰਮ ਵਿਚ ਉਲਝਾਉਣ ਨਾਲ ਸਬੰਧਿਤ ਹੈ। ਤੀਜਾ ਖੇਤੀਬਾੜੀ ਕਾਨੂੰਨ ਜ਼ਰੂਰੀ ਵਸਤਾਂ ਕਾਨੂੰਨ 1955 ਵਿਚ ਵੱਡੀਆਂ ਸੋਧਾਂ ਕਰਕੇ ਕਿਸਾਨਾਂ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਦੀ ਗੱਲ ਕਰਦਾ ਹੈ, ਜਦੋਂ ਕਿ ਇਨ੍ਹਾਂ ਸੋਧਾਂ ਨਾਲ ਕਿਸਾਨਾਂ ਦਾ ਤਾਂ ਕੀ ਫਾਇਦਾ ਹੋਣਾ ਹੈ, ਸਗੋਂ ਆਮ ਖਪਤਕਾਰਾਂ ਨੂੰ ਵੱਡੀ ਮਾਰ ਪੈਂਦੀ ਸਾਫ ਦਿਖਾਈ ਦਿੰਦੀ ਹੈ।

ਕਿਸਾਨ ਸੰਘਰਸ਼ ਸਿਰਫ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਾਉਣ ਤੱਕ ਹੀ ਸੀਮਿਤ ਨਹੀਂ ਹੈ। ਇਸ ਸੰਘਰਸ਼ ਦੇ ਆਰਥਿਕ, ਸਮਾਜਿਕ-ਸਭਿਆਚਾਰਕ, ਰਾਜਸੀ ਅਤੇ ਹੋਰ ਸੁਨੇਹੇ ਹਨ। ਇਸ ਸੰਘਰਸ਼ ਦੇ ਵੱਖ ਵੱਖ ਪੱਖ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਸਰਕਾਰੀ ਨੀਤੀਆਂ ਨੂੰ ਕਿਸਾਨ-ਪੱਖੀ ਬਣਾਉਣ ਅਤੇ ਉਨ੍ਹਾਂ ਦੇ ਆਪਣੇ ਦੁਆਰਾ ਕੀਤੇ ਜਾਣ ਵਾਲੇ ਉਪਰਾਲਿਆਂ ਨੂੰ ਸਾਹਮਣੇ ਲਿਆਉਂਦੇ ਹਨ।

ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਲਈ ਮੁਲਕ ਦੇ ਹੁਕਮਰਾਨ ਅਤੇ ਸਰਕਾਰੀ ਤੇ ਕਾਰਪੋਰੇਟ-ਪੱਖੀ ਅਰਥ-ਵਿਗਿਆਨੀ ਜਿਹੜੀਆਂ ਥੋਥੀਆਂ ਦਲੀਲਾਂ ਦਿੰਦੇ ਹਨ, ਉਨ੍ਹਾਂ ਵਿਚੋਂ ਇਕ ਦਲੀਲ ਇਹ ਹੈ ਕਿ 21ਵੀਂ ਸਦੀ ਵਿਚ ਖੇਤੀਬਾੜੀ ਨੂੰ ਸਮੇਂ ਦੀ ਹਾਣ ਦੀ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਦਲੀਲ ਦਾ ਸਾਫ ਅਤੇ ਸਿੱਧਾ ਸੁਨੇਹਾ ਇਹ ਹੈ ਕਿ ਖੁੱਲ੍ਹੀ ਮੰਡੀ ਹੀ ਸਾਰੀਆਂ ਆਰਥਿਕ ਸਮੱਸਿਆਵਾਂ ਨੂੰ ਹੱਲ ਕਰਨ ਵਾਲੀ ਸੰਜੀਵਨੀ ਬੂਟੀ ਹੈ। ਇਸ ਬੂਟੀ ਦੀ ਅਸਲੀਅਤ ਸਮਝਣ ਲਈ ਸਾਨੂੰ ਆਰਥਿਕ ਇਤਿਹਾਸ ਵੱਲ ਨਿਗਾਹ ਮਾਰਨੀ ਪਊ। ਕਲਾਸੀਕਲ ਅਰਥ-ਵਿਗਿਆਨੀ ਆਰਥਿਕ ਕ੍ਰਿਆਵਾਂ ਵਿਚ ਸਰਕਾਰੀ ਦਖਲ ਦੇ ਵਿਰੁੱਧ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ, ਜਿਸ ਕਰਕੇ ਨਾ ਤਾਂ ਲੋੜ ਤੋਂ ਵੱਧ ਉਤਪਾਦਨ ਹੁੰਦਾ ਹੈ ਅਤੇ ਨਾ ਹੀ ਬੇਰੁਜ਼ਗਾਰੀ। ਇਹ ਹੀ ਮੰਡੀ ਦਾ ਸਿਧਾਂਤ ਹੈ, ਜਿਸ ਪਿੱਛੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਹਰ ਇਕ ਮਨੁੱਖ ਆਪਣੇ ਫਾਇਦੇ ਬਾਰੇ ਸੋਚਦਾ ਹੈ, ਜਿਸ ਦੇ ਨਤੀਜੇ ਵਜੋਂ ਸਾਰੇ ਸਮਾਜ ਦਾ ਫਾਇਦਾ ਵੱਧ ਤੋਂ ਵੱਧ ਹੁੰਦਾ ਹੈ। 1930ਵਿਆਂ ਦੀ ਮਹਾਂਮੰਦੀ ਨੇ ਕਲਾਸੀਕਲ ਅਰਥ-ਵਿਗਿਆਨੀਆਂ ਨੂੰ ਗਲਤ ਸਿੱਧ ਕਰ ਦਿੱਤਾ, ਕਿਉਂਕਿ ਉਸ ਸਮੇਂ ਲੋੜ ਤੋਂ ਵੱਧ ਉਤਪਾਦਨ ਅਤੇ ਵੱਡੇ ਪੱਧਰ ਉੱਪਰ ਬੇਰੁਜ਼ਗਾਰੀ ਦੀਆਂ ਸਮੱਸਿਆਵਾਂ ਨੇ ਖੁੱਲ੍ਹੀ ਮੰਡੀ ਅਰਥ-ਵਿਵਸਥਾਵਾਂ ਨੂੰ ਘੁੰਮਣਘੇਰੀ ਵਿਚ ਪਾਇਆ ਹੋਇਆ ਸੀ।

ਇਸ ਸਮੱਸਿਆ ਉੱਪਰ ਕਾਬੂ ਪਾਉਣ ਲਈ ਉਸ ਸਮੇਂ ਦੇ ਪ੍ਰਸਿੱਧ ਅਰਥ-ਵਿਗਿਆਨੀ ਜੇ. ਐਮ. ਕੇਨਜ਼ ਨੇ ਸੁਝਾਅ ਦਿੱਤਾ ਸੀ ਕਿ ਸਰਕਾਰ ਬੁਨਿਆਦੀ ਢਾਂਚੇ ਵਿਚ ਨਿਵੇਸ਼ ਅਤੇ ਮੰਡੀ ਦੀ ਕ੍ਰਿਆਵਾਂ ਉੱਪਰ ਨਿਗਰਾਨੀ ਅਤੇ ਨਿਯੰਤਰਨ ਕਰੇ। ਇਸ ਦੇ ਨਾਲ ਨਾਲ ਕੇਨਜ਼ ਨੇ ਸੁਝਾਅ ਦਿੱਤਾ ਸੀ ਕਿ ਮੰਡੀ ਵਿਚ ਮੰਗ ਪੈਦਾ ਕਰਨ ਲਈ ਸਰਕਾਰ ਪੈਸਾ ਉਨ੍ਹਾਂ ਲੋਕਾਂ ਨੂੰ ਦੇਵੇ, ਜਿਹੜੇ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੋਈ ਵੀ ਕੰਮ ਕਰਨ ਨੂੰ ਤਿਆਰ ਹੋਣ, ਭਾਵੇਂ ਉਹ ਕੰਮ ਅਣਉਤਪਾਦਕ ਹੀ ਕਿਉਂ ਨਾ ਹੋਵੇ।

ਕੇਨਜ਼ ਅਨੁਸਾਰ ਅਜਿਹੇ ਲੋਕ ਉਹ ਕਿਰਤੀ ਹੋਣਗੇ, ਜਿਹੜੇ ਸਰਕਾਰ ਵੱਲੋਂ ਦਿੱਤੇ ਗਏ ਪੈਸਿਆਂ ਨੂੰ ਖਰਚ ਕਰਨਗੇ। ਕੇਨਜ਼ ਦੁਆਰਾ ਦਿੱਤੇ ਗਏ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਨਾਲ ਮਹਾਂਮੰਦੀ ਉੱਪਰ ਕਾਬੂ ਪਾਇਆ ਜਾ ਸਕਿਆ ਅਤੇ ਦੁਨੀਆਂ ਦੇ ਬਹੁਤ ਮੁਲਕਾਂ ਵਿਚ ਮਿਸ਼ਰਤ ਅਰਥ-ਵਿਵਸਥਾਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਵਿਚ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਤੀ, ਵਿਸਥਾਰ ਤੇ ਵਿਕਾਸ ਹੋਇਆ ਅਤੇ ਨਿੱਜੀ ਖੇਤਰ ਦੀਆਂ ਕ੍ਰਿਆਵਾਂ ਉੱਪਰ ਸਰਕਾਰੀ ਨਿਗਰਾਨੀ ਤੇ ਨਿਯੰਤਰਨ ਵਧਿਆ। ਸਮਾਂ ਬੀਤਣ ਦੇ ਨਾਲ ਸਰਮਾਏਦਾਰੀ ਆਰਥਿਕ ਪ੍ਰਬੰਧ ਸਿਰਫ ਮੁੜ-ਸੁਰਜੀਤ ਹੀ ਨਹੀਂ ਹੋਇਆ, ਸਗੋਂ ਇਸ ਦਾ ਵਿਗੜਿਆ ਅਤੇ ਖਤਰਨਾਕ ਰੂਪ ਕਾਰਪੋਰੇਟ ਆਰਥਿਕ ਪ੍ਰਬੰਧ ਹੋਂਦ ਵਿਚ ਆ ਗਿਆ। ਦੁਨੀਆਂ ਦੇ ਬਹੁਤ ਜ਼ਿਆਦਾ ਮੁਲਕਾਂ ਵਿਚ ਇਹ ਆਰਥਿਕ ਪ੍ਰਬੰਧ ਹੈ।

ਔਕਸਫੈਮ ਅਤੇ ਹੋਰ ਸੰਸਥਾਵਾਂ ਦੇ ਅਧਿਐਨਾਂ ਅਨੁਸਾਰ ਇਨ੍ਹਾਂ ਮੁਲਕਾਂ ਵਿਚ ਆਰਥਿਕ ਅਸਮਾਨਤਾਵਾਂ ਲਗਾਤਾਰ ਵਧ ਰਹੀਆਂ ਹਨ ਅਤੇ ਅਤਿ ਦੇ ਅਮੀਰ ਇਕ ਫੀਸਦ ਲੋਕਾਂ ਦੀ ਆਮਦਨ ਅਤੇ ਸੰਪਤੀ ਲਗਾਤਾਰ ਛੜੱਪੇ ਮਾਰਦੀ ਹੋਈ ਵਧ ਰਹੀ ਹੈ ਅਤੇ ਬਾਕੀ ਦੇ 99 ਫੀਸਦ ਲੋਕਾਂ ਵਿਚੋਂ ਬਹੁਤ ਜ਼ਿਆਦਾ ਕਿਰਤੀ ਬੇਰੁਜ਼ਗਾਰੀ, ਨੀਵੇਂ ਪੱਧਰ ਦੇ ਰੁਜ਼ਗਾਰ, ਸਾਧਨਾਂ ਦੇ ਘਟਣ ਜਾਂ ਖੁਸਣ, ਨੀਵੇਂ ਜੀਵਨ-ਪੱਧਰ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਮਜਬੂਰ ਹਨ। ਨੋਬਲ ਪੁਰਸਕਾਰ ਜੇਤੂ ਅਰਥ-ਵਿਗਿਆਨੀ ਜੋਸੇਫ ਸਟਿਮਲਿਟਜ਼ ਨੇ ਆਪਣੀ ਪੁਸਤਕ ਵਿਚ 'ਦਿ ਗ੍ਰੇਟ ਡਿਵਾਇਡ' ਵਿਚ ਅਜਿਹੀਆਂ ਸਮੱਸਿਆਵਾਂ ਦਾ ਅਮਰੀਕਾ ਅਤੇ ਹੋਰ ਉੱਨਤ ਮੁਲਕਾਂ ਦੇ ਸਬੰਧ ਵਰਨਣ ਕਰਦਿਆਂ ਇਸ ਦਾ ਮੁੱਖ ਕਾਰਨ ਮੰਡੀ ਨੂੰ ਬੇਰੋਕ ਤੇ ਬੇਟੋਕ ਕਰਨਾ, ਅਮੀਰਾਂ/ਕਾਰਪੋਰੇਟਾਂ ਉੱਪਰ ਕਰਾਂ ਨੂੰ ਅਣ-ਉੱਚਿਤ ਤਰੀਕੇ ਨਾਲ ਘਟਾਉਣਾ ਅਤੇ ਆਮ ਲੋਕਾਂ ਨੂੰ ਵਿੱਦਿਆ ਤੇ ਸਿਹਤ-ਸੇਵਾਵਾਂ ਤੋਂ ਦੂਰ ਕਰਨ ਦੇ ਨਾਲ ਕਰਾਂ ਦੇ ਬੋਝ ਥੱਲੇ ਦੱਬਣਾ ਦੱਸੇ ਹਨ।

ਭਾਰਤ ਵਿਚ 1980 ਤੋਂ ਬਾਅਦ ਆਰਥਿਕ ਅਸਮਾਨਤਾਵਾਂ ਵਧ ਰਹੀਆਂ ਹਨ। 1991 ਤੋਂ ਇਹ ਅਸਮਾਨਤਾਵਾਂ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਖੇਤੀਬਾੜੀ ਉੱਪਰ ਨਿਰਭਰ 50 ਫੀਸਦ ਦੇ ਕਰੀਬ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ 16 ਫੀਸਦ ਦੇ ਕਰੀਬ ਹਿੱਸਾ ਹੀ ਦਿੱਤਾ ਜਾ ਰਿਹਾ, ਜਿਸ ਕਾਰਨ ਜ਼ਿਆਦਾ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ਾ ਅਤੇ ਘੋਰ ਗਰੀਬ ਛੱਡ ਕੇ ਜਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ। ਕੇਂਦਰ ਸਰਕਾਰ ਦੁਆਰਾ ਬਣਾਏ ਨਵੇਂ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਨਾਲ ਉਨ੍ਹਾਂ ਉਜਾੜਾ ਤੈਅ ਹੈ, ਜਿਹੜਾ ਉਨ੍ਹਾਂ ਦੁਆਰਾ ਪਹਿਲਾਂ ਤੋਂ ਹੀ ਹੰਢਾਈਆਂ ਜਾ ਰਹੀਆਂ ਸਮੱਸਿਆਵਾਂ ਵਿਚ ਅਥਾਹ ਵਾਧਾ ਕਰੇਗਾ। ਅਜਿਹਾ ਸਰਕਾਰੀ ਵਰਤਾਰਾ ਨਾ ਤਾਂ ਕਿਸਾਨਾਂ ਅਤੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੋਰ ਕਿਰਤੀਆਂ ਤੇ ਖਪਤਕਾਰਾਂ ਅਤੇ ਨਾ ਹੀ ਮੁਲਕ ਦੇ ਹਿੱਤ ਵਿਚ ਹੋਵੇਗਾ।

ਜੇ ਖੇਤੀਬਾੜੀ ਖੇਤਰ ਤੋਂ ਕਿਸਾਨਾਂ ਅਤੇ ਹੋਰ ਕਿਰਤੀਆਂ ਨੂੰ ਉਜਾੜਿਆ ਜਾਵੇਗਾ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਉਨ੍ਹਾਂ ਨੂੰ ਕਿੱਥੇ ਵਸਾਇਆ ਅਤੇ ਰੁਜ਼ਗਾਰ ਦਿੱਤਾ ਜਾਵੇਗਾ? ਸ਼ਹਿਰਾਂ ਵਿਚ ਪਹਿਲਾਂ ਤੋਂ ਹੀ ਵੱਡੀ ਗਿਣਤੀ ਵਿਚ ਕਿਰਤੀ ਲੋਕ ਝੁਗੀਆਂ-ਝੌਂਪੜੀਆਂ, ਸੜਕਾਂ ਦੇ ਕਿਨਾਰਿਆਂ, ਪੁਲਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਥਾਵਾਂ ਉੱਪਰ ਦਿਨ-ਕਟੀ ਕਰਦੇ ਹਨ। ਉਦਯੋਗਾਂ ਵਿਚ ਮਸ਼ੀਨਾਂ ਦੀ ਲਗਾਤਾਰ ਵਧਦੀ ਵਰਤੋਂ ਅਤੇ ਸਵੈ-ਚਾਲਤ ਮਸ਼ੀਨਾਂ ਬਹੁਤ ਉਦਯੋਗਿਕ ਇਕਾਈਆਂ ਵਿਚੋਂ ਕਿਰਤੀਆਂ ਨੂੰ ਬੇਰੁਜ਼ਗਾਰ ਕਰ ਰਹੀਆਂ ਹਨ। ਸੇਵਾਵਾਂ ਦੇ ਖੇਤਰਾਂ ਵਿਚ ਰੁਜ਼ਗਾਰ ਦੇ ਬਹੁਤ ਘੱਟ ਮੌਕੇ ਹਨ, ਪਰ ਰੁਜ਼ਗਾਰ ਦਾ ਮਿਆਰ ਇੰਨਾ ਨੀਵਾਂ ਹੈ ਕਿ ਪ੍ਰਾਪਤ ਆਮਦਨ ਵਿਚ ਗੁਜ਼ਾਰਾ ਕਰਨਾ ਬਹੁਤ ਹੀ ਜ਼ਿਆਦਾ ਮੁਸ਼ਕਿਲ ਹੈ।

ਮੁਲਕ ਦੀਆਂ ਅਨਾਜ ਦੀਆਂ ਲੋੜਾਂ, ਖੇਤੀਬਾੜੀ ਖੇਤਰ ਉੱਪਰ ਨਿਰਭਰ ਆਬਾਦੀ ਦੀਆਂ ਸਮੱਸਿਆਵਾਂ, ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕਿਆਂ ਅਤੇ ਮਿਆਰ ਦੀਆਂ ਸਮੱਸਿਆਵਾਂ ਅਤੇ ਖਪਤਕਾਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਦੁਆਰਾ ਤਿੰਨ ਨਵੇਂ ਖੇਤੀਬਾੜੀ ਕਾਨੂੰਨ ਰੱਦ ਹੀ ਨਹੀਂ ਕਰਨੇ ਬਣਦੇ, ਸਗੋਂ ਹੋਰ ਬਹੁਤ ਉਪਰਾਲੇ ਕਰਨ ਦੀ ਲੋੜ ਹੈ ਤਾਂ ਕਿ ਮੁਲਕ ਇਸ ਤਰ੍ਹਾਂ ਦੀ ਤਰੱਕੀ ਕਰੇ ਜਿਸ ਨਾਲ ਕਿਰਤੀ ਵਰਗਾਂ ਦੇ ਲੋਕ ਸੁਖੀ ਵੱਸ ਸਕਣ। ਇਸ ਸਬੰਧ ਵਿਚ ਕਾਰਪੋਰੇਟ ਜਗਤ ਪੱਖੀ ਆਰਥਿਕ ਵਿਕਾਸ ਮਾਡਲ ਦੀ ਥਾਂ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਨਾਉਣ ਦੀ ਲੋੜ ਹੈ। ਖੇਤੀਬਾੜੀ ਖੇਤਰ ਉੱਪਰ ਨਿਰਭਰ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਦਿੱਤੇ ਜਾਂਦੇ ਹਿੱਸੇ ਨੂੰ ਘੱਟੋ-ਘੱਟ ਉਸ ਪੱਧਰ ਤੱਕ ਵਧਾਉਣ ਦੀ ਲੋੜ ਹੈ, ਜਿਸ ਦੁਆਰਾ ਇਹ ਲੋਕ ਆਪਣੀਆਂ ਮੁਢਲੀਆਂ ਲੋੜਾਂ ਨੂੰ ਸਤਿਕਾਰਤ ਢੰਗ ਨਾਲ ਪੂਰਾ ਕਰਦਿਆਂ ਮੁਲਕ ਦੇ ਨਾਗਰਿਕ ਹੋਣ ਉੱਤੇ ਮਾਣ ਕਰ ਸਕਣ। ਕਿਸਾਨਾਂ ਦੀ ਆਮਦਨ ਨੂੰ ਵਧਾਉਣ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਜਗ੍ਹਾ ਲਾਹੇਵੰਦ ਕੀਮਤਾਂ ਦੇਣੀਆਂ ਯਕੀਨੀ ਬਣਾਈਆਂ ਜਾਣ।

ਮਗਨਰੇਗਾ ਅਧੀਨ ਰੁਜ਼ਗਾਰ ਦੇ ਦਿਨ ਅਤੇ ਘੱਟੋ-ਘੱਟ ਮਜ਼ਦੂਰੀ ਨੂੰ ਵਧਾਉਂਦੇ ਹੋਏ ਨਿਮਨ ਕਿਸਾਨਾਂ ਦੁਆਰਾ ਆਪਣੇ ਖੇਤਾਂ ਵਿਚ ਕੰਮ ਕਰਨ ਨੂੰ ਸ਼ਾਮਲ ਕੀਤਾ ਜਾਵੇ। ਖੇਤੀਬਾੜੀ ਸਬਸਿਡੀਆਂ ਅਤੇ ਗ੍ਰਾਂਟਾਂ ਨੂੰ ਵਧਾਇਆ ਜਾਵੇ। ਖੇਤੀਬਾੜੀ ਜਿਨਸਾਂ ਦੀ ਦਰਾਮਦ ਅਤੇ ਬਰਾਮਦ ਨੀਤੀਆਂ ਨੂੰ ਕਿਸਾਨ-ਪੱਖੀ ਬਣਾਉਣ ਦੀ ਲੋੜ ਹੈ। ਖੇਤੀਬਾੜੀ ਉਤਪਾਦਨ ਲਈ ਲੋੜੀਂਦੇ ਵਿੱਤ ਦਾ ਬਿਨਾ-ਵਿਆਜ ਪ੍ਰਬੰਧ ਸਰਕਾਰ ਕਰੇ। ਕਿਸਾਨਾਂ ਨੂੰ ਕੁਦਰਤੀ ਆਫਤਾਂ ਤੋਂ ਬਚਾਉਣ ਲਈ ਬੀਮੇ ਦੀ ਕਿਸਤ ਸਰਕਾਰ ਜਾਂ ਮੰਡੀ ਬੋਰਡਾਂ ਦੁਆਰਾ ਦਿੱਤੀ ਜਾਵੇ। ਖੇਤੀਬਾੜੀ ਲਾਗਤਾਂ ਨੂੰ ਘਟਾਉਣ ਅਤੇ ਕੁਦਰਤੀ ਖੇਤੀਬਾੜੀ ਵੱਲ ਮੁੜਨ ਲਈ ਖੋਜ ਅਤੇ ਵਿਕਾਸ ਕਾਰਜਾਂ ਲਈ ਲੋੜੀਂਦੇ ਵਿੱਤ ਦਾ ਪ੍ਰਬੰਧ ਸਰਕਾਰਾਂ ਨੂੰ ਕਰਨਾ ਬਣਦਾ ਹੈ।

ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਫਸਲੀ ਵੰਨ-ਸੁਵੰਨਤਾ ਲਿਆਉਣ ਅਤੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਫਸਲਾਂ ਉਗਾਉਣ/ਲਾਉਣ ਲਈ ਜ਼ੋਨ ਬਣਾ ਕੇ ਉੱਥੇ ਪੈਦਾ ਕੀਤੀਆਂ ਗਈਆਂ ਜਿਨਸਾਂ ਨੂੰ ਸਰਕਾਰ ਦੁਆਰਾ ਖਰੀਦਣ ਦੀ ਗਾਰੰਟੀ ਦੇਣੀ ਜ਼ਰੂਰੀ ਹੈ। ਸਾਰੇ ਮੁਲਕ ਵਿਚ ਯਕੀਨੀ ਸਿੰਚਾਈ ਸਹੂਲਤਾਂ ਦੇਣ ਲਈ ਵਿੱਤ ਸਬੰਧੀ ਅਤੇ ਹੋਰ ਉਪਰਾਲੇ ਸਰਕਾਰਾਂ ਕਰਨ। ਸੂਬਾ ਸਰਕਾਰਾਂ ਦੁਆਰਾ ਇਮਾਨਦਾਰੀ ਅਤੇ ਸਖਤੀ ਨਾਲ ਭੂਮੀ ਸੁਧਾਰ ਕਰਨੇ ਬਣਦੇ ਹਨ ਅਤੇ ਖੇਤੀਬਾੜੀ ਵਾਲੀ ਭੂਮੀ ਨੂੰ ਗੈਰ-ਖੇਤੀਬਾੜੀ ਵਰਤੋਂ ਸਬੰਧੀ ਬਣਦੀ ਰੋਕ ਲਾਉਣੀ ਜ਼ਰੂਰੀ ਹੈ। ਪਿੰਡਾਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਇਆ ਜਾਵੇ ਤਾਂ ਕਿ ਪੇਂਡੂ ਲੋਕਾਂ ਦਾ ਸ਼ਹਿਰਾਂ ਵੱਲ ਜਾਣ ਦੇ ਰੁਝਾਨ ਨੂੰ ਘੱਟ ਕੀਤਾ ਜਾ ਸਕੇ। ਪੇਂਡੂ ਖੇਤਰਾਂ ਵਿਚ ਮਿਆਰੀ ਵਿੱਦਿਅਕ ਅਤੇ ਸਿਹਤ-ਸੇਵਾਵਾਂ ਦਿੱਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ। ਮੁਲਕ ਦੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਸਖਤ ਲੋੜ ਹੈ।

ਕਿਸਾਨ ਸੰਘਰਸ਼ ਨੇ ਖੇਤੀਬਾੜੀ ਖੇਤਰ ਉੱਪਰ ਕਾਰਪੋਰੇਟ ਜਗਤ ਦੇ ਕਬਜ਼ੇ ਨੂੰ ਰੋਕਣ ਲਈ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਖੇਤੀਬਾੜੀ ਉੱਪਰ ਨਿਰਭਰ ਹੋਰ ਲੋਕਾਂ ਨੂੰ ਆਪਣੇ ਸਮਾਜਿਕ ਸਬੰਧਾਂ ਨੂੰ ਸੁਧਾਰਨ ਅਤੇ ਨਿੱਘੇ ਬਣਾਉਣ ਦਾ ਸੁਨੇਹਾ ਦਿੰਦੇ ਹੋਏ ਆਪਸ ਵਿਚ ਰਲ-ਮਿਲ ਕੇ ਬੈਠਣ, ਵਿਚਾਰ-ਵਟਾਂਦਰਾ ਕਰਨ ਤੇ ਸਹਿਕਾਰਤਾ ਦੀ ਭੂਮਿਕਾ ਨੂੰ ਸਾਹਮਣੇ ਲਿਆਂਦਾ ਹੈ।

ਭਾਰਤ ਵਿਚ ਸਹਿਕਾਰੀ ਖੇਤੀਬਾੜੀ ਦੀਆਂ ਲੋੜਾਂ, ਸੰਭਾਵਨਾਵਾਂ ਅਤੇ ਫਾਇਦਿਆਂ ਬਾਰੇ ਜਾਣਨ ਤੋਂ ਪਹਿਲਾਂ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਚੱਲ ਰਹੀਆਂ ਖੇਤੀਬਾੜੀ ਪ੍ਰਣਾਲੀਆਂ ਬਾਰੇ ਸੰਖੇਪ ਵਿਚ ਜਾਣ ਲੈਣਾ ਜ਼ਰੂਰੀ ਹੈ। ਇਸ ਸਮੇਂ ਦੁਨੀਆਂ ਵਿਚ ਚੱਲ ਰਹੀਆਂ ਖੇਤੀਬਾੜੀ ਪ੍ਰਣਾਲੀਆਂ ਵਿਚ (1) ਸਰਮਾਏਦਾਰ ਖੇਤੀਬਾੜੀ; (2) ਛੋਟੀ ਕਿਸਾਨੀ ਖੇਤੀਬਾੜੀ; (3) ਸਰਕਾਰੀ ਖੇਤੀਬਾੜੀ; (4) ਸਮੂਹਿਕ (ਸਾਂਝੀ) ਖੇਤੀਬਾੜੀ; ਅਤੇ (5) ਸਹਿਕਾਰੀ ਖੇਤੀਬਾੜੀ ਅਹਿਮ ਸਥਾਨ ਰੱਖਦੀਆਂ ਹਨ। ਸਰਮਾਏਦਾਰ ਖੇਤੀਬਾੜੀ ਪ੍ਰਣਾਲੀ ਵਿਚ ਜ਼ਮੀਨ ਅਤੇ ਉਤਪਾਦਨ ਵਿਚ ਵਰਤੇ ਜਾਣ ਵਾਲੇ ਸਾਧਨਾਂ ਦੀ ਮਲਕੀਅਤ ਸਰਮਾਏਦਾਰ ਕਿਸਾਨਾਂ/ਕੰਪਨੀਆਂ/ਕਾਰਪੋਰੇਟ ਅਦਾਰਿਆਂ ਦੀ ਹੁੰਦੀ ਹੈ। ਇਸ ਪ੍ਰਣਾਲੀ ਅਧੀਨ ਜੋਤਾਂ ਦਾ ਆਕਾਰ ਬਹੁਤ ਵੱਡਾ ਅਤੇ ਖੇਤੀਬਾੜੀ ਦਾ ਕੰਮ ਜ਼ਿਆਦਾਤਰ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ। ਮਸ਼ੀਨਾਂ ਨੂੰ ਵਰਤਣ ਅਤੇ ਕੁਝ ਹੋਰ ਕੰਮ ਕਰਨ ਲਈ ਖੇਤ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਜਾਂਦਾ ਹੈ। ਇਸ ਪ੍ਰਣਾਲੀ ਅਧੀਨ ਖੇਤੀਬਾੜੀ ਦੀਆਂ ਆਧੁਨਿਕ ਵਿਧੀਆਂ ਅਪਨਾਉਣ ਅਤੇ ਪੂੰਜੀ ਦੀ ਵੱਡੇ ਪੱਧਰ ਉੱਪਰ ਵਰਤੋਂ ਕਰਨ ਦੇ ਨਤੀਜੇ ਵਜੋਂ ਉਤਪਾਦਕਤਾ ਅਤੇ ਉਤਪਾਦਨ ਦੇ ਪੱਧਰ ਉੱਚੇ ਰਹਿਣ ਦੇ ਆਸਾਰ ਹੁੰਦੇ ਹਨ, ਜਿਸ ਕਾਰਨ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਦਾ ਪੱਧਰ ਉੱਚਾ ਰਹਿੰਦਾ ਹੈ। ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਨੁਕਸਾਂ ਵਿਚ ਬੇਰੁਜ਼ਗਾਰੀ ਦਾ ਵਧਣਾ, ਆਰਥਿਕ ਅਸਮਾਨਤਾਵਾਂ ਦਾ ਵਧਣਾ, ਸ਼ਾਂਤੀ ਦਾ ਭੰਗ ਹੋਣਾ, ਖੇਤੀਬਾੜੀ ਉਤਪਾਦਨ ਦਾ ਮੁੱਖ ਉਦੇਸ਼ ਨਫਾ ਹੋਣਾ ਆਦਿ ਹਨ। ਛੋਟੀ ਕਿਸਾਨੀ ਖੇਤੀਬਾੜੀ ਪ੍ਰਣਾਲੀ ਅਧੀਨ ਛੋਟੀਆਂ ਜੋਤਾਂ ਦੇ ਮਾਲਕ ਕਿਸਾਨ ਆਮ ਤੌਰ ਉੱਤੇ ਘਰ ਦੇ ਜੀਆਂ ਦੀ ਮਦਦ ਨਾਲ ਰਵਾਇਤੀ ਖੇਤੀਬਾੜੀ ਵਿਧੀਆਂ ਨਾਲ ਜੀਵਨ-ਨਿਰਬਾਹ ਲਈ ਖੇਤੀਬਾੜੀ ਕਰਦੇ ਹਨ। ਇਸ ਪ੍ਰਣਾਲੀ ਅਧੀਨ ਰੁਜ਼ਗਾਰ ਦੇ ਮੌਕੇ ਵੱਧ ਅਤੇ ਆਰਥਿਕ ਅਸਮਾਨਤਾਵਾਂ ਬਹੁਤ ਹੀ ਘੱਟ ਹੁੰਦੀਆਂ ਹਨ, ਪਰ ਮੰਡੀ ਵਿਚ ਵੇਚਣਯੋਗ ਵਾਧੂ ਜਿਨਸ ਬਹੁਤ ਹੀ ਘੱਟ ਅਤੇ ਇਸ ਦੇ ਨਤੀਜੇ ਵਜੋਂ ਘੱਟ ਆਮਦਨ ਹੋਣ ਕਾਰਨ ਕਿਸਾਨਾਂ ਦਾ ਜੀਵਨ-ਪੱਧਰ ਵੀ ਨੀਵਾਂ ਹੁੰਦਾ ਹੈ।

ਸਰਕਾਰੀ ਖੇਤੀਬਾੜੀ ਪ੍ਰਣਾਲੀ ਅਧੀਨ ਜ਼ਮੀਨ ਅਤੇ ਉਤਪਾਦਨ ਦੇ ਹੋਰ ਸਾਧਨਾਂ ਦੀ ਮਲਕੀਅਤ ਸਰਕਾਰ ਦੀ ਹੁੰਦੀ ਹੈ। ਇਸ ਪ੍ਰਣਾਲੀ ਅਧੀਨ ਜੋਤਾਂ ਦਾ ਆਕਾਰ ਵੱਡਾ ਅਤੇ ਖੇਤੀਬਾੜੀ ਕਰਨ ਦੀਆਂ ਆਧੁਨਿਕ ਵਿਧੀਆਂ ਅਪਨਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀ ਖੇਤੀਬਾੜੀ ਕਰਨ ਦਾ ਇਕ ਮੁੱਖ ਉਦੇਸ਼ ਸਮਾਜਿਕ ਲੋੜਾਂ ਨੂੰ ਪੂਰਾ ਕਰਨਾ ਹੁੰਦਾ ਹੈ, ਜਿਸ ਵਿਚ ਨਵੇਂ ਬੀਜ ਪੈਦਾ ਕਰਨ, ਉਨ੍ਹਾਂ ਨੂੰ ਵਧਾਉਣਾ ਅਤੇ ਕਿਸਾਨਾਂ ਦੀ ਭਲਾਈ ਲਈ ਉਨ੍ਹਾਂ ਨੂੰ ਰਿਆਇਤੀ ਕੀਮਤਾਂ ਉੱਪਰ ਮੁਹੱਈਆ ਕਰਵਾਉਣਾ ਸ਼ਾਮਲ ਹੁੰਦੇ ਹਨ। ਇਸ ਪ੍ਰਣਾਲੀ ਵਿਚ ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਦੀਆਂ ਅਕੁਸ਼ਲਤਾਵਾਂ ਅਤੇ ਭ੍ਰਿਸ਼ਟਾਚਾਰ ਮੁੱਖ ਸਮੱਸਿਆਵਾਂ ਹਨ। ਸਮੂਹਿਕ ਖੇਤੀਬਾੜੀ ਪ੍ਰਣਾਲੀ ਆਮ ਤੌਰ ਉੱਤੇ ਸਮਾਜਵਾਦੀ ਮੁਲਕਾਂ ਵਿਚ ਅਪਨਾਇਆ ਗਿਆ ਖੇਤੀਬਾੜੀ ਕਰਨ ਦਾ ਢੰਗ ਹੈ। ਇਸ ਪ੍ਰਣਾਲੀ ਅਧੀਨ ਜ਼ਮੀਨ ਅਤੇ ਉਤਪਾਦਨ ਦੇ ਹੋਰ ਸਾਧਨਾਂ ਦੀ ਮਲਕੀਅਤ ਸਮੂਹਿਕ ਹੁੰਦੀ ਹੈ। ਇਸ ਪ੍ਰਣਾਲੀ ਵਿਚ ਸਰਕਾਰੀ ਖੇਤੀਬਾੜੀ ਵਾਲੇ ਫਾਇਦਿਆਂ ਤੋਂ ਵੀ ਵੱਧ ਸੰਭਾਵਨਾਵਾਂ ਹੋ ਸਕਦੀਆਂ ਹਨ, ਪਰ ਵੱਖ ਵੱਖ ਕਾਰਨਾਂ ਕਰਕੇ ਬਹੁਤੇ ਮੁਲਕਾਂ ਵਿਚ ਸਮਾਜਵਾਦੀ ਪ੍ਰਬੰਧਾਂ ਦਾ ਖਤਮ ਹੋ ਜਾਣਾ ਅਤੇ ਸਖਤ ਮਿਹਨਤ ਕਰਨ ਵਾਲਿਆਂ ਲਈ ਉਤਸ਼ਾਹ ਦੇ ਘਾਟ ਦੀਆਂ ਮੁੱਖ ਕਠਿਨਾਈਆਂ ਹਨ। ਸਹਿਕਾਰੀ ਖੇਤੀਬਾੜੀ ਪ੍ਰਣਾਲੀ ਦੇ ਵੱਖ ਵੱਖ ਰੂਪਾਂ ਵਿਚੋਂ ਸਭ ਤੋਂ ਵਧੀਆ ਸਹਿਕਾਰੀ ਸਾਂਝੀ ਖੇਤੀਬਾੜੀ ਨੂੰ ਮੰਨਿਆ ਜਾਂਦਾ ਹੈ। ਇਸ ਪ੍ਰਣਾਲੀ ਅਧੀਨ ਕਿਸਾਨ ਆਪਣੀਆਂ ਜੋਤਾਂ ਉੱਪਰ ਮਿਲ ਕੇ ਖੇਤੀਬਾੜੀ ਕਰਦੇ ਹਨ। ਜੋਤਾਂ ਦੀ ਮਲਕੀਅਤ ਨਿੱਜੀ ਰਹਿੰਦੀ ਹੈ ਅਤੇ ਖੇਤੀਬਾੜੀ ਦੇ ਸਾਰੇ ਕੰਮ ਕਿਸਾਨ ਰਲ-ਮਿਲ ਕੇ ਕਰਦੇ ਹਨ। ਇਸ ਪ੍ਰਣਾਲੀ ਅਧੀਨ ਮੈਂਬਰਸ਼ਿਪ ਸਵੈ-ਇੱਛਤ ਹੁੰਦੀ ਹੈ। ਕਿਸਾਨਾਂ ਦੀਆਂ ਸਾਰੀਆਂ ਜੋਤਾਂ ਉੱਪਰ ਖੇਤੀਬਾੜੀ ਇਕ ਜੋਤ ਦੇ ਤੌਰ ਉੱਤੇ ਹੁੰਦੀ ਹੈ। ਮਿਹਨਤਾਨਾ ਕੰਮ ਅਨੁਸਾਰ ਅਤੇ ਨਫੇ ਦੀ ਵੰਡ ਜੋਤਾਂ ਦੇ ਆਕਾਰ ਅਨੁਸਾਰ ਹੁੰਦੀ ਹੈ। ਇਸ ਪ੍ਰਣਾਲੀ ਅਧੀਨ ਕੰਮ ਕਰਵਾਉਣ ਲਈ ਕਮੇਟੀ ਲੋਕਤੰਤਰੀ ਢੰਗ ਨਾਲ ਚੁਣੀ ਜਾਂਦੀ ਹੈ। ਇਸ ਪ੍ਰਣਾਲੀ ਅਧੀਨ ਜੋਤਾਂ ਨੂੰ ਇੱਕਠਾ ਕਰਨ ਦੇ ਨਤੀਜੇ ਵਜੋਂ ਵੱਡੇ ਆਕਾਰ ਦੀ ਜੋਤ ਉੱਪਰ ਖੇਤੀਬਾੜੀ ਕਰਨ ਲਈ ਖੇਤੀਬਾੜੀ ਕਰਨ ਦੀਆਂ ਆਧੁਨਿਕ ਵਿਧੀਆਂ ਨੂੰ ਅਪਨਾਇਆ ਜਾ ਸਕਦਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਦੇ ਵਧਣ ਅਤੇ ਉਨ੍ਹਾਂ ਦੇ ਜੀਵਨ-ਪੱਧਰ ਦੇ ਉੱਚਾ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।

ਭਾਵੇਂ ਮੁਲਕ ਵਿਚ ਸਰਕਾਰੀ ਸਰਪ੍ਰਸਤੀ ਅਧੀਨ ਸ਼ੁਰੂ ਕੀਤੀ ਗਈ ਸਹਿਕਾਰੀ ਖੇਤੀਬਾੜੀ ਦੇ ਬਹੁਤ ਚੰਗੇ ਨਤੀਜੇ ਸਾਹਮਣੇ ਨਾ ਆਉਣ ਕਰਕੇ ਇਸ ਪ੍ਰਣਾਲੀ ਦੀ ਨੁਕਤਾਚੀਨੀ ਹੁੰਦੀ ਰਹੀ ਹੈ, ਪਰ ਖੇਤੀਬਾੜੀ ਖੇਤਰ ਨਾਲ ਸਬੰਧਿਤ ਸਹਿਕਰਤਾ ਦੀ ਸ਼ਾਨਦਾਰ ਕਾਮਯਾਬੀ ਦੀਆਂ ਅਨੇਕਾਂ ਮਿਸਾਲਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਵਿਚ ਅਮੂਲ ਡੇਅਰੀ, ਇਫਕੋ, ਕਰਿਭਕੋ, ਹੁਸ਼ਿਆਰਪੁਰ ਜਿਲੇ ਦਾ ਪਿੰਡ ਲਾਂਬੜਾ ਕਾਂਗੜੀ, ਮੋਗੇ ਜਿਲੇ ਦਾ ਪਿੰਡ ਚੱਕ ਕੰਨੀਆਂ ਕਲਾਂ, ਪੰਜਾਬ ਦਲਿਤ ਪਰਿਵਾਰਾਂ ਦੁਆਰਾ ਪਿੰਡ ਬਲਦ ਕਲਾਂ ਤੇ ਕਈ ਹੋਰ ਪਿੰਡਾਂ ਵਿਚ ਕਾਮਯਾਬ ਕੀਤੀ ਸਹਿਕਾਰੀ ਖੇਤੀਬਾੜੀ ਅਤੇ ਇਨ੍ਹਾਂ ਤੋਂ ਬਿਨਾ ਬਿਹਾਰ, ਪੱਛਮੀ ਬੰਗਾਲ, ਕੇਰਲਾ, ਤੇਲੰਗਾਨਾ ਅਤੇ ਗੁਜਰਾਤ ਵਿਚ ਕੀਤੀ ਜਾ ਰਹੀ ਸਹਿਕਾਰੀ ਖੇਤੀਬਾੜੀ ਹਨ। ਇਹ ਸਾਰੀਆਂ ਮਿਸਾਲਾਂ ਆਉਣ ਵਾਲੇ ਸਮੇਂ ਦੌਰਾਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੁਆਰਾ ਸਹਿਕਾਰੀ ਖੇਤੀਬਾੜੀ ਅਪਨਾ ਕੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਵਿਚ ਸਹਾਈ ਹੋਣਗੀਆਂ।

ਪ੍ਰੋਫੈਸਰ ਬੀਨਾ ਅਗਰਵਾਲ ਦੁਆਰਾ ਕੀਤੇ ਗਏ ਇਕ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਕੇਰਲਾ ਵਿਚ 4-10 ਔਰਤਾਂ ਦੇ 68000 ਤੋਂ ਵੱਧ ਗਰੁੱਪ ਠੇਕੇ ਉੱਪਰ ਜ਼ਮੀਨ ਲੈ ਕੇ ਸਹਿਕਾਰੀ ਖੇਤੀਬਾੜੀ ਕਰਦੇ ਹਨ, ਜਿਸ ਨੇ ਉਨ੍ਹਾਂ ਔਰਤਾਂ ਦੀ ਵੱਖ ਵੱਖ ਪੱਖਾਂ ਤੋਂ ਕਾਇਆ ਕਲਪ ਕਰ ਦਿੱਤੀ ਹੈ। ਇਸ ਅਧਿਐਨ ਅਨੁਸਾਰ ਕੇਰਲਾ ਵਿਚ ਔਰਤਾਂ ਵਾਲੀਆਂ ਸਹਿਕਾਰੀ ਖੇਤੀਬਾੜੀ ਜੋਤਾਂ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਨਿੱਜੀ ਜੋਤਾਂ (95 ਫੀਸਦ ਮਰਦਾ ਵਾਲੀਆਂ) ਨਾਲੋਂ 1.8 ਗੁਣਾ ਅਤੇ ਸ਼ੁੱਧ ਆਮਦਨ ਪੰਜ ਗੁਣਾ ਹੈ। ਪੰਜਾਬ ਦੇ ਦਲਿਤਾਂ ਵੱਲੋਂ ਪੰਚਾਇਤੀ ਜ਼ਮੀਨਾਂ ਵਿਚੋਂ ਆਪਣੇ ਹਿੱਸੇ 1/3 ਜ਼ਮੀਨ ਠੇਕੇ ਉੱਪਰ ਲੈ ਕੇ ਕੀਤੀ ਗਈ ਸਹਿਕਾਰੀ ਖੇਤੀਬਾੜੀ ਨੇ ਦਲਿਤ ਪਰਿਵਾਰਾਂ ਦੀ ਆਮਦਨ ਵਧਾਉਣ, ਉਨ੍ਹਾਂ ਲਈ ਸਾਲ ਭਰ ਦਾ ਅਨਾਜ, ਹਰੇ ਤੇ ਸੁੱਕੇ ਚਾਰੇ ਅਤੇ ਸਾਗ, ਸਬਜ਼ੀਆਂ ਦੀਆਂ ਲੋੜਾਂ ਪੂਰਾ ਕਰਨ ਦੇ ਨਾਲ ਨਾਲ ਸਨਮਾਨ ਦੀ ਜ਼ਿੰਦਗੀ ਜਿਊਣ ਦਾ ਰਾਹ ਦਿਖਾਇਆ ਹੈ।

ਹੁਣ ਸਮੇਂ ਦੀ ਲੋੜ ਹੈ ਕਿ ਪੰਚਾਇਤੀ, ਧਾਰਮਿਕ ਸਥਾਨਾਂ ਅਤੇ ਹੋਰ ਸਾਂਝੀਆਂ ਜ਼ਮੀਨਾਂ ਨੂੰ ਸਹਿਕਾਰੀ ਖੇਤੀਬਾੜੀ ਅਧੀਨ ਲਿਆਂਦਾ ਜਾਵੇ। ਇਨ੍ਹਾਂ ਜ਼ਮੀਨਾਂ ਵਿਚੋਂ ਇਕ-ਤਿਹਾਈ ਜ਼ਮੀਨ ਦਲਿਤਾਂ, ਇਕ-ਤਿਹਾਈ ਜ਼ਮੀਨ ਔਰਤਾਂ ਅਤੇ ਇਕ-ਤਿਹਾਈ ਜ਼ਮੀਨ ਨਿਮਨ ਕਿਸਾਨਾਂ ਦੀਆਂ ਸਹਿਕਾਰੀਆਂ ਸੰਮਤੀਆਂ ਨੂੰ ਖੇਤੀਬਾੜੀ ਕਰਨ ਲਈ ਬਿਨਾ ਠੇਕੇ ਤੋਂ ਦਿੱਤੀ ਜਾਵੇ, ਕਿਉਂਕਿ ਪੰਚਾਇਤੀ ਜ਼ਮੀਨ ਤੋਂ ਪ੍ਰਾਪਤ ਆਮਦਨ ਦਾ ਉਦੇਸ਼ ਪੇਂਡੂ ਲੋਕਾਂ ਦੀ ਭਲਾਈ ਅਤੇ ਧਾਰਮਿਕ ਸਥਾਨਾਂ ਦੀ ਜ਼ਮੀਨ ਦਾ ਉਦੇਸ਼ ਧਾਰਮਿਕ ਸੰਦੇਸ਼ਾਂ ਨੂੰ ਜਨ-ਸਮੂਹਾਂ ਤੱਕ ਪਹੁੰਚਾਉਣਾ ਹੁੰਦਾ ਹੈ। ਸਿੱਖ ਧਰਮ ਅਨੁਸਾਰ "ਗਰੀਬ ਦਾ ਮੂੰਹ, ਗੁਰੂ ਦੀ ਗੋਲਕ" ਉਦੇਸ਼ ਸਹਿਕਾਰੀ ਖੇਤੀਬਾੜੀ ਕਰਨ ਲਈ ਸੇਧ ਦਿੰਦਾ ਹੈ। ਨਿਮਨ ਕਿਸਾਨ ਆਪਣੀਆਂ ਜ਼ਮੀਨਾਂ ਅਤੇ ਉਤਪਾਦਨ ਦੇ ਹੋਰ ਸਾਧਨ ਇੱਕਠੇ ਕਰਕੇ ਸਹਿਕਾਰੀ ਖੇਤੀਬਾੜੀ ਦੁਆਰਾ ਆਪਣੀਆਂ ਕਾਫੀ ਮੁਸ਼ਕਿਲਾਂ ਨੂੰ ਹੱਲ ਕਰ ਸਕਦੇ ਹਨ। ਜੇ ਇਹ ਕਿਸਾਨ ਗੁਆਂਢੀ ਜਾਂ ਇਕ-ਦੂਜੇ ਨੂੰ ਜਾਣਦੇ ਹੋਣਗੇ ਤਾਂ ਉਨ੍ਹਾਂ ਦੀ ਕਾਮਯਾਬੀ ਦੀਆਂ ਜ਼ਿਆਦਾ ਸੰਭਾਵਨਾਵਾਂ ਹੋਣਗੀਆਂ। ਸਹਿਕਾਰੀ ਖੇਤੀਬਾੜੀ ਕਰਨ ਨਾਲ ਜਿੱਥੇ ਉਤਪਾਦਨ ਤੇ ਆਮਦਨ ਵਧਣਗੇ, ਉੱਥੇ ਸਮਾਜਿਕ ਕਦਰਾਂ-ਕੀਮਤਾਂ ਵੀ ਨਿੱਗਰ ਹੋਣਗੀਆਂ ਅਤੇ ਸਹਿਕਾਰਤਾ ਦਾ ਮੁੱਖ ਸਨੇਹਾ "ਸਾਰੇ ਇਕ ਲਈ, ਇਕ ਸਾਰਿਆਂ ਲਈ" ਦੂਰ ਤੱਕ ਜਾਵੇਗਾ।

ਕਿਸਾਨ ਸੰਘਰਸ਼ ਦੀ ਸ਼ਾਨਦਾਰ ਕਾਮਯਾਬੀ ਵਿਚ ਦਲਿਤਾਂ, ਔਰਤਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਅਹਿਮ ਅਤੇ ਨਿਰਸੁਆਰਥ ਭੂਮਿਕਾ ਨੂੰ ਦੇਖਦਿਆਂ ਵੱਡੇ ਕਿਸਾਨਾਂ ਦੀ ਇਨ੍ਹਾਂ ਗਰੀਬ ਵਰਗਾਂ ਦੁਆਰਾ ਸਹਿਕਾਰੀ ਖੇਤੀਬਾੜੀ ਕਰਨ ਵਿਚ ਵੱਡੀ ਭੂਮਿਕਾ ਬਣਦੀ ਹੈ ਅਤੇ ਉਮੀਦ ਵੀ ਕੀਤੀ ਜਾਂਦੀ ਹੈ ਕਿ ਸਹਿਕਾਰੀ ਖੇਤੀਬਾੜੀ ਇਨ੍ਹਾਂ ਵੱਖ ਵੱਖ ਕਿਰਤੀ ਵਰਗਾਂ ਦੀ ਆਰਥਿਕ-ਸਮਾਜਿਕ ਬਿਹਤਰੀ ਅਤੇ ਰਾਜਸੀ ਭਾਗੀਦਾਰੀ ਨੂੰ ਵਧਾਉਣ ਵਿਚ ਕਾਮਯਾਬ ਹੋਵੇਗੀ। ਸਹਿਕਾਰੀ ਖੇਤੀਬਾੜੀ ਤੋਂ ਬਿਨਾ ਐਗਰੋ-ਪ੍ਰੋਸੈਸਿੰਗ, ਕੁਦਰਤੀ ਖੇਤੀਬਾੜੀ ਅਤੇ ਵੱਖ ਵੱਖ ਖੇਤੀਬਾੜੀ ਵਸਤਾਂ ਨੂੰ ਆਪਣੇ ਖੇਤਾਂ ਦੇ ਨਾਲ ਲੱਗਦੀਆਂ ਸੜਕਾਂ ਦੇ ਕਿਨਾਰਿਆਂ ਉੱਪਰ, ਕਸਬਿਆਂ ਅਤੇ ਸ਼ਹਿਰਾਂ ਵਿਚ ਆਪਣੇ ਬੂਥ ਬਣਾ ਕੇ ਵੇਚਣਾ ਜਿੱਥੇ ਕਿਸਾਨਾਂ ਦੇ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਕਰੇਗਾ, ਉੱਥੇ ਖਪਤਕਾਰਾਂ ਨੂੰ ਤਾਜ਼ਾ ਅਤੇ ਵਧੀਆ ਵਸਤਾਂ ਮੰਡੀ ਨਾਲੋਂ ਸਸਤੀਆਂ ਮਿਲਣਗੀਆਂ। ਖੇਤੀਬਾੜੀ ਸੇਵਾਵਾਂ ਜਿਵੇਂ ਕਿਰਾਏ ਉੱਪਰ ਮਸ਼ੀਨਰੀ, ਮਸ਼ੀਨਰੀ ਦੀ ਰਿਪੇਅਰ, ਵਿੱਤ ਦਾ ਪ੍ਰਬੰਧ ਅਤੇ ਹੋਰਾਂ ਦੇ ਸਬੰਧ ਵਿਚ ਵੀ ਸਹਿਕਾਰਤਾ ਸ਼ਾਨਦਾਰ ਪ੍ਰਾਪਤੀਆਂ ਕਰੇਗੀ। ਸਹਿਕਾਰੀ ਖੇਤੀਬਾੜੀ ਦੀ ਕਾਮਯਾਬੀ ਵਿਚ ਜ਼ਮੀਨੀ ਸੁਧਾਰ ਸ਼ਾਨਦਾਰ ਯੋਗਦਾਨ ਪਾਉਣਗੇ।

# ਪੈਰਿਸ ਮੌਸਮੀ ਸਮਝੌਤੇ 'ਚ ਅਮਰੀਕਾ ਦੀ ਵਾਪਸੀ ਕਿਵੇਂ ਸਾਰਥਕ ਹੋਵੇ?

ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ, ਸਹੁੰ ਚੁੱਕ ਉਦਘਾਟਨ ਤੋਂ ਬਾਅਦ ਹੀ, ਪੈਰਿਸ ਮੌਸਮੀ ਸਮਝੌਤੇ ਵਿਚ ਮੁੜ ਸ਼ਾਮਲ ਹੋਣ ਲਈ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟਨੀਓ ਗੁਟਰਸ ਨੂੰ ਬੇਨਤੀ ਕੀਤੀ, ਜਿਸ ਨੂੰ ਉਨ੍ਹਾਂ ਨੇ ਉਸੇ ਦਿਨ ਸਵੀਕਾਰ ਕਰਦਿਆਂ ਅਮਰੀਕਾ ਦੇ ਇਸ ਫੈਸਲੇ ਦਾ ਸੁਆਗਤ ਵੀ ਕੀਤਾ। ਪੈਰਿਸ ਮੌਸਮੀ ਸਮਝੌਤੇ ਨੂੰ 2015 ਇਹ ਅਮਰੀਕਾ ਦੇ ਉਦੋਂ ਦੇ ਰਾਸ਼ਟਰਪਤੀ ਬਰਾਕ ਉਬਾਮਾ ਨੇ ਭਰਵਾਂ ਹੁੰਗਾਰਾ ਦਿੰਦਿਆਂ ਕਿਹਾ ਸੀ ਕਿ ਧਰਤੀ ਉੱਤੇ ਵਧਦੇ ਤਾਪਮਾਨ ਉੱਤੇ ਕਾਬੂ ਪਾਉਣ ਦਾ ਦੁਨੀਆਂ ਦੇ ਸਾਰੇ ਦੇਸ਼ਾਂ ਦਾ ਇਕੋ-ਇਕ ਸਾਂਝਾ ਅਤੇ ਸਲਾਹੁਣਯੋਗ ਉਪਰਾਲਾ ਹੈ,

ਡਾ. ਗੁਰਿੰਦਰ ਕੌਰ

ਪਰ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਸ਼ਾਸਨ ਸੰਭਾਲਦੇ ਹੀ 2017 ਵਿਚ ਇਸ ਸਮਝੌਤੇ ਵਿਚੋਂ ਇਹ ਕਹਿ ਕੇ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ ਕਿ ਮੌਸਮੀ ਸਮਝੌਤਾ ਅਮਰੀਕਾ ਦੇ ਆਰਥਿਕ ਵਿਕਾਸ ਦੇ ਹੱਕ ਵਿਚ ਨਹੀਂ ਹੈ, ਇਸ ਨਾਲ ਅਮਰੀਕਾ ਦੀ ਅਰਥ-ਵਿਵਸਥਾ ਡਗਮਗਾ ਜਾਵੇਗੀ ਅਤੇ ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਜਾਣਗੀਆਂ। ਇਸ ਤਰ੍ਹਾਂ 4 ਨਵੰਬਰ 2020 ਨੂੰ ਅਮਰੀਕਾ ਟਰੰਪ ਪ੍ਰਸ਼ਾਸਨ ਦੌਰਾਨ ਇਸ ਸਮਝੌਤੇ ਤੋਂ ਬਾਹਰ ਹੋ ਗਿਆ। ਜੋਅ ਬਾਇਡਨ ਵਲੋਂ ਮੁੜ ਵਾਪਸੀ ਦੇ ਉਪਰਾਲੇ ਨਾਲ ਅਮਰੀਕਾ 19 ਫਰਵਰੀ 2021 ਨੂੰ ਪ੍ਰਸ਼ਾਸਨਿਕ ਤੌਰ ਉੱਤੇ ਪੈਰਿਸ ਮੌਸਮੀ ਸਮਝੌਤੇ ਵਿਚ ਸ਼ਾਮਲ ਹੋ ਜਾਵੇਗਾ।

ਅਮਰੀਕਾ ਦੀ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਦਾ ਕਈ ਯੂਰਪੀਅਨ ਦੇਸ਼ਾਂ ਨੇ ਸੁਆਗਤ ਕੀਤਾ ਹੈ। ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸ ਆਉਣ ਦਾ ਅਰਥ ਹੈ ਕਿ ਹੁਣ ਅਮਰੀਕਾ ਨੂੰ ਸੰਯੁਕਤ ਰਾਸ਼ਟਰ ਦੇ ਇਸ ਸਮਝੌਤੇ ਵਿਚ ਉਲੀਕੇ ਪ੍ਰੋਗਰਾਮ ਅਤੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ ਅਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਦੀ ਦਰ ਵਿਚ ਕਟੌਤੀ ਦੀ ਵਚਨਬੱਧਤਾ ਉੱਤੇ ਪੂਰਾ ਉਤਰਨਾ ਹੋਵੇਗਾ। ਬਾਇਡਨ ਪ੍ਰਸ਼ਾਸਨ ਜੇ ਸਚਮੁੱਚ ਹੀ ਪੈਰਿਸ ਮੌਸਮੀ ਸਮਝੌਤੇ ਨੂੰ ਗੰਭੀਰਤਾ ਨਾਲ ਲੈ ਰਿਹਾ ਹੈ ਤਾਂ ਹੁਣ ਇਸ ਨੂੰ ਉੱਥੋਂ ਸ਼ੁਰੂ ਨਹੀਂ ਕਰਨਾ ਚਾਹੀਦਾ, ਜਿੱਥੇ ਓਬਾਮਾ ਪ੍ਰਸ਼ਾਸਨ ਨੇ ਛੱਡਿਆ ਸੀ, ਕਿਉਂਕਿ ਟਰੰਪ ਪ੍ਰਸ਼ਾਸਨ ਦੇ ਚਾਰ ਸਾਲਾਂ ਦੌਰਾਨ ਵਾਤਾਵਰਣ ਦੇ ਨੁਕਸਾਨ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਨੋਆ ਸੰਸਥਾ ਅਨੁਸਾਰ ਇੱਕਲੇ 2018 ਦੇ ਸਾਲ ਵਿਚ ਹੀ ਅਮਰੀਕਾ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ 2.6 ਫੀਸਦ ਵਾਧਾ ਆਂਕਿਆ ਗਿਆ ਹੈ। ਡੋਨਾਲਡ ਟਰੰਪ ਨੇ ਆਪਣੇ ਕਾਰਜਕਾਲ ਦੌਰਾਨ ਕੋਲੇ ਨਾਲ ਬਿਜਲੀ ਪੈਦਾ ਕਰਨ ਵਾਲੇ ਸਾਰੇ ਪਲਾਂਟਾਂ ਅਤੇ ਕੀਸਟੋਨ ਐਕਸਐੱਲ ਤੇਲ ਪਾਈਪ ਲਾਈਨ ਵਰਗੇ ਵੱਧ ਗਰੀਨਹਾਊਸ ਗੈਸਾਂ ਪੈਦਾ ਕਰਨ ਵਾਲੇ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਤੋਂ ਇਲਾਵਾ ਉਸ ਨੇ ਵਾਤਾਵਰਣ ਸਾਂਭ-ਸੰਭਾਲ ਸਬੰਧੀ 100 ਤੋਂ ਉੱਪਰ ਕਾਨੂੰਨ ਰੱਦ ਕਰ ਦਿੱਤੇ ਸਨ ਅਤੇ ਵਾਤਾਵਰਣ ਸਾਂਭ-ਸੰਭਾਲ ਨੂੰ ਦਿੱਤੀ ਜਾਂਦੀ ਵਿੱਤੀ ਮਦਦ ਵੀ ਬੰਦ ਕਰ ਦਿੱਤੀ ਸੀ।

ਇਸ ਸਬੰਧ ਵਿਚ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਯੂਨੀਅਨ ਆਫ ਕਨਸਰਡ ਸਾਇੰਟਿਸਟਜ਼ ਦੀ 12 ਅਗਸਤ 2020 ਨੂੰ ਇਕ ਰਿਪੋਰਟ ਅਨੁਸਾਰ ਅਮਰੀਕਾ ਦਾ ਹਰ ਵਿਅਕਤੀ ਆਪਣੇ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤੌਰ-ਤਰੀਕਿਆਂ ਨਾਲ ਪ੍ਰਤਿ ਸਾਲ 16.56 ਕਾਰਬਨਡਾਇਕਸਾਇਅਡ ਛੱਡ ਰਿਹਾ ਹੈ।

ਪੈਰਿਸ ਮੌਸਮੀ ਸਮਝੌਤੇ ਵਿਚੋਂ ਅਮਰੀਕਾ ਦੇ ਬਾਹਰ ਨਿਕਲਣ ਦੇ ਐਲਾਨ ਨੂੰ ਦੇਖਦਿਆਂ ਚੀਨ ਅਤੇ ਭਾਰਤ ਵਰਗੇ ਵੱਧ ਗਰੀਨਹਾਊਸ ਗੈਸਾਂ ਛੱਡਣ ਵਾਲੇ ਦੇਸ਼ ਵੀ ਇਸ ਪੱਖੋਂ ਲਾਪਰਵਾਹ ਹੋ ਗਏ। ਚੀਨ, ਜੋ ਹੁਣ ਵਾਤਾਵਰਣ ਵਿਚ ਸਭ ਦੇਸਾਂ ਨਾਲੋਂ ਜ਼ਿਆਦਾ ਹਿੱਸਾ, ਕੁੱਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਦਾ 28 ਫੀਸਦ, ਵਾਤਾਵਰਣ ਵਿਚ ਛੱਡ ਰਿਹਾ ਹੈ, ਨੇ ਇਸ ਅਰਸੇ ਵਿਚ ਕੋਲੇ ਨਾਲ ਬਿਜਲੀ ਪੈਦਾ ਕਰਨ ਵਾਲੇ ਪਲਾਂਟ ਲਾਏ ਹਨ ਅਤੇ ਕਿਹਾ ਹੈ ਕਿ ਉਹ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਆਰਥਿਕ ਵਿਕਾਸ ਦੀ ਪੂਰਨ ਉਚਾਈ ਉੱਤੇ ਪਹੁੰਚ ਕੇ 2030 ਤੋਂ ਬਾਅਦ ਕਰਨੀ ਸ਼ੁਰੂ ਕਰੇਗਾ। ਜੇ ਭਾਰਤ ਦੀ ਗੱਲ ਕਰਦੇ ਹਾਂ ਤਾਂ ਉਹ ਵੀ ਥੌਮਸਨ ਰੀਊਟਰਜ਼ ਫਾਊਡਨੇਬਨ ਦੀ ਜੁਲਾਈ 2019 ਦੀ ਇਕ ਰਿਪੋਰਟ ਅਨੁਸਾਰ ਕੋਲੇ ਤੋਂ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਿਚ 2018 ਤੋਂ 2022 ਦੇ ਅਰਸੇ ਵਿਚ 22 ਫੀਸਦ ਵਾਧਾ ਕਰਨ ਦੀ ਯੋਜਨਾ ਉੱਤੇ ਚੱਲ ਰਿਹਾ ਹੈ। ਇਨ੍ਹਾਂ ਦੇਸ਼ਾਂ ਨੇ ਵੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਲਿਆ ਹੋਇਆ ਹੈ।

ਅਮਰੀਕਾ ਦੀ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਭਾਵੇਂ ਇਕ ਸ਼ਲਾਘਾਯੋਗ ਉਪਰਾਲਾ ਹੈ, ਪਰ ਪਿਛਲੇ ਚਾਰ ਸਾਲਾਂ ਵਿਚ ਗਰੀਨਹਾਊਸ ਗੈਸਾਂ ਦੀ ਲਗਾਤਾਰ ਵਧਦੀ ਨਿਕਾਸੀ ਨਾਲ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। ਨੌਆ ਸੰਸਥਾ ਦੀ 2020 ਦੀ ਸਾਲਾਨਾ ਰਿਪੋਰਟ ਅਨੁਸਾਰ 2014 ਤੋਂ 2020 ਤੱਕ ਦੇ ਸੱਤ ਸਾਲ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਿਕਾਰਡ ਕੀਤੇ ਗਏ ਹਨ। ਡਬਲਿਓ. ਐੱਮ. ਓ. ਦੀ 'ਦਿ ਸਟੇਟ ਆਫ ਗਲੋਬਲ ਕਲਾਈਮੇਟ 2020' ਰਿਪੋਰਟ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿਚ ਜਨਵਰੀ ਤੋਂ ਅਕਤੂਬਰ ਤੱਕ 1.2 ਡਿਗਰੀ ਸੈਲਸੀਅਸ ਵਾਧਾ ਰਿਕਾਰਡ ਕੀਤਾ ਗਿਆ, ਪਰ ਲਾ-ਨੀਨਾ ਦੇ ਪ੍ਰਭਾਵ ਥੱਲੇ ਨਵੰਬਰ ਅਤੇ ਦਸੰਬਰ ਦੇ ਤਾਪਮਾਨ ਵਿਚ ਵਾਧਾ ਬਾਕੀ ਮਹੀਨਿਆਂ ਦੇ ਮੁਕਾਬਲੇ ਘੱਟ ਰਿਹਾ ਹੈ, ਜਿਸ ਕਰਕੇ 2020 ਦੇ ਸਾਲ ਵਿਚ ਔਸਤ ਤਾਪਮਾਨ ਵਿਚ ਵਾਧਾ ਹੁਣ ਤੱਕ ਦੇ ਸਭ ਤੋਂ ਗਰਮ ਸਾਲ 2016 ਨਾਲੋਂ ਸਿਰਫ 0.02 ਡਿਗਰੀ ਸੈਲਸੀਅਸ ਹੀ ਘੱਟ ਰਿਹਾ। ਇਸ ਅਰਸੇ ਵਿਚ ਵਾਤਾਵਰਣ ਵਿਚ ਕਾਰਬਨਡਾਇਆਕਸਾਈਡ ਦੀ ਘਣਤਾ ਵੀ ਤੇਜ਼ੀ ਨਾਲ ਨਾਲ ਵਧੀ। ਦਸੰਬਰ 2015 ਦੌਰਾਨ ਵਾਤਾਵਰਣ ਵਿਚ ਕਾਰਬਨਡਾਇਆਕਸਾਈਡ ਦੀ ਔਸਤ ਘਣਤਾ 401.85 ਪੀ. ਪੀ. ਐੱਮ. (ਪਾਰਟਸ ਪਰ ਮਿਲੀਅਨ) ਸੀ, ਜਿਹੜੀ ਦਸੰਬਰ 2020 ਵਿਚ ਵਧ ਕੇ 413.95 ਪੀ. ਪੀ. ਐੱਮ. ਹੋ ਗਈ ਹੈ। ਕਾਰਬਨਡਾਇਆਕਸਾਈਡ ਤਾਪਮਾਨ ਵਿਚ ਵਾਧਾ ਕਰਨ ਵਾਲੀ ਇਕ ਅਹਿਮ ਗੈਸ ਹੈ। ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗੈਸਾਂ ਦੀ ਵਧ ਰਹੀ ਨਿਕਾਸੀ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਲਾਬ ਦੇ ਸਮੇਂ ਨਾਲੋਂ ਹੁਣ ਤੱਕ 1.00 ਡਿਗਰੀ ਸੈਲਸੀਅਸ ਵਾਧਾ ਹੋ ਚੁਕਾ ਹੈ।



ਅਮਰੀਕਾ ਦੇ ਪ੍ਰਸ਼ਾਸਕ ਭਾਵੇਂ ਵਾਤਾਵਰਣ ਮੌਸਮੀ ਸਮਝੌਤਿਆਂ ਨੂੰ ਸੰਜੀਦਗੀ ਨਾਲ ਨਹੀਂ ਲੈਂਦੇ, ਪਰ ਤਾਪਮਾਨ ਦੇ ਵਾਧੇ ਦੀ ਮਾਰ ਤਾਂ ਅਮਰੀਕਾ ਵੀ ਬੁਰੀ ਤਰ੍ਹਾਂ ਝੱਲ ਰਿਹਾ ਹੈ। ਨੌਆ ਸੰਸਥਾ ਦੇ ਅੰਕੜਿਆਂ ਅਨੁਸਾਰ 2020 ਵਿਚ ਅਮਰੀਕਾ ਵਿਚ 22 ਵੱਡੀਆਂ ਕੁਦਰਤੀ ਆਫਤਾਂ ਆਈਆਂ, ਜਿਨ੍ਹਾਂ ਨਾਲ ਲਗਭਗ 95 ਬਿਲੀਅਨ ਡਾਲਰ ਦਾ ਨੁਕਸਾਨ ਹੋ ਗਿਆ। ਰਿਕਾਰਡ ਅਨੁਸਾਰ ਹੁਣ ਤੱਕ ਦੀਆਂ ਸਭ ਤੋਂ ਭਿਆਨਕ 6 ਅੱਗਾਂ ਕੈਲੀਫੋਰਨੀਆ ਵਿਚ ਲੱਗੀਆਂ, ਜਿਨ੍ਹਾਂ ਨਾਲ 10.3 ਮਿਲੀਅਨ ਏਕੜ ਜੰਗਲੀ ਖੇਤਰ ਸੜ ਕੇ ਸੁਆਹ ਹੋ ਗਿਆ। ਅੱਗਾਂ ਦੀ ਕਹਿਰ ਇੰਨਾ ਜ਼ਿਆਦਾ ਸੀ ਕਿ ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਤੋਂ ਲੈ ਕੇ ਸੈਨ ਫਰਾਂਸਿਸਕੋ ਤੱਕ ਅਸਮਾਨ ਅੱਗ ਦੀਆਂ ਲਪਟਾਂ ਨਾਲ ਲਾਲ ਹੋ ਗਿਆ ਸੀ, ਜੋ ਦੁਨੀਆਂ ਭਰ ਦੇ ਅਖਬਾਰਾਂ ਦੀਆਂ ਸੁਰਖੀਆਂ ਬਣਿਆ ਰਿਹਾ। ਜੰਗਲੀ ਅੱਗ ਦੇ ਪ੍ਰਦੂਸ਼ਣ ਨਾਲ ਅਮਰੀਕਾ ਦੇ ਪੱਛਮੀ ਖੇਤਰ ਦੇ ਨਾਲ ਨਾਲ ਇੱਥੋਂ ਦੇ ਪੂਰਬੀ ਖੇਤਰ ਦੇ ਨਿਊ ਯਾਰਕ ਤੱਕ ਬੁਰੀ ਤਰ੍ਹਾਂ ਹਵਾ ਦੇ ਪ੍ਰਦੂਸ਼ਣ ਦੀ ਲਪੇਟ ਵਿਚ ਆਇਆ ਰਿਹਾ। ਇਸ ਸਾਲ ਸਮੁੰਦਰੀ ਤੂਫਾਨਾਂ ਦੀ ਰਿਕਾਰਡ ਆਮਦ, ਜੋ ਗਿਣਤੀ ਵਿਚ 31 ਸਨ, ਨੇ ਵੀ ਅਮਰੀਕਾ ਵਿਚ ਭਾਰੀ ਨੁਕਸਾਨ ਕੀਤਾ। ਅੱਜ ਕੱਲ੍ਹ ਵੀ ਅਮਰੀਕਾ ਆਰਕਟਿਕ ਉੱਤਲੇ ਤਾਪਮਾਨ ਦੇ ਵਾਧੇ ਕਾਰਨ ਮੌਸਮ ਵਿਚ ਤਬਦੀਲੀ ਕਾਰਨ ਭਾਰੀ ਬਰਫਬਾਰੀ ਅਤੇ ਠੰਡ ਦੀ ਮਾਰ ਝੱਲ ਰਿਹਾ ਹੈ।

ਅਮਰੀਕਾ ਨੂੰ ਆਪਣੇ ਦੇਸ਼ ਅਤੇ ਦੁਨੀਆਂ ਵਿਚ ਤਾਪਮਾਨ ਦੇ ਵਾਧੇ ਨਾਲ ਹੋ ਰਹੇ ਨੁਕਸਾਨ ਨੂੰ ਠੱਲ੍ਹ ਪਾਉਣ ਲਈ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਇਕ ਸੁਨਹਿਰੀ ਮੌਕਾ ਸਾਬਤ ਹੋ ਸਕਦੀ ਹੈ, ਜੇ ਹੁਣ ਇਹ ਦੇਸ਼ ਆਪਣੇ ਪਿਛਲੇ ਇਤਿਹਾਸ ਨੂੰ ਲਾਂਭੇ ਕਰਕੇ ਸੰਜੀਦਗੀ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਦੀ ਕਟੌਤੀ ਵੱਲ ਧਿਆਨ ਦੇਵੇ। ਅਸਲ ਵਿਚ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਹੁਣ ਤੱਕ ਜਿੰਨੀਆਂ ਵੀ ਕਾਨਫਰੰਸਾਂ ਜਾਂ ਪਰੋਟੋਕੋਲ ਹੋਏ ਹਨ, ਉਨ੍ਹਾਂ ਵਿਚ ਅਮਰੀਕਾ ਨੇ ਕਦੇ ਵੀ ਸਲਾਹੁਣਯੋਗ ਭੂਮਿਕਾ ਨਹੀਂ ਨਿਭਾਈ। ਇਹ ਦੇਸ਼ ਵਾਤਾਵਰਣ ਮੁੱਦਿਆਂ ਉੱਤੇ ਵਾਅਦੇ ਨਿਭਾਉਣ ਵਿਚ ਸਦਾ ਅਸਫਲ ਰਿਹਾ ਹੈ। ਇਕ ਰਾਸ਼ਟਰਪਤੀ ਵਾਅਦਾ ਕਰਦਾ ਹੈ ਅਤੇ ਦੂਜਾ ਰਾਸ਼ਟਰਪਤੀ ਉਸ ਤੋਂ ਬਾਹਰ ਹੋਣ ਦਾ ਐਲਾਨ ਕਰ ਦਿੰਦਾ ਹੈ। ਆਓ, ਅਮਰੀਕਾ ਦੇ ਇਸ ਅਨੋਖੇ ਵਤੀਰੇ ਉੱਤੇ ਇਕ ਸਰਸਰੀ ਝਾਤ ਪਾ ਲਈਏ।

ਬ੍ਰਾਜ਼ੀਲ ਦੇ ਰੀਓ-ਡੀ-ਜੇਨਰੀਓ ਸ਼ਹਿਰ ਵਿਚ 1992 ਵਿਚ 'ਅਰਥ ਸੱਮਿਟ' ਨਾਂ ਦੀ ਕਾਨਫਰੰਸ ਵਿਚ ਪਹਿਲੀ ਵਾਰ ਦੁਨੀਆਂ ਦੇ ਸਾਰੇ ਵਿਕਸਿਤ ਦੇਸ਼ 2000 ਦੇ ਅੰਤ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ 1990 ਵਿਚ ਹੋਈ ਨਿਕਾਸੀ ਦੇ ਪੱਧਰ ਤੱਕ ਕਰਨ ਦੇ ਫੈਸਲੇ ਨਾਲ ਰਜ਼ਾਮੰਦ ਹੋਏ ਸਨ। ਇਸ ਫੈਸਲੇ ਉੱਤੇ ਅਮਰੀਕੀ ਪ੍ਰਤੀਨਿਧ ਨੇ ਦਸਤਖਤ ਕਰਕੇ ਉਸ ਦੀ ਪੁਸ਼ਟੀ ਕੀਤੀ, ਪਰ ਉਦੋਂ ਦੇ ਰਾਸ਼ਟਰਪਤੀ ਐੱਚ. ਡਬਲਿਓ. ਬੁਸ਼ ਨੇ ਕਿਹਾ ਕਿ ਅਮਰੀਕਾ ਦੇ ਲੋਕਾਂ ਦੀ ਜ਼ਿੰਦਗੀ ਇਹੋ ਜਿਹੇ ਸਮਝੌਤੇ ਮੰਨਣ ਲਈ ਨਹੀਂ ਹੈ ਅਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਇਸ ਤੋਂ ਬਾਅਦ 1997 ਵਿਚ ਜਾਪਾਨ ਵਿਚ ਹੋਏ 'ਕਿਊਟੋ ਪਰੋਟੋਕੋਲ' ਵਿਚ ਇਹ ਫੈਸਲਾ ਕੀਤਾ ਗਿਆ ਕਿ ਦੁਨੀਆਂ ਦੇ ਸਾਰੇ ਵਿਕਸਿਤ ਦੇਸ਼ (ਅਮਰੀਕਾ, ਕੈਨੇਡਾ, ਰੂਸ, ਜਾਪਾਨ, ਸਾਰੇ ਯੂਰਪੀਅਨ ਅਤੇ ਹੋਰ ਦੇਸ਼) ਕਾਨੂੰਨੀ ਤੌਰ ਉੱਤੇ 2008 ਤੋਂ 2012 ਤੱਕ ਦੇ ਅਰਸੇ ਦੌਰਾਨ 5.2 ਫੀਸਦ ਦੀ ਦਰ ਉੱਤੇ 1990 ਦੀ ਨਿਕਾਸੀ ਨੂੰ ਆਧਾਰ ਮੰਨ ਕੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨਗੇ।

ਸਮਝੌਤੇ ਦੌਰਾਨ ਉਦੋਂ ਦੇ ਅਮਰੀਕਾ ਦੇ ਉੱਪ ਰਾਸ਼ਟਰਪਤੀ ਐੱਲ. ਗੋਅਰ ਨੇ ਕਲੀਨ-ਡਿਵੈਲਪਮੈਂਟ ਫੰਡ ਨੂੰ ਘਟਾਉਣ ਅਤੇ ਕਾਰਬਨ ਕਰੈਡਿਟ ਵਰਗੀਆਂ ਮੱਦਾਂ ਪਰੋਟੋਕੋਲ ਵਿਚ ਪੁਆ ਕੇ ਇਸ ਨੂੰ ਕਮਜ਼ੋਰ ਕਰਵਾ ਦਿੱਤਾ। ਇਸ ਕਮਜ਼ੋਰ ਪਰੋਟੋਕੋਲ ਉੱਤੇ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਦਸਤਖਤ ਕਰਕੇ ਆਪਣੇ ਦੇਸ਼ ਵਿਚ ਲਾਗੂ ਕਰਨ ਦੀ ਹਾਮੀ ਤਾਂ ਭਰੀ, ਪਰ ਇਹ ਵੀ ਅਮਰੀਕਾ ਦੀ ਸੈਨੇਟ ਨੇ ਪਾਸ ਨਾ ਕੀਤਾ। ਚਾਰ ਸਾਲ ਬਾਅਦ ਨਵੇਂ ਰਾਸ਼ਟਰਪਤੀ ਜਾਰਜ ਡਬਲਿਊ. ਬੁਸ਼ ਨੇ 2001 ਵਿਚ ਕਿਊਟੋ ਪਰੋਟੋਕੋਲ ਤੋਂ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ। ਅਮਰੀਕਾ ਦੀ ਦੇਖਾ-ਦੇਖੀ 2011 ਵਿਚ ਕੈਨੇਡਾ ਅਤੇ 2012 ਵਿਚ ਜਾਪਾਨ, ਨਿਊਜ਼ੀਲੈਂਡ, ਰੂਸ ਅਤੇ ਹੋਰ ਦੇਸ਼ਾਂ ਨੇ ਵੀ ਇਸ ਪਰੋਟੋਕੋਲ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਕਿਊਟੋ ਪਰੋਟੋਕੋਲ ਦਾ ਦੂਜਾ ਭਾਗ 2012 ਵਿਚ ਸ਼ੁਰੂ ਹੋਣਾ ਸੀ, ਪਰ ਉਸ ਤੋਂ ਪਹਿਲਾਂ ਹੀ ਇਹ ਖਤਮ ਹੋ ਗਿਆ।




ਬਾਲੀ ਐਕਸ਼ਨ ਪਲਾਨ 2007 ਅਨੁਸਾਰ ਅਮਰੀਕਾ ਦੇ ਨੁਮਾਇੰਦਿਆਂ ਨੇ ਤਾਪਮਾਨ ਦੇ ਵਾਧੇ ਨਾਲ ਜੁੜੇ ਸਮਝੌਤਿਆਂ ਉੱਤੇ ਕਾਨੂੰਨੀ ਬੰਦਿਸ਼ਾਂ ਲਾਉਣ ਦਾ ਵਿਰੋਧ ਕੀਤਾ। ਇਸ ਤਰ੍ਹਾਂ ਦੇ ਹਰ ਕਾਨਫਰੰਸ ਵਿਚ ਅਮਰੀਕਾ ਦੇ ਵਰਤਾਰੇ ਨੂੰ ਦੇਖਦਿਆਂ 2009 ਵਿਚ ਕੋਪਨਹੇਗਨ ਵਿਚ ਹੋਈ ਕਾਨਫਰੰਸ ਵਿਚ ਯੂਰਪੀਅਨ ਦੇਸ਼ਾਂ ਨੇ ਕਿਹਾ ਕਿ ਅਮਰੀਕਾ ਮੌਸਮੀ ਸਮਝੌਤਿਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। 2014 ਵਿਚ ਆਈ. ਪੀ. ਸੀ. ਸੀ. ਦੀ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਮੌਸਮੀ ਤਬਦੀਲੀਆਂ ਕਾਰਨ ਕੁਦਰਤੀ ਆਫਤਾਂ ਦੀ ਆਮਦ ਅਤੇ ਉਨ੍ਹਾਂ ਦੀ ਮਾਰ ਵਿਚ ਗਹਿਰਾਈ ਵਿਚ ਵਾਧੇ ਦੀ ਚੇਤਾਵਨੀਆਂ ਭਰਪੂਰ ਆਈ ਇਕ ਰਿਪੋਰਟ ਅਤੇ ਇਸ ਰਿਪੋਰਟ ਤੋਂ ਘਬਰਾ ਕੇ ਇਕਦਮ ਦੁਨੀਆਂ ਦੇ ਸਾਰੇ ਦੇਸ਼ ਇੱਕਠੇ ਹੋ ਗਏ ਸਨ ਤੇ ਉਨ੍ਹਾਂ ਨੂੰ ਆਪਣੇ ਆਪਣੇ ਦੇਸ਼ ਦੇ ਆਰਥਿਕ ਵਿਕਾਸ ਨੂੰ ਮੱਦੇਨਜ਼ਰ ਰੱਖਦੇ ਹੋਏ, 2015 ਵਿਚ ਫਰਾਂਸ ਦੇ ਪੈਰਿਸ ਸ਼ਹਿਰ ਵਿਚ ਕਾਨਫਰੰਸ ਕਰਕੇ ਤਾਪਮਾਨ ਦੇ ਵਾਧੇ ਵਿਚ ਠੱਲ ਪਾਉਣ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਦੀ ਵਿਉਂਤਬੰਦੀ ਬਣਾ ਕੇ ਸੰਯੁਕਤ ਰਾਸ਼ਟਰ ਦੇ ਸਕੱਤਰ ਨੂੰ ਸੌਂਪ ਦਿੱਤੀ। ਇਹ ਕਾਨਫਰੰਸ ਓਬਾਮਾ ਪ੍ਰਸ਼ਾਸਨ ਸਮੇਂ ਹੋਈ ਸੀ ਅਤੇ ਉਨ੍ਹਾਂ ਨੇ ਇਸ ਨੂੰ ਮੰਨਿਆ ਤੇ ਇਸ ਦੀ ਸ਼ਲਾਘਾ ਵੀ ਕੀਤੀ। ਇਕ ਵਾਰ ਫਿਰ ਅਮਰੀਕਾ ਵਿਚ ਸੱਤਾ ਪਲਟਣ ਨਾਲ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਤੋਂ ਬਾਹਰ ਨਿਕਲਣ ਦਾ ਐਲਾਨ ਕਰ ਦਿੱਤਾ ਅਤੇ ਨਵੰਬਰ 2020 ਵਿਚ ਇਸ ਤੋਂ ਬਾਹਰ ਹੋ ਗਿਆ।

ਹੁਣ ਧਿਆਨ ਮੰਗਦਾ ਪੱਖ ਇਹ ਹੈ ਕਿ ਪੈਰਿਸ ਮੌਸਮੀ ਸਮਝੌਤੇ ਵਿਚ ਅਮਰੀਕਾ ਦੀ ਲਿਖਤੀ ਵਾਪਸੀ ਤਾਂ ਤੈਅ ਹੋ ਗਈ ਹੈ, ਪਰ ਇਹ ਵਾਪਸੀ ਅਮਰੀਕਾ ਅਤੇ ਬਾਕੀ ਦੇਸ਼ਾਂ ਲਈ ਕਿਵੇਂ ਸਾਰਥਕ ਹੋਵੇ? ਅਮਰੀਕਾ ਦੇ ਨਵੇਂ ਰਾਸ਼ਟਰਪਤੀ ਨੂੰ ਇਸ ਨੂੰ ਸਾਰਥਕ ਕਰਨ ਲਈ ਪੈਰਿਸ ਮੌਸਮੀ ਸਮਝੌਤੇ ਵਿਚ ਦਿੱਤੀ ਗਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਦੀ ਕਟੌਤੀ, ਜਿਹੜੀ 2005 ਦੀ ਨਿਕਾਸੀ ਦੀ ਮਾਤਰਾ ਤੋਂ 24 ਤੋਂ 26 ਫੀਸਦ ਘਟਾਉਣ ਦੇ ਵਾਧੇ ਨੂੰ ਹਰ ਹਾਲ ਵਿਚ ਵਧਾਉਣਾ ਚਾਹੀਦਾ ਹੈ, ਉਸ ਨੂੰ ਵਧਾਉਣ ਲਈ ਇਸ ਨੂੰ ਯੂਰਪੀਅਨ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਤੋਂ ਸੇਧ ਲੈਣ ਦੀ ਲੋੜ ਹੈ। ਯੂਰਪੀਅਨ ਦੇਸ਼ਾਂ ਨੇ 1990 ਤੋਂ 2019 ਤੱਕ ਦੇ ਅਰਸੇ ਦੌਰਾਨ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ 1990 ਦੀ ਨਿਕਾਸੀ ਦੇ ਪੱਧਰ ਤੋਂ 24 ਫੀਸਦ ਨਿਕਾਸੀ ਘਟਾ ਦਿੱਤੀ ਹੈ, ਜਦੋਂਕਿ ਅਮਰੀਕਾ ਵਿਚ ਇਸ ਸਮੇਂ ਵਿਚ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਥਾਂ ਉੱਤੇ ਵਾਧਾ ਹੋਇਆ ਹੈ।

ਦੂਜੇ ਪਾਸੇ, ਹੁਣ ਯੂਰਪੀਅਨ ਦੇਸ਼ਾਂ ਦੀ 2030 ਤੱਕ ਗਰੀਨਹਾਊਸ ਦੀ ਨਿਕਾਸੀ ਨੂੰ 1990 ਦੀ ਨਿਕਾਸੀ ਤੋਂ 55 ਫੀਸਦ ਘਟਾਉਣ ਦੀ ਵਿਉਂਤਬੰਦੀ ਹੈ। ਨਿਊਜ਼ੀਲੈਂਡ ਨੇ ਤਾਂ ਵੱਖਰੀ ਮਿਸਾਲ ਪੇਸ਼ ਕੀਤੀ ਹੈ। ਉੱਥੋਂ ਦੀ ਸਰਕਾਰ ਨੇ ਮੌਸਮੀ ਐਂਮਰਜੈਂਸੀ ਦਾ ਐਲਾਨ ਕਰਕੇ ਦੇਸ਼ ਨੂੰ 2025 ਤੱਕ ਕਾਰਬਨ-ਰਹਿਤ ਬਣਾਉਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਹਨ। ਅਮਰੀਕਾ ਨੂੰ ਵੀ ਹੁਣ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ 1990 ਦੀ ਨਿਕਾਸੀ ਨੂੰ ਆਧਾਰ ਮੰਨ ਕੇ ਘੱਟੋ-ਘੱਟ ਯੂਰਪੀਅਨ ਦੇਸ਼ਾਂ ਦੇ ਬਰਾਬਰ (55 ਫੀਸਦ) ਕਰਨੀ ਚਾਹੀਦੀ ਹੈ। ਉਂਜ ਅਮਰੀਕਾ ਨੇ ਹੁਣ ਤੱਕ ਵਾਤਾਵਰਣ ਵਿਚ ਸਭ ਦੇਸ਼ਾਂ ਤੋਂ ਜ਼ਿਆਦਾ ਗੈਸਾਂ ਛੱਡੀਆਂ, ਜਿਸ ਕਰਕੇ ਇਸ ਨੂੰ ਨਿਕਾਸੀ ਵਿਚ ਇਸ ਤੋਂ ਕਿਧਰੇ ਵਧ ਕਟੌਤੀ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਅਮਰੀਕਾ ਗਰੀਨ ਕਲਾਈਮੇਟ ਫੰਡ ਦੇ ਨਾਲ ਨਾਲ ਵਿਕਸਿਤ ਹੋ ਰਹੇ ਅਤੇ ਮੌਸਮੀ ਤਬਦੀਲੀਆਂ ਦੇ ਮਾਰ ਝੱਲ ਰਹੇ ਗਰੀਬ ਦੇਸ਼ਾਂ ਦੀ ਸਹਾਇਤਾ ਲਈ ਨਿਸ਼ਚਿਤ ਕੀਤੀ ਰਾਸ਼ੀ ਸੰਯੁਕਤ ਰਾਸ਼ਟਰ ਕੋਲ ਜਮ੍ਹਾਂ ਕਰਵਾਉਣੀ ਯਕੀਨੀ ਬਣਾਵੇ ਅਤੇ ਇਨ੍ਹਾਂ ਦੇਸ਼ਾਂ ਨੂੰ ਸਾਫ-ਸੁਥਰੀ ਤਕਨਾਲੋਜੀ ਵੀ ਮੁਹੱਈਆ ਕਰਵਾਉਣ ਦੇ ਤੇਜ਼ੀ ਨਾਲ ਉਪਰਾਲੇ ਸ਼ੁਰੂ ਕਰੇ। ਅਮਰੀਕਾ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇੱਥੋਂ ਦੇ ਲੋਕਾਂ ਨੂੰ ਆਪਣੇ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤੌਰ ਤਰੀਕੇ ਬਦਲਣ ਲਈ ਵੀ ਪ੍ਰੇਰਿਤ ਕਰੇ। ਇਸ ਤਰ੍ਹਾਂ ਕਰਨ ਨਾਲ ਅਮਰੀਕਾ ਦੀ ਪੈਰਿਸ ਮੌਸਮੀ ਸਮਝੌਤੇ ਵਿਚ ਵਾਪਸੀ ਸਾਰਥਕ ਹੋ ਸਕਦੀ ਹੈ।

## ਪਾਠਕਾਂ ਦੀ ਗੱਲ

# ਗਲਤੀ ਦੂਹਰਾ ਹੋ ਰਹੀ ਹੈ

ਉਹ ਪੁਰਾਣੀ ਪੀੜ ਹਾਲੇ ਤੱਕ ਕਾਲਜੇ ਵਿਚ ਰੜਕ ਰਹੀ ਹੈ। ਠੀਕ ਹੈ ਕਿ ਦਰਬਾਰ ਸਾਹਿਬ 'ਤੇ ਟੈਂਕਾਂ, ਤੋਪਾਂ ਨਾਲ ਕੀਤਾ ਗਿਆ ਹਮਲਾ ਪੰਜਾਬ ਦੀ ਜਵਾਨੀਂ ਤੋਂ ਸਹਾਰਿਆ ਨਾ ਗਿਆ ਤੇ ਅਤਿਵਾਦੀ ਕਹਾਉਣਾ ਵੀ ਪੰਜਾਬ ਦੀ ਜਵਾਨੀ ਨੇ ਮਨਜ਼ੂਰ ਕਰ ਲਿਆ। ਬਹੁਤ ਮੰਦਭਾਗਾ ਸਮਾਂ ਸੀ। ਖਾੜਕੂ ਸਿੰਘਾਂ ਨੇ ਕੁਰਬਾਨੀਆਂ ਦਿਤੀਆਂ। ਇਸ ਧਰਮ-ਯੁੱਧ ਵਿਚ ਸਭ ਤੋਂ ਗਲਤੀਆਂ ਹੋ ਜਾਣੀਆਂ ਤਾਂ ਸੁਭਾਵਕ ਸੀ, ਪਰ ਸਭ ਤੋਂ ਵੱਡੀ ਗਲਤੀ ਪੰਜਾਬ ਦੀ ਸਿਆਸਤ ਨੇ ਕੀਤੀ ਕਿ ਉਹ ਆਪਣੀ ਜਵਾਨ ਪੀੜ੍ਹੀ ਦੀ ਕਦਰ ਨਾ ਕਰ ਸਕੀ। ਨਤੀਜੇ ਵਜੋਂ ਅਣਗਿਣਤ ਜਵਾਨ ਪੰਜਾਬੀ ਸ਼ਹੀਦ ਕਰ ਦਿਤੇ ਭਾਰਤ ਸਰਕਾਰ ਨੇ। ਬਹੁਤ ਸਾਰੀ ਪੰਜਾਬੀ ਜਵਾਨੀ ਜੇਲ੍ਹਾਂ ਵਿਚ ਸੜ ਮਰੀ। ਹਾਲੇ ਵੀ ਕੁਝ ਜਵਾਨ, ਜੋ ਹੁਣ ਬਿਰਧ ਹੋ ਚੁਕੇ ਹਨ, ਜੇਲ੍ਹਾਂ ਵਿਚ ਹੀ ਹਨ।

ਕਿਸਾਨ ਅੰਦੋਲਨ ਜੇ ਕਾਮਯਾਬ ਦਿਸਦਾ ਸੀ ਤਾਂ ਇਸ ਦਾ ਕਾਰਨ ਇਹ ਸੀ ਕਿ ਭਾਰਤ ਸਰਕਾਰ ਨੂੰ ਪੰਜਾਬ ਦੀ ਜਵਾਨੀ ਦਾ ਡਰ ਸੀ। ਭਾਵੇਂ ਕੁਝ ਵੀ ਕਹਿੰਦੇ ਰਹੇ ਕਿਸਾਨ ਲੀਡਰ, ਪਰ ਕਿਸੇ ਵੀ ਜਵਾਨ ਪੰਜਾਬੀ ਨੇ ਉੱਚੀ ਆਵਾਜ਼ ਨਹੀਂ ਸੀ ਕੱਢੀ। ਸ਼ਹੀਦ ਭਗਤ ਸਿੰਘ ਦਾ ਗਾਂਧੀ ਦੀ 'ਸ਼ਾਂਤੀ' 'ਸ਼ਾਂਤੀ' ਨਾਲ ਜਿੰਨਾ ਮਰਜ਼ੀ ਵਿਰੋਧ ਸੀ, ਪਰ ਜਦ ਵੀ ਭਗਤ ਸਿੰਘ ਗਾਂਧੀ ਨੂੰ ਮਿਲਿਆ ਬਾਪੂ ਜੀ ਕਹਿ ਕੇ ਸਤਿਕਾਰ ਨਾਲ ਮਿਲਿਆ। ਸੀਨੀਅਰ ਕਿਸਾਨ ਲੀਡਰਾਂ ਨੇ ਵਾਰ ਵਾਰ ਨਾਂ ਲੈ ਲੈ ਕੇ ਪੰਜਾਬੀ ਜਵਾਨੀ ਦੀ ਤੌਹੀਨ ਕੀਤੀ ਹੈ। ਸਰਕਾਰ ਨੂੰ ਪਤਾ ਲੱਗ ਗਿਆ ਹੈ ਕਿ ਜਵਾਨ ਖੂਨ ਦੀ ਇੱਜ਼ਤ ਨਹੀਂ ਹੈ, ਇਸ ਕਰਕੇ ਅੱਜ ਤੱਕ 26 ਜਨਵਰੀ ਤੋਂ ਲੈ ਕੇ 500 ਦੇ ਕਰੀਬ ਪੰਜਾਬੀ ਜੇਲ੍ਹਾਂ ਵਿਚ ਸੁੱਟ ਦਿਤੇ ਹਨ। ਸਰਕਾਰ ਜਾਣਦੀ ਹੈ ਕਿ ਖਾੜਕੂ ਤਾਕਤਵਰ ਮੁੰਡੇ ਤਾਂ ਲੁਕੇ ਫਿਰਦੇ ਹਨ, ਇਸ ਵਾਸਤੇ ਸਰਕਾਰ ਨੇ ਡਾਂਗ ਚੁੱਕੀ ਹੈ।

ਬਲਵੀਰ ਸਿੰਘ ਰਾਜੇਵਾਲ ਇਕ ਬਹੁਤ ਵਧੀਆ ਇਨਸਾਨ ਹੋਣ ਦੇ ਬਾਵਜੂਦ ਇਹ ਗਲਤੀ ਕਰ ਰਹੇ ਹਨ ਕਿ ਨਿਹੰਗ ਸਿੰਘ ਵਾਪਿਸ ਚਲੇ ਜਾਣ। ਗਰਮ ਤਬੀਅਤ ਮੁੰਡੇ ਅੰਦੋਲਨ ਵਿਚੋਂ ਚਲੇ ਜਾਣ। ਜੋ ਮੁੰਡੇ ਰਾਜੇਵਾਲ ਸਾਹਿਬ ਨੂੰ ਗੰਦ ਲਗਦੇ ਹਨ, ਉਨ੍ਹਾਂ ਦੀ ਮੌਜੂਦਗੀ ਕਰਕੇ ਹੀ ਸਰਕਾਰ ਡਰਦੀ ਸੀ। ਉਹ ਭਾਵੇਂ ਕੁਝ ਵੀ ਗਲਤ ਨਹੀਂ ਸੀ ਕਰਦੇ, ਪਰ ਉਨ੍ਹਾਂ ਜਵਾਨਾਂ ਦਾ ਸਰਕਾਰ ਨੂੰ ਡਾਂਗ ਵਰਗਾ ਡਰ ਸੀ, ਜੋ ਹੁਣ ਚੁੱਕਿਆ ਗਿਆ ਹੈ। ਕਿਸਾਨੀ ਅੰਦੋਲਨ ਯੂ. ਪੀ. ਵਿਚ ਤਾਂ ਚੱਲੇਗਾ, ਪਰ ਪੰਜਾਬ ਦੇ ਕਿਸਾਨ ਲੀਡਰਾਂ ਨੇ ਇਹ ਫੇਲ੍ਹ ਕਰ ਲਿਆ ਹੈ। ਜੇ ਸਰਕਾਰ ਨੂੰ ਡਰ ਸੀ ਤੇ ਸਾਡੇ ਜਵਾਨ ਮੁੰਡਿਆਂ ਦੇ ਕੋਲੋਂ ਸੀ। ਹਾਲੇ ਵੀ ਗਲ ਨਾਲ ਲਾ ਲਓ ਆਪਣੇ ਬੱਚਿਆਂ ਨੂੰ, ਉਹ ਤੁਹਾਡੇ ਦੋਖੀ ਨਹੀਂ ਹਨ। ਤੱਤੇ ਤੋਂ ਤੱਤੇ ਆਪਣੇ ਜਵਾਨ ਮੁੰਡੇ ਦੇ ਜਿਹਦੇ ਮਰਜ਼ੀ ਰਾਜੇਵਾਲ ਸਾਹਿਬ ਚਪੇੜ ਵੀ ਮਾਰ ਦੇਣ ਤਾਂ ਵੀ ਉਹ ਸਿਰਫ ਇਹ ਹੀ ਕਹੇਗਾ ਕਿ ਬਾਪੂ ਮੇਰਾ ਕਸੂਰ ਤਾਂ ਦੱਸ। ਤੁਹਾਡੇ ਬੱਚੇ ਜੇ ਤੁਸੀਂ ਕਮਜ਼ੋਰ ਕਰ ਰਹੇ ਹੋ ਤਾਂ ਦੱਸੋ ਤੁਹਾਨੂੰ ਸਿਆਣਿਆਂ ਬਿਆਣਿਆਂ ਨੂੰ ਕੌਣ ਸਮਝਾਵੇ?

ਬੜੇ ਦੁਖੀ ਦਿਲ ਨਾਲ ਤੁਹਾਡਾ ਆਪਣਾ,

***-ਸੁਰਿੰਦਰ ਸਿੰਘ ਸੁੱਨੜ***

***ਫੋਨ: 530-921-0097***

# ਸੰਸਾਰ ਹਸਤੀਆਂ ਅਤੇ ਕਿਸਾਨ ਦੀ ਜੈ-ਜੈਕਾਰ

*ਜਿਸ ਤਰ੍ਹਾਂ ਉਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਕਿਸਾਨ ਅੰਦੋਲਨ ਵਿਚ ਨਵੀਂ ਰੂਹ ਫੂਕ ਦਿੱਤੀ, ਉਥੇ ਪੌਪ ਗਾਇਕਾ ਰਿਆਨਾ ਦੇ ਟਵੀਟ ਨੇ ਕਿਸਾਨ ਅੰਦੋਲਨ ਨੂੰ ਕੌਮਾਂਤਰੀ ਮੰਚ ਉਤੇ ਚਰਚਾ ਦਾ ਵਿਸ਼ਾ ਬਣਾਉਣ ਵਿਚ ਅਹਿਮ ਰੋਲ ਨਿਭਾਇਆ ਹੈ। ਰਿਆਨਾ ਦੇ ਟਵੀਟ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਇਸ ਦੇ ਹੱਕ ਅਤੇ ਵਿਰੋਧ ਵਿਚ ਬਹੁਤ ਕੁਝ ਕਿਹਾ-ਸੁਣਿਆ ਜਾ ਰਿਹਾ ਹੈ। ਆਮਨਾ ਕੌਰ ਨੇ ਇਸ ਲੇਖ ਵਿਚ ਰਿਆਨਾ ਦੀ ਕਲਾ ਅਤੇ ਜ਼ਿੰਦਗੀ ਬਾਰੇ ਕੁਝ ਦਿਲਚਸਪ ਗੱਲਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ। -ਸੰਪਾਦਕ*

## ਕਲਾ ਪਰਿਕਰਮਾ




ਉਘੀ ਪੌਪ ਸਟਾਰ ਰਿਆਨਾ ਨੇ ਕਿਸਾਨ ਅੰਦੋਲਨ ਬਾਰੇ ਇਕ ਟਵੀਟ ਕੀ ਕੀਤਾ ਕਿ ਸਮੁੱਚੇ ਸੰਸਾਰ ਅੰਦਰ ਖਲਬਲੀ ਮੱਚ ਗਈ। ਇਥੋਂ ਤੱਕ ਕਿ ਭਾਰਤ ਸਰਕਾਰ ਜਿਸ ਬਾਰੇ ਅਕਸਰ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਸ ਨੂੰ ਬਹੁਤ ਮਜ਼ਬੂਤ ਲੀਡਰ ਨਰਿੰਦਰ ਮੋਦੀ ਚਲਾ ਰਿਹਾ ਹੈ, ਨੂੰ ਇਸ ਬਾਰੇ ਅਡਵਾਈਜ਼ਰੀ ਜਾਰੀ ਕਰਨੀ ਪੈ ਗਈ। ਅਜਿਹੇ ਮਾਮਲਿਆਂ 'ਤੇ ਸਰਕਾਰਾਂ ਆਮ ਤੌਰ 'ਤੇ

**ਆਮਨਾ ਕੌਰ**

ਕੋਈ ਵੀ ਟਿੱਪਣੀ ਕਰਨ ਤੋਂ ਟਾਲਾ ਹੀ ਵੱਟਦੀਆਂ ਹਨ ਪਰ ਰਿਆਨਾ ਦੀ ਟਵੀਟ ਤੋਂ ਬਾਅਦ ਸੰਸਾਰ ਭਰ ਵਿਚ ਜਿਸ ਤਰ੍ਹਾਂ ਦਾ ਹੁਲਾਰਾ ਇਸ ਕਿਸਾਨ ਅੰਦੋਲਨ ਨੂੰ ਮਿਲਿਆ ਅਤੇ ਜਿਸ ਪ੍ਰਕਾਰ ਇਸ ਅੰਦੋਲਨ ਬਾਰੇ ਚਰਚਾ ਹੋਈ, ਉਸ ਨੇ ਮਜ਼ਬੂਤ ਲੀਡਰ ਦੀ ਸਰਕਾਰ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ।

ਯਾਦ ਰਹੇ ਕਿ ਰਿਆਨਾ ਨੇ ਦਿੱਲੀ ਦੇ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਬਾਰੇ ਸਿਰਫ ਇਕ ਹੀ ਸਤਰ ਲਿਖੀ ਸੀ ਕਿ 'ਅਸੀਂ ਇਸ ਬਾਰੇ (ਨਾਲ ਕਿਸਾਨ ਅੰਦੋਲਨਕਾਰੀ ਕਿਸਾਨਾਂ ਦੀ ਤਸਵੀਰ ਸੀ) ਗੱਲ ਕਿਉਂ ਨਹੀਂ ਕਰ ਰਹੇ'। ਰਿਆਨਾ ਦੇ ਇਸ ਟਵੀਟ ਦੀ ਦੇਰ ਸੀ ਕਿ ਕਿਸਾਨਾਂ ਦੇ ਹੱਕ ਵਿਚ ਲੱਖਾਂ ਦੀ ਗਿਣਤੀ ਵਿਚ ਟਵੀਟ ਆਉਣ ਲੱਗ ਪਏ ਅਤੇ ਟਵੀਟਾਂ ਦੀ ਇਸ ਝੜੀ ਨੇ ਇਸ ਨੂੰ ਕੁਝ ਘੰਟਿਆਂ ਵਿਚ ਹੀ ਕੌਮਾਂਤਰੀ ਮਸਲਾ ਬਣਾ ਦਿੱਤਾ।

ਬਾਅਦ ਵਿਚ ਸਰਕਾਰ ਅਤੇ ਸਰਕਾਰ ਪੱਖੀ ਕੁਝ ਲੋਕਾਂ ਨੇ ਇਹ ਦਾਅਵੇ ਵੀ ਕੀਤੇ ਕਿ ਰਿਆਨਾ ਤੋਂ ਇਹ ਟਵੀਟ ਪੈਸੇ ਦੇ ਕੇ ਕਰਵਾਇਆ ਗਿਆ ਸੀ ਪਰ ਇਸ ਸਬੰਧ ਵਿਚ ਇਹ ਸਵਾਲ ਉਠ ਖੜ੍ਹਾ ਹੋਇਆ ਕਿ ਕਿਸਾਨ ਆਖਰਕਾਰ ਇੰਨੀ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਸਰਕਾਰ ਤੋਂ ਮੰਗ ਕੀ ਰਹੇ ਹਨ? ਇਸ ਤੋਂ ਬੁਰੀ ਤਰ੍ਹਾਂ ਬੁਖਲਾਈ



ਪੌਪ ਗਾਇਕਾ ਰਿਆਨਾ



ਦਲਜੀਤ ਦੁਸਾਂਝ ਜਿਸ ਨੇ ਰਿਆਨਾ ਨੂੰ ਗਾਣਾ ਸਮਰਪਿਤ ਕੀਤਾ।

ਸਰਕਾਰ ਨੇ ਇਸ ਮਾਮਲੇ ਵਿਚ ਕੁਝ ਅਦਾਕਾਰਾਂ ਅਤੇ ਖਿਡਾਰੀਆਂ ਨੂੰ ਆਪਣੇ ਹੱਕ ਵਿਚ ਉਤਾਰਨ ਦਾ ਯਤਨ ਕੀਤਾ। ਇਨ੍ਹਾਂ ਵਿਚ ਕੰਗਣਾ ਰਣੌਤ ਤਾਂ ਹੈ ਹੀ ਸੀ, ਅਕਸ਼ੈ ਕੁਮਾਰ, ਅਜੇ ਦੇਵਗਨ, ਸੁਨੀਲ ਸ਼ੈਟੀ, ਕਰਨ ਜੌਹਰ ਤੇ ਕੁਝ ਹੋਰ ਅਦਾਕਾਰਾਂ ਅਤੇ ਸਚਿਨ ਤੇਂਦੁਲਕਰ, ਵਿਰਾਟ ਕੋਹਲੀ, ਅਨਿਲ ਕੁੰਬਲੇ, ਸਾਇਨਾ ਨੇਹਵਾਲ, ਸੁਰੇਸ਼ ਰੈਣਾ ਵਰਗੇ ਕੁਝ ਖਿਡਾਰੀਆਂ ਨੇ ਵੀ ਸਰਕਾਰ ਦਾ ਬਚਾਅ ਕਰਨ ਦਾ ਯਤਨ ਕੀਤਾ ਪਰ ਕਿਸਾਨਾਂ ਦੇ ਰੋਹ ਅੱਗੇ ਇਹ ਸਾਰੇ ਟਿਕ ਨਹੀਂ ਸਕੇ; ਉਲਟਾ ਇਨ੍ਹਾਂ ਦਾ ਵੱਡੇ ਪੱਧਰ 'ਤੇ ਵਿਰੋਧ ਸ਼ੁਰੂ ਹੋ ਗਿਆ।

20 ਫਰਵਰੀ 1988 ਨੂੰ ਜਨਮੀ ਰਿਆਨਾ ਦਾ ਪੂਰਾ ਨਾਂ ਰੌਬਿਨ ਰਿਆਨਾ ਫੈਂਟੀ ਹੈ ਜੋ ਰਿਹਾਨਾ ਦੇ ਨਾਂ ਨਾਲ ਵੀ ਮਸ਼ਹੂਰ ਹੈ। ਉਸ ਦਾ ਜਨਮ ਸੇਂਟ ਮਾਈਕਲ (ਬਾਰਬਾਡੋਸ) ਵਿਚ ਹੋਇਆ। ਬਾਅਦ ਵਿਚ ਉਸ ਦੀ ਪ੍ਰਤਿਭਾ ਨੂੰ ਦੇਖਦਿਆਂ ਈਵਾਨ ਰੋਜਰਜ਼ ਨੇ ਉਸ ਨੂੰ ਅਮਰੀਕਾ ਸੱਦ ਲਿਆ ਅਤੇ ਫਿਰ ਰਿਆਨਾ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਅੱਜ ਉਹ ਗਾਇਕਾ, ਅਦਾਕਾਰਾ ਤੇ ਵੱਡੀ ਕਾਰੋਬਾਰੀ ਦੇ ਰੂਪ ਵਿਚ ਦੁਨੀਆ ਦੇ ਸਾਹਮਣੇ ਹੈ। ਉਸ ਦਾ 600 ਮਿਲੀਅਨ ਡਾਲਰ ਦਾ ਕਾਰੋਬਾਰ ਹੈ। ਇਹ ਅੰਕੜੇ 2019 ਦੇ ਹਨ, ਉਹ ਲੋਕ ਪੱਖੀ ਕਾਰਜਾਂ ਲਈ ਅਕਸਰ ਦਾਨ ਕਰਦੀ ਰਹਿੰਦੀ ਹੈ।

ਰਿਆਨਾ ਨੇ 2003 ਵਿਚ ਆਪਣੀਆਂ ਦੋ ਜਮਾਤਣਾਂ ਨਾਲ ਰਲ ਕੇ ਸੰਗੀਤ ਗਰੁੱਪ ਬਣਾਇਆ ਸੀ ਅਤੇ ਇਹ ਗਰੁੱਪ ਅਚਾਨਕ ਈਵਾਨ ਰੋਜਰਜ਼ ਦੀ ਨਿਗ੍ਹਾ ਵਿਚ ਆ ਗਿਆ। ਪਹਿਲੀ ਹੀ ਮਿਲਣੀ ਵਿਚ ਈਵਾਨ ਰੋਜਰਜ਼ ਨੇ ਰਿਆਨਾ ਦੀ ਪ੍ਰਤਿਭਾ ਨੂੰ ਪਛਾਣ ਲਿਆ ਅਤੇ ਉਸ ਨੇ ਦੂਜੀ ਮੁਲਾਕਾਤ ਰਿਆਨਾ ਦੀ ਮਾਂ ਦੀ ਹਾਜ਼ਰੀ ਵਿਚ ਕੀਤੀ। ਇੱਥੋਂ ਹੀ ਰਿਆਨਾ ਦੇ ਕਰੀਅਰ ਦੀ ਸ਼ੁਰੂਆਤ ਹੋ ਗਈ ਅਤੇ ਬਾਅਦ ਵਿਚ ਤਾਂ ਉਸ ਨੇ ਕੁਝ ਕੁ ਸਾਲਾਂ ਅੰਦਰ ਹੀ ਸੰਸਾਰ ਭਰ ਵਿਚ ਆਪਣਾ ਵੱਖਰਾ, ਨਿਆਰਾ ਅਤੇ ਨਿਵੇਕਲਾ ਮੁਕਾਮ ਹਾਸਲ ਕਰ ਲਿਆ। ਹੁਣ ਤੱਕ ਸੰਸਾਰ ਭਰ ਵਿਚ ਉਸ ਦੇ ਪੌਣੇ ਤਿੰਨ ਸੌ ਮਿਲੀਅਨ ਦੇ ਕਰੀਬ ਰਿਕਾਰਡ ਵਿਕ ਚੁੱਕੇ ਹਨ।







ਵਾਤਾਵਰਨ ਕਾਰਕੁਨ ਗਰੇਟਾ ਥੁਨਬਰਗ, ਅਦਾਕਾਰਾ ਸੂਜ਼ਨ ਸਰੈਂਡਨ ਤੇ ਮੀਆਂ ਖਲੀਫਾ ਜਿਨ੍ਹਾਂ ਨੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਫਰਵਰੀ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-469



*ਦਿੱਲੀ ਨੂੰ ਜਾ ਘੇਰਿਆ ਹੱਕ ਮੰਗਣ ਕਿਰਸਾਨ*
*ਪਿੱਛੇ ਪਿੰਡ 'ਚ ਬਾਪੂ ਬੈਠੇ ਲਗਦੇ ਨੇ ਪ੍ਰੇਸ਼ਾਨ।*

## ਕੈਪਸ਼ਨ ਮੁਕਾਬਲਾ-467



ਨਵੀਂ ਉਮਰ ਦੀ ਅੱਲ੍ਹੜ ਜਵਾਨੀ
ਲੱਦ ਲਈ ਵਾਂਗਰ ਭੇਡਾਂ ਦੇ।
ਕੀ ਜਾਣਨ ਇਹ ਭੇਤ ਬੇਚਾਰੇ
ਸ਼ੈਤਾਨ ਦੀਆਂ ਗੁੱਝੀਆਂ ਖੇਡਾਂ ਦੇ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਤੁਰ ਪਏ ਰੈਲੀ ਕਰਨ ਬੇਚਾਰੇ,
ਪਾਰਟੀਆਂ ਦੇ ਲਾਉਂਦੇ ਨਾਅਰੇ।
ਵੱਗ ਬੱਕਰੀਆਂ ਦੇ ਵਾਂਗੂ ਡੱਕੇ,
ਨਾ ਕਰੋਨਾ ਹੁਣ ਸੈਨਤਾਂ ਮਾਰੇ।

***-ਸੇਵਾ ਸਿੰਘ ਨੂਰਪੁਰੀ***

---

ਕੰਮ ਤੋਂ ਛੁੱਟੀ, ਮੁਫਤ ਦੇ ਝੂਟੇ,
ਅੱਜ ਦੀ ਦਿਹਾੜੀ ਖੁਸ਼ੀ ਮਨਾਈਏ।
ਲੋੜ ਵੇਲੇ ਯਾਦ ਹਾਂ ਆਉਂਦੇ,
ਚੋਣ ਰੈਲੀਆਂ ਦੀ ਸ਼ਾਨ ਵਧਾਈਏ।

***-ਦਵਿੰਦਰ ਕੌਰ***

---

ਖੁਸ਼ੀ ਖੁਸ਼ੀ ਟਰੱਕ 'ਤੇ ਚੜ੍ਹਦੇ
ਜਾਨ ਜੋਖਮ ਵਿਚ ਪਾਈ ਜਾਣ।
ਪਰ ਫਿਰ ਵੀ ਹਰ ਕੋਈ ਕਰਦਾ
ਹੁੰਦੇ ਐਕਸੀਡੈਂਟ ਰੁਝਾਈ ਜਾਣ।
ਕਦੇ ਅਸੀਂ ਵੀ ਏਦਾਂ ਕੀਤਾ ਸੀ
ਉਹ ਪਲ ਯਾਦਾਂ ਵਿਚ ਆਈ ਜਾਣ।

***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਟਰੱਕ 'ਚ ਲੱਦੀ ਗਰੀਬ ਜਨਤਾ
ਹਾਕਮ ਆਪਣੇ ਮੰਤਵ ਲਈ
ਕਰਨ ਇਸਤੇਮਾਲ।
ਕਾਰਪੋਰੇਟਾਂ ਦੇ ਪਿੱਠੂ ਬਣੇ ਆਗੂ
ਪੇਸ਼ ਕਰਾਉਣ ਗੁੰਡਾਗਰਦੀ ਦੀ ਕਮਾਲ।
ਕਰੋਨਾ ਮਹਾਮਾਰੀ ਦੀ ਸਮਾਜਿਕ ਦੂਰੀ
ਨਾ ਮਾਸਕ ਪਾਉਣ ਦਾ ਕਿਸੇ ਨੂੰ ਖਿਆਲ।
ਗੁੰਮਰਾਹ ਕਰ ਕੇ ਲੋਕਾਂ ਨੂੰ ਬਣਨ ਰੁਸਤਮ
ਦੰਗੇ ਕਰਾਉਣ ਦੀ ਚਲਦੇ ਚਾਲ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ (ਪਟਿਆਲਾ)***
***ਫੋਨ: 91-98784-69639***

---

ਕੁਝ ਮਸ਼ਨੂਈ ਬਹਿਰੂਪੀਏ
ਆਪਣੀਆਂ ਕੁਰਸੀਆਂ ਜਿੱਤਣ ਲਈ
ਹਲਾ ਹਲਾ ਕਰ ਕੇ ਲੱਦ ਲਈ ਮਲੱਖ।
ਦੇਖੋ ਦੇਖੀ ਚੜ੍ਹ ਗਏ ਸਨ ਸਭ
ਮਾਜਰਾ ਕੀ ਹੈ, ਕਿੱਥੇ ਹੈ ਰੈਲੀ?
ਕੋਈ ਥਹੁ ਪਤਾ ਨਹੀਂ ਦੱਸਿਆ ਲੋਕਾਂ ਨੂੰ।
ਕਾਬਜ ਹੋ ਜਾਂਦੇ ਗੱਦੀਆਂ 'ਤੇ ਖੁਦ
ਹਮਾ ਤੁਮਾ ਮਗਰ ਲੁਟਕ,
ਧੂੜ ਫੱਕਰੀ ਰਹਿ ਜਾਂਦੀ
ਸਿਆਸੀ ਖੇਡ ਦੇ ਦਾਅ ਪੇਚ ਹਨ ਸਭ।

***-ਦਰਸ਼ਨਪਾਲ ਦੋਸਾਂਝ***

# ਨਾਇਕ ਬਣੇ ਖਲਨਾਇਕ

ਨਾਇਕ ਬਣੇ ਖਲਨਾਇਕ ਨੇ, ਦੇਸ਼ ਦੀ ਬਦਨਸੀਬੀ ਹੈ।
ਕੁਆਰੇ ਛੜੇ ਮਲੰਗ ਮੰਤਰੀ, ਕਿਸੇ ਨੇ ਛੱਡੀਓ ਬੀਬੀ ਹੈ।
ਸਰਮਾਏਦਾਰੀ ਹੱਥੀ ਜਿਨ੍ਹਾਂ ਦੇ, ਪੋਟਿਆਂ 'ਤੇ ਗਿਣ ਸਕਦੇ ਹੋ,
ਲੋਕਤੰਤਰ ਦਾ ਪਾਉਣ ਨੂੰ ਰੌਲਾ, ਰੱਖੀ ਪਾਲ ਗਰੀਬੀ ਹੈ।
ਲੋਕਾਂ ਦੁਆਰਾ ਲੋਕਾਂ ਲਈ, ਤਾਜ ਪਹਿਨਾਏ ਚੁਣ ਚਣ ਕੇ,
ਉਨ੍ਹਾਂ ਤੋਂ ਫਿਰ ਹੱਕਾਂ ਲਈ, ਧਰਨੇ ਲੋਕ ਨਸੀਬੀ ਹੈ।
ਰਲਗੱਡ ਗਹਿਗੱਚ ਆਪਸ ਵਿਚ, ਰਾਜਨੇਤਾ ਤੇ ਧਰਮ ਗੁਰੂ,
ਜਨਤਾ ਦੀ ਠੱਗੀ ਜਾਰੀ ਹੈ, ਦੁਨੀਆਂ ਦੀ ਮੌਤ ਕਰੀਬੀ ਹੈ।
ਕਈ ਪਰਬਤਾਂ 'ਚ ਲੁੱਕ ਬੈਠੇ, ਕੋਈ ਲੀਨ ਸਮਾਧੀ ਲਾ ਬੈਠਾ।
'ਸੁੱਖਵਿੰਦਰਾ' ਜੋ ਮਾਰ ਜ਼ਮੀਰ ਬੈਠੇ, ਹਨ ਜਿਉਂਦੇ ਗੱਲ ਅਜੀਬੀ ਹੈ।

***-ਸੁਖਵਿੰਦਰ ਬੋਦਲਾਂਵਾਲਾ, ਵਾਸ਼ਿੰਗਟਨ।***

# ਪੰਜਾਬੀ ਦੀ ਕਿਸਾਨੀ ਤੇ ਹਮਦਰਦ ਹਾਅ ਦਾ ਨਾਅਰਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਡਾ. ਬਰਜਿੰਦਰ ਸਿੰਘ ਹਮਦਰਦ ਦੀ ਕਲਮ ਤੇ ਆਵਾਜ਼ ਇੱਕੋ ਜਿੰਨੀਆਂ ਪ੍ਰਭਾਵੀ ਹਨ। ਕਲਮ ਪੱਤਰਕਾਰੀ ਕਰਦੀ ਹੈ ਤੇ ਆਵਾਜ਼ ਸੰਗੀਤਕ ਐਲਬਮਾਂ ਰਚਦੀ ਹੈ। ਪਹਿਲੀ ਉਸ ਦੀ ਬੀਵੀ ਮਾਤਰ ਹੈ ਤੇ ਦੂਜੀ ਮਾਸ਼ੂਕਾ। ਕੁਦਰਤੀ ਹੈ ਕਿ ਮਾਸ਼ੂਕਾ ਨੇ ਬਹੁਤ ਦੇਰ ਪਿਛੋਂ ਉਸ ਦੇ ਮਨ ਵਿਚ ਪ੍ਰਵੇਸ਼ ਕਰਕੇ ਬੀਵੀ ਦੇ ਬਰਾਬਰ ਦੀ ਥਾਂ ਬਣਾ ਲਈ ਹੈ। ਸਿਰਫ 18 ਸਾਲ ਦੇ ਸਮੇਂ ਵਿਚ ਪੰਜਾਬ ਦੇ ਲੋਕ ਗੀਤਾਂ, ਸੂਫੀਆਨਾ ਕਲਾਮ ਤੇ ਆਪਣੇ ਮਿੱਤਰਾਂ ਦੀਆਂ ਗਜ਼ਲਾਂ ਨੂੰ ਆਪਣੀ ਸਹਿਜ ਤੇ ਸੁਰੀਲੀ ਆਵਾਜ਼ ਵਿਚ ਪਰੋ ਕੇ 14 ਸੀਡੀਆਂ ਪੰਜਾਬੀ ਜਗਤ ਦੀ ਝੋਲੀ ਪਾਉਣਾ ਇਸ ਦਾ ਸਬੂਤ ਹੈ। ਸਿਜਦਾ, ਆਹਟ, ਖੁਸ਼ਬੂ, ਆਸਥਾ, ਦਰਦੇ ਦਿਲ, ਰੂਹਾਨੀ ਰਮਜ਼ਾਂ ਤੇ ਮਾਣ ਨਾ ਕੀਜੇ ਨਾਂਵਾਂ ਵਾਲੀਆਂ ਇਨ੍ਹਾਂ ਸੀਡੀਆਂ ਵਿਚ ਉਸ ਦੀ ਪਸੰਦ ਵੀ ਸ਼ਾਮਲ ਹੈ ਤੇ ਮਿੱਤਰਾਂ ਦੀ ਯਾਦ ਵੀ। ਖੂਬੀ ਇਹ ਕਿ ਬਰਜਿੰਦਰ ਸਿੰਘ ਸਮੇਂ ਦੀ ਨਬਜ਼ ਪਛਾਣਦਾ ਹੈ। ਨਵੀਨਤਮ ਐਲਬਮ 'ਦੇਸ ਪੰਜਾਬ' ਵਿਚ ਉਸ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਉਤਮਤਾ ਵੀ ਉਭਾਰੀ ਹੈ ਤੇ ਕਿਸਾਨੀ ਦਾ ਦਰਦ ਵੀ ਪਛਾਣਿਆ ਹੈ। ਅਜਿਹਾ ਕਰਨ ਲਈ ਉਸ ਨੇ ਬਾਬੂ ਫਿਰੋਜ਼ਦੀਨ ਸ਼ਰਫ, ਧਨੀ ਰਾਮ ਚਾਤ੍ਰਿਕ, ਸ਼ਾਹ ਮੁਹੰਮਦ ਤੇ ਬਾਂਕੇ ਦਿਆਲ ਵਰਗੇ ਉੱਚ ਦੁਮਾਲੜੇ ਪੰਜਾਬੀ ਕਵੀਆਂ ਦੀ ਟੇਕ ਲਈ ਹੈ।

ਧਨੀ ਰਾਮ ਚਾਤ੍ਰਿਕ ਦੇ ਬੋਲ ਹੀ ਲੈ ਲਵੋ,
ਪੰਜਾਬ ਕਰਾਂ ਕੀ ਸਿਫਤ ਤੇਰੀ
ਸ਼ਾਨ ਦੇ ਸਭ ਸਾਮਾਨ ਤੇਰੇ।
ਜਲ ਪੌਣ ਤੇਰਾ ਹਰਿਆਵਲ ਤੇਰੀ
ਦਰਿਆ, ਪਰਬਤ, ਮੈਦਾਨ ਤੇਰੇ।
ਭਾਰਤ ਦੇ ਸਿਰ 'ਤੇ ਛਤਰ ਤੇਰੇ
ਤੇਰੇ ਸਿਰ ਛਤਰ ਹਿਮਾਲਾ ਦਾ।
ਮੋਢੇ 'ਤੇ ਚਾਦਰ ਬਰਫਾਂ ਦੀ
ਸੀਨੇ ਵਿਚ ਸੇਕ ਜੁਆਲਾ ਦਾ।
ਝੱਖੜ ਬੇਅੰਤ ਤੇਰੇ ਸਿਰ 'ਤੇ
ਆ ਆ ਕੇ ਮਿਟ ਮਿਟ ਜਾਂਦੇ ਰਹੇ।
ਫਰਜ਼ੰਦ ਤੇਰੇ ਚੜ੍ਹ ਚਰਖੜੀ 'ਤੇ
ਆਕਾਸ਼ ਤੇਰਾ ਚਮਕਾਂਦੇ ਰਹੇ।
ਜਾਗੇ ਕਈ ਦੇਸ਼ ਜਗਾਣ ਲਈ
ਸੁੱਤੇ ਸੌਂ ਗਏ ਸੁਲਤਾਨ ਕਈ।
ਸੀਸ ਤਲੀ ਧਰ ਖੇਡਾ ਵਾਹੁੰਦੇ
ਹੀਰੇ ਹੋ ਗਏ ਕੁਰਬਾਨ ਕਈ।
ਤੂੰ ਸੈਦ ਭੀ ਹੈਂ ਸਯਾਦ ਭੀ ਹੈ
ਸੀਰੀ ਵੀ ਹੈ, ਫਰਿਹਾਦ ਭੀ ਹੈ।
ਢਲ ਜਾਣ ਲਈ ਤੂੰ ਮੋਮ ਵੀ ਹੈ
ਲੋੜ ਪਿਆ ਫੌਲਾਦ ਵੀ ਹੈ।

ਸੋਹਣੇ ਦੇਸਾਂ ਵਿਚੋਂ ਦੇਸ ਪੰਜਾਬ ਵਿਚ ਫਿਰੋਜ ਦੀਨ ਸ਼ਰਫ ਦੇ ਹੇਠ ਲਿਖੇ ਬੋਲੇ ਉਸ ਸਾਂਝੇ ਪੰਜਾਬੀ ਦਾ ਗੁਣ ਗਾਨ ਕਰਦੇ ਹਨ, ਜਿਸ ਦਾ ਅੱਧਾ ਹਿੱਸਾ ਅੱਜ ਫਿਰ ਕੁਰਬਾਨੀ ਦੇਣ ਨੂੰ ਅੱਗੇ ਵਧਿਆ ਹੈ,

ਮੌਜ ਲਾਈ ਦਰਿਆਵਾਂ
ਸੋਹਣੇ ਬਾਗ ਜਮੀਨਾਂ ਫਲਦੇ।
ਸ਼ਰਫ ਪੰਜਾਬੀ ਧਰਤੀ ਉੱਤੇ
ਠੁਮਕ ਠੁਮਕ ਪਏ ਚਲਦੇ।
ਸਤਲੁਜ, ਰਾਵੀ, ਜਿਹਲਮ
ਅਟਕ, ਚਨਾਬ ਦੀ ਸਹੀਓ,
ਸੋਹਣੇ ਦੇਸਾਂ ਵਿਚੋਂ
ਦੇਸ ਪੰਜਾਬ ਨੀ ਸਹੀਓ।

ਇਥੋਂ ਤੱਕ ਕਿ ਬਰਜਿੰਦਰ ਹੁਰਾਂ ਕਿਸਾਨਾਂ ਦੇ ਅਜੋਕੇ ਦਰਦ ਨੂੰ ਉਭਾਰਨ ਲਈ ਇਤਿਹਾਸ ਦੇ ਪੰਨਿਆਂ ਵਿਚੋਂ ਸਾਹ ਮੁਹੰਮਦ ਦੀ ਉਗਲ ਫੜਨੋਂ ਵੀ ਸੰਕੋਚ ਨਹੀਂ ਕੀਤਾ,

ਕਈ ਮਾਂਵਾਂ ਦੇ ਪੁੱਤ ਨੇ ਮੋਏ ਓਥੇ,
ਸੀਨੇ ਲੱਗੀਆਂ ਤੇਜ਼ ਕਟਾਰੀਆਂ ਨੇ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੇ।

ਖੂਬੀ ਇਹ ਕਿ ਬਰਜਿੰਦਰ ਹੁਰਾਂ ਇਸ ਦਰਦ ਦੀ ਦਵਾ ਵੀ ਇੱਕ ਸਦੀ ਪਹਿਲਾਂ ਵਾਲੇ ਬਾਂਕੇ ਦਿਆਲ ਦੇ ਬੋਲਾਂ ਵਿਚ ਲੱਭ ਲਈ ਹੈ,

ਪਗੜੀ ਸੰਭਾਲ ਜੱਟਾ
ਪਗੜੀ ਸੰਭਾਲ ਓਏ।
ਲੁਟ ਲਿਆ ਤੇਰਾ ਮਾਲ ਜੱਟ
ਲੁੱਟ ਲਿਆ ਮਾਲ ਓਏ।
ਬਣ ਕੇ ਨੇ ਤੇਰੇ ਲੀਡਰ
ਰਾਜੇ ਤੇ ਖਾਨ ਬਹਾਦਰ,
ਤੈਨੂੰ ਹੀ ਖਾਵਣ ਖਾਤਿਰ
ਵਿਛਾਏ ਨੇ ਜਾਲ ਓਏ।

ਬਾਂਕੇ ਦਿਆਲ ਦੇ ਬੋਲਾਂ ਨੇ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਸੋਚ ਨੂੰ ਆਵਾਜ਼ ਦਿੱਤੀ ਸੀ, ਜਿਸ ਵਿਚ ਰਾਜਨੀਤੀ ਤੋਂ ਬਾਹਰੀ ਕਿਸਾਨੀ ਵੇਦਨਾ ਉਤੇ ਪਹਿਰਾ ਦਿੱਤਾ ਗਿਆ ਸੀ। ਬਰਜਿੰਦਰ ਸਿੰਘ ਦੀ ਆਵਾਜ਼ ਵੀ ਉਹ ਵਾਲੇ ਅੰਤਰ ਨੂੰ ਉਭਾਰਦੀ ਹੈ। ਐਲਬਮ ਦੀ ਰਚਨਾ ਜੱਟ ਨੂੰ ਜਿੱਤ ਕੇ ਮੇਲੇ ਜਾਂਦਾ ਦਿਖਾਉਂਦੀ ਹੈ। ਇੱਕ ਵਾਰ ਫਿਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪ੍ਰਨਾਏ ਧਨੀ ਰਾਮ ਚਾਤ੍ਰਿਕ ਦੀ ਉਗਲੀ ਫੜ ਕੇ। ਇਸ ਲਈ ਕਿ ਦੁਸ਼ਮਣ ਤਾਕਤਾਂ ਅਜੋਕੇ ਕਿਸਾਨਾਂ ਨੂੰ ਗੁਮਰਾਹ ਕਰਨ ਵਿਚ ਸਫਲ ਨਾ ਹੋਣ।

ਬਰਜਿੰਦਰ ਸਿੰਘ ਹਮਦਰਦ ਦੀ ਉਪਰੋਕਤ ਭਾਵਨਾ ਵਾਲੀ ਸੰਗੀਤਕ ਐਲਬਮਾਂ ਦੀ ਥਾਹ ਪਾਉਣ ਲਈ ਸਾਨੂੰ ਪਿਛਲੀ ਸਦੀ ਦੇ ਸੱਤਰਵਿਆਂ ਵੱਲ ਝਾਤ ਮਾਰਨੀ ਪਵੇਗੀ, ਜਦੋਂ ਉਸ ਨੇ ਪੂਰੇ ਚਾਰ ਸਾਲ 'ਅੰਨ ਦਾਤਾ' ਨਾਂ ਦਾ ਮਾਸਕ ਰਸਾਲਾ ਏਸ ਭਾਵਨਾ ਹਿੱਤ ਚਲਾਇਆ ਸੀ। ਉਸ ਦੀ ਸੱਜਰੀ ਸੰਗੀਤਕ ਐਲਬਮ 'ਦੇਸ ਪੰਜਾਬ' ਉਚੇਚੇ ਸਵਾਗਤ ਦੀ ਮੰਗ ਕਰਦੀ ਹੈ।

**ਦਿੱਲੀ ਪੁਲਿਸ ਉਦੋਂ ਤੇ ਹੁਣ:** 1968 ਦੀ ਗੱਲ ਹੈ, ਪੰਜਾਬ ਦੇ ਕਿਸਾਨਾਂ ਵਲੋਂ ਲਿਆਂਦੀ ਹਰੀ ਕ੍ਰਾਂਤੀ ਦੇ ਦਿਨਾਂ ਦੀ। ਇੱਕ ਵਾਰੀ ਜਲੰਧਰ ਸ਼ਹਿਰ ਦੀ ਬੁੱਕਲ ਵਿਚ ਪੈਂਦੇ ਪਿੰਡ ਗੜਾ ਦੇ ਰਹਿਣ ਵਾਲੇ ਤੇ ਨੇਤਾ ਜੀ ਵਜੋਂ ਜਾਣੇ ਜਾਂਦੇ ਕਾਮਰੇਡ ਹਰਦਿਆਲ ਚੱਠਾ ਦਾ ਤੇ ਮੇਰਾ ਪਰਿਵਾਰ ਦਿੱਲੀ ਬਾਰਡਰ ਪਾਰ ਕਰਨ ਲੱਗੇ ਤਾਂ ਰਾਤ ਵੇਲੇ ਮੀਂਹ ਕਣੀ ਦੇ ਪ੍ਰਭਾਵ ਥੱਲੇ ਮੈਨੂੰ ਡਰਮ ਉੱਤੇ ਰੱਖੀ ਹੋਈ ਲਾਲਟਣ ਵਿਖਾਈ ਨਹੀਂ ਦਿੱਤੀ ਤੇ ਮੇਰੀ ਕਾਰ ਦੀ ਮਾਮੂਲੀ ਜਿਹੀ ਛੁਹ ਨਾਲ ਡਰੱਮ ਹਿੱਲ ਗਿਆ ਤੇ ਲਾਲਟਣ ਥੱਲੇ ਡਿੱਗ ਗਈ। ਪੁਲਿਸ ਦੇ ਸਿਪਾਹੀ ਨੇ ਮੇਰੇ ਸਾਹਮਣੇ ਹੋ ਕੇ ਮੈਨੂੰ ਕਿਹਾ ਕਿ ਸਾਨੂੰ ਸਰਕਾਰੀ ਮਾਲ ਟੁੱਟਣ ਦਾ ਹਰਜ਼ਾਨਾ ਭਰਨਾ ਪਵੇਗਾ। ਮੇਰੇ ਬਰਾਬਰ ਬੈਠਾ ਹਰਦਿਆਲ ਆਪਣੀ ਸੀਟ ਤੋਂ ਉੱਠਿਆ ਤੇ ਸਿਪਾਹੀ ਦੇ ਸਾਹਮਣੇ ਹੋ ਕੇ ਵਰਦੇ ਮੀਂਹ ਤੇ ਲਾਲਟਣ ਦੀ ਮੱਧਮ ਲੋਅ ਦਾ ਹਵਾਲਾ ਦੇ ਕੇ ਉਹਨੂੰ ਪੁੱਛਣ ਲਗਿਆ ਕਿ ਜੇ ਹਰਜਾਨਾ ਨਾ ਭਰੀਏ ਤਾਂ ਕੀ ਹੋ ਜੂ? ਉਹਦੇ ਮੂੰਹੋਂ 'ਨਹੀਂ ਭਰੋਗੇ ਤਾਂ ਥਾਣੇ ਜਾਣਾ ਪਊ' ਸੁਣ ਕੇ ਹਰਦਿਆਲ ਨੇ ਛਾਤੀ ਤਾਣ ਕੇ ਉੱਤਰ ਦਿੱਤਾ, "ਚੱਲ, ਤੇਰਾ ਵੀ ਥਾਣਾ ਵੇਖ ਲੈਂਦੇ ਹਾਂ, ਅਸੀਂ ਬੜੇ ਥਾਣੇ ਵੇਖੇ ਨੇ।" ਮੈਂ ਸਿਪਾਹੀ ਦੇ ਕੰਨ ਵਿਚ ਫੂਕ ਮਾਰੀ, 'ਜਿਸ ਬੰਦੇ ਨੂੰ ਉਹ ਡਰਾਵੇ ਦੇ ਰਿਹਾ ਏ, ਕਮਿਊਨਿਸਟ ਨੇਤਾ ਹੈ।' ਤੇ ਏਨਾ ਕਹਿ ਕੇ ਮੈਂ ਕਾਰ ਤੋਰ ਲਈ।

ਅੱਜ ਦੇ ਦਿਨ ਦਿੱਲੀ ਦੀ ਪੁਲਿਸ ਵਲੋਂ ਸੜਕਾਂ ਪੁੱਟ ਕੇ ਰਚਾਏ ਜਾਂਦੇ ਭਾਂਤ ਸੁਭਾਂਤੇ ਅਡੰਬਰਾਂ ਦੁਆਰਾ ਕੀਤੇ ਹਰਜਾਨੇ ਬਾਰੇ ਸੋਚਦਾ ਹਾਂ ਤਾਂ ਮੈਨੂੰ ਅੱਧੀ ਸਦੀ ਪਹਿਲਾਂ ਵਾਲੀ ਲਾਲਟਣ ਚੇਤੇ ਆ ਗਈ ਹੈ ਅਤੇ ਉਸ ਵੇਲੇ ਦੀ ਸਰਕਾਰ ਵੀ ਜਿਸ ਨੂੰ ਅਜੋਕੀ ਸਰਕਾਰ ਇਹ ਕਹਿ ਕੇ ਛੁਟਿਆਉਂਦੀ ਹੈ ਕਿ ਉਸ ਨੇ 70 ਸਾਲਾਂ ਵਿਚ ਓਨਾ ਕੰਮ ਨਹੀਂ ਕੀਤਾ, ਜਿੰਨਾ ਅਜੋਕੀ ਸਰਕਾਰ ਨੇ ਸੱਤ ਸਾਲਾਂ ਵਿਚ ਕਰ ਵਿਖਾਇਆ ਹੈ। ਉਹ ਵਾਲੀ ਲਾਲਟਣ ਤੇ ਅੱਜ ਵਾਲੀਆਂ ਬੈਰੀਕੇਡ ਕੰਧਾਂ ਤੇ ਟੋਏ ਦੇਖਦੇ ਜਾਓ! ਮੇਰੇ ਸਾਥੀਓ!!

**ਅੰਤਿਕਾ: ਬਾਬੂ ਫਿਰੋਜ਼ਦੀਨ ਸ਼ਰਫ**

ਵਾਰਿਸ ਸ਼ਾਹ ਤੇ ਬੁਲੇ ਦੇ ਰੰਗ ਅੰਦਰ
ਡੋਬ ਡੋਬ ਕੇ ਜ਼ਿੰਦਗੀ ਰੰਗਦਾ ਹਾਂ।
ਮੈਂ ਪੰਜਾਬੀ ਪੰਜਾਬ ਦਾ ਸ਼ਰਫ ਸੇਵਕ
ਸਦਾ ਖੈਰ ਪੰਜਾਬ ਦੀ ਮੰਗਦਾ ਹਾਂ।

# ਤੁਰ ਗਿਆ ਦਰਸ਼ਨ ਦਰਵੇਸ਼...

## ਸ਼ਰਧਾਂਜਲੀ

ਸਾਲ ਕੁ ਪਹਿਲਾਂ ਦਰਸ਼ਨ ਦਰਵੇਸ਼ ਦੇ ਬਿਮਾਰ ਹੋਣ ਦੀ ਖਬਰ ਮਿਲੀ। ਚਿੰਤਾ ਵਿਚ ਫੋਨ ਕੀਤਾ ਤਾਂ ਅਗਿਓਂ ਉਹ ਬੜੇ ਹੌਸਲੇ ਵਿਚ ਬੋਲਿਆ, "ਮੁੜਿਆ ਤਾਂ ਧੁਰ ਦਰਗਾਹੋਂ ਹਾਂ, ਪਰ ਹੁਣ ਸਿਹਤਯਾਬੀ ਵੱਲ ਮੋੜਾ ਪੈ ਗਿਆ ਹੈ।"

ਮਨ ਨੂੰ ਉਸ ਦੇ ਬੋਲਾਂ ਨਾਲ ਧਰਵਾਸ ਮਿਲਿਆ ਕਿ ਜੋ ਧੁਰ ਦਰਗਾਹੋਂ ਮੁੜ ਆਇਆ ਹੈ, ਉਸ ਦੀ ਹੋਰ ਜਿਉਣ ਦੀ ਇੱਛਾ ਸ਼ਕਤੀ ਹੁਣ ਉਸ ਨੂੰ ਸਾਡੇ ਤੋਂ ਦੂਰ ਨਹੀਂ ਜਾਣ ਦੇਵੇਗੀ। ਉਸ ਦੀ ਸਰੀਰਕ ਕਮਜੋਰੀ ਵੇਖ ਕੇ ਦੋਸਤਾਂ ਨੂੰ ਚਿੰਤਾ ਹੁੰਦੀ ਤਾਂ ਉਹ ਉਲਟਾ ਉਨ੍ਹਾਂ ਨੂੰ ਹੀ ਹੌਸਲਾ ਦੇਣ ਲੱਗਦਾ ਤੇ ਦੋ ਨਵੀਆਂ ਕਿਤਾਬਾਂ ਛਪਵਾਉਣ ਸਮੇਤ ਆਪਣੇ ਕਈ ਅਧੂਰੇ ਪਏ ਸਾਹਿਤਕ ਪ੍ਰਾਜੈਕਟਾਂ ਦੀ ਵਿਉਂਤਬੰਦੀ ਦੱਸਣ ਲੱਗ ਪੈਂਦਾ। ਉਸ ਦੀਆਂ ਉਤਸ਼ਾਹੀ ਗੱਲਾਂ ਸੁਣ ਕੇ ਉਸ ਦੇ ਦੋਸਤ ਵੀ ਚਿੰਤਾ ਮੁਕਤ ਹੋ ਜਾਂਦੇ।



ਆਪਣੇ ਅੰਤਲੇ ਦਿਨਾਂ ਵਿਚ ਦਵਿੰਦਰ ਸਤਿਆਰਥੀ ਵਰਗੀ ਦਾੜ੍ਹੀ, ਸਿਰ 'ਤੇ ਬੰਨੇ ਟੋਪੀ ਵਰਗੇ ਰੰਗਦਾਰ ਪਰਨੇ ਤੇ ਦਰਵੇਸੀ ਵੇਸ਼ਭੂਸ਼ਾ ਵਿਚ ਉਹ ਸੱਚਮੁਚ ਕੋਈ ਦਰਵੇਸ਼ ਹੀ ਲੱਗਦਾ। ਜਦੋਂ ਉਸ ਦੇ ਦੋਸਤ ਉਸ ਨੂੰ ਸਿਹਤਯਾਬ ਹੁੰਦਿਆਂ ਵੇਖ ਕੇ ਖੁਸ਼ ਹੋ ਰਹੇ ਸਨ ਤਾਂ ਅਚਾਨਕ ਉਸ ਦੇ ਤੁਰ ਜਾਣ ਦੀ ਖਬਰ ਲੱਗੀ। ਅੱਜ ਕੱਲ੍ਹ ਅਜਿਹੀਆਂ ਖਬਰਾਂ ਸਭ ਤੋਂ ਪਹਿਲਾਂ ਫੇਸਬੁੱਕ ਹੀ ਦਿੰਦੀ ਹੈ। ਸਵੇਰੇ ਫੇਸਬੁੱਕ ਖੋਲ੍ਹੀ ਤਾਂ ਕਰਨ ਭੀਖੀ ਦੀ ਵਾਲ 'ਤੇ ਕਾਵਿ ਸੰਗ੍ਰਹਿ 'ਉਦਾਸ ਸਿਰਲੇਖ' ਦੇ ਕਵੀ ਦੇ ਅਛੋਪਲੇ ਜਿਹੇ ਹੀ ਤੁਰ ਜਾਣ ਦੀ ਖਬਰ ਦਾ ਸਿਰਲੇਖ ਮੇਰੇ ਸਮੇਤ ਉਸ ਨੂੰ ਚਾਹੁਣ ਵਾਲੇ ਸਾਰਿਆਂ ਨੂੰ ਹੀ ਧੁਰ ਅੰਦਰ ਤੱਕ ਉਦਾਸ ਕਰਨ ਵਾਲਾ ਸੀ।

ਨਿਰੰਜਣ ਬੋਹਾ, ਮਾਨਸਾ
ਫੋਨ: 91-89682-82700

ਚਾਰ ਕੁ ਮਹੀਨੇ ਬੇਟੇ ਕੋਲ ਮੋਹਾਲੀ ਗਿਆ ਤੇ ਉਸ ਨੂੰ ਫੋਨ ਕਰਕੇ ਆਪਣੇ ਆਉਣ ਦੀ ਸੂਚਨਾ ਦਿੱਤੀ ਤਾਂ ਉਹ ਫੁੱਲਾਂ ਵਾਂਗੂ ਖਿੜ ਗਿਆ, "ਛੇਤੀ ਆ ਜਾ ਜੱਟ ਬਾਣੀਏ ਮਿੱਤਰਾ...ਮੈਂ ਤਾਂ ਤੈਨੂੰ ਕਦੋਂ ਦਾ ਉਡੀਕ ਰਿਹਾ ਹਾਂ।" (ਉਹ ਅਕਸਰ ਮੇਰੇ ਲਈ ਜੱਟ ਬਾਣੀਆ ਦਾ ਸੰਬੋਧਨ ਵਰਤਦਾ ਸੀ) ਮੈਂ ਬੇਟੇ ਨੂੰ ਕਿਹਾ ਕਿ ਉਹ ਮੈਨੂੰ ਖਰੜ-ਲਾਂਡਰਾ ਰੋਡ 'ਤੇ ਜੇ. ਟੀ. ਪੀ. ਐਲ. ਕਾਲੋਨੀ ਵਿਚ ਪੈਂਦੇ ਉਸ ਦੇ ਫਲੈਟ ਤੱਕ ਛੱਡ ਆਵੇ। ਉਸ ਕੋਲ ਜਾਣ ਵੇਲੇ ਮੈਂ ਸੋਚਿਆ ਕਿ ਉਹ ਧੁਰ ਦਰਗਾਹੋਂ ਮੁੜ ਕੇ ਆਇਆ ਹੈ ਤੇ ਅਸੀਂ ਮਿਲ ਵੀ ਕਈ ਮਹੀਨੀਆਂ ਬਾਅਦ ਰਹੇ ਹਾਂ, ਇਸ ਲਈ ਸਾਨੂੰ ਦੋਹਾਂ ਨੂੰ ਮਿਲਣ ਲਈ ਖੁੱਲ੍ਹੇ ਵਕਤ ਦੀ ਲੋੜ ਹੈ। ਮੈਂ ਬੇਟੇ ਨੂੰ ਕਹਿ ਦਿੱਤਾ ਕਿ ਉਹ ਘਟੋ ਘੱਟ ਛੇ ਘੰਟੇ ਲਈ ਮੈਨੂੰ ਵਾਪਸ ਨਾ ਲੈਣ ਆਵੇ।



ਦਰਸ਼ਨ ਤਾਂ ਸਾਹਿਤਕ ਗੱਲਾਂ ਕਰਨ ਲਈ ਤਰਸਿਆ ਪਿਆ ਸੀ। ਜਦੋਂ ਮੈਂ ਉਸ ਕੋਲ ਪਹੁੰਚਿਆ ਤਾਂ ਉਸ ਦੀ ਜੀਵਨ ਸਾਥਣ ਰਸੋਈ ਦੇ ਸਮਾਨ ਦੀ ਖਰੀਦਦਾਰੀ ਲਈ ਬਾਜ਼ਾਰ ਗਈ ਹੋਈ ਸੀ। ਮੇਰੇ ਵਾਰ ਵਾਰ ਰੋਕਣ ਦੇ ਬਾਵਜੂਦ ਉਹ ਪਤਨੀ ਦੀ ਉਡੀਕ ਕਰਨ ਦੀ ਥਾਂ ਖੁਦ ਮੇਰੇ ਲਈ ਚਾਹ ਬਣਾ ਕੇ ਲਿਆਇਆ। ਮੇਰਾ ਬੇਟਾ ਛੇ ਘੰਟਿਆ ਦੀ ਥਾਂ ਇਕ ਘੰਟਾ ਹੋਰ ਲੇਟ ਮੈਨੂੰ ਲੈਣ ਆਇਆ, ਫਿਰ ਵੀ ਸਾਡੀਆਂ ਨਾ ਮੁੱਕਣ ਵਾਲੀਆਂ ਗੱਲਾਂ ਦਾ ਸਿਲਸਲਾ ਇਸ ਕਦਰ ਜਾਰੀ ਸੀ ਕਿ ਬੇਟੇ ਵੱਲੋਂ ਦੋ ਵਾਰ ਵਜਾਈ ਦਰਵਾਜੇ ਦੀ ਘੰਟੀ ਵੀ ਸਾਨੂੰ ਸੁਣਾਈ ਨਾ ਦਿੱਤੀ। ਮੇਰੀ ਵਾਪਸੀ ਤੋਂ ਪਹਿਲਾਂ ਉਸ ਮੇਰੇ ਤੋਂ ਵਾਅਦਾ ਲਿਆ ਕਿ ਮੈਂ ਅਗਲੇ ਦਿਨ ਫਿਰ ਦਸ ਵਜੇ ਤੋਂ ਪਹਿਲਾਂ ਉਸ ਕੋਲ ਆ ਜਾਵਾਂਗਾ। ਮੈਂ ਉਸ ਨਾਲ ਕੀਤਾ ਇਹ ਵਾਅਦਾ ਨਿਭਾ ਨਾ ਸਕਿਆ, ਉਸ ਦੇ ਤੁਰ ਜਾਣ ਤੋਂ ਬਾਅਦ ਇਹ ਅਹਿਸਾਸ ਹੁਣ ਮੈਨੂੰ ਬਹੁਤ ਪ੍ਰੇਸ਼ਾਨ ਕਰ ਰਿਹਾ ਹੈ।

ਦਰਵੇਸ਼ ਮੋਹ ਖੋਰਾ ਬੰਦਾ ਤਾਂ ਸ਼ੁਰੂ ਤੋਂ ਹੀ ਸੀ, ਪਰ ਜ਼ਿੰਦਗੀ ਦੇ ਅੰਤਲੇ ਦਹਾਕੇ ਵਿਚ ਤਾਂ ਜਿਵੇਂ ਉਹ ਮੁਹੱਬਤ ਦਾ ਸਿਰਨਾਵਾਂ ਹੀ ਬਣ ਗਿਆ ਹੋਵੇ। ਮੋਹ ਕਰਨ ਵਾਲਾ ਬੰਦਾ ਜਜ਼ਬਾਤੀ ਵੀ ਬਹੁਤ ਹੁੰਦਾ ਹੈ। ਉਹ ਆਪਣੇ ਦੋਸਤਾਂ ਨੂੰ ਰੱਜ ਕੇ ਪਿਆਰ ਕਰਦਾ ਸੀ, ਪਰ ਜਦੋਂ ਉਸ ਨੂੰ ਕਿਸੇ ਵਕਤ ਲੱਗਦਾ ਕਿ ਉਸ ਦਾ ਕੋਈ ਦੋਸਤ ਉਸ ਪ੍ਰਤੀ ਲਾ-ਪ੍ਰਵਾਹੀ ਵਰਤ ਰਿਹੈ ਜਾਂ ਉਸ ਨੂੰ ਅਣਗੌਲਿਆ ਕਰ ਰਿਹਾ ਹੈ ਤਾਂ ਉਹ ਛੋਟੀ ਜਿਹੀ ਗੱਲ 'ਤੇ ਹੀ ਰੁੱਸ ਜਾਂਦਾ। ਫਿਰ ਉਹ ਸਾਂਝੇ ਦੋਸਤਾਂ ਨੂੰ ਉਲਾਂਭੇ ਦੇਣ ਲੱਗਦਾ, "ਆਪਣੇ ਆਪ ਨੂੰ ਬਾਹਲਾ ਈ ਨਾਢੂ ਖਾਂ ਸਮਝਣ ਲੱਗ ਪਿਐ...ਮੈਂ ਅੱਜ ਤੋਂ ਬਾਅਦ ਇਸ ਨਾਲ ਕੋਈ ਵਾਹ ਵਾਸਤਾ ਨਹੀਂ ਰੱਖਣਾ।"

ਸ਼ਰਾਬ ਪੀ ਕੇ ਤਾਂ ਉਹ ਕਈ ਵਾਰ ਵਧੇਰੇ ਹੀ ਜਜ਼ਬਾਤੀ ਹੋ ਜਾਂਦਾ। ਸਾਰੇ ਦੋਸਤਾਂ ਨੂੰ ਉਸ ਦੇ ਬੱਚਿਆਂ ਵਾਂਗ ਰੁਸਣ ਦੀ ਆਦਤ ਦਾ ਪਤਾ ਸੀ, ਇਸ ਲਈ ਉਹ ਛੇਤੀ ਹੀ ਉਸ ਨੂੰ ਮਨਾ ਲੈਂਦੇ ਤੇ ਫਿਰ ਉਹ ਸਾਰੇ ਰੋਸੇ ਗਿਲ੍ਹੇ ਭੁੱਲ ਕੇ ਮੋਹ ਭਰੀਆਂ ਗੱਲਾਂ ਕਰਨ ਲੱਗ ਪੈਂਦਾ। ਪਤਾ ਨਹੀਂ ਉਸ ਜਗਜੀਤ ਗਿੱਲ ਬਾਰੇ ਕਿੰਨੇ ਉਲਾਂਭੇ ਮੈਨੂੰ ਦਿੱਤੇ ਹੋਣਗੇ ਤੇ ਕਿੰਨੇ ਜਗਜੀਤ ਗਿੱਲ ਨੂੰ ਮੇਰੇ ਬਾਰੇ ਦਿੱਤੇ ਹੋਣਗੇ।

ਇਹ ਇਤਫਾਕ ਹੀ ਕਿਹਾ ਜਾ ਸਕਦਾ ਹੈ ਕਿ ਅਸੀਂ ਦੋਹੇਂ ਮਾਨਸਾ ਜਿਲੇ ਦੇ ਜੰਮਪਲ ਲੇਖਕ ਆਪਣੇ ਸਾਹਿਤਕ ਸਫਰ ਦੇ ਸ਼ੁਰੂਆਤ ਵਿਚ ਹੀ ਰੋਜ਼ੀ ਰੋਟੀ ਦੇ ਚੱਕਰ ਵਿਚ ਬਾਘੇ ਪੁਰਾਣੇ (ਮੋਗਾ) ਪਹੁੰਚ ਗਏ। ਮੈਂ ਉੱਥੇ ਫੋਟੋ ਸਟੂਡੀਓ ਖੋਲ੍ਹਿਆ ਹੋਇਆ ਸੀ ਤੇ ਦਰਵੇਸ਼ ਜਨ ਸਿਹਤ ਵਿਭਾਗ ਵਿਚ ਨੌਕਰੀ ਕਰਦਾ ਸੀ। ਦੋ ਗਰਾਂਈਂ ਦੀਵਾਨੇ ਜਦੋਂ ਬਾਘੇ ਪੁਰਾਣੇ ਦੇ ਨਿਊ ਲਾਈਟ ਫੋਟੋ ਸਟੂਡੀਓ ਵਿਚ ਮਿਲ ਬੈਠਦੇ ਤਾਂ ਖੂਬ ਗੁਜਰਦੀ ਤੇ ਅਸੀਂ ਇੱਕਠੇ ਨਕੋਦਰ-ਅੰਮ੍ਰਿਤਸਰ ਤੱਕ ਦੀਆਂ ਸਾਹਿਤਕ ਗੇੜੀਆਂ ਲਾ ਆਉਂਦੇ। ਬਾਘੇ ਪੁਰਾਣੇ ਰਹਿੰਦਿਆਂ 'ਹਾਸ਼ੀਆ' ਨਾਂ ਦਾ ਤ੍ਰੈ-ਮਾਸਿਕ ਪਰਚਾ ਸ਼ੁਰੂ ਕੀਤਾ ਤੇ ਇਸ ਪਰਚੇ ਨੇ ਸਾਹਿਤਕ ਪੱਤਰਕਾਰੀ ਦੇ ਖੇਤਰ ਵਿਚ ਚੰਗੀ ਹਿਲਜੁਲ ਵੀ ਪੈਦਾ ਕੀਤੀ, ਪਰ ਇਹ ਪਰਚਾ ਵਿੱਤੀ ਸੰਕਟ ਦੀ ਮਾਰ ਵਧੇਰੇ ਸਮੇਂ ਝੱਲ ਨਾ ਸਕਿਆ। ਦਰਵੇਸ਼ ਨੇ ਨੌਕਰੀ ਛੱਡ ਕੇ ਮਾਨਸਾ ਦੇ ਵਨ ਵੇਅ ਰੋਡ 'ਤੇ ਫੋਟੋ ਸਟੂਡੀਓ ਖੋਲ੍ਹ ਲਿਆ ਅਤੇ ਮੈਂ ਵੀ ਬਾਘਾ ਪੁਰਾਣਾ ਛੱਡ ਕੇ ਬੋਹਾ ਆ ਗਿਆ ਤੇ ਇਸ ਤਰ੍ਹਾਂ ਸਾਡਾ ਮੇਲ ਮਿਲਾਪ ਬਣਿਆ ਰਿਹਾ।

ਦਰਵੇਸ਼ ਦੇ ਸੁਪਨੇ ਬਹੁਤ ਵੱਡੇ ਸਨ। ਸਾਹਿਤ ਸਿਰਜਣਾ ਦੇ ਨਾਲ ਨਾਲ ਫਿਲਮਾਂ ਦੇ ਖੇਤਰ ਵਿਚ ਪੱਕੇ ਪੈਰੀਂ ਹੋਣ ਲਈ ਉਹ ਮਾਨਸਾ ਤੋਂ ਮੁੰਬਈ ਚਲਿਆ ਗਿਆ ਤੇ ਲੰਬੇ ਸੰਘਰਸ਼ ਤੋਂ ਬਾਅਦ ਇਸ ਖੇਤਰ ਵਿਚ ਵੀ ਆਪਣਾ ਨਾਂ-ਥਾਂ ਬਣਾਉਣ ਵਿਚ ਕਾਮਯਾਬ ਵੀ ਹੋ ਗਿਆ। ਜਦੋਂ ਉਸ ਦਾ ਪੰਜਾਬ ਵੱਲ ਗੇੜਾ ਲੱਗਦਾ ਦਾ ਅਸੀਂ ਮਿਲਣ ਦਾ ਮੌਕਾ ਤਲਾਸ਼ ਹੀ ਲੈਂਦੇ। ਜਦੋਂ ਮਿਲਦਾ ਤਾਂ ਸਭ ਤੋਂ ਵੱਧ ਗੱਲਾਂ ਉਹ ਫਿਲਮ ਸੰਸਾਰ ਦੀ ਨਾਮਵਰ ਸ਼ਖਸੀਅਤ ਮਨਮੋਹਨ (ਮਨ ਭਾਅ ਜੀ) ਦੀਆਂ ਕਰਦਾ। ਬਿਮਾਰ ਰਹਿਣ ਤੋਂ ਬਾਅਦ ਉਸ ਮੋਹਾਲੀ ਡੇਰਾ ਲਾ ਲਿਆ ਤਾਂ ਮੇਰੇ ਛੋਟੇ ਬੇਟੇ ਦੀ ਰਿਹਾਇਸ਼ ਮੋਹਾਲੀ ਹੋਣ ਕਾਰਨ ਸਾਡਾ ਮਿਲਣਾ ਕੁਝ ਆਸਾਨ ਹੋ ਗਿਆ। ਜਦੋਂ ਮੋਹਾਲੀ ਵਿਚਲੇ ਫਲੈਟ ਵਿਚ ਉਸ ਨਾਲ ਆਖਰੀ ਮੁਲਾਕਾਤ ਹੋਈ ਤਾਂ ਉਹ 'ਸ਼ਬਦ' ਦੇ ਕਵਿਤਾ ਅੰਕ ਦੇ ਮਹਿਮਾਨ ਸੰਪਾਦਕ ਦੀ ਜ਼ਿੰਮੇਵਾਰੀ ਨੂੰ ਲੈ ਕੇ ਬਹੁਤ ਸੰਵੇਦਨਸ਼ੀਲ ਸੀ ਤੇ ਉਸ ਮੇਰੀ ਵੀ ਜ਼ਿੰਮੇਵਾਰੀ ਪਹੁੰਚੀਆਂ ਸਾਰੀਆਂ ਕਵਿਤਾਵਾਂ ਤੇ ਪੇਪਰ ਲਿਖਣ ਦੀ ਲਾਈ ਸੀ। ਇਸ ਤੋਂ ਪਹਿਲਾਂ ਉਹ ਇਸ ਪਰਚੇ ਰਾਹੀਂ ਆਪਣੀ ਸੰਪਾਦਕੀ ਯੋਗਤਾ ਤੇ ਪੰਜਾਬੀ ਕਵਿਤਾ ਬਾਰੇ ਆਪਣੀ ਸਮਝ ਦਾ ਖੁਲ੍ਹ ਕੇ ਪ੍ਰਗਟਾਵਾ ਕਰ ਸਕਦਾ, ਉਸ ਨੂੰ ਉਪਰੋਂ ਸੱਦਾ ਆ ਗਿਆ ਤੇ ਉਸ ਦੇ ਮਨ ਵਿਚ ਘੁੰਮਦੇ ਅਨੇਕਾਂ ਪ੍ਰਾਜੈਕਟਾਂ ਦੇ ਨਾਲ ਇਹ ਪ੍ਰਾਜੈਕਟ ਵੀ ਅਧੂਰਾ ਰਹਿ ਗਿਆ।

ਉਹ ਕਿਸੇ ਵੀ ਦੋਸਤ ਨੂੰ ਕਦੇ ਵੀ ਬੇਨਤੀ ਨਹੀਂ ਸੀ ਕਰਦਾ, ਸਗੋਂ ਸਿੱਧਾ ਹੁਕਮ ਹੀ ਕਰਦਾ ਸੀ। ਉਸ ਦਾ ਦੂਜਾ ਕਾਵਿ ਸੰਗ੍ਰਹਿ 'ਕੁੜੀਆਂ ਨੂੰ ਸਵਾਲ ਕਰੋ, ਨਾ ਕਰੋ' ਛਪ ਕੇ ਆਇਆ ਤਾਂ ਉਸ ਦਾ ਹੁਕਮ ਆ ਗਿਆ, "ਲੁਧਿਆਣੇ ਪੰਜਾਬੀ ਭਵਨ ਇਸ ਪੁਸਤਕ 'ਤੇ ਗੋਸ਼ਟੀ ਰੱਖੀ ਹੈ। ਸਵੀ, ਵਿਸ਼ਾਲ, ਸਤੀਸ਼ ਗੁਲਾਟੀ, ਅਤੈ ਸਿੰਘ ਤੇ ਹੋਰ ਸਾਰੇ ਦੋਸਤ ਇੱਕਠੇ ਹੋਣਗੇ। ਇਸ ਪੁਸਤਕ 'ਤੇ ਪਰਚਾ ਤੂੰ ਪੜ੍ਹਨੈ, ਤਿਆਰੀ ਰੱਖੀਂ।"

ਭਲਾ ਮੇਰੀ ਕੀ ਬਿਸਾਤ ਸੀ ਕਿ ਉਸ ਦੀ ਹੁਕਮ ਅਦੂਲੀ ਕਰ ਦਿੰਦਾ। ਪੁਸਤਕ ਗੋਸ਼ਟੀ ਸਮੇਂ ਮੇਰਾ ਪਰਚਾ ਸੁਣ ਕੇ ਉਹ ਗਦਗਦ ਹੋ ਗਿਆ ਤੇ ਮੈਨੂੰ ਜੱਫੀ ਵਿਚ ਲੈਂਦਿਆ ਆਪਣੇ ਚਿਰ ਪਰਚਿਤ ਅੰਦਾਜ਼ ਵਿਚ ਬੋਲਿਆ, "ਜਿਉਂਦਾ ਰਹਿ ਜੱਟ ਬਾਣੀਆ ਮਿੱਤਰਾ...ਤੂੰ ਮੈਨੂੰ ਵੀ ਸਮਝਦਾ ਹੈ ਤੇ ਮੇਰੀ ਕਵਿਤਾ ਨੂੰ ਵੀ।" ਉਸ ਰਾਤ ਆਪਣੇ ਨਾਲ ਚੱਲਣ ਤੇ ਹਵਾ ਪਿਆਜੀ ਹੋਣ ਲਈ ਬਹੁਤ ਜੋਰ ਲਾਇਆ, ਪਰ ਕਿਸੇ ਜ਼ਰੂਰੀ ਕਾਰਨ ਕਰਕੇ ਉਸ ਦਿਨ ਮੇਰਾ ਘਰ ਵਾਪਸ ਪਰਤਣਾ ਜ਼ਰੂਰੀ ਸੀ। ਆਪਣੇ ਧੁਰ ਦਰਗਾਹ ਵੱਲ ਤੁਰਨ ਤੋਂ ਦੋ ਮਹੀਨੇ ਪਹਿਲਾਂ ਉਸ ਦਾ ਹੁਕਮ ਆਇਆ ਕਿ ਵਿਸ਼ਾਲ ਵੱਲੋਂ ਚਲਾਏ ਜਾ ਰਹੇ ਯੂ-ਟਿਊਬ ਚੈਨਲ 'ਸੈਵਨਥ ਰਿਵਰ' ਲਈ ਮੇਰੀ ਕਵਿਤਾ ਤੇ ਦਸ ਕੁ ਮਿੰਟ ਦੀ ਵੀਡੀਓ ਬਣਾ ਕੇ ਭੇਜ। ਸ਼ੁਕਰ ਹੈ ਕਿ ਮੈਂ ਘੌਲ ਨਾ ਕਰਦਿਆਂ ਉਸ ਦੇ ਹੁਕਮ ਦੀ ਪਾਲਣਾ ਕਰ ਦਿੱਤੀ ਤੇ ਵਿਸ਼ਾਲ ਨੇ ਵੀ ਉਹ ਵੀਡੀਓ ਆਪਣੇ ਚੈਨਲ 'ਤੇ ਪਾ ਦਿੱਤੀ। ਜੇ ਇਸ ਕੰਮ ਵਿਚ ਦੇਰ ਹੋ ਜਾਂਦੀ ਤਾਂ ਉਸ ਨੇ ਸਾਡੇ ਦੋਹਾਂ ਨਾਲ ਰੁਸਿਆਂ ਹੀ ਤੁਰ ਜਾਣਾ ਸੀ ਤੇ ਸਾਡੇ ਦੋਹਾਂ ਦੇ ਮਨਾਂ ਵਿਚ ਵੀ ਇਹ ਪਛਤਾਵਾ ਰਹਿ ਜਾਣਾ ਸੀ ਕਿ ਅਸੀਂ ਆਪਣੇ ਮਿੱਤਰ ਦੇ ਬੋਲ ਨਾ ਪੁਗਾ ਸਕੇ।

'ਵੱਤਰ' ਤੇ 'ਬਲਾਈਂਡ ਸਟਰੀਟ' ਵਰਗੀਆਂ ਪੰਜਾਬੀ ਫਿਲਮਾਂ ਦਾ ਨਿਰਦੇਸ਼ਨ ਕਰਕੇ ਉਸ ਨੇ ਫਿਲਮ ਨਿਰਦੇਸ਼ਨ ਦੀਆਂ ਬਾਰੀਕੀਆਂ ਨੂੰ ਸਮਝਣ ਵਾਲੇ ਫਿਲਮ ਡਾਇਰੈਕਟਰ ਵਜੋਂ ਆਪਣੀ ਪਛਾਣ ਬਣਾਈ ਤੇ ਦੂਰਦਰਸ਼ਨ ਦੇ ਚਰਚਿਤ ਸੀਰੀਅਲ 'ਦਾਣੇ ਅਨਾਰ ਦੇ' ਸਮੇਤ ਕਈ ਸੀਰੀਅਲ ਵੀ ਨਿਰਦੇਸ਼ਿਤ ਕੀਤੇ। ਹਿੰਦੀ ਫਿਲਮ 'ਮਾਚਿਸ' ਦੀ ਫੋਟੋਗ੍ਰਾਫੀ ਵਿਚ ਮਨਮੋਹਨ ਦੇ ਸਹਾਇਕ ਵਜੋ ਸ਼ਾਮਿਲ ਹੋ ਕੇ ਉਸ ਸਿੱਧ ਕਰ ਦਿੱਤਾ ਕਿ ਉਹ ਜਮਾਂਦਰੂ ਕਲਾਕਾਰ ਹੈ। ਪੰਜਾਬੀ ਕਵਿਤਾ ਦੀਆਂ ਦੋ ਕਿਤਾਬਾਂ ਤੋਂ ਇਲਾਵਾ ਉਸ ਦਾ ਇਕ ਨਾਵਲਿਟ 'ਮਾਈਨਸ ਜਮਾ ਜ਼ੀਰੋ' ਵੀ ਪ੍ਰਕਾਸ਼ਿਤ ਹੋਇਆ ਤੇ ਪੰਜਾਬ ਦੇ ਨਾਮੀ ਪਰਚਿਆਂ ਵਿਚ ਉਸ ਦੀਆਂ ਕਹਾਣੀਆਂ ਨੂੰ ਵੀ ਢੁਕਵਾਂ ਸਥਾਨ ਮਿਲਿਆ।

ਅਜੇ ਅਲਵਿਦਾ ਨਹੀਂ ਦੋਸਤ...ਜਦ ਤੱਕ ਮੇਰੀ ਦੇਹ ਵਿਚ ਪ੍ਰਾਣ ਹਨ, ਤੂੰ ਮੇਰੀਆ ਯਾਦਾਂ ਵਿਚ ਜਿਉਂਦਾ ਰਹੇਂਗਾ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਨਫਾਸਤ ਦਾ ਨਗਮਾ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਾਮਨਾ ਕੀਤੀ ਸੀ ਕਿ ਪਿੰਡ ਵਿਚ ਪਿੰਡ ਸਦਾ ਵੱਸਦਾ ਰਹੇ; ਕਿਉਂਕਿ ਜਦ ਪਿੰਡ ਵਿਚੋਂ ਪਿੰਡ ਹੀ ਮਨਫੀ ਹੋ ਜਾਵੇ, ਪੇਂਡੂਪੁਣਾ ਹੀ ਅਲੋਪ ਹੋ ਜਾਵੇ ਅਤੇ ਪੇਂਡੂ ਰਹਿਤਲ ਵਿਚਲੀ ਅੰਮ੍ਰਿਤਾ, ਅਮੀਰਤਾ ਅਤੇ ਅਸੀਮਤਾ ਸਾਹ ਵਰੋਲਣ ਜੋਗੀ ਰਹਿ ਜਾਵੇ ਤਾਂ ਪਿੰਡ ਬਹੁਤ ਤੜਫਦਾ ਤੇ ਕੂਕਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਨਫਾਸਤ ਦੇ ਨਗਮੇ ਗਾਏ ਹਨ ਕਿ ਨਫਾਸਤ ਅਜਿਹਾ ਮਨੁੱਖੀ ਗੁਣ, ਜਿਸ ਦੇ ਸਦਕੇ ਜਾਣ ਨੂੰ ਜੀਅ ਕਰਦਾ। ਨਫਾਸਤ ਤਾਂ ਝਰਨੇ ਦਾ ਸ਼ਫਾਫ ਪਾਣੀ, ਜਿਹੜਾ ਜਦ ਹੇਠਾਂ ਡਿਗਦਾ ਤਾਂ ਇਸ ਦੇ ਨਾਲ ਪੈਦਾ ਹੋਏ ਸੰਗੀਤ ਵਿਚੋਂ ਜੀਵਨ ਦੀਆਂ ਧੁਨਾਂ ਸੁਣਾਈ ਦਿੰਦੀਆਂ। ਉਹ ਕਹਿੰਦੇ ਹਨ, "ਨਫਾਸਤ ਸਿਰਫ ਬਾਹਰੀ ਪ੍ਰਗਟਾਵੇ ਤੀਕ ਹੀ ਸੀਮਤ ਨਹੀਂ। ਦਰਅਸਲ ਸਭ ਤੋਂ ਅਹਿਮ ਹੈ, ਅੰਤਰੀਵ ਵਿਚ ਬੈਠੀ ਨਫਾਸਤ। ਇਹ ਨਫਾਸਤ ਹੀ ਮਨੁੱਖ ਤੋਂ ਇਨਸਾਨ ਬਣਨ ਦੀ ਤਰਕੀਬ ਸੁਝਾਉਂਦੀ ਹੈ। ਜੀਵਨ ਦੀਆਂ ਤਰਜ਼ੀਹਾਂ ਨਿਰਧਾਰਤ ਕਰਦੀ ਅਤੇ ਇਸ ਅਨੁਸਾਰ ਜੀਵਨ ਜਿਉਣ ਲਈ ਪ੍ਰੇਰਤ ਕਰਦੀ ਏ।...ਨਫਾਸਤ ਨੂੰ ਨਿਗੂਣੀ, ਨਿਕੰਮੀ, ਨਿਰਮੂਲ, ਨਖਸਮੀ ਜਾਂ ਨਿਲੱਜ ਸਮਝ ਕੇ ਕਦੇ ਨਾ ਨਕਾਰੋ। ਨਫਾਸਤ ਹੁੰਦੀ ਆਪਣੇ ਆਪ ਦਾ ਆਪਣੇ ਨਾਲ ਸੰਵਾਦ ਅਤੇ ਅੰਤਰੀਵ ਵਿਚ ਗੂੰਜਦਾ ਅਲਹਾਮੀ ਨਾਦ।" ਉਨ੍ਹਾਂ ਦੀ ਨਸੀਹਤ ਹੈ ਕਿ ਨਫਾਸਤ ਨੂੰ ਆਪਣਾ ਮੀਰੀ ਗੁਣ ਬਣਾਉਣ ਲਈ ਜਰੂਰੀ ਹੈ, ਮਨੁੱਖ ਸਦਾ ਨਿਮਰ ਰਹੇ। ਉਸ ਲਈ ਦੁਨਿਆਵੀ ਲਾਭਾਂ ਤੋਂ ਦੂਰੀ ਬਣਾਉਣ ਦੀ ਹਿੰਮਤ ਹੋਵੇ। -ਸੰਪਾਦਕ***

ਨਫਾਸਤ ਨਿਰਮਾਣਤਾ, ਨਿਰਮੂਲਤਾ, ਨਿਆਰਾਪਣ, ਨਿਮਰਤਾ, ਨਜ਼ਾਕਤ ਅਤੇ ਨਰਮ-ਦਿਲੀ ਦੇ ਸੰਗਮ ਵਿਚੋਂ ਪੈਦਾ ਹੁੰਦੀ, ਜੋ ਸਹਿਜ, ਸਲੀਕਾ ਤੇ ਸਾਦਗੀ ਦੇ ਸੰਤੁਲਨ ਰਾਹੀਂ ਪ੍ਰਗਟਦੀ।

ਨਫਾਸਤ, ਇਖਲਾਕ, ਇੱਜ਼ਤ, ਇਤਬਾਰ, ਇਬਾਦਤ ਅਤੇ ਇਕਾਗਰਤਾ ਵਿਚੋਂ ਆਪਣਾ ਰੂਪ ਅਖਤਿਆਰ ਕਰਦੀ, ਜਿਸ ਨਾਲ ਮਨੁੱਖੀ ਗੁਣਾਂ ਨੂੰ ਪਰਵਾਜ਼ ਮਿਲਦੀ।

ਨਫਾਸਤ ਜਿਉਣ ਦੇ ਤੌਰ-ਤਰੀਕੇ, ਸੁਹਜ, ਮਨੁੱਖੀ ਕਿਰਿਆਵਾਂ ਅਤੇ ਵਿਅਕਤੀਤਵ ਆਦਤਾਂ ਤੇ ਲੱਛਣਾਂ ਦੇ ਆਲੇ-ਦੁਆਲੇ ਤਾਣਾ-ਬਾਣਾ ਬੁਣਦੀ। ਇਹ ਤਾਣਾ ਸੁੰਦਰ ਫੁਲਕਾਰੀ ਵੀ ਹੁੰਦਾ ਅਤੇ ਕਈ ਵਾਰ ਤਨ ਦੀ ਲੋਈ ਵੀ। ਫੁੱਲਕਾਰੀ, ਨਫਾਸਤੀ ਸੁੰਦਰਤਾ ਦੀ ਲਖਾਇਕ ਜਦ ਕਿ ਲੋਈ, ਬੇਫਿਕਰੀ ਤੇ ਬੇਲਾਗਤਾ ਦਾ ਪ੍ਰਮਾਣ।

ਨਫਾਸਤ, ਸਾਇਸ਼ਤਗੀ, ਸ਼ਰਾਫਤ, ਸੁਹਜਤਾ, ਸੁੰਦਰਤਾ, ਸੰਜਮਤਾ, ਸੁਹਿਰਦਤਾ ਅਤੇ ਸਾਦਗੀ ਦਾ ਸੁੰਦਰ ਸਰੂਪ। ਇਸ ਦੀਆਂ ਦੁੱਧ-ਚਿੱਟੀਆਂ ਕਿਰਨਾਂ ਚੌਗਿਰਦੇ ਨੂੰ ਆਪਣੇ ਰੰਗ ਵਿਚ ਰੰਗਦੀਆਂ।

ਨਫਾਸਤ, ਵਿਅਕਤੀ ਦੇ ਵਿਚਾਰ, ਵਿਹਾਰ, ਕਿਰਦਾਰ, ਗੁਫਤਾਰ ਅਤੇ ਰਫਤਾਰ ਵਿਚੋਂ ਸਾਖਸ਼ਾਤ ਨਜ਼ਰ ਆਉਂਦੀ। ਨਫਾਸਤੀ ਵਿਅਕਤੀ ਦਾ ਲਿਬਾਸ, ਤੁਰਨ ਤੇ ਬੋਲਣ ਦਾ ਅੰਦਾਜ਼, ਉਸ ਦੀ ਗਲਵੱਕੜੀ, ਹੱਥ-ਘੁੱਟਣੀ, ਤੱਕਣੀ ਜਾਂ ਬੋਲਾਂ ਵਿਚੋਂ ਵੀ ਨਫਾਸਤ ਦੇ ਦੀਦਾਰੇ ਹੁੰਦੇ। ਨਫਾਸਤ ਨੂੰ ਸੀਮਤ ਦਾਇਰੇ ਵਿਚ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ।

ਨਫਾਸਤ, ਲਿਆਕਤ, ਗਿਆਨ, ਗਹਿਰ-ਗੰਭੀਰਤਾ ਆਦਿ ਮਨੁੱਖੀ ਗੁਣਾਂ ਵਿਚੋਂ ਵੀ ਨਜ਼ਰ ਆਉਂਦੀ। ਕਈ ਵਾਰ ਕਈਆਂ ਕੋਲ ਕਹਿਣ ਜਾਂ ਪ੍ਰਗਟਾਉਣ ਨੂੰ ਬਹੁਤ ਕੁਝ ਹੁੰਦਾ, ਪਰ ਪ੍ਰਗਟਾਉਣ ਦੀ ਕਮੀ ਕਾਰਨ, ਉਹ ਆਪਣੀ ਗੱਲ ਕਹਿਣ ਤੋਂ ਅਧੂਰੇ। ਇਸ ਨਾਲ ਵਜ਼ਨਦਾਰ ਗੱਲ ਵੀ ਅਕਾਰਥ ਤੇ ਹੀਣੀ ਹੋ ਜਾਂਦੀ।

ਨਫਾਸਤ ਜਦ ਨਜ਼ਰ ਨੂੰ ਪ੍ਰਗਟਾਵੇ ਲਈ ਚੁਣਦੀ ਤਾਂ ਨੀਵੀਆਂ ਨਜ਼ਰਾਂ ਵਿਚ ਛੁਪੀ ਹੁੰਦੀ ਹੈ ਧੀਆਂ-ਭੈਣਾਂ ਦੀ ਆਬਰੂ ਤੇ ਅਦਬ। ਉਚੀਆਂ ਨਜ਼ਰਾਂ ਵਿਚ ਹੁੰਦੀ ਹੈ ਗੈਰਤ ਤੇ ਸਵੈ-ਵਿਸ਼ਵਾਸ ਅਤੇ ਤਿਰਛੀਆਂ ਨਜ਼ਰਾਂ ਵਿਚ ਹੁੰਦੀ ਹੈ ਕਿਸੇ 'ਤੇ ਫਿਦਾ ਹੋਣ ਦੀ ਅਦਾ।

ਨਫਾਸਤ ਅਜਿਹਾ ਮਨੁੱਖੀ ਗੁਣ, ਜਿਸ ਦੇ ਸਦਕੇ ਜਾਣ ਨੂੰ ਜੀਅ ਕਰਦਾ। ਅਜਿਹੀ ਪਾਰਦਰਸ਼ਤਾ, ਜੋ ਸਮੁੱਚ ਵਿਚ ਹਾਜਰ-ਨਾਜ਼ਰ। ਇਸ ਦੀ ਹੋਂਦ ਵਿਚ ਨਿਖਰਦੀਆਂ ਨੇ ਜੀਵਨ-ਤਰਜ਼ੀਹਾਂ।

ਨਫਾਸਤ ਦੇ ਬਹੁਤ ਸਾਰੇ ਰੂਪ। ਘਰ, ਕਮਰਾ, ਬਿਸਤਰਾ, ਲਿਖਣ-ਪੜ੍ਹਨ ਦਾ ਮੇਜ, ਲਿਖਣ ਸਮੱਗਰੀ, ਲਿਖਤ ਦਾ ਰੂਪ, ਰਵਾਨੀ ਅਤੇ ਰੂਹ-ਰੇਜ਼ਤਾ ਰਾਹੀਂ ਪ੍ਰਗਟ ਹੁੰਦੀ। ਮਨੁੱਖੀ ਤੋਰ, ਗੱਲਬਾਤ, ਖਾਣਾ ਖਾਣ, ਅਜਨਬੀ ਨੂੰ ਮਿਲਣ ਜਾਂ ਕਿਸੇ ਕੋਲੋਂ ਜਾਣਕਾਰੀ ਲੈਣ ਅਤੇ ਫਿਰ ਉਸ ਦਾ ਸ਼ੁਕਰੀਆ ਕਰਨ ਵੇਲੇ ਵੀ ਕੰਮ ਆਉਂਦੀ ਨਫਾਸਤ।

ਨਫਾਸਤ ਨਾਲ ਲਬਰੇਜ਼ ਵਿਅਕਤੀਆਂ ਲਈ ਜੀਵਨ ਦੀਆਂ ਤੰਗਦਸਤੀਆਂ, ਔਕੜਾਂ ਜਾਂ ਮੁਸ਼ਕਿਲਾਂ ਕੋਈ ਅਰਥ ਨਹੀਂ ਰੱਖਦੀਆਂ। ਉਨ੍ਹਾਂ ਦਾ ਅੰਦਾਜ਼-ਏ-ਬਿਆਨ ਅਤੇ ਲਹਿਜ਼ਾ ਹੀ ਉਨ੍ਹਾਂ ਲਈ ਜੀਵਨ-ਸਾਰਥਿਕਤਾ ਦੀ ਤਲਾਸ਼ ਹੁੰਦਾ।

ਨਫਾਸਤ ਕਦੇ ਉਚ-ਕੁੱਲ ਜਾਂ ਰਾਜਿਆਂ-ਮਹਾਰਾਜਿਆਂ ਦੀ ਦਾਸੀ ਹੁੰਦੀ ਸੀ। ਰਾਜ ਘਰਾਣਿਆਂ ਵਿਚ ਜਵਾਨ ਹੋ ਰਹੇ ਰਾਜਕੁਮਾਰਾਂ ਅਤੇ ਰਾਜਕੁਮਾਰੀਆਂ ਨੂੰ ਕਨੀਜ਼ਾਂ ਰਾਹੀਂ ਬਾਕਾਇਦਾ ਨਫਾਸਤ ਭਰੀ ਤਰਜ਼-ਏ-ਜ਼ਿੰਦਗੀ ਦੀ ਮੁਹਾਰਤ ਹਾਸਲ ਕਰਵਾਈ ਜਾਂਦੀ ਸੀ ਤਾਂ ਕਿ ਉਨ੍ਹਾਂ ਨੂੰ ਰਾਜ ਦਰਬਾਰਾਂ ਵਿਚਲੇ ਤੌਰ ਤਰੀਕਿਆਂ ਤੇ ਰਸਮੋ-ਰਿਵਾਜਾਂ ਦੀ ਪੂਰਨ ਜਾਣਕਾਰੀ ਹੋਵੇ। ਮਹੱਲਾਂ ਦਾ ਆਪਣਾ ਹੀ ਵਿਧਾਨ ਹੁੰਦਾ ਸੀ, ਜਿਸ ਦੀ ਅਵੱਗਿਆ ਕਾਰਨ ਰਾਜੇ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰ ਅਜੋਕੇ ਸਮੇਂ ਵਿਚ ਨਫਾਸਤ ਦੇ ਅਰਥ ਬਦਲ ਗਏ ਨੇ। ਇਸ ਰਾਹੀਂ ਮਨੁੱਖੀ ਪ੍ਰਵਿਰਤੀ ਵਿਚ ਉਚੀਆਂ ਤੇ ਸੁੱਚੀਆਂ ਸੋਚਾਂ ਨੂੰ ਮੂਲ ਮੰਤਰ ਬਣਾ ਕੇ, ਇਸ ਅਨੁਸਾਰ ਜਿਊਣ ਦਾ ਅਦਬ ਤੇ ਅੰਦਾਜ਼ ਏ।

ਨਫਾਸਤ ਸਿਰਫ ਬਾਹਰੀ ਪ੍ਰਗਟਾਵੇ ਤੀਕ ਹੀ ਸੀਮਤ ਨਹੀਂ। ਦਰਅਸਲ ਸਭ ਤੋਂ ਅਹਿਮ ਹੈ, ਅੰਤਰੀਵ ਵਿਚ ਬੈਠੀ ਨਫਾਸਤ। ਇਹ ਨਫਾਸਤ ਹੀ ਮਨੁੱਖ ਤੋਂ ਇਨਸਾਨ ਬਣਨ ਦੀ ਤਰਕੀਬ ਸੁਝਾਉਂਦੀ ਹੈ। ਜੀਵਨ ਦੀਆਂ ਤਰਜ਼ੀਹਾਂ ਨਿਰਧਾਰਤ ਕਰਦੀ ਅਤੇ ਇਸ ਅਨੁਸਾਰ ਜੀਵਨ ਜਿਊਣ ਲਈ ਪ੍ਰੇਰਤ ਕਰਦੀ ਏ।

ਨਫਾਸਤ, ਸਮਰਪਿਤ, ਸਬਰ, ਸ਼ੁਕਰ, ਸੁਖਨ, ਸਕੂਨ, ਸੰਜਮ ਅਤੇ ਸ਼ੁਕਰ-ਸਬੂਰੀ ਦਾ ਮਜੀਠੀ ਰੰਗ, ਜਿਸ ਸਾਹਵੇਂ ਫਿੱਕੇ ਪੈ ਜਾਂਦੇ ਨੇ ਸਾਰੇ ਰੰਗ।

ਨਫਾਸਤ ਤਾਂ ਕਿਰਤ, ਕਰਮਯੋਗਤਾ, ਕ੍ਰਿਤਾਰਥਿਕਤਾ, ਕਾਵਿਕਤਾ ਅਤੇ ਕਲਾ ਵਿਚੋਂ ਪਨਪੇ ਤਾਂ ਨਫਾਸਤ ਆਪਣੀ ਹੋਂਦ 'ਤੇ ਮਾਣ ਕਰਦੀ। ਯਾਦ ਰੱਖਣਾ! ਜਿੰਨਾ ਚਿਰ ਕਵਿਤਾ, ਸੰਗੀਤ ਜਾਂ ਹੋਰ ਕੋਈ ਕਲਾ ਵਿਚ ਨਫਾਸਤ ਦਾ ਗੂੜ੍ਹਾ ਰੰਗ ਹੈ, ਉਹ ਕਦੇ ਵੀ ਨਹੀਂ ਮਰਦੀ। ਕਲਾਹੀਣ ਕਿਰਤਾਂ ਵਿਚੋਂ ਮਰ ਗਈ ਨਫਾਸਤ ਦਾ ਮੁਹਾਂਦਰਾ ਹੀ ਨਜ਼ਰ ਆਉਂਦਾ ਅਤੇ ਬੋਅ ਮਾਰਦੀ ਅਜਿਹੀ ਕਲਾ ਜੀਵਨ ਦਾ ਮਰਸੀਆ ਅਲਾਪਣ ਜੋਗੀ ਰਹਿੰਦੀ ਆ।

ਨਫਾਸਤ ਮਦਦਗਾਰ, ਮਿਹਨਤੀ, ਮੁਹੱਬਤੀ, ਮੋਹਵੰਤੇ, ਮਿਲਾਪੜੇ, ਮਹਿਕੀਲੇ, ਮਰਦਾਵੇਂ ਆਦਿ ਗੁਣਾਂ ਨੂੰ ਅਪਨਾਉਣ ਵਾਲੇ ਲੋਕਾਂ ਦਾ ਪਾਣੀ ਭਰਦੀ ਅਤੇ ਉਨ੍ਹਾਂ ਦੀਆਂ ਬਲਾਵਾਂ ਆਪਣੇ ਸਿਰ ਲੈਂਦੀ।

ਨਫਾਸਤ ਨੂੰ ਨਿਗੂਣੀ, ਨਿਕੰਮੀ, ਨਿਰਮੂਲ, ਨਖਸਮੀ ਜਾਂ ਨਿਲੱਜ ਸਮਝ ਕੇ ਕਦੇ ਨਾ ਨਕਾਰੋ। ਨਫਾਸਤ ਤਾਂ ਝਰਨੇ ਦਾ ਸ਼ਫਾਫ ਪਾਣੀ, ਜਿਹੜਾ ਜਦ ਹੇਠਾਂ ਡਿਗਦਾ ਤਾਂ ਇਸ ਦੇ ਨਾਲ ਪੈਦਾ ਹੋਏ ਸੰਗੀਤ ਵਿਚੋਂ ਜੀਵਨ ਦੀਆਂ ਧੁਨਾਂ ਸੁਣਾਈ ਦਿੰਦੀਆਂ।

ਨਫਾਸਤ ਨਰਾਇਣੀ ਗੁਣ, ਜਿਹੜਾ ਕੁਝ ਕੁ ਲੋਕਾਂ ਦੀ ਜੀਵਨ-ਸ਼ੈਲੀ ਵਿਚੋਂ ਉਘੜਦਾ। ਅਜਿਹੇ ਲੋਕਾਂ ਦੇ ਅਚਵੇਤਨ ਵਿਚ ਬੈਠਾ ਹੁੰਦਾ ਏ, ਕਿਸੇ ਦਰਦ ਵਿਚ ਪੀੜ ਪੀੜ ਹੋਣਾ, ਕਿਸੇ ਦੇ ਖਾਰੇ ਹੰਝੂਆਂ ਵਿਚ ਖੁਰ ਜਾਣਾ, ਕਿਸੇ ਦੀ ਵਿਲਕਣੀ ਵਿਚ ਤਾਰ-ਤਾਰ ਹੋ ਜਾਣਾ ਜਾਂ ਕਿਸੇ ਦੇ ਵਿਰਲਾਪ ਵਿਚ ਦੀਦਿਆਂ ਨੂੰ ਗਾਲ ਲੈਣਾ।

ਨਫਾਸਤ ਕਤਲ, ਕੁਹਰਾਮ, ਕਮੀਨਗੀ, ਕੁਤਾਹੀਆਂ, ਕਠੋਰਤਾ, ਕੁਰਹਿਤ ਜਾਂ ਕੁਫਰ ਕਾਰਨ ਕੰਬ ਜਾਂਦੀ, ਕਿਉਂਕਿ ਇਹ ਹੀ ਉਸ ਦੀ ਹੋਂਦ ਲਈ ਸਭ ਤੋਂ ਵੱਡਾ ਖਤਰਾ ਹੁੰਦੇ।

ਨਫਾਸਤ ਕਦੇ ਵੀ ਓਪਰੀ, ਓਹਲਾ, ਉਲਝਣ, ਉਬਾਲ, ਉਪਰਾਮਤਾ ਜਾਂ ਉਦਾਸੀ ਨਹੀਂ ਹੁੰਦੀ, ਸਗੋਂ ਇਹ ਤਾਂ ਉਦਾਰਤਾ, ਉਤਸ਼ਾਹ ਤੇ ਉਮਾਹ ਵਿਚੋਂ ਆਪਣੀ ਕਾਇਨਾਤੀ ਵਰਤਾਰਿਆਂ ਨੂੰ ਪੈਦਾ ਕਰਦੀ।

ਨਫਾਸਤ ਪਾਕੀਜ਼, ਪਿਆਰਾ, ਪੁਰ-ਖਲੂਸ ਅਤੇ ਪ੍ਰੇਰਨਾਮਈ ਜੀਵਨ-ਜਾਚ ਜਿਸ ਨਾਲ ਮਨੁੱਖ ਵਿਚੋਂ ਨਾਸ਼ ਹੁੰਦੀ ਏ ਪਾਪ ਕਰਨ ਦੀ ਪ੍ਰਵਿਰਤੀ, ਪਾਖੰਡ, ਪਾਜ਼ ਅਤੇ ਪਲੀਤਪੁਣਾ। ਖਾਲਸ ਹੀਰਾ ਆਪਣੀ ਦਿੱਖ ਨਾਲ ਜਗਮਗਾਉਂਦਾ ਏ।

ਨਫਾਸਤ ਹੁੰਦੀ ਬੋਲਣ ਦਾ ਲਹਿਜ਼ਾ ਤੇ ਸ਼ਬਦਾਂ ਦਾ ਪ੍ਰਗਟਾਅ। ਨਫਾਸਤ ਹੁੰਦੀ ਰਾਹ ਦੀਆਂ ਪੈੜਾਂ ਅਤੇ ਮੰਜ਼ਿਲ ਦੀ ਸੁਰਖ-ਭਾਅ। ਨਫਾਸਤ ਹੁੰਦੀ ਜੀਵਨ-ਬਗੀਚੇ 'ਚ ਫੁੱਲਾਂ ਜਿਹੀ ਅਦਾ, ਜਿਸ ਦੇ ਹਰ ਰੰਗ ਵਿਚ ਰੰਗੀ ਆਵੇ ਮਹਿਕਾਂ ਭਰੀ ਹਵਾ। ਨਫਾਸਤ ਹੁੰਦੀ ਮਹਿਕ ਦਾ ਵਾਸ, ਫਿਜ਼ਾ ਦੇ ਨਾਂਵੇਂ ਕਰਨਾ ਹੁਲਾਸ। ਹੋਂਦ ਵਿਚੋਂ ਨਾਦ-ਇਲਾਹੀ ਝਰਨਾ। ਨਫਾਸਤ ਹੁੰਦੀ ਵਕਤ ਤਹਿਜ਼ੀਬ ਨੂੰ ਦੇਣਾ ਨਵਾਂ ਅੰਜ਼ਾਮ ਅਤੇ ਇਤਿਹਾਸ ਦੇ ਸੂਰਜੀ ਵਰਕੇ ਕਰਨੇ ਆਪਣੇ ਨਾਮ। ਨਫਾਸਤ ਹੁੰਦੀ ਘਰ ਵਿਚੋਂ ਨਾਜ਼ਲ ਬਹਿਸ਼ਤੀ ਨਜ਼ਾਰੇ ਅਤੇ ਇਸ ਦੀ ਚਾਰ ਦੀਵਾਰੀਂ ਜਗਦੇ ਅੰਬਰੀਂ ਤਾਰੇ। ਨਫਾਸਤ ਹੁੰਦੀ ਆਪਣੇ ਆਪ ਦਾ ਆਪਣੇ ਨਾਲ ਸੰਵਾਦ ਅਤੇ ਅੰਤਰੀਵ ਵਿਚ ਗੂੰਜਦਾ ਅਲਹਾਮੀ ਨਾਦ।

ਨਫਾਸਤ ਸਸਤੀ ਸ਼ੁਹਰਤ, ਬਜਾਰੂ ਸਿਫਤ ਜਾਂ ਖੁਸ਼ਾਮਦੀ ਲੋਕਾਂ ਦੀ ਵਾਹ-ਵਾਹ ਵਿਚੋਂ ਨਹੀਂ ਪੈਦਾ ਹੁੰਦੀ। ਨਾ ਹੀ ਇਸ ਨੂੰ ਖਰੀਦਿਆ ਜਾਂ ਬੰਦੀ ਬਣਾਇਆ ਜਾ ਸਕਦਾ। ਇਹ ਤਾਂ ਅਗੰਮੀ ਆਵੇਸ਼, ਨੂਰੀ ਅਲਹਾਮ, ਕੁਦਰਤੀ ਕ੍ਰਿਸ਼ਮਾ ਅਤੇ ਕਰਤਾਰੀ ਬਿਰਤੀਆਂ ਦਾ ਪ੍ਰਵੇਸ਼, ਜੋ ਜੀਵਨ ਦੇ ਸਮੁੱਚ ਨੂੰ ਬਦਲ ਕੇ ਇਸ ਦੀ ਨੁਹਾਰ ਨੂੰ ਸੂਰਜਾਂ ਦਾ ਹਾਣੀ ਬਣਾਉਂਦੀ।

ਨਫਾਸਤ ਅਮੀਰ-ਗਰੀਬ, ਅਨਪੜ੍ਹ, ਪੜ੍ਹੇ-ਲਿਖੇ, ਰਾਜਾ-ਫਕੀਰ, ਰੁਤਬੇ ਵਾਲੇ- ਰੁਤਬਾਹੀਣ ਜਾਂ ਰੱਜੇ-ਭੁੱਖੇ ਵਿਚ ਕੋਈ ਅੰਤਰ ਨਹੀਂ ਰੱਖਦੀ; ਕਿਉਂਕਿ ਨਫਾਸਤ ਸਿਰਫ ਅੰਦਰੋਂ ਹੀ ਪੈਦਾ ਹੁੰਦੀ। ਇਕ ਗਰੀਬ ਰਿਕਸ਼ੇ ਵਾਲਾ ਕਿਸੇ ਸਵਾਰੀ ਦਾ ਡਿਗਿਆ ਬਟੂਆ ਵੀ ਉਸ ਦੇ ਘਰ ਪਹੁੰਚਾ ਦਿੰਦਾ, ਜਦ ਕਿ ਇਕ ਸ਼ਾਹੂਕਾਰ, ਜਾਣਕਾਰ ਦੀ ਡਿੱਗੀ ਹੋਈ ਚੀਜ਼ ਵੀ ਪੈਰਾਂ ਹੇਠ ਲਕੋਅ ਲੈਂਦਾ। ਇਕ ਅੰਨ੍ਹਾ ਵਿਅਕਤੀ ਸੜਕ ਪਾਰ ਕਰਵਾਉਣ ਲਈ ਹਰ ਰਾਹੀ ਨੂੰ ਤਰਲਾ ਪਾ ਰਿਹਾ ਏ, ਪਰ ਕੋਈ ਉਸ ਦੀ ਮਦਦ ਲਈ ਨਹੀਂ ਆਉਂਦਾ। ਇੰਨੇ ਚਿਰ ਨੂੰ ਸਕੂਲ ਜਾ ਰਿਹਾ ਇਕ ਗਰੀਬ ਵਿਦਿਆਰਥੀ, ਉਸ ਦੀ ਆਵਾਜ਼ ਸੁਣ ਕੇ ਉਸ ਨੂੰ ਸੜਕ ਪਾਰ ਕਰਵਾਉਂਦਾ ਏ ਅਤੇ ਬਜੁਰਗ ਦੀਆਂ ਅਸੀਸਾਂ ਪ੍ਰਾਪਤ ਕਰਦਾ। ਇਹ ਗਰੀਬ ਬੱਚਾ ਹੀ ਵੱਡਾ ਹੋ ਕੇ ਮਹਾਨ ਵਿਅਕਤੀ ਜਰੂਰ ਬਣੇਗਾ, ਕਿਉਂਕਿ ਉਸ ਦੀ ਪਰਉਪਕਾਰੀ ਸੋਚ ਨੇ ਉਸ ਨੂੰ ਬਹੁਤ ਦੂਰ-ਦਿਸਹੱਦਿਆਂ ਤੀਕ ਪਹੁੰਚਾਣਾ ਏ। ਅਜਿਹੇ ਬੱਚੇ ਹੀ ਵੱਡੇ ਹੋ ਕੇ ਲੋਕ-ਨਾਇਕ ਬਣਦੇ।

ਨਫਾਸਤ ਬੰਦਿਆਈ, ਬੰਦਗੀ ਅਤੇ ਬਰਕਤਾਂ ਨਾਲ ਨਿਵਾਜਦੀ, ਜਦ ਕਿ ਬੁਰਿਆਈ, ਬੇਹੂਦਾਪਣ, ਬੇਲਿਹਾਜ਼ਤਾ ਜਾਂ ਬੇਸ਼ਰਮੀ ਵਿਚੋਂ ਨਫਾਸਤ ਵਰਗੇ ਪਾਕ ਗੁਣਾਂ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ।

ਨਫਾਸਤ, ਮਨ ਦੀ ਅਵਸਥਾ। ਦਿਲ ਦੇ ਖੁੱਲ੍ਹੇ ਹੋਏ ਬੂਹੇ-ਬਾਰੀਆਂ, ਭਾਵਨਾਵਾਂ ਦੇ ਆਵੇਗ ਵਿਚ ਸੁੱਚਮਤਾ ਅਤੇ ਮਨੋ-ਕਾਮਨਾਵਾਂ ਦੀ ਉਚਮਤਾ। ਨਫਾਸਤ ਕਦੇ ਦਿਮਾਗ ਵਿਚੋਂ ਨਹੀਂ ਪੈਦਾ ਹੁੰਦੀ, ਕਿਉਂਕਿ ਨਫਾਸਤੀ ਲੋਕ ਹਿਸਾਬੀ-ਕਿਤਾਬੀ ਨਹੀਂ ਹੁੰਦੇ। ਉਨ੍ਹਾਂ ਲਈ ਜੀਵਨ ਦੇ ਛਾਬੇ ਵਿਚ ਸੁਖਨ ਅਤੇ ਸਕੂਨ ਦੀ ਹੀ ਤਲਾਸ਼ ਹੁੰਦੀ। ਉਹ ਧਨ, ਰੁਤਬੇ ਜਾਂ ਸ਼ਾਨੋ-ਸ਼ੌਕਤ ਦੇ ਮੁਰੀਦ ਨਹੀਂ ਹੁੰਦੇ। ਉਨ੍ਹਾਂ ਲਈ ਸਧਾਰਨਤਾ ਵਿਚੋਂ ਹੀ ਅਸਧਾਰਨਤਾ, ਨੀਵੇਂ ਰਹਿ ਕੇ ਉਚਾਈਆਂ ਛੂਹਣ ਅਤੇ ਭੁੱਖੇ ਰਹਿ ਕੇ ਰੱਜ ਮਹਿਸੂਸ ਕਰਨ ਦੀ ਅਦਾ ਹੁੰਦੀ।

***ਨਫਾਸਤ ਨੂੰ ਕਿਸੇ ਪੈਮਾਨੇ, ਦਾਇਰੇ ਜਾਂ ਮਿਆਰ ਨਾਲ ਨਹੀਂ ਮਿਣਿਆ ਜਾ ਸਕਦਾ, ਕਿਉਂਕਿ ਇਸ ਦਾ ਰੂਪ ਮੌਕੇ, ਸਥਾਨ, ਸਮਾਂ, ਸਥਿਤੀ ਅਤੇ ਕਰਮ ਸਮੇਂ ਬਦਲਦਾ ਰਹਿੰਦਾ। ਇਸ ਲਈ ਇਸ ਦਾ ਵੱਖ-ਵੱਖ ਸਮਿਆਂ ਵਿਚ ਪ੍ਰਗਟਾਵੇ ਦਾ ਰੂਪ ਵੀ ਭਿੰਨ ਭਿੰਨ ਹੁੰਦਾ। ਕਦੇ ਸੁਚੇਤ ਤੇ ਕਦੇ ਅਚੇਤ। ਕਦੇ ਪ੍ਰਤੱਖ ਤੇ ਕਦੇ ਅਦਿੱਖ। ਕਦੇ ਕੋਮਲ ਤੇ ਕਦੇ ਕਰਤਾਰੀ। ਕਦੇ ਸੁਹਲ ਤੇ ਕਦੇ ਸਹਿਜ। ਕਦੇ ਬੋਲਦੀ ਤੇ ਕਦੇ ਮੂਕ। ਕਦੇ ਇਸ਼ਾਰਿਆਂ ਵਿਚ ਤੇ ਕਦੇ ਅਡੋਲ...।***

ਨਫਾਸਤ ਨੂੰ ਆਪਣਾ ਮੀਰੀ ਗੁਣ ਬਣਾਉਣ ਲਈ ਜਰੂਰੀ ਹੈ, ਮਨੁੱਖ ਸਦਾ ਨਿਮਰ ਰਹੇ। ਉਸ ਲਈ ਦੁਨਿਆਵੀ ਲਾਭਾਂ ਤੋਂ ਦੂਰੀ ਬਣਾਉਣ ਦੀ ਹਿੰਮਤ ਹੋਵੇ। ਉਹ ਕੁਝ ਦੇ ਕੇ, ਬਹੁਤ ਕੁਝ ਪਾਉਣ ਦਾ ਮਾਣ ਮਹਿਸੂਸ ਕਰੇ। ਆਪਣੀ ਚੇਤਨਾ ਨੂੰ ਸੁੰਦਰ ਸੋਚਾਂ ਦੀਆਂ ਰਹਿਮਤਾਂ ਨਾਲ ਭਰੇ।

ਨਫਾਸਤ ਕਦੇ ਵੀ ਦਿਖਾਵਾ ਨਾ ਬਣਾਓ ਅਤੇ ਨਾ ਹੀ ਇਸ ਦਾ ਗਰੂਰ ਕਰਨ ਦੀ ਲੋੜ। ਇਹ ਤਾਂ ਖੁਦ ਪ੍ਰਗਟਦੀ ਹੈ ਆਪਣੀ ਸਦੈਵਤਾ ਤੇ ਸੁੰਦਰਤਾ ਸੰਗ। ਇਸ ਦੀ ਸਤਰੰਗੀ ਵਿਚ ਸਿਮਟ ਜਾਂਦੀਆਂ ਨੇ ਹਕੂਮਤਾਂ, ਜਗੀਰਾਂ, ਸਲਤਨਤਾਂ ਅਤੇ ਸ਼ਹਿਨਸ਼ਾਹੀਆਂ।

ਨਫਾਸਤ ਹਮੇਸ਼ਾ ਹੀ ਲਾਹੇਵੰਦ। ਜੀਵਨ ਦੇ ਹਰ ਪੜਾਅ ਵਿਚ ਇਸ ਦੀ ਸਦਉਪਯੋਗਤਾ ਹੀ ਇਸ ਨੂੰ ਹੋਰ ਵਿਸਥਾਰਦੀ।

ਨਫਾਸਤ ਅਮਿੱਟ ਗੂੜ੍ਹੀ ਰੰਗਤ ਵਾਲੀ। ਮਜੀਠੀ ਅਤੇ ਮੁਸਕਰਾਹਟ ਵੰਡਦੀ ਬਸ਼ਰਤੇ ਕਿ ਤੁਹਾਨੂੰ ਨਫਾਸਤੀ ਅਦਾਇਗੀ ਨੂੰ ਮਾਣਨ ਅਤੇ ਹੰਢਾਉਣ ਦੀ ਬੇਤੁਕੱਲਫੀ ਆਉਂਦੀ ਹੋਵੇ।

ਨਫਾਸਤ, ਸਮਿਆਂ ਦੀ ਸ਼ਾਹ-ਅਸਵਾਰ। ਦੁਨਿਆਵੀ ਸਬੰਧਾਂ ਦਾ ਆਧਾਰ, ਇਲਾਹੀ ਪਰਵਾਜ਼। ਆਪਣੇ ਅੰਦਰ ਵਿਚ ਬੈਠਾ ਭਗਵਾਨ, ਜਿਸ ਦਾ ਜੇ ਅਸੀਂ ਕਰੀਏ ਧਿਆਨ ਤਾਂ ਸਾਡੀਆਂ ਘੁੱਪ-ਹਨੇਰੀਆਂ ਕੋਠੜੀਆਂ ਦੇ ਵੀ ਖੁੱਲ੍ਹ ਜਾਂਦੇ ਨੇ ਰੌਸ਼ਨਦਾਨ।

ਨਫਾਸਤ, ਨਾਮਾ-ਨਿਗਾਰੀ ਨਹੀਂ, ਨਕਾਰਾਤਮਿੱਕ ਨਹੀਂ, ਨੇਤਾਗਿਰੀ ਵੀ ਨਹੀਂ ਅਤੇ ਨਾ ਹੀ ਨਾਂਵਾਂ ਤੇ ਨਾਮਣਾ ਕਮਾਉਣ ਦੀ ਵਿਧੀ। ਇਹ ਤਾਂ ਆਪਣੇ ਤੋਂ ਆਪਣੇ ਤੀਕ ਦਾ ਸਫਰ ਕਰਨ ਦੀ ਤਹਿਜ਼ੀਬ ਅਤੇ ਤਰਜ਼ੀਹ।

ਨਫਾਸਤ ਅਦਾਇਗੀ, ਅਰਾਧਨਾ, ਅਰਮਾਨੀ, ਅਰਧ-ਚੇਤਨੀ, ਆਦਰਸ਼ੀ ਅਤੇ ਅਲਹਾਮੀ ਹੋਵੇ ਤਾਂ ਇਹ ਸਦੀਵ। ਸਮਿਆਂ ਤੋਂ ਪਾਰ ਅਤੇ ਯੁੱਗਾਂ ਤੋਂ ਦੂਰ। ਕਦੇ ਨਫਾਸਤੀ ਲੋਕਾਂ ਦੀਆਂ ਕਹਾਣੀਆਂ ਨੂੰ ਪੜ੍ਹਨਾ, ਤੁਹਾਡੀ ਰੂਹ ਵਿਚ ਉਨ੍ਹਾਂ ਦੇ ਕਰਾਮਾਤੀ ਵਰਤਾਰਿਆਂ ਦਾ ਚਾਣਨ ਹੋਵੇਗਾ। ਅਜਿਹੀਆਂ ਕ੍ਰਿਸ਼ਮਾਮਈ ਸ਼ਖਸੀਅਤਾਂ ਸਾਹਵੇਂ ਅਦਬ ਨਾਲ ਸਿਰ ਝੁੱਕ ਜਾਵੇਗਾ।

ਨਫਾਸਤ ਨਗਮਾ ਜੋ ਹੋਠਾਂ 'ਤੇ ਗੁਣਗੁਣਾਵੇ, ਨਰੋਇਆਪਣ ਜੋ ਜ਼ਿੰਦਗੀ ਨੂੰ ਪ੍ਰਣਾਵੇ, ਨਰਮਦਿਲੀ ਜੋ ਮਨੁੱਖਤਾ ਨੂੰ ਜਗਾਵੇ ਅਤੇ ਨਿਹਾਇਤ ਨੇਕਨੀਤੀ ਜੋ ਕੁਹਜਾਂ ਨੂੰ ਦਫਨਾਵੇ।

ਨਫਾਸਤ ਜਦ ਤ੍ਰੈਹ ਬਣ ਜਾਵੇ ਤਾਂ ਮਨੁੱਖ ਇਸ ਨੂੰ ਮਿਟਾਉਣ ਲਈ ਆਪਣੀ ਜਾਮਾ-ਤਲਾਸ਼ੀ ਲੈਂਦਾ। ਆਪਣੀਆਂ ਕਮੀਆਂ ਖਤਮ ਕਰਦਾ। ਆਪਣੀਆਂ ਕਮਜੋਰੀਆਂ ਨੂੰ ਆਪਣੀ ਤਾਕਤ ਬਣਾ ਕੇ, ਨਫਾਸਤ ਨੂੰ ਨਿਆਰਤਾ ਬਖਸ਼ਦਾ।

ਨਫਾਸਤ, ਨਜ਼ਾਕਤ ਦਾ ਸੁਹਲ ਰੂਪ। ਸੁਘੜਤਾ, ਸੁੰਦਰਤਾ, ਸਾਦਗੀ ਅਤੇ ਸੁਹਜ ਦਾ ਸਿਆਣਾ ਤੇ ਸੰਜਮੀ ਰੂਪ ਹੈ ਨਫਾਸਤ।

ਨਫਾਸਤ, ਅਰਧ-ਚੇਤਨਾ ਦਾ ਬਚਪਨੀ ਹਿੱਸਾ। 'ਕੇਰਾਂ ਇਕ ਬੱਚਾ ਦੁਕਾਨ 'ਤੇ ਆਈਸ ਕਰੀਮ ਖਾਣ ਲਈ ਜਾਂਦਾ ਹੈ। ਬੋਝੇ ਵਿਚੋਂ ਭਾਨ ਕੱਢ ਕੇ ਗਿਣਦਾ ਹੈ ਅਤੇ ਵੇਟਰਸ ਦੇ ਆਉਣ 'ਤੇ ਚਾਕਲੇਟ ਵਾਲੀ ਆਈਸ ਕਰੀਮ ਦਾ ਰੇਟ ਪੁੱਛਦਾ ਹੈ। ਫਿਰ ਸਿੱਕੇ ਗਿਣਦਾ ਹੈ ਅਤੇ ਦੁਬਾਰਾ ਵਾਪਸ ਆਈ ਵੇਟਰਸ ਕੋਲੋਂ ਵਨੀਲਾ ਆਈਸ ਕਰੀਮ ਦਾ ਰੇਟ ਪੁੱਛਦਾ ਹੈ, ਜਿਹੜੀ ਕੁਝ ਸਸਤੀ ਹੈ। ਆਈਸ ਕਰੀਮ ਆਉਣ 'ਤੇ ਬੱਚਾ ਮਜ਼ੇ ਨਾਲ ਆਈਸ ਕਰੀਮ ਖਾ ਕੇ, ਆਈਸ ਕਰੀਮ ਦੀ ਕੀਮਤ ਦੇ ਨਾਲ ਵੇਟਰਸ ਲਈ ਟਿੱਪ, ਮੇਜ਼ ਤੇ ਰੱਖਦਾ ਹੈ। ਵੇਟਰਸ ਨੂੰ ਹੈਰਾਨੀ ਵਿਚ ਤੱਕਦਿਆਂ ਛੱਡ, ਬੱਚਾ ਬਾਹਰ ਆ ਜਾਂਦਾ ਹੈ। ਦਰਅਸਲ ਉਸ ਨੇ ਟਿੱਪ ਦੇਣ ਦੀ ਨਫਾਸਤ ਆਪਣੇ ਵਡੇਰਿਆਂ ਤੋਂ ਸਿੱਖੀ ਅਤੇ ਟਿੱਪ ਦੇ ਪੈਸੇ ਬਚਾਉਣ ਲਈ, ਸਸਤੀ ਆਈਸ ਕਰੀਮ ਖਾਣ ਨੂੰ ਤਰਜ਼ੀਹ ਦਿਤੀ। ਅਜਿਹੀ ਸੋਚ ਨੂੰ ਕੀ ਕਹੋਗੇ? ਅਜਿਹੇ ਨਫੀਸ ਲੋਕ ਹੀ ਜੀਵਨ ਦਾ ਸੁੱਚਮ ਹੁੰਦੇ।

ਨਫਾਸਤ ਨੂੰ ਕਿਸੇ ਪੈਮਾਨੇ, ਦਾਇਰੇ ਜਾਂ ਮਿਆਰ ਨਾਲ ਨਹੀਂ ਮਿਣਿਆ ਜਾ ਸਕਦਾ, ਕਿਉਂਕਿ ਇਸ ਦਾ ਰੂਪ ਮੌਕੇ, ਸਥਾਨ, ਸਮਾਂ, ਸਥਿਤੀ ਅਤੇ ਕਰਮ ਸਮੇਂ ਬਦਲਦਾ ਰਹਿੰਦਾ। ਇਸ ਲਈ ਇਸ ਦਾ ਵੱਖ-ਵੱਖ ਸਮਿਆਂ ਵਿਚ ਪ੍ਰਗਟਾਵੇ ਦਾ ਰੂਪ ਵੀ ਭਿੰਨ ਭਿੰਨ ਹੁੰਦਾ। ਕਦੇ ਸੁਚੇਤ ਤੇ ਕਦੇ ਅਚੇਤ। ਕਦੇ ਪ੍ਰਤੱਖ ਤੇ ਕਦੇ ਅਦਿੱਖ। ਕਦੇ ਕੋਮਲ ਤੇ ਕਦੇ ਕਰਤਾਰੀ। ਕਦੇ ਸੁਹਲ ਤੇ ਕਦੇ ਸਹਿਜ। ਕਦੇ ਬੋਲਦੀ ਤੇ ਕਦੇ ਮੂਕ। ਕਦੇ ਇਸ਼ਾਰਿਆਂ ਵਿਚ ਤੇ ਕਦੇ ਅਡੋਲ। ਕਦੇ ਨੈਣਾਂ ਦੀ ਅਦਾ ਤੇ ਕਦੇ ਹੋਠਾਂ ਦੀ ਅਦਾਇਗੀ। ਕਦੇ ਹੱਥ ਕਦੇ ਗੁਫਤਗੂ ਤੇ ਕਦੇ ਚੁੱਪ ਦਾ ਆਸਰਾ। ਕਦੇ ਅਛੋਹ ਤੇ ਕਦੇ ਸਪਰਸ਼ੀ। ਕਦੇ ਧੰਨਵੰਨਤਾ ਤੇ ਕਦੇ ਸ਼ੁਕਰੀਆ। ਕਦੇ ਪਲੋਸਣਾ ਤੇ ਕਦੇ ਪੇਸ਼ਕਾਰੀ। ਕਦੇ ਹੁਕਮ ਵਜਾਉਣਾ ਤੇ ਕਦੇ ਹੁਕਮ ਸੁਣਾਉਣਾ। ਕਦੇ ਰੋਹਬਦਾਰੀ ਤੇ ਕਦੇ ਜ਼ਰਾ-ਨਿਵਾਜ਼ੀ। ਬਹੁਤ ਸਾਰੇ ਰੂਪ ਹੁੰਦੇ ਨਫਾਸਤੀ ਰੰਗਣ ਦੇ।

ਨਫੀਸ ਵਿਅਕਤੀਆਂ ਨਾਲ ਭਰਿਆ ਹੋਇਆ ਏ ਸੰਸਾਰ। ਅਗਰ ਤੁਹਾਨੂੰ ਕੋਈ ਵੀ ਨਫੀਸ ਵਿਅਕਤੀ ਨਹੀਂ ਮਿਲਦਾ ਤਾਂ ਕਦੇ ਆਪ ਵੀ ਨਫੀਸ ਬਣੋ।

ਨਫਾਸਤ ਹੰਭ ਗਈ ਏ ਜ਼ਿੰਦਗੀ ਦੀ ਭੱਜਦੌੜ ਵਿਚ। ਸਾਡੀਆਂ ਮੂੰਹ ਅੱਡੀ ਖੜ੍ਹੀਆਂ ਇੱਛਾਵਾਂ ਹੀ ਨਫੀਸ ਲੋਕਾਂ ਦਾ ਘਾਣ ਕਰਨ ਲਈ ਜ਼ਿੰਮੇਵਾਰ।

ਨਫਾਸਤ ਜ਼ਿਆਰਤ ਹੁੰਦੀ ਹੈ ਆਪਣੇ ਅੰਤਰੀਵ ਗੁਣਾਂ ਦੀ ਰੰਗਤ ਵਿਚੋਂ ਆਪਣੀ ਨਿਵੇਕਲੀ ਤਵਾਰੀਖ ਸਿਰਜਣ ਅਤੇ ਵਿਗਸਣ ਦੀ।

ਦੁਨੀਆਂ ਦੇ ਬਾਜ਼ਾਰ ਵਿਚ ਲਿਆਕਤ ਵਿਕਦੀ ਏ, ਸਦਾਕਾਤ ਵਿਕਦੀ ਏ, ਹਿਮਾਕਤ ਵਿਕਦੀ ਏ, ਜ਼ਹਾਲਤ ਵਿਕਦੀ ਏ, ਅਦਾਲਤ ਵਿਕਦੀ ਏ, ਪਰ ਕਦੇ ਵੀ ਨਫਾਸਤ ਨਹੀਂ ਵਿਕਦੀ।

ਨਫਾਸਤ ਦੇ ਅਦਲੀ ਰੰਗ ਦੀ ਪਛਾਣ ਸਿਰਫ ਕੁਝ ਕੁ ਕਰੀਬੀ ਕਰਦੇ ਨੇ, ਜੋ ਅਦੀਬ ਹੁੰਦੇ, ਹਬੀਬ ਹੁੰਦੇ ਪਰ ਹੋਰਨਾਂ ਲਈ ਅਜੀਬ ਹੁੰਦੇ।

ਨਫਾਸਤ ਮਨ ਤੋਂ ਮਨ ਤੀਕ ਦੀ ਕੀਰਤੀ, ਰੂਹ ਤੋਂ ਰੂਹ ਤੀਕ ਦੀ ਰੰਗਰੇਜ਼ਤਾ, ਅਹਿਸਾਸ ਤੋਂ ਅਹਿਸਾਸ ਤੀਕ ਦੀ ਰਸਾਈ ਅਤੇ ਭਾਵ ਤੋਂ ਭਾਵ ਤੀਕ ਦੀ ਗਹਿਰਾਈ।

ਨਫਾਸਤ, ਨਰੋਈਆਂ ਤੇ ਨਿਵੇਕਲੀਆਂ ਪੈੜਾਂ ਦੀ ਕਰਮਦਾਤੀ। ਸੁਘੜ ਸੁਨੇਹਿਆਂ ਲਈ ਸੰਦੇਸ਼ਵਾਹਕ ਅਤੇ ਮਾਸੂਮ ਤਮੰਨਾਵਾਂ ਦੀ ਪੂਰਤੀ।

ਨਫਾਸਤ, ਮਨ ਦੇ ਵਰਕਿਆਂ 'ਤੇ ਮਹੀਨ ਕਲਾਕਾਰੀ। ਸੋਚ-ਮਸਤਕ 'ਤੇ ਬੁਣੀ ਫੁੱਲਕਾਰੀ ਅਤੇ ਚਿਹਰੇ 'ਤੇ ਫੈਲਿਆ ਮੁਸਕਰਾਹਟੀ-ਮੰਤਰ।

ਨਫਾਸਤ ਦਾ ਸ਼ਾਇਰੀ, ਸੰਜੀਦਗੀ, ਸਾਫਗੋਈ, ਸੁਪਨਗੋਈ, ਸਦਾਕਤ, ਸ਼ਰਾਫਤ ਅਤੇ ਸੰਵੇਦਨਾ ਨਾਲ ਬਹੁਤ ਕਰੀਬੀ ਸਬੰਧ। ਇਨ੍ਹਾਂ ਸੁਗੰਧਤ ਸਬੰਧਾਂ ਦੀ ਮਹਿਕੀਲੀ ਫਿਜ਼ਾ ਦੀ ਮਹਿਕ ਦੂਰ ਦੂਰ ਤੀਕ ਫੈਲਦੀ ਏ। ਕਦੇ ਇਸ ਮਹਿਕ ਨੂੰ ਸਾਹਾਂ ਵਿਚ ਜਰੂਰ ਰਚਾਉਣਾ, ਤੁਹਾਨੂੰ ਜੀਵਨੀ ਸਰੂਰ ਦਾ ਅਨੁਮਾਨ ਹੋ ਜਾਵੇਗਾ।

# ਸਾਧਨਾ



ਇੰਜੀਨੀਅਰ ਈਸ਼ਰ ਸਿੰਘ
ishersingh44@hotmail.com



ਅੱਜ ਮਨੋ-ਵਿਗਿਆਨ ਅਤੇ ਸਮਾਜ-ਵਿਗਿਆਨ ਦੇ ਖੇਤਰਾਂ ਵਿਚ ਚਰਚਾ ਦਾ ਇੱਕ ਮੁੱਖ ਵਿਸ਼ਾ ਇਹ ਹੈ ਕਿ ਸੰਸਾਰ ਦੀ ਹਰ ਪੱਖ ਤੋਂ ਬੇ-ਥਾਹ ਤਰੱਕੀ ਦੇ ਬਾਵਜੂਦ ਮਨੁੱਖੀ ਪ੍ਰਸੰਨਤਾ (Happiness) ਵਿਚ ਸਿਰਫ ਨਿਗੂਣਾ ਵਾਧਾ ਹੀ ਕਿਉਂ ਹੋ ਸਕਿਆ ਹੈ? ਇਸ ਨੂੰ ਹੋਰ ਕਿਵੇਂ ਵਧਾਇਆ ਜਾ ਸਕਦਾ ਹੈ? ਵਿਸ਼ੇ ਦੇ ਮਾਹਰਾਂ ਦੀ ਵੱਡੀ ਗਿਣਤੀ ਇਸ ਦਾ ਮੁੱਖ ਕਾਰਨ ਅਧਿਆਤਮਵਾਦ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਅਣਗੌਲਿਆ ਕਰਕੇ ਸਾਇੰਸ ਨੂੰ ਲੋੜ ਤੋਂ ਵੱਧ ਦਿੱਤੀ ਮਹੱਤਤਾ ਨੂੰ ਮੰਨਦੀ ਹੈ। ਆਪਣੀ ਇਸ ਉਕਾਈ ਨੂੰ ਸਵੀਕਾਰ ਕਰਦਿਆਂ ਉਹ ਪਿਛਲੇ ਛੇ-ਸੱਤ ਦਹਾਕਿਆਂ ਤੋਂ "Finding Modern Truth in Ancient Wisdom" ਦੀ ਵਿਚਾਰਧਾਰਾ ਦੇ ਹਾਮੀ ਬਣੇ ਹਨ ਅਤੇ ਇਸ ਨੂੰ ਆਪਣੀਆਂ ਖੋਜਾਂ ਤੇ ਲੱਭਤਾਂ ਦਾ ਆਧਾਰ ਬਣਾ ਰਹੇ ਹਨ। ਉਹ ਸਮਝ ਚੁਕੇ ਹਨ ਕਿ ਇਕੱਲੀਆਂ ਬਾਹਰੀ ਪ੍ਰਾਪਤੀਆਂ ਸਾਨੂੰ ਪ੍ਰਸੰਨਤਾ ਨਹੀਂ ਦੇ ਸਕਦੀਆਂ, ਕਿਉਂਕਿ ਇਹ ਐਸੀਆਂ ਪ੍ਰਾਪਤੀਆਂ ਨਾਲੋਂ ਕਿਤੇ ਵੱਧ ਸਾਡੇ ਨਿੱਜੀ ਦ੍ਰਿਸ਼ਟੀਕੋਣ ਅਤੇ ਸਾਡੇ ਮਨ ਦੀ ਅਵਸਥਾ ਉੱਤੇ ਨਿਰਭਰ ਹੈ। ਇਹ ਕੋਈ ਐਸੀ ਮੰਜ਼ਿਲ ਵੀ ਨਹੀਂ, ਜਿੱਥੇ ਪਹੁੰਚ ਕੇ ਇਹ ਕਿਸੇ ਮੈਡਲ ਜਾਂ ਟਰਾਫੀ ਦੇ ਰੂਪ ਵਿਚ ਸਾਨੂੰ ਮਿਲ ਜਾਣੀ ਹੈ। ਇਸ ਨੂੰ ਤਾਂ ਮੰਜ਼ਿਲ ਵਲ ਪੁੱਟੇ ਹਰ ਕਦਮ ਵਿਚੋਂ ਲੱਭਣ ਦੀ ਕਲਾ ਸਿੱਖਣੀ ਪੈਂਦੀ ਹੈ ਅਤੇ ਨਿਰੰਤਰ ਅਭਿਆਸ ਰਾਹੀਂ ਇਸ ਕਲਾ ਨੂੰ ਸੰਵਾਰਦੇ ਰਹਿਣਾ ਪੈਂਦਾ ਹੈ। ਇਹ ਕਲਾ ਹੈ ਆਪਣੇ ਮਨ ਦਾ ਸਰਬ-ਪੱਖੀ ਵਿਕਾਸ। ਇਸ ਵਾਸਤੇ ਕਈ ਸੁਚੱਜੀਆਂ ਕਾਰਵਾਈਆਂ ਨਿੱਜੀ ਤੌਰ 'ਤੇ ਜੀਵਨ ਭਰ ਕਰਦੇ ਰਹਿਣਾ ਪੈਂਦਾ ਹੈ।

ਇਹ ਬਹੁਤ ਉਤਸ਼ਾਹ-ਜਨਕ ਗੱਲ ਹੈ ਕਿ ਪੱਛਮੀ ਮਾਹਰਾਂ ਨੇ ਇਨ੍ਹਾਂ ਸੱਚਾਈਆਂ ਨੂੰ ਖੁਲ੍ਹਦਿਲੀ ਨਾਲ ਗ੍ਰਹਿਣ ਕੀਤਾ ਹੈ ਅਤੇ ਸੁਹਿਰਦਤਾ ਨਾਲ ਪੁਰਾਤਨ ਪੂਰਬੀ ਸਿਆਣਪਾਂ ਦਾ ਵਰਤਮਾਨ ਪੱਛਮੀ ਖੋਜਾਂ ਨਾਲ ਇੱਕ ਐਸਾ ਵਿਹਾਰਕ ਤੇ ਅਸਰਦਾਰ ਸੁਮੇਲ ਬਣਾਇਆ ਹੈ, ਜਿਸ 'ਤੇ ਸਾਡੇ ਮਨ ਦਾ ਭਰੋਸਾ ਵੀ ਬੱਝ ਜਾਂਦਾ ਹੈ, ਜਿਸ ਨਾਲ ਸਾਡੇ ਦਿਮਾਗ ਦੀ ਤਸੱਲੀ ਵੀ ਹੋ ਜਾਂਦੀ ਹੈ। ਅੱਜ ਦੇ ਪ੍ਰਸਿੱਧ ਸਕਾਰਾਤਮਿਕ ਮਨੋਵਿਗਿਆਨੀ ਡਾ. ਮਾਰਟਿਨ ਸੈਲਿਗਮੈਨ ਦਾ ਕਥਨ ਹੈ, "ਪ੍ਰਸੰਨਤਾ ਵਾਸਤੇ ਆਪਾਂ ਨੂੰ ਮਾਡਰਨ ਸਾਇੰਸ ਅਤੇ ਪੁਰਾਤਨ ਸਿਆਣਪਾਂ ਵਿਚ, ਪੂਰਬ ਤੇ ਪੱਛਮ ਵਿਚ ਅਤੇ ਦਿਮਾਗ ਦੇ ਖੱਬੇ ਪਾਸੇ ਤੇ ਸੱਜੇ ਪਾਸੇ ਵਿਚ ਸਹੀ ਸੰਤੁਲਨ ਕਾਇਮ ਕਰਨਾ ਅਤੀ ਜ਼ਰੂਰੀ ਹੈ।" ਇਹ ਗੱਲ ਜਾਣਕਾਰੀ ਭਰਪੂਰ ਹੈ ਕਿ UNO ਦੀਆਂ Global Happiness & Well-Being Policy Reports 2018 & 2019 ਅਤੇ World Happiness Reports 2019 & 2020 ਵਿਚ ਇਨ੍ਹਾਂ ਸਭ ਗੱਲਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ।

ਇਸ ਵਿਚਾਰਧਾਰਾ ਦੇ ਸਮਰਥਕ ਹੋਰ ਪ੍ਰਸਿੱਧ ਮਨੋ-ਵਿਗਿਆਨੀਆਂ ਅਤੇ ਸਮਾਜ-ਵਿਗਿਆਨੀਆਂ ਵੱਲੋਂ ਲਿਖੇ ਪੇਪਰ ਵੀ ਇਨ੍ਹਾਂ ਰਿਪੋਰਟਾਂ ਦਾ ਹਿੱਸਾ ਹਨ। ਇਸ ਤੱਥ ਨੂੰ ਖੁੱਲ੍ਹੇ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ ਕਿ ਅੱਜ ਦੀ ਤਰੱਕੀ ਦੇ ਕਈ ਹਾਨੀਕਾਰਕ ਪੱਖ ਵੀ ਹਨ ਅਤੇ ਇਸ ਵਿਚ ਬਹੁਤ ਊਣਤਾਈਆਂ ਵੀ ਹਨ, ਜੋ ਮਨੁੱਖੀ ਪ੍ਰਸੰਨਤਾ ਨੂੰ ਘਟਾਉਂਦੀਆਂ ਹਨ। ਇਨ੍ਹਾਂ ਦੀ ਦਰੁਸਤੀ ਵਾਸਤੇ UNO ਦੀਆਂ ਸਬੰਧਤ ਸੰਸਥਾਵਾਂ ਨੇ 2030 ਤੱਕ ਦੇ ਟੀਚੇ ਵੀ ਮਿੱਥੇ ਹਨ, ਪਰ ਇਨ੍ਹਾਂ ਦੀ ਪ੍ਰਾਪਤੀ ਦੀ ਸੰਭਾਵਨਾ ਘੱਟ ਹੈ। ਇਹ ਸਭ ਵਾਸਤੇ ਚਿੰਤਾ ਦਾ ਕਾਰਨ ਹੈ, ਕਿਉਂਕਿ ਇਸ ਦਾ ਭਾਵ ਹੈ ਕਿ ਆਉਣ ਵਾਲੇ ਵਕਤ ਵਿਚ ਮਨੁੱਖੀ ਪ੍ਰਸੰਨਤਾ ਅੱਜ ਤੋਂ ਵੀ ਵੱਡੀ ਵੰਗਾਰ ਬਣ ਜਾਵੇਗੀ। ਭਾਵੇਂ UNO ਅਤੇ ਇਸ ਦੀਆਂ ਸਭ ਸੰਸਥਾਵਾਂ ਅਤੇ ਦੇਸ਼ਾਂ ਦੀਆਂ ਸਰਕਾਰਾਂ ਆਪਣਾ ਫਰਜ਼ ਪੂਰਾ ਕਰਨ ਵਾਸਤੇ ਦ੍ਰਿੜ ਹਨ, ਪਰ ਪ੍ਰਸੰਨਤਾ ਵਧਾਉਣ ਵਾਸਤੇ ਨਿਜੀ ਕੋਸ਼ਿਸ਼ਾਂ ਅਤੇ ਕਾਰਵਾਈਆਂ ਦਾ ਵੱਧ ਮਹੱਤਵ ਹੈ। ਆਪਣੀਆਂ ਖੋਜਾਂ ਅਤੇ ਪੁਰਾਤਨ ਸਿਆਣਪਾਂ ਦੇ ਸੁਮੇਲ ਨੂੰ ਆਧਾਰ ਬਣਾ ਕੇ ਅੱਜ ਦੇ ਮਾਹਰ ਜਿਹੜੀਆਂ ਕਾਰਵਾਈਆਂ 'ਤੇ ਸਭ ਤੋਂ ਵੱਧ ਸਹਿਮਤ ਹੋਏ ਹਨ, ਉਨ੍ਹਾਂ ਵਿਚੋਂ ਮੁਢਲੀਆਂ ਕੁਛ ਇਹ ਹਨ: ਸਾਧਨਾ, ਸ਼ੁਕਰ-ਗੁਜ਼ਾਰੀ, ਸਵੀਕਾਰਤਾ, ਆਤਮ-ਸੰਜਮ, ਖਿਮਾ, ਨਰਮਾਈ, ਦਇਆ-ਭਾਵ, ਚੰਗੀ ਸਿਹਤ, ਚੰਗੀ ਸੰਗਤ ਆਦਿ।

ਪਰ ਆਪਾਂ ਇਨ੍ਹਾਂ ਨੂੰ, ਖਾਸ ਕਰਕੇ ਸਾਧਨਾ (Meditation) ਨੂੰ, ਬਹੁਤਾ ਕਰਕੇ ਪਰਮਾਰਥ ਅਤੇ ਧਰਮ-ਕਰਮ ਦਾ ਹੀ ਹਿੱਸਾ ਮੰਨਦੇ ਹਾਂ ਤੇ ਸਮਝਦੇ ਹਾਂ ਕਿ ਇਨ੍ਹਾਂ ਦਾ ਸਾਡੇ ਇਸ ਜੀਵਨ ਨਾਲ ਬਹੁਤਾ ਸਬੰਧ ਨਹੀਂ। ਸਾਡੀ ਇਹ ਧਾਰਨਾ ਠੀਕ ਨਹੀਂ; ਇਹ ਗੁਣ-ਦਾਇਕ ਕਾਰਵਾਈਆਂ ਸਾਡੇ ਦ੍ਰਿਸ਼ਟੀਕੋਣ ਨੂੰ ਉਸਾਰੂ ਬਣਾਉਂਦੀਆਂ ਅਤੇ ਸਾਡੇ ਮਨ ਦਾ ਵਿਕਾਸ ਕਰਦੀਆਂ ਹਨ। ਸਾਧਨਾ ਇਨ੍ਹਾਂ ਵਿਚੋਂ ਮੁੱਖ ਹੈ। ਜਿਸ ਦਾ ਲਾਭ ਅਸੀਂ ਇਸ ਜੀਵਨ ਦੇ ਹਰ ਖੇਤਰ ਵਿਚ ਉਠਾ ਸਕਦੇ ਹਾਂ। ਇਹ ਠੀਕ ਹੈ ਕਿ ਇਹ ਪਰਮਾਰਥ ਦਾ ਇੱਕ ਬਹੁਤ ਜ਼ਰੂਰੀ ਅੰਗ ਹੈ, ਪਰ ਇਸ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਇਹ ਸਿਰਫ ਇਸ ਖੇਤਰ ਤੱਕ ਹੀ ਸੀਮਤ ਹੈ ਜਾਂ ਕਿਸੇ ਧਰਮ-ਵਿਸ਼ੇਸ਼ ਦਾ ਹੀ ਏਕਾਧਿਕਾਰ ਹੈ।

ਸਾਡੇ ਇਸ ਭੁਲੇਖੇ ਨੂੰ ਦੂਰ ਕਰਨ ਵਾਸਤੇ ਅੱਜ ਦੇ ਪ੍ਰਸਿੱਧ ਲੇਖਕ ਯੁਵਾਲ ਹਰਾਰੀ ਨੇ ਮਿਸਾਲ ਦਿੱਤੀ ਹੈ ਕਿ ਦੁਨੀਆਂ ਦੇ ਸਾਰੇ ਧਰਮਾਂ ਵਿਚ ਕਿਤਾਬਾਂ ਦੀ ਵਰਤੋਂ ਜ਼ਰੂਰੀ ਅਤੇ ਆਮ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਕਿਤਾਬਾਂ ਸਿਰਫ ਪਰਮਾਰਥ ਅਤੇ ਧਰਮ ਵਾਸਤੇ ਹੀ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਡਾ. ਹਰਾਰੀ ਇੱਕ ਫਿਲਾਸਫਰ-ਇਤਿਹਾਸਕਾਰ ਅਤੇ ਤਿੰਨ ਬਹੁਤ ਪ੍ਰਸਿੱਧ ਕਿਤਾਬਾਂ ਦੇ ਲੇਖਕ ਹਨ ਤੇ ਖੁਦ ਪਿਛਲੇ ਵੀਹ ਸਾਲ ਤੋਂ ਨੇਮ ਨਾਲ ਸਾਧਨਾ ਕਰ ਰਹੇ ਹਨ। ਇਸੇ ਤਰ੍ਹਾਂ ਪੱਛਮ ਵਿਚ ਵੱਡੀਆਂ ਮੰਨੀਆਂ ਜਾਂਦੀਆਂ ਹਸਤੀਆਂ ਜਿਵੇਂ ਕਿ ਓਪਰਾਹ ਵਿਨਫਰੇਅ, ਡਾ. ਦੀਪਕ ਚੋਪੜਾ ਅਤੇ ਬਿਲ ਗੇਟਸ ਖੁਦ ਵੀ ਸਾਧਨਾ ਕਰਦੇ ਹਨ ਤੇ ਹੋਰਾਂ ਨੂੰ ਵੀ ਪ੍ਰੇਰਦੇ ਹਨ। ਬਿਲ ਗੇਟਸ ਦਾ ਕਹਿਣਾ ਹੈ, "ਮੈਨੂੰ ਹੁਣ ਇਹ ਸਮਝ ਆਈ ਹੈ ਕਿ ਸਾਧਨਾ ਮਨ ਵਾਸਤੇ ਉਸੇ ਤਰ੍ਹਾਂ ਦੀ ਇੱਕ ਕਸਰਤ ਹੈ, ਜਿਸ ਤਰ੍ਹਾਂ ਦੀ ਅਸੀਂ ਖੇਡਾਂ ਰਾਹੀਂ ਸਰੀਰ ਵਾਸਤੇ ਕਰਦੇ ਹਾਂ। ਮੈਂ ਸਮਝਦਾ ਹਾਂ ਕਿ ਇਸ ਦਾ ਇਕੱਲੇ ਧਰਮ ਨਾਲ ਹੀ ਸਬੰਧ ਨਹੀਂ। ਮੈਂ ਹਰ ਰੋਜ ਕੁਝ ਵਕਤ ਕੱਢ ਕੇ ਆਪਣੇ ਮਨ ਵਿਚ ਉੱਠ ਰਹੀਆਂ ਨਕਾਰਾਤਮਿਕ ਸੋਚਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਤੋਂ ਦੂਰ ਹੋ ਰਿਹਾ ਹਾਂ।"

ਇਸੇ ਕਰਕੇ ਅੱਜ ਸੰਸਾਰ ਵਿਚ ਧਰਮ-ਨਿਰਪੱਖ ਸਾਧਨਾ ਦੀ ਵੀ ਆਮ ਚਰਚਾ ਹੈ ਅਤੇ ਇਹ ਧਾਰਮਿਕ ਸਥਾਨਾਂ ਵਿਚੋਂ ਬਾਹਰ ਨਿਕਲ ਕੇ ਵੱਡੀਆਂ ਯੂਨੀਵਰਸਿਟੀਆਂ, ਕਾਰਪੋਰੇਸ਼ਨਾਂ, ਫੌਜਾਂ, ਹਸਪਤਾਲਾਂ, ਸੁਧਾਰ-ਘਰਾਂ ਅਤੇ ਖੇਡਾਂ ਦੇ ਖੇਤਰ ਵਿਚ ਆਪਣਾ ਪਸਾਰ ਕਰ ਚੁਕੀ ਹੈ। ਇਨ੍ਹਾਂ ਦੇ ਉੱਚ-ਅਧਿਕਾਰੀ ਖੁਦ ਇਸ ਦਾ ਅਭਿਆਸ ਕਰ ਰਹੇ ਹਨ ਅਤੇ ਮਾਤਹਿਤਾਂ ਤੋਂ ਕਰਵਾ ਰਹੇ ਹਨ।

ਸਾਧਨਾ ਦੀ ਮਹੱਤਤਾ ਸਮਝਣ ਵਾਸਤੇ ਪਹਿਲਾਂ ਆਪਣੇ ਮਨ ਦੀ ਅੱਜ ਦੀ ਅਵਸਥਾ ਉੱਤੇ ਵਿਚਾਰ ਕਰਨਾ ਅਤੇ ਇਸ ਦੇ ਸੁਭਾਅ, ਇਸ ਦੀਆਂ ਖਸਲਤਾਂ, ਕਮਜ਼ੋਰੀਆਂ ਅਤੇ ਪ੍ਰਤਿਭਾਵਾਂ ਬਾਰੇ ਜਾਣਨਾ ਜ਼ਰੂਰੀ ਹੈ। ਆਪਾਂ ਸਭ ਨੂੰ ਪਤਾ ਹੈ ਕਿ ਸਾਡੀਆਂ ਸਾਰੀਆਂ ਤਾਕਤਾਂ, ਕਮਜ਼ੋਰੀਆਂ, ਚੰਗੀਆਂ-ਮੰਦੀਆਂ ਆਦਤਾਂ, ਚਾਹਤਾਂ ਅਤੇ ਹਰ ਸੋਚ-ਵਿਚਾਰ ਦਾ ਸਰੋਤ ਸਾਡਾ ਮਨ ਹੈ। ਇਸ ਦਾ ਸੋਚਾਂ-ਵਿਚਾਰਾਂ ਦਾ ਵਹਿਣ ਕਦੇ ਰੁਕਦਾ ਨਹੀਂ। ਇਨ੍ਹਾਂ ਸੋਚਾਂ ਦੀ ਨਾ ਕੋਈ ਤਰਤੀਬ ਹੁੰਦੀ ਹੈ, ਨਾ ਕੋਈ ਤਰਕ। ਇਹ ਬੀਤ ਚੁਕੇ ਜੀਵਨ ਦੇ ਝੋਰੇ-ਪਛਤਾਵੇ, ਵਰਤਮਾਨ ਦੀਆਂ ਸਕੀਮਾਂ ਅਤੇ ਆਉਣ ਵਾਲੇ ਦੇ ਡਰ ਅਤੇ ਚਿੰਤਾਵਾਂ, ਖੁੰਦਕਾਂ, ਈਰਖਾ ਆਦਿਕ ਦਾ ਐਸਾ ਰਲ-ਗੱਡ ਹੁੰਦਾ ਹੈ, ਜੋ ਵਾਰ-ਵਾਰ ਦੁਹਰਾਇਆ ਜਾਂਦਾ ਰਹਿੰਦਾ ਹੈ।

ਮਾਹਰ ਦੱਸਦੇ ਹਨ ਕਿ ਸਾਡਾ ਮਨ ਇੱਕ ਦਿਨ ਵਿਚ ਹਜਾਰਾਂ ਵਿਚਾਰ-ਫੁਰਨੇ ਪੈਦਾ ਕਰ ਸਕਦਾ ਹੈ। ਮਨ ਦੀਆਂ ਇਹ ਅਲਾਮਤਾਂ ਤਾਂ ਸਿਰਫ ਇੱਕ ਨਮੂਨਾ ਹਨ, ਇਸ ਦੀਆਂ ਹੋਰ ਬਹੁਤ ਪ੍ਰੇਸ਼ਾਨੀਆਂ ਅਤੇ ਬੀਮਾਰੀਆਂ ਵਾਸਤੇ ਤਾਂ ਮਨੋਵਿਗਿਆਨੀਆਂ ਨੇ "Diagnostic and Statistical Manual of Mental Disorders" ਸਿਰਲੇਖ ਹੇਠ ਇੱਕ ਵੱਡਾ ਮੈਨੂਅਲ ਬਣਾਇਆ ਹੋਇਆ ਹੈ ਅਤੇ ਇਹ ਹਰ ਦਸ ਸਾਲ ਬਾਅਦ ਅਪਡੇਟ ਵੀ ਕੀਤਾ ਜਾਂਦਾ ਹੈ। ਇਹ ਮੈਨੂਅਲ ਪੱਛਮੀ ਖੋਜੀਆਂ ਦਾ ਬਣਾਇਆ ਹੋਇਆ ਹੈ, ਜਿਹੜੇ ਅਜੇ ਮਨ ਤੇ ਦਿਮਾਗ ਦੇ ਫਰਕ ਨੂੰ ਵੀ ਨਹੀਂ ਸਮਝ ਸਕੇ ਅਤੇ ਦਿਮਾਗ ਉੱਪਰ ਕੀਤੀਆਂ ਖੋਜਾਂ ਨੂੰ ਹੀ ਮਨ 'ਤੇ ਲਾਗੂ ਕਰ ਰਹੇ ਹਨ। ਜੇ ਮਨ ਬਾਰੇ ਕੋਈ ਖੋਜਾਂ ਕਰਦੇ ਵੀ ਹਨ ਤਾਂ ਹੋਰਾਂ ਤੋਂ ਉਨ੍ਹਾਂ ਦੇ ਮਨਾਂ ਦੀ ਅਵਸਥਾ ਬਾਰੇ ਪੁੱਛ-ਪੁਛਾ ਕੇ ਕਰਦੇ ਹਨ। ਪੂਰਬੀ ਅਧਿਆਤਮਵਾਦੀਆਂ ਨੇ ਇਹ ਸਭ ਖੋਜਾਂ ਸਿੱਧੀਆਂ ਆਪੋ ਆਪਣੇ ਮਨਾਂ ਉੱਪਰ ਕੀਤੀਆਂ ਹਨ ਅਤੇ ਇਨ੍ਹਾਂ ਖੋਜਾਂ ਦੇ ਆਧਾਰ 'ਤੇ ਹੀ ਮਨ ਦੀਆਂ ਕੁਦਰਤੀ ਆਦਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਉਹ ਮਨ ਅਤੇ ਇਸ ਦੀਆਂ ਆਦਤਾਂ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਨ। ਗੁਰਬਾਣੀ ਵਿਚ ਤਾਂ ਮਨ ਨੂੰ ਨੀਚ, ਪਾਪੀ, ਹਿੰਸਕ, ਮੂਰਖ, ਕੁੱਤੇ ਦੀ ਪੂਛ ਵਰਗਾ ਅਤੇ ਜਨਮਾਂ-ਜਨਮਾਂ ਦੀਆਂ ਮੈਲਾਂ ਵਿਚ ਲਿਬੜ ਕੇ ਕਾਲਾ ਸਿਆਹ ਹੋਇਆ ਕਿਹਾ ਗਿਆ ਹੈ।





ਆਪਣੇ ਮਨ ਦੀ ਅੱਜ ਦੀ ਅਵਸਥਾ ਦਾ ਸਬੂਤ ਲੱਭਣ ਵਾਸਤੇ ਆਪਾਂ ਨੂੰ ਕਿਸੇ ਡਾਕਟਰ ਜਾਂ ਮਨੋ-ਵਿਗਿਆਨੀ ਕੋਲ ਜਾਣ ਦੀ ਲੋੜ ਨਹੀਂ। ਆਪਣੇ ਕਮਰੇ 'ਚ ਇਕਾਂਤ ਬੈਠ ਕੇ ਦਸ ਮਿੰਟ ਗੰਭੀਰਤਾ ਅਤੇ ਨਿਰਪੱਖਤਾ (objectively) ਨਾਲ ਆਪਣੀਆਂ ਸੋਚਾਂ ਤੇ ਆਪਣੇ ਵਿਚਾਰਾਂ-ਫੁਰਨਿਆਂ ਵਲ ਅੰਤਰ-ਧਿਆਨ ਹੋਣ ਦੀ ਲੋੜ ਹੈ। ਇਨ੍ਹਾਂ ਦੀ ਆਪਾਂ ਹੜ੍ਹ ਦੇ ਪਾਣੀ ਨਾਲ ਤੁਲਨਾ ਕਰ ਸਕਦੇ ਹਾਂ, ਜਿਸ ਵਿਚ ਸਾਡੀਆਂ ਸਭ ਸਿਆਣਪਾਂ, ਅਸੂਲ, ਸਹੁੰਆਂ ਅਤੇ ਦ੍ਰਿੜਤਾਵਾਂ ਰੁੜ੍ਹ ਜਾਂਦੀਆਂ ਹਨ। ਮਨ ਦੀਆਂ ਲਗਾਤਾਰ ਚੱਲਣ ਵਾਲੀਆਂ ਇਹ ਨਕਾਰਾਤਮਿਕ ਸੋਚਾਂ ਹੀ ਸਾਡੀਆਂ ਮਾਨਸਿਕ ਪ੍ਰੇਸ਼ਾਨੀਆਂ ਤੇ ਬੀਮਾਰੀਆਂ ਦਾ ਸਭ ਤੋਂ ਵੱਡਾ ਕਾਰਨ ਹਨ, ਜੋ ਸਾਨੂੰ ਉਦਾਸੀ ਅਤੇ ਢਹਿੰਦੀਆਂ ਕਲਾਂ ਵਲ ਲਿਜਾਂਦੀਆਂ ਹਨ ਤੇ ਪ੍ਰਸੰਨਤਾ ਤੋਂ ਵਾਂਝਾ ਰੱਖਦੀਆਂ ਹਨ।

ਇਸ ਸਥਿਤੀ ਵਾਸਤੇ ਆਪਣੇ-ਆਪ ਨੂੰ ਕਸੂਰਵਾਰ ਮੰਨਣ ਦੀ ਲੋੜ ਨਹੀਂ, ਕਿਉਂਕਿ ਮਨ ਦੀਆਂ ਇਹ ਆਦਤਾਂ ਉਸੇ ਤਰ੍ਹਾਂ ਦਾ ਕੁਦਰਤੀ ਕਾਨੂੰਨ ਹੈ, ਜਿਵੇਂ ਧਰਤੀ ਦੀ ਖਿੱਚ ਅਤੇ ਪਾਣੀ ਦੇ ਨਿਵਾਣ ਵਲ ਵਹਿਣ ਦੇ ਕਾਨੂੰਨ ਹਨ। ਜੇ ਅਸੀਂ ਕੁਦਰਤ ਦੇ ਹੋਰ ਕਾਨੂੰਨਾਂ ਨੂੰ ਸਮਝ ਕੇ ਉਨ੍ਹਾਂ ਨੂੰ ਆਪਣੇ ਲਾਭ ਵਾਸਤੇ ਵਰਤ ਰਹੇ ਹਾਂ ਤਾਂ ਮਨ ਦੇ ਸੁਭਾਅ ਨੂੰ ਸਮਝ ਕੇ ਮਨ ਦਾ ਪੂਰਾ ਵਿਕਾਸ ਕਿਉਂ ਨਹੀਂ ਕਰ ਰਹੇ? ਖਾਸ ਕਰਕੇ ਅੱਜ ਜਦੋਂ ਕਿ ਸਮੂਹਿਕ ਤੌਰ 'ਤੇ ਸਾਰੇ ਸੰਸਾਰ ਨੇ ਅਤੇ ਨਿੱਜੀ ਤੌਰ 'ਤੇ ਆਪਾਂ ਸਭ ਨੇ ਬਹੁਤ ਤਰੱਕੀ ਕਰ ਲਈ ਹੈ। ਆਪਾਂ ਆਪਣੇ ਪੂਰਵਜਾਂ ਨਾਲੋਂ ਕਿਤੇ ਵੱਧ ਆਤਮ-ਨਿਰਭਰ, ਵੱਧ ਪੜ੍ਹੇ ਲਿਖੇ ਅਤੇ ਵੱਧ ਖੁਸ਼ਹਾਲ ਹਾਂ। ਇਸ ਤਰ੍ਹਾਂ ਸਾਡੇ ਕੋਲ ਆਤਮ-ਸੁਧਾਰ ਅਤੇ ਮਨੋਵਿਕਾਸ ਦੇ ਮੌਕੇ ਤੇ ਸਹੂਲਤਾਂ ਉਨ੍ਹਾਂ ਨਾਲੋਂ ਕਿਤੇ ਵੱਧ ਹਨ। ਸੋ ਆਪਾਂ ਇਸ ਗੱਲ ਦੇ ਕਸੂਰਵਾਰ ਜਰੂਰ ਹਾਂ ਕਿ ਇਸ ਤਰ੍ਹਾਂ ਦੇ ਮਦਦਗਾਰ ਮਾਹੌਲ ਤੋਂ ਲਾਹਾ ਨਹੀਂ ਲੈ ਰਹੇ ਅਤੇ ਦਰਪੇਸ਼ ਵੰਗਾਰ ਦਾ ਟਾਕਰਾ ਨਹੀਂ ਕਰ ਰਹੇ।

ਮਨ ਦਾ ਸਿੱਧਾ ਤਜਰਬਾ ਪ੍ਰਾਪਤ ਕਰ ਚੁੱਕੇ ਪੂਰਬੀ ਮਹਾਂ-ਪੁਰਖ ਇਸ ਦੀਆਂ ਦੋ ਕੁਦਰਤੀ ਖਸਲਤਾਂ ਬਾਰੇ ਦਸਦੇ ਹਨ:

1. ਮਨ ਦੀਆਂ ਸੋਚ-ਵਿਚਾਰ ਕਰਨ ਦੀਆਂ ਆਦਤਾਂ ਨੂੰ ਦਬਾਇਆ ਨਹੀਂ ਜਾ ਸਕਦਾ; ਇਨ੍ਹਾਂ ਦੀ ਦਸ਼ਾ ਸੁਧਾਰੀ ਤੇ ਦਿਸ਼ਾ ਬਦਲੀ ਜਾ ਸਕਦੀ ਹੈ।

2. ਮਨ ਰਸਾਂ-ਕਸਾਂ ਦਾ ਸ਼ੌਕੀਨ ਹੈ, ਪਰ ਕਿਸੇ ਇੱਕ ਰਸ ਉੱਤੇ ਟਿਕਿਆ ਨਹੀਂ ਰਹਿੰਦਾ। ਇੱਕ ਤੋਂ ਜਦੋਂ ਇਹ ਅੱਕ ਜਾਂਦਾ ਹੈ ਜਾਂ ਦੂਜਾ ਇਸ ਤੋਂ ਵਧੀਆ ਮਿਲ ਜਾਂਦਾ ਹੈ ਤਾਂ ਪਹਿਲੇ ਨੂੰ ਛੱਡ ਦਿੰਦਾ ਹੈ।

ਮਹਾਪੁਰਖਾਂ ਨੇ ਸਾਨੂੰ ਮਨ ਦੀਆਂ ਇਨ੍ਹਾਂ ਖਸਲਤਾਂ ਤੋਂ ਫਾਇਦਾ ਉਠਾ ਕੇ ਇਸ ਨੂੰ ਸੋਧਣ ਦੀਆਂ ਵਿਧੀਆਂ ਸਿਖਾਈਆਂ ਹਨ ਅਤੇ ਸਾਧਨਾ ਇਨ੍ਹਾਂ ਵਿਚੋਂ ਮੁੱਖ ਵਿਧੀ ਹੈ। ਇਹ ਮਨ ਦੇ ਅਮੋੜ ਵੇਗਾਂ ਨੂੰ ਸਕਾਰਾਤਮਿਕ ਪਾਸੇ ਮੋੜ ਕੇ ਇਸ ਦੇ ਸੁਧਾਰ ਅਤੇ ਵਿਕਾਸ ਕਰਨ ਦਾ ਬਹੁਤ ਕਾਰਗਰ ਢੰਗ ਹੈ। ਮਨੋਵਿਗਿਆਨੀ ਵੀ ਭਾਵੇਂ ਸਾਧਨਾ ਨੂੰ ਮਨੋ-ਵਿਕਾਸ ਦਾ ਸਭ ਤੋਂ ਸਰਲ ਅਤੇ ਕਾਰਗਰ ਢੰਗ ਮੰਨਦੇ ਹਨ, ਪਰ ਉਹ ਨਾਲ ਹੋਰ ਡਾਕਟਰੀ ਢੰਗਾਂ ਦੀ ਵੀ ਸਿਫਾਰਸ਼ ਕਰਦੇ ਹਨ, ਜਿਵੇਂ ਕਿ:

1. Cognitive Behavioral Therapy

2. Acceptance and Commitment Therapy

3. ਪ੍ਰੋਜ਼ੈੱਕ (Prozac) Medicine

ਇਹ ਤਰੀਕੇ ਮਹਿੰਗੇ ਤੇ ਵਕਤੀ ਹਨ ਅਤੇ ਡਾਕਟਰੀ ਸੇਵਾਵਾਂ ਦੇ ਮੁਥਾਜ ਹਨ। ਸਾਧਨਾ ਇੱਕ ਵਿਆਪਕ ਕਾਰਵਾਈ ਹੈ, ਜੋ ਸਾਡੇ ਹੱਥ-ਵੱਸ ਹੈ। ਹਰ ਛੋਟੇ-ਵੱਡੇ ਨੇ ਆਪੋ ਆਪਣੀ ਕਰਨੀ ਹੈ, ਇਸ ਤਰ੍ਹਾਂ ਇਹ ਬਰਾਬਰੀ ਦਾ ਅਹਿਸਾਸ ਪੈਦਾ ਕਰਦੀ ਹੈ। ਆਪੋ ਆਪਣੇ ਪਵਿੱਤਰ ਧਾਰਮਿਕ ਗ੍ਰੰਥ ਦੀਆਂ ਸਿਖਿਆਵਾਂ ਦੇ ਪਰਿਪੇਖ ਵਿਚ ਆਪਣੀ ਨਿਰਪੱਖ ਸਵੈ-ਪੜਚੋਲ ਦਾ ਸਭ ਤੋਂ ਵਧੀਆ ਢੰਗ ਹੈ। ਇਸ ਦੀਆਂ ਅਨੇਕਾਂ ਵਿਧੀਆਂ ਹਨ, ਪਰ ਇਨ੍ਹਾਂ ਸਭ ਦਾ ਮੰਤਵ ਇੱਕੋ ਹੈ ਕਿ ਮਨ ਦੀਆਂ ਢਾਹੂ ਤੇ ਫਜ਼ੂਲ ਸੋਚਾਂ ਨੂੰ ਉਸਾਰੂ ਅਤੇ ਸਾਰਥਿਕ ਬਣਾਉਣਾ ਤੇ ਮਨ ਨੂੰ ਇਕਾਗਰ ਕਰਨਾ ਤਾਂ ਕਿ ਇਹ ਡਸਿਪਲਨ ਵਿਚ ਆ ਸਕੇ। ਸਮਝਣ ਵਾਸਤੇ ਇਹ ਵਿਧੀ ਬਹੁਤ ਸੌਖੀ ਲਗਦੀ ਹੈ: ਆਰਾਮ ਨਾਲ ਅਡੋਲ ਹੋ ਕੇ ਅੱਖਾਂ ਬੰਦ ਕਰਕੇ ਬੈਠ ਜਾਓ, ਆਪਣੇ ਸਾਹਾਂ ਉੱਪਰ ਜਾਂ ਕਿਸੇ ਸਰੂਪ ਉੱਪਰ ਧਿਆਨ ਲਾਉਣ ਦੀ ਕੋਸ਼ਿਸ਼ ਕਰੋ ਜਾਂ ਕਿਸੇ ਖਾਸ ਸ਼ਬਦ ਜਾਂ ਸ਼ਬਦਾਂ ਦੇ ਸਮੂਹ ਨੂੰ ਦੁਹਰਾਓ ਅਤੇ ਮਨ ਨੂੰ ਇਧਰ-ਉੱਧਰ ਜਾਣ ਤੋਂ ਰੋਕੋ। ਹਰ ਇਨਸਾਨ ਕਿਸੇ ਜਾਣਕਾਰ ਤੋਂ ਸਿਖਲਾਈ ਲੈ ਕੇ ਇਸ ਦਾ ਅਭਿਆਸ ਕਰ ਸਕਦਾ ਹੈ।

ਸਾਧਨਾ ਜਾਂ ਮੈਡੀਟੇਸ਼ਨ ਵਾਸਤੇ ਕਿਸੇ ਧਰਮ ਵਿਸ਼ੇਸ਼ ਦੇ ਪੈਰੋਕਾਰ ਹੋਣਾ, ਕਿਸੇ ਖਾਸ ਕਿਸਮ ਦੇ ਕੱਪੜੇ ਪਾਉਣੇ ਜਾਂ ਭੇਖ ਧਾਰਨ ਕਰਨਾ ਕੋਈ ਜਰੂਰੀ ਨਹੀਂ। ਕਿਸੇ ਕਰਮਕਾਂਡ, ਪੂਜਾ ਆਰਤੀ ਜਾਂ ਮੱਥੇ ਟੇਕਣ ਦੀ ਲੋੜ ਨਹੀਂ। ਇਸ ਕਾਰਵਾਈ ਤੋਂ ਪੂਰਾ ਲਾਭ ਉਠਾਉਣ ਵਾਸਤੇ ਪਵਿੱਤਰ ਅਤੇ ਨੈਤਿਕ ਕਦਰਾਂ ਕੀਮਤਾਂ ਵਾਲਾ ਜੀਵਨ ਜਿਉਣਾ ਪਹਿਲੀ ਵੱਡੀ ਸ਼ਰਤ ਹੈ। ਇਹ ਹਰ ਰੋਜ ਅਤੇ ਨਿਰੰਤਰ ਕਰਦੇ ਰਹਿਣ ਵਾਲਾ ਅਭਿਆਸ ਹੈ। ਇਸ ਤਰ੍ਹਾਂ ਦਾ ਜੀਵਨ ਜਿੱਥੇ ਸਾਧਨਾ ਦੇ ਅਭਿਆਸ ਵਾਸਤੇ ਮਦਦਗਾਰ ਹੁੰਦਾ ਹੈ, ਓਥੇ ਸਾਧਨਾ ਇਸ ਤਰ੍ਹਾਂ ਦਾ ਜੀਵਨ ਜਿਉਣ ਵਾਸਤੇ ਸਾਨੂੰ ਦ੍ਰਿੜਤਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਇਹ ਇੱਕ ਦੁਵੱਲੀ ਕਾਰਵਾਈ ਹੈ, ਪਰ ਇਸ ਦਾ ਅਭਿਆਸ ਬਹੁਤ ਔਖਾ ਹੈ, ਆਪਾਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਇਸ ਤਰ੍ਹਾਂ ਕਰਨ ਵਿਚ ਅਸਫਲ ਰਹਿੰਦੇ ਹਾਂ, ਪਰ ਇਹ ਅਸਫਲਤਾ ਵੀ ਇੱਕ ਪ੍ਰਾਪਤੀ ਹੈ। ਇਸ ਨਾਲ ਸਾਡੇ ਹੰਕਾਰ ਦਾ ਜੋਰ ਘਟਦਾ ਹੈ ਅਤੇ ਸਾਡੇ ਮਨ ਵਿਚ ਨਿਮਰਤਾ ਦਾ ਭਾਵ ਪੈਦਾ ਹੁੰਦਾ ਹੈ। ਚੁਣੇ ਹੋਏ ਸ਼ਬਦਾਂ ਦੀ ਵਾਰ-ਵਾਰ ਦੁਹਰਾਈ ਨਾਲ ਅਤੇ ਧਿਆਨ ਇਕਾਗਰ ਕਰਨ ਦੀਆਂ ਕੋਸ਼ਿਸ਼ਾਂ ਨਾਲ ਸਾਡੀਆਂ ਪਹਿਲੀਆਂ ਸੋਚਾਂ ਦੀ ਕਾਟ ਹੁੰਦੀ ਜਾਵੇਗੀ। ਸਾਡੀਆਂ ਇੱਛਾਵਾਂ, ਚਾਹਤਾਂ ਅਤੇ ਫਜ਼ੂਲ ਬੰਧਨਾਂ ਦੀ ਪਕੜ ਵੀ ਢਿੱਲੀ ਹੋਣੀ ਸ਼ੁਰੂ ਹੋ ਜਾਵੇਗੀ।

ਸ਼ੁਰੂ-ਸ਼ੁਰੂ ਵਿਚ ਮੈਡੀਟੇਸ਼ਨ ਦਾ ਮੰਤਵ ਆਪਣੀਆਂ ਸੋਚਾਂ ਨੂੰ ਕੰਟਰੋਲ ਕਰਨ ਦਾ ਨਹੀਂ ਹੁੰਦਾ, ਸਗੋਂ ਆਪਣੇ ਆਪ ਨੂੰ ਸੋਚਾਂ ਦੇ ਕੰਟਰੋਲ ਵਿਚੋਂ ਬਾਹਰ ਕੱਢਣ ਤੋਂ ਹੁੰਦਾ ਹੈ। ਅਸੀਂ ਆਪਣੇ ਗੁਣਾਂ ਅਤੇ ਔਗੁਣਾਂ ਉੱਪਰ ਜਜ਼ਬਾਤ ਰਹਿਤ ਭਾਵਨਾ ਨਾਲ ਵਿਚਾਰ ਕਰਨਾ ਸਿੱਖ ਜਾਂਦੇ ਹਾਂ। ਸਾਡੀ ਆਪਣੇ ਆਪ ਨੂੰ ਨਿਰਪੱਖਤਾ ਨਾਲ ਪਰਖ ਪੜਚੋਲ ਕਰ ਸਕਣ ਦੀ ਸਮਰੱਥਾ ਵਧ ਜਾਂਦੀ ਹੈ। ਜਦ ਕੋਈ ਸਾਡੀ ਨੁਕਤਾਚੀਨੀ ਜਾਂ ਵਿਰੋਧਤਾ ਕਰਦਾ ਹੈ, ਅਸੀਂ ਫੌਰੀ ਅਤੇ ਬੇਲੋੜੀ ਪ੍ਰਤੀਕ੍ਰਿਆ ਕਰਨ ਦੀ ਆਦਤ ਤੋਂ ਛੁਟਕਾਰਾ ਪਾ ਲੈਂਦੇ ਹਾਂ। ਇਸ ਤਰ੍ਹਾਂ ਆਪਾਂ ਹਰ ਕੰਮ ਨੂੰ ਵੱਧ ਪ੍ਰਭਾਵਕਾਰੀ ਅਤੇ ਵੱਧ ਮਿਆਰੀ ਕਿਸਮ ਦਾ ਬਣਾ ਸਕਦੇ ਹਾਂ ਅਤੇ ਇਹ ਸਭ ਸਾਧਨਾ ਵਿਚੋਂ ਉਪਜਦਾ ਹੈ।

ਸਾਧਨਾ ਨੂੰ ਪ੍ਰਮੁੱਖ ਇਸ ਕਰਕੇ ਮੰਨਿਆ ਜਾਂਦਾ ਹੈ ਕਿ ਇਸ ਨਾਲ ਜਾਂ ਸਾਧਕ ਵਿਚ ਹੋਰ ਸ਼ੁਭ ਗੁਣ ਪੈਦਾ ਹੋ ਜਾਂਦੇ ਹਨ ਜਾਂ ਇਸ ਦੇ ਅਭਿਆਸ ਵਾਸਤੇ ਹੋਰ ਸ਼ੁਭ ਗੁਣਾਂ ਦੀ ਲੋੜ ਪੈਂਦੀ ਹੈ। ਇਹ ਗੁਣ ਸਾਨੂੰ ਹਰ ਕੰਮ ਅਤੇ ਹਰ ਗੱਲ ਵਿਚੋਂ ਪ੍ਰਸੰਨਤਾ ਲੱਭਣ ਦੀ ਕਲਾ ਸਿਖਾਉਂਦੇ ਹਨ, ਜਿਹੜੀ ਅੱਜ ਵੀ ਸਾਡੇ ਵਾਸਤੇ ਲਾਭਕਾਰੀ ਹੈ ਅਤੇ ਸਾਨੂੰ ਭਵਿੱਖ ਦੇ ਵੰਗਾਰਮਈ ਹਾਲਾਤਾਂ ਵਾਸਤੇ ਵੀ ਤਿਆਰ ਕਰੇਗੀ। ਸੋ, ਲੇਖ ਦੇ ਅਰੰਭ ਵਿਚ ਉਠਾਏ ਪ੍ਰਸ਼ਨ ਕਿ ਪ੍ਰਸੰਨਤਾ ਕਿਵੇਂ ਵਧਾਈ ਜਾ ਸਕਦੀ ਹੈ, ਦਾ ਉੱਤਰ ਹੈ, ਪੁਰਾਤਨ ਪੂਰਬੀ ਸਿਆਣਪਾਂ ਅਤੇ ਵਰਤਮਾਨ ਪੱਛਮੀ ਖੋਜਾਂ ਦੇ ਸੁਮੇਲ ਦੀਆਂ ਸਾਂਝੀਆਂ ਕਾਰਵਾਈਆਂ ਕਰਨਾ, ਜਿਨ੍ਹਾਂ ਵਿਚੋਂ ਮੁੱਖ ਹੈ ਸਾਧਨਾ।

# ਬੈਚ ਫੁੱਲ: ਕੰਕਾਲ ਉਤੇ ਰੁਮਾਲ

ਜੀਵਨ ਵਿਚ ਫੁੱਲਾਂ ਦੀ ਬਹੁਤ ਮਹੱਤਤਾ ਹੈ। ਫੁੱਲ ਸ਼ਰਧਾ ਵਜੋਂ ਚੜ੍ਹਾਏ ਜਾਂਦੇ ਹਨ, ਸਨਮਾਨ ਵਜੋਂ ਬਰਸਾਏ ਜਾਂਦੇ ਹਨ ਤੇ ਜੀ ਆਇਆਂ ਕਹਿਣ ਲਈ ਭੇਟ ਕੀਤੇ ਜਾਂਦੇ ਹਨ; ਪਰ ਮਨੁੱਖਤਾ ਨੂੰ ਇਨ੍ਹਾਂ ਦੀ ਭੇਟ ਦਾ ਸਭ ਤੋਂ ਵਧੀਆ ਢੰਗ ਡਾ. ਐਡਵਾਰਡ ਬੈਚ ਨੇ ਸੁਝਾਇਆ ਹੈ। ਉਸ ਨੇ ਇਨ੍ਹਾਂ ਰਾਹੀਂ ਮਨੁੱਖੀ ਮਨ ਦੀਆਂ ਉਨ੍ਹਾਂ ਡੂੰਘਾਈਆਂ ਤੀਕ ਪਹੁੰਚ ਕੀਤੀ ਹੈ, ਜਿੱਥੇ ਉਂਜ ਕੋਈ ਨਹੀਂ ਪਹੁੰਚ ਸਕਦਾ। ਇਹੀ ਨਹੀਂ, ਉਸ ਨੇ ਮਨੁੱਖੀ ਆਤਮਾ ਦੀ ਤਹਿ ਅੰਦਰ ਜਾ ਕੇ ਇਸ ਵਿਚ ਭਰੀਆਂ ਕਮੀਆਂ ਤੇ ਕਮਜ਼ੋਰੀਆਂ ਦੀ ਸਫਾਈ ਕਰਨ ਦਾ ਵੀ ਸਰਲ ਰਾਹ ਦੱਸਿਆ ਹੈ, ਪਰ ਉਸ ਦੀ ਇਸ ਖੋਜ ਦਾ ਲਾਭ ਦੁਨੀਆਂ ਦੇ ਇਕ ਪ੍ਰਤੀਸ਼ਤ ਲੋਕ ਵੀ ਨਹੀਂ ਉਠਾ ਰਹੇ ਹੋਣਗੇ, ਕਿਉਂਕਿ ਇਸ ਬਾਰੇ ਕਿਸੇ ਨੂੰ ਬਹੁਤਾ ਪਤਾ ਹੀ ਨਹੀਂ ਹੈ। ਗੁਰਬਾਣੀ ਦੀ ਤੁਕ 'ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ' ਅਨੁਸਾਰ ਇਹ ਫੁੱਲ ਚਿਕਿਤਸਾ ਵੀ ਉਪਲਭਦ ਤਾਂ ਸਭ ਲਈ ਬਰਾਬਰ ਹੈ, ਪਰ ਇਸ ਨੂੰ ਪ੍ਰਾਪਤ ਕਰਨ ਦਾ ਮੌਕਾ ਕੁਝ ਇਕ ਨੂੰ ਹੀ ਮਿਲਿਆ ਹੈ।

ਪੜ੍ਹਦੇ-ਲਿਖਦੇ ਤਾਂ ਸਾਰੇ ਹੀ ਹਨ, ਪਰ ਬਹੁਤ ਘੱਟ ਪਾਠਕਾਂ, ਲੇਖਕਾਂ, ਬੁੱਧੀਜੀਵੀਆਂ ਤੇ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਆਮ ਲੋਕਾਂ ਨੇ ਬੈਚ ਫੁੱਲਾਂ ਬਾਰੇ ਪੜ੍ਹਿਆ ਹੈ। ਇਸੇ ਲਈ ਵਿਦਿਆ ਪੜ੍ਹਾਈ ਦੀਆਂ ਸ਼ਕਤੀਆਂ ਨਾਲ ਲੈਸ ਸਿਹਤਮੰਦੀ ਦੀਆਂ ਬਰੂਹਾਂ 'ਤੇ ਖੜ੍ਹੇ ਹੋਏ ਵੀ ਉਨ੍ਹਾਂ ਵਿਚੋਂ ਬਹੁਤ ਸਾਰੇ ਦੁੱਖਾਂ ਤਕਲੀਫਾਂ ਤੇ ਸੁਭਾਵਿਕ ਕਮਜ਼ੋਰੀਆਂ ਨਾਲ ਜੂਝ ਰਹੇ ਹੋਣਗੇ। ਉਨ੍ਹਾਂ ਨੂੰ ਆਪਾ ਸੰਭਾਲ ਵਲ ਧਿਆਨ ਦੇਣ ਲਈ ਬੈਚ ਫੁੱਲਾਂ ਦਾ ਅਧਿਐਨ ਇਕ ਬਹੁਤ ਹੀ ਦਿਲਚਸਪ ਤੇ ਲਾਭਦਾਇਕ ਵਿਸ਼ਾ ਸਾਬਤ ਹੋ ਸਕਦਾ ਹੈ। ਇਸ ਨੂੰ ਜਾਣਨ ਲਈ ਮੈਡੀਕਲ ਸਿਖਿਆ ਦੀ ਵੀ ਬਹੁਤੀ ਲੋੜ ਨਹੀਂ ਹੈ, ਕਿਉਂਕਿ ਡਾ. ਬੈਚ ਨੇ ਇਸ ਨੂੰ ਬਹੁਤ ਹੀ ਸਰਲ ਬਣਾ ਕੇ ਆਮ ਆਦਮੀ ਲਈ ਪੇਸ਼ ਕੀਤਾ ਹੈ। ਇਸ ਸਰਲ ਪਧਤੀ ਦੀ ਮੁਢਲੀ ਜਾਣ-ਪਛਾਣ ਕਰਵਾਉਣ ਲਈ ਸਭ ਤੋਂ ਪਹਿਲਾਂ ਬੈਚ ਦੇ ਅਠੱਤੀਆਂ ਵਿਚੋਂ ਪਹਿਲੇ ਫੁੱਲ ਐਗਰੀਮਨੀ ਬਾਰੇ ਚਰਚਾ ਕਰਦੇ ਹਾਂ।

ਬੂਟਾ-ਵਿਗਿਆਨ ਅਨੁਸਾਰ ਐਗਰੀਮਨੀ (Agrimony) ਫੁੱਲ ਦੇ ਪੌਦੇ ਦਾ ਨਾਂ ਐਗਰੀਮੋਨੀਆ ਯੂਪਾਟੋਰੀਆ ਹੈ। ਇਹ ਫੁੱਲ ਮਨੁੱਖੀ ਆਤਮਾ ਦੇ ਇਕ ਅਜਿਹੇ ਦਵੰਧ ਦਾ ਨਿਵਾਰਣ ਕਰਦਾ ਹੈ, ਜਿਸ ਕਾਰਨ ਕਈ ਵਾਰ ਮਨੁੱਖ ਇਕ ਪਾਸੇ ਕਾਇਰ ਜਾਪਦਾ ਹੈ ਤੇ ਦੂਜੇ ਪਾਸੇ ਡਰਾਮੇਬਾਜ਼। ਅਜਿਹੇ ਲੋਕ ਅਕਸਰ ਹੀ ਦੇਖਣ ਵਿਚ ਆਉਂਦੇ ਹਨ, ਜੋ ਨਿਹਾਇਤ ਹੀ ਸ਼ਰੀਫ ਹੁੰਦੇ ਹਨ। ਉਹ ਕਦੇ ਗੁੱਸੇ ਵਿਚ ਨਹੀਂ ਆਉਂਦੇ ਤੇ ਕਦੇ ਕਿਸੇ ਨਾਲ ਲੜਾਈ ਝਗੜਾ ਨਹੀਂ ਕਰਦੇ। ਉਹ ਚੰਗੀ ਬੋਲੀ ਬੋਲਣ ਵਾਲੇ ਤੇ ਮਿਲਣਸਾਰ ਵਿਅਕਤੀ ਹੁੰਦੇ ਹਨ। ਉਹ ਕਿਸੇ ਨਾਲ ਬਹਿਸ ਕਰਨਾ ਪਸੰਦ ਨਹੀਂ ਕਰਦੇ ਤੇ ਜੇ ਕਿਤੇ ਬਹਿਸ ਦਾ ਕੋਈ ਵਿਸ਼ਾ ਸ਼ੁਰੂ ਹੋਣ ਵਾਲਾ ਹੋਵੇ ਤਾਂ ਉਥੋਂ ਬਚ ਨਿਕਲਦੇ ਹਨ। ਉਹ ਇੰਨੇ ਸੋਹਲ ਹੁੰਦੇ ਹਨ ਕਿ ਆਪਣਾ ਹੱਕ ਮੰਗਣ ਲਈ ਵੀ ਮੂੰਹ ਨਹੀਂ ਖੋਲ੍ਹਦੇ। ਆਪ ਅਨਿਆਇ ਜਰ ਲੈਣਗੇ, ਪਰ ਅੱਗੋਂ ਇਕ ਸ਼ਬਦ ਨਹੀਂ ਕਹਿਣਗੇ। ਜੇ ਕਦੇ ਕੁਝ ਮਜਬੂਰੀ ਵਸ ਕਹਿਣਾ ਹੀ ਪੈ ਜਾਵੇ ਤਾਂ ਟੇਢਾ ਤੇ ਵਿਅੰਗਾਤਮਕ ਰਸਤਾ ਅਪਨਾਉਂਦੇ ਹਨ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਅਗਲਾ ਵਿਅਕਤੀ ਕਿਤੇ ਗੁੱਸਾ ਕਰਕੇ ਗਲ ਹੀ ਨਾ ਪੈ ਜਾਵੇ। ਉਹ ਕਿਸੇ ਨਾਲ ਖਹਿਬੜਦੇ ਨਹੀਂ, ਇਥੋਂ ਤੀਕ ਕਿ ਬਾਜ਼ਾਰ ਵਿਚ ਦੁਕਾਨਦਾਰ ਨਾਲ ਭਾਅ ਵੀ ਤੈਅ ਨਹੀਂ ਕਰ ਸਕਦੇ। ਸੰਗਾਊ ਹੋਣ ਕਰਕੇ ਕਈ ਵਾਰ ਤਾਂ ਉਹ ਬਾਹਰ ਵੀ ਨਹੀਂ ਨਿਕਲਦੇ। ਉਹ ਦੁਨਿਆਵੀ ਕੰਮਾਂ ਵਿਚ ਪੈਣ ਦਾ ਹੌਸਲਾ ਨਹੀਂ ਕਰਦੇ, ਜੇ ਕਰਨ ਤਾਂ ਅਸਫਲ ਹੋ ਕੇ ਨਿਬੜਦੇ ਹਨ। ਇਹ ਲੋਕ ਸ਼ਾਂਤੀ ਪਸੰਦ ਹੁੰਦੇ ਹਨ ਤੇ ਸ਼ਾਂਤੀ ਦੇ ਹੀ ਸੋਹਲੇ ਗਾਉਂਦੇ ਹਨ। ਉਨ੍ਹਾਂ ਨੂੰ ਕੇਵਲ ਆਪਣੇ ਮਨ ਦੀ ਸ਼ਾਂਤੀ ਦੀ ਫਿਕਰ ਹੁੰਦੀ ਹੈ ਤੇ ਇਸ ਅੱਗੇ ਦੁਨੀਆਂ ਦੀਆਂ ਸਭ ਵਸਤਾਂ ਤੁੱਛ ਲਗਦੀਆਂ ਹਨ। ਇਸ ਲਈ ਜੇ ਉਹ ਕਿਸੇ ਨਾਲ ਝਗੜ ਵੀ ਪੈਣ ਤਾਂ ਛੇਤੀ ਦੋਸਤੀ ਕਰ ਲੈਂਦੇ ਹਨ। ਕਈ ਲੋਕ ਉਨ੍ਹਾਂ ਦੇ ਨਰਮ ਸੁਭਾਅ ਕਾਰਨ ਉਨ੍ਹਾਂ ਨੂੰ ਡਰੂ ਜਾਂ ਡਰਪੋਕ ਵੀ ਆਖਦੇ ਹਨ, ਪਰ ਉਨ੍ਹਾਂ ਦੇ ਅੰਦਰ ਦੀ ਸਮੱਸਿਆ ਕੋਈ ਨਹੀਂ ਸਮਝਦਾ, ਕਿਉਂਕਿ ਉਹ ਕਿਸੇ ਨੂੰ ਦੱਸਦੇ ਹੀ ਨਹੀਂ।

ਅਜਿਹੇ ਵਿਅਕਤੀਆਂ ਦੇ ਸੁਭਾਅ ਦਾ ਦੂਜਾ ਪਹਿਲੂ ਇਹ ਹੈ ਕਿ ਉਹ ਦੂਜਿਆਂ ਪ੍ਰਤੀ ਸੁਹਿਰਦ ਹੁੰਦੇ ਹਨ। ਜਿੱਥੇ ਉਹ ਆਪਣੇ ਕੋਮਲ ਹਿਰਦੇ ਦਾ ਬਚਾਓ ਰੱਖਦੇ ਹਨ, ਉੱਥੇ ਉਹ ਦੂਜਿਆਂ ਦੇ ਮਨ ਨੂੰ ਵੀ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ। ਉਹ ਨਾ ਦੂਜਿਆਂ ਦਾ ਦਿੱਤਾ ਗਮ ਲੈਂਦੇ ਹਨ ਤੇ ਨਾ ਦੂਜਿਆਂ ਨੂੰ ਕੋਈ ਗਮ ਦਿੰਦੇ ਹਨ। ਉਹ ਆਜ਼ਾਦ ਵਿਚਰਨਾ ਚਾਹੁੰਦੇ ਹਨ। ਇਸ ਲਈ ਅਜਿਹੇ ਵਿਅਕਤੀ ਸਮਾਜ ਵਿਚ ਇੱਕਲੇ ਹੋ ਜਾਂਦੇ ਹਨ ਤੇ ਆਪਣੇ ਆਪ ਨੂੰ ਸਮਝਦੇ ਵੀ ਇੱਕਲਾ ਹੀ ਹਨ। ਜਦੋਂ ਵੀ ਉਨ੍ਹਾਂ ਨੂੰ ਕੋਈ ਬਿਮਾਰੀ ਆਵੇ ਜਾਂ ਕੋਈ ਹੋਰ ਤਕਲੀਫ ਹੋ ਜਾਵੇ ਤਾਂ ਉਹ ਇਸ ਨੂੰ ਦੂਜਿਆਂ ਨਾਲ ਸਾਂਝਾ ਨਹੀਂ ਕਰਦੇ ਭਾਵ ਕਰ ਨਹੀਂ ਸਕਦੇ। ਉਹ ਇਸ ਗੱਲੋਂ ਵੀ ਬਚਦੇ ਰਹਿੰਦੇ ਹਨ ਕਿ ਕਿਤੇ ਕੋਈ ਉਨ੍ਹਾਂ ਨੂੰ ਉਨ੍ਹਾਂ ਦੇ ਦੁਖ ਬਾਰੇ ਪੁੱਛ ਨਾ




ਲਵੇ। ਇਸ ਲਈ ਉਹ ਪਹਿਲਾਂ ਤੋਂ ਹੀ ਆਪਣੇ ਰਾਜੀ ਖੁਸ਼ੀ ਲੱਗਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਉਂ ਕਹੋ ਕਿ ਉਹ ਆਪਣੇ ਅੰਦਰੂਨੀ ਦੁਖ ਉੱਤੇ ਮਨਸੂਈ ਮੁਸਕਾਨ ਦਾ ਪਰਦਾ ਪਾ ਕੇ ਰੱਖਦੇ ਹਨ ਤਾਂ ਜੋ ਦੇਖਣ ਵਾਲੇ ਉਨ੍ਹਾਂ ਨੂੰ ਚੰਗਾ ਭਲਾ ਸਮਝਣ। ਜੇ ਕੋਈ ਫਿਰ ਵੀ ਉਨ੍ਹਾਂ ਦੇ ਅੰਦਰ ਦੀ ਪੀੜਾ ਨੂੰ ਟੋਹਣ ਦੀ ਕੋਸ਼ਿਸ਼ ਕਰਦਾ ਹੋਇਆ ਕੁਝ ਪੁੱਛ ਹੀ ਲਵੇ ਤਾਂ ਉਹ ਉਸ ਨੂੰ ਹਾਸੇ ਮਜ਼ਾਕ ਨਾਲ ਟਾਲ ਦਿੰਦੇ ਹਨ। ਇਸ ਕੰਮ ਲਈ ਉਹ ਚੁਟਕਲੇ, ਮਸਖਰੀਆਂ ਤੇ ਹਲਕੀਆਂ ਫੁਲਕੀਆਂ ਟਿੱਚਰਾਂ ਦਾ ਸਹਾਰਾ ਵੀ ਲੈਂਦੇ ਹਨ। ਇਸ ਤਰ੍ਹਾਂ ਦੀ ਸਮਾਜਿਕ ਦਿੱਖ ਉਨ੍ਹਾਂ ਨੂੰ ਆਪਣੀ ਇਕਾਂਤਵਾਸ ਦੀ ਤੜਪਾਹਟ ਨੂੰ ਦੂਰ ਕਰਨ ਲਈ ਵੀ ਚਾਹੀਦੀ ਹੁੰਦੀ ਹੈ।

ਇਹ ਵਿਅਕਤੀ ਆਪਣੇ ਦੁੱਖਾਂ, ਦਰਦਾਂ, ਬਿਮਾਰੀਆਂ ਤੇ ਕਮਜ਼ੋਰੀਆਂ ਕਾਰਨ ਅੰਦਰੋਂ ਇੰਨੇ ਟੁੱਟ ਚੁੱਕੇ ਹੁੰਦੇ ਹਨ ਕਿ ਇਨ੍ਹਾਂ ਦੇ ਅੰਦਰ ਭਰਿਆ ਦਰਦ ਇਨ੍ਹਾਂ ਨੂੰ ਸੌਣ ਨਹੀਂ ਦਿੰਦਾ। ਉਹ ਇਸ ਬਾਰੇ ਸੋਚਦੇ ਤੇ ਝੂਰਦੇ ਰਹਿੰਦੇ ਹਨ। ਦਿਨ ਤਾਂ ਫਿਰ ਵੀ ਨਿਕਲ ਜਾਂਦਾ ਹੈ, ਪਰ ਰਾਤ ਨਹੀਂ ਕਟਦੀ। ਰਾਤ ਭਰ ਇਹ ਪਾਸੇ ਮਾਰਦੇ ਰਹਿੰਦੇ ਹਨ, ਪਰ ਇਨ੍ਹਾਂ ਦੇ ਮਨ ਦੀ ਤੜਪ ਨੀਂਦ ਨੂੰ ਨੇੜੇ ਨਹੀਂ ਲੱਗਣ ਦਿੰਦੀ। ਰਾਤ ਦੀ ਬੇਚੈਨੀ ਦੇ ਬਾਵਜੂਦ ਵੀ ਇਹ ਸਵੇਰੇ ਉੱਠ ਕੇ ਫਿਰ ਹਾਸੇ ਦਾ ਮਖੌਟਾ ਪਹਿਨ ਲੈਂਦੇ ਹਨ। ਕਈ ਵਾਰ ਤਾਂ ਇਹ ਦਿਨੇ ਵੀ ਚਾਦਰ ਲੈ ਕੇ ਪੈ ਜਾਂਦੇ ਹਨ ਤੇ ਸੌਣ ਦੇ ਪੱਜ ਰੋਣ ਲਗ ਪੈਂਦੇ ਹਨ। ਫਿਰ ਵੀ ਇਨ੍ਹਾਂ ਦੀ ਜਰਨ ਸ਼ਕਤੀ ਕਾਫੀ ਹੁੰਦੀ ਹੈ। ਕੋਈ ਕੁਝ ਵੀ ਕਹੇ, ਦਿਲ ਦਾ ਦਰਦ ਜ਼ੁਬਾਨ ਤੀਕ ਨਹੀਂ ਲਿਆਉਂਦੇ।

ਜਦੋਂ ਗੱਲ ਬਰਦਾਸ਼ਤ ਤੋਂ ਬਾਹਰ ਹੋ ਜਾਵੇ ਤਾਂ ਉਹ ਕਿਸੇ ਨਸ਼ੇ ਪੱਤੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਸ ਤਰ੍ਹਾਂ ਦੀਆਂ ਅਸਹਿ ਮਾਨਸਿਕ ਪੀੜਾਂ ਦੇ ਮਰੀਜ਼ ਵਧੇਰੇ ਕਰਕੇ ਸ਼ਰਾਬ ਪੀਣ ਦੇ ਆਦੀ ਹੋ ਜਾਂਦੇ ਹਨ। ਉਹ ਸਮਝਦੇ ਹਨ ਕਿ ਨਸ਼ਾ ਕਰਕੇ ਉਨ੍ਹਾਂ ਦੇ ਅਹਿਸਾਸ ਸੁਖਾਲੇ ਹੋ ਜਾਂਦੇ ਹਨ। ਅਜਿਹੇ ਲੋਕ ਜੇ ਐਗਰੀਮਨੀ ਦੀਆਂ ਕੁਝ ਖੁਰਾਕਾਂ ਕੁਝ ਦਿਨ ਲੈ ਲੈਣ ਤਾਂ ਨਾ ਸਿਰਫ ਉਹ ਆਪਣੇ ਸੁਭਾਅ ਦੀ ਨਿਖੇਧਾਤਮਕ ਸਥਿਤੀ ਤੋਂ ਬਾਹਰ ਹੀ ਨਿਕਲ ਆਉਣਗੇ, ਸਗੋਂ ਉਨ੍ਹਾਂ ਦੀ ਅੰਦਰੂਨੀ ਤਕਲੀਫ ਵੀ ਦੂਰ ਹੋ ਜਾਵੇਗੀ। ਇਸ ਨਾਲ ਹੀ ਉਨ੍ਹਾਂ ਦੀ ਨਸ਼ੇ ਦੀ ਆਦਤ ਵੀ ਅਲੋਪ ਹੋ ਜਾਵੇਗੀ। ਉਨ੍ਹਾਂ ਨੂੰ ਆਪਣਾ ਦੁਖ ਬਿਆਨ ਕਰਨਾ ਆ ਜਾਵੇਗਾ ਤੇ ਉਹ ਆਪਣੇ ਅੰਦਰ ਦੀ ਘੁਟਣ ਤੋਂ ਮੁਕਤ ਹੋ ਜਾਣਗੇ।

ਇਸ ਤੱਥ ਦੀ ਪੁਸ਼ਟੀ ਵਿਚ ਅਨੇਕਾਂ ਕੇਸ ਬਿਆਨ ਕੀਤੇ ਜਾ ਸਕਦੇ ਹਨ, ਪਰ ਇੱਥੇ ਇਕ ਹਾਲ ਦੀ ਹੀ ਘਟਨਾ ਦਾ ਵਰਣਨ ਕਰਦਾ ਹਾਂ, ਜੋ ਕੁਝ ਵਿਅਕਤੀਗਤ ਵੇਰਵਿਆਂ ਨੂੰ ਛੱਡ ਕੇ ਬਿਲਕੁਲ ਸੱਚੀ ਹੈ। ਕਰੀਬ ਡੇਢ ਕੁ ਮਹੀਨਾ ਪਹਿਲਾਂ ਮੈਨੂੰ ਇਕ ਬੀਬੀ ਦਾ ਫੋਨ ਆਇਆ, ਕਹਿਣ ਲੱਗੀ, "ਮੈਨੂੰ ਕਿਸੇ ਨੇ ਤੁਹਾਡਾ ਫੋਨ ਨੰਬਰ ਦਿੱਤਾ ਹੈ। ਕੀ ਤੁਸੀਂ ਨਸ਼ਾ ਛੱਡਣ ਦੀ ਦਵਾਈ ਵੀ ਦਿੰਦੇ ਹੋ?" ਅਜਿਹੇ ਫੋਨ ਨਸ਼ੇੜੀ ਵਿਅਕਤੀਆਂ ਦੇ ਪਰਿਵਾਰਾਂ ਵਲੋਂ ਅਕਸਰ ਹੀ ਆਉਂਦੇ ਰਹਿੰਦੇ ਹਨ। ਮੈਂ ਪੁੱਛਿਆ, "ਨਸ਼ਾ ਕੌਣ ਕਰਦਾ ਹੈ?" ਉਸ ਨੇ ਉੱਤਰ ਦਿੱਤਾ, "ਮੇਰਾ ਭਰਾ ਕਰਦਾ ਹੈ ਜੀ। ਮੇਰਾ ਇਕੋ ਇਕ ਭਰਾ ਹੈ, ਮੇਰੇ ਨਾਲੋਂ ਛੋਟਾ ਹੈ। ਚਾਰ ਪੰਜ ਸਾਲ ਪਹਿਲਾਂ ਇੰਡੀਆ 12ਵੀਂ ਪੜ੍ਹਦੇ ਨੂੰ ਹਟਾ ਕੇ ਇੱਥੇ ਲੈ ਆਏ ਸਾਂ। ਇੱਥੇ ਆ ਕੇ ਉਸ ਦਾ ਜੀਅ ਨਾ ਲੱਗਾ ਤੇ ਕਾਫੀ ਦੇਰ ਘਰੋਂ ਬਾਹਰ ਨਹੀਂ ਨਿਕਲਿਆ। ਸਕੂਲ ਨਾ ਜਾਣ ਕਰਕੇ ਅੱਗੇ ਤਾਂ ਉਹ ਪੜ੍ਹ ਨਹੀਂ ਸਕਿਆ, ਪਰ ਸਾਡੇ ਜ਼ੋਰ ਪਾਉਣ 'ਤੇ ਟਰੱਕ ਡਰਾਈਵਰ ਬਣ ਗਿਆ। ਹੁਣ ਸਾਡੇ ਦੇਖਣ ਸੁਣਨ ਵਿਚ ਆਇਆ ਹੈ ਕਿ ਉਹ ਸ਼ਰਾਬ ਪੀਂਦਾ ਹੈ। ਬਾਈ-ਤੇਈ ਸਾਲ ਦੀ ਉਮਰ ਹੈ, ਵਿਆਹ ਵੀ ਹਾਲੇ ਉਸ ਦਾ ਕਰਨਾ ਹੈ। ਸ਼ਰਾਬ ਪੀਣ ਵਾਲੇ ਨੂੰ ਕਿਹਨੇ ਲੜਕੀ ਦੇਣੀ ਹੈ? ਤੁਸੀਂ ਉਸ ਦਾ ਇਲਾਜ ਕਰੋ।"

ਹੋਮਿਓਪੈਥੀ ਵਿਚ ਸ਼ਰਾਬ ਦੀ ਆਦਤ ਵਾਲਿਆਂ ਲਈ ਕਈ ਦਵਾਈਆਂ ਹਨ, ਪਰ ਸਭ ਅਲਾਮਤਾਂ ਅਨੁਸਾਰ ਨਿਰਧਾਰਤ ਹੁੰਦੀਆਂ ਹਨ। ਲੜਕੀ ਨਾਲ ਗੱਲ ਕਰਦਿਆਂ ਉਹ ਸਾਰੀਆਂ ਦਵਾਈਆਂ ਮੇਰੇ ਦਿਮਾਗ ਵਿਚ ਘੁੰਮ ਗਈਆਂ, ਪਰ ਕੋਈ ਠੋਸ ਅਲਾਮਤ ਸਾਹਮਣੇ ਨਾ ਹੋਣ ਕਰਕੇ ਸਭ ਵਿਸਰ ਗਈਆਂ। ਸੋਚਿਆ ਮਰੀਜ਼ ਸਾਹਮਣੇ ਹੋਣ 'ਤੇ ਹੀ ਕੋਈ ਹੱਲ ਨਿਕਲ ਸਕਦਾ ਹੈ। ਇਸ ਲਈ ਮੈਂ ਉਸ ਲੜਕੀ ਨੂੰ ਕਿਹਾ, "ਬੀਬਾ ਜੀ, ਤੁਹਾਨੂੰ ਆਪਣੇ ਭਰਾ ਨੂੰ ਮੇਰੇ ਕੋਲ ਲਿਆਉਣਾ ਪਵੇਗਾ।" ਉਹ ਅੱਗੋਂ ਬੋਲੀ, "ਅਸੀਂ ਉਸ ਨੂੰ ਇਸ ਕੰਮ ਲਈ ਤੁਹਾਡੇ ਕੋਲ ਨਹੀਂ ਲਿਆ ਸਕਦੇ। ਡਾਕਟਰ ਕੋਲ ਜਾਣ ਤੋਂ ਉਹ ਅੜ ਜਾਂਦਾ ਹੈ। ਸਾਡੇ ਸਾਹਮਣੇ ਤਾਂ ਉਹ ਮੰਨਦਾ ਹੀ ਨਹੀਂ ਕਿ ਉਹ ਪੀਂਦਾ ਹੈ। ਜੇ ਅਸੀਂ ਦਵਾਈ ਦੁਆਉਣ ਦੀ ਗੱਲ ਕਰਦੇ ਹਾਂ ਤਾਂ ਅੱਗੋਂ ਆਖਦਾ ਹੈ, 'ਕੀ ਹੋਇਐ ਮੈਨੂੰ ਜੋ ਤੁਸੀਂ ਖਾਹਮਖਾਹ ਦਵਾਈ ਲੈਣ ਨੂੰ ਕਹਿੰਦੇ ਰਹਿੰਦੇ ਹੋ?' ਪਰ ਸਾਨੂੰ ਪਤਾ ਹੈ ਕਿ ਉਹ ਪੀਂਦਾ ਹੈ ਜ਼ਰੂਰ। ਹੁਣ ਅਸੀਂ ਕਹਿ ਕਹਾ ਕੇ ਉਸ ਨੂੰ ਤੁਹਾਡੇ ਕੋਲ ਭੇਜਣ ਦੀ ਕੋਸ਼ਿਸ਼ ਕਰਾਂਗੇ। ਜੇ ਮੰਨ ਗਿਆ ਉਹ ਤੁਹਾਡੇ ਕੋਲ ਇੱਕਲਾ ਹੀ ਆਵੇਗਾ। ਉਸ ਨਾਲ ਨਸ਼ੇ ਬਾਰੇ ਕੋਈ ਗੱਲ ਨਹੀਂ ਕਰਨੀ ਨਹੀਂ ਤਾਂ ਉਹ ਫਿਰ ਸਾਡੇ ਆਖੇ ਵੀ ਨਹੀਂ ਲਗੇਗਾ। ਉਹ ਕੋਈ ਵੀ ਤਕਲੀਫ ਦੱਸੇ, ਦਵਾਈ ਤੁਸੀਂ ਸ਼ਰਾਬ ਦੀ ਹੀ ਦੇਣਾ।" ਮੈਂ ਉਸ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ, "ਕਿਸੇ ਨੂੰ ਉਹਲੇ ਨਾਲ ਦਵਾਈ ਦੇਣਾ ਗਲਤ ਹੈ, ਪਰ ਮੈਂ ਉਸ ਨਾਲ ਆਪਣੇ ਢੰਗ ਨਾਲ ਗੱਲ ਕਰਾਂਗਾ। ਤੁਸੀਂ ਮੇਰੇ ਕੋਲ ਭੇਜੋ ਉਸ ਨੂੰ।"

ਅਗਲੇ ਦਿਨ ਬਾਅਦ ਦੁਪਹਿਰ ਮੇਰੇ ਕੋਲ ਪੰਝੀ ਕੁ ਸਾਲ ਦਾ ਇਕ ਉਚੇਰੇ ਕੱਦ ਤੇ ਬੇਬਾਕ ਦਿੱਖ ਵਾਲਾ ਨੌਜਵਾਨ ਆਇਆ। ਉਸ ਦਾ ਫੈਲਿਆ ਹੋਇਆ ਚਿਹਰਾ ਤੇ ਅੱਧ-ਖੁਲ੍ਹੇ ਹੋਂਠ ਇਸ ਤਰ੍ਹਾਂ ਦਾ ਅਭਾਸ ਦੇ ਰਹੇ ਸਨ, ਜਿਵੇਂ ਉਹ ਹੁਣੇ ਹੁਣੇ ਕਿਸੇ ਨਾਲ ਹੱਸ ਕੇ ਹਟਿਆ ਹੋਵੇ। ਉਸੇ ਮੁਦਰਾ ਵਿਚ ਉਸ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਬੋਲਿਆ, "ਮੈਂ ਅਮਰਜੀਤ, ਮੇਰੇ ਬਾਰੇ ਤੁਹਾਨੂੰ ਮੇਰੀ ਭੈਣ ਨੇ ਫੋਨ ਕੀਤਾ ਸੀ।" ਮੈਂ ਉਸ ਨੂੰ ਉਸੇ ਦੇ ਅੰਦਾਜ਼ ਵਿਚ ਕਿਹਾ, "ਵਾਹ ਕਾਕਾ ਅਮਰਜੀਤ, ਕੀ ਹਾਲ ਹੈ ਤੇਰਾ, ਤੇਰੀ ਭੈਣ ਕਿੱਦਾਂ ਐ?" ਸਭ ਠੀਕ ਠਾਕ, ਕਹਿ ਕੇ ਉਹ ਬੈਠ ਗਿਆ। ਮੈਂ ਗੱਲ ਸ਼ੁਰੂ ਕਰਦਿਆਂ ਕਿਹਾ, "ਸੁਣਾ ਫਿਰ ਕਿਵੇਂ ਆਉਣਾ ਹੋਇਆ ਅੱਜ?" ਉਹ ਉਸੇ ਬੇਗਰਜ਼ ਲਹਿਜੇ ਵਿਚ ਬੋਲਿਆ, "ਮੇਰੀ ਭੈਣ ਨੇ ਸਾਰਾ ਕੁਝ ਦੱਸ ਤਾਂ ਦਿੱਤਾ ਹੈ ਤੁਹਾਨੂੰ, ਬਸ ਉਹੀ ਕੁਝ ਹੈ।" ਮੈਂ ਕਿਹਾ, "ਤੇਰੀ ਭੈਣ ਨੇ ਦੱਸਿਆ ਸੀ ਉਹ ਤੈਨੂੰ ਮੇਰੇ ਕੋਲ ਭੇਜ ਰਹੀ ਹੈ। ਬਾਕੀ ਗੱਲ ਤੂੰ ਆਪ ਦੱਸਣੀ ਹੈ।" ਉਹ ਵਿਰੋਧ ਭਾਵ ਵਿਚ ਬੋਲਿਆ, "ਮੈਨੂੰ ਤਾਂ ਕੁਝ ਨਹੀਂ ਹੋਇਆ, ਬਸ ਘਰ ਦਿਆਂ ਨੂੰ ਫਿਕਰ ਲੱਗਾ ਰਹਿੰਦਾ ਹੈ, ਮੈਨੂੰ ਡਾਕਟਰ ਕੋਲ ਭੇਜਣ ਦਾ।" ਮੈਂ ਪੁੱਛਿਆ, "ਕੋਈ ਕਾਰਨ ਤਾਂ ਹੋਵੇਗਾ ਉਨ੍ਹਾਂ ਦੀ ਫਿਕਰਮੰਦੀ ਦਾ?" ਉਹ ਬੋਲਿਆ, "ਬੱਸ ਸ਼ੱਕ ਕਰਦੇ ਰਹਿੰਦੇ ਹਨ ਕਿ ਮੈਂ ਸ਼ਰਾਬ ਪੀਂਦਾ ਹਾਂ ਤੇ ਨਸ਼ੇ ਕਰਦਾ ਹਾਂ। ਕਿੱਥੇ ਕਰਦਾ ਹਾਂ ਮੈਂ ਨਸ਼ੇ? ਕਿੰਨੀ ਵਾਰ ਦੱਸ ਚੁਕਾਂ, ਵਿਸ਼ਵਾਸ ਹੀ ਨਹੀਂ ਕਰਦੇ।"

ਮੈਂ ਘੋਖ ਕੇ ਪੁੱਛਿਆ, "ਹੋ ਸਕਦਾ ਹੈ ਤੂੰ ਇਕ ਅੱਧੀ ਵਾਰ ਪੀਤੀ ਹੋਵੇ ਤੇ ਉਨ੍ਹਾਂ ਨੂੰ ਉਹ ਵੀ ਚੰਗਾ ਨਾ ਲੱਗਾ ਹੋਵੇ।" ਪਰ ਉਹ ਨਕਾਰਦਾ ਹੋਇਆ ਬੋਲਿਆ, "ਇਕ ਅੱਧੀ ਵਾਰ ਦਾ ਕੀ ਹੁੰਦਾ ਹੈ, ਇੱਦਾਂ ਤਾ ਸਾਰੇ ਹੀ ਪੀਂਦੇ ਐ।" ਉਸ ਦੀ ਗੱਲ ਨੂੰ ਉੱਥੇ ਹੀ ਛੱਡਦਿਆਂ ਮੈਂ ਪੁੱਛਿਆ, "ਫਿਰ ਹੁਣ ਕੀ ਕਰੀਏ?" ਉਹ ਬੋਲਿਆ, "ਕਰਨਾ ਕੀ ਹੈ, ਤੁਸੀਂ ਦਵਾਈ ਦੇ ਦੋ ਜਿਵੇਂ ਉਨ੍ਹਾਂ ਨੇ ਕਿਹਾ ਹੈ। ਮੈਂ ਤਾਂ ਰਾਜੀ ਖੁਸ਼ੀ ਹਾਂ ਹੀ, ਉਹ ਵੀ ਖੁਸ਼ ਹੋ ਜਾਣਗੇ।" ਮੈਨੂੰ ਉਸ ਦੀ ਖੁਸ਼ੀ ਦੇ ਪ੍ਰਗਟਾਵੇ ਓਹਲੇ ਇਕ ਟਾਲ ਵੱਟਦਾ ਅਧੀਰ ਜਿਹਾ ਆਦਮੀ ਬੋਲਦਾ ਨਜ਼ਰ ਆਇਆ, ਜਿਸ ਵਿਚ ਸੱਚ ਦਾ ਸਾਹਮਣਾ ਕਰਨ ਦੀ ਹਿੰਮਤ ਨਾ ਹੋਵੇ। ਮੈਂ ਉਸ ਨੂੰ ਐਗਰੀਮਨੀ ਫੁੱਲ ਤੋਂ ਤਿਆਰ ਕੀਤੀ ਦਵਾਈ ਦੀਆਂ ਤੀਹ ਖੁਰਾਕਾਂ ਦੇ ਕੇ ਇਕ ਹਰ ਰੋਜ਼ ਲੈਣ ਦੀ ਤੇ ਮਹੀਨੇ ਬਾਅਦ ਫਿਰ ਆਉਣ ਦੀ ਤਾਕੀਦ ਕਰਦਿਆਂ ਵਿਦਾ ਕਰ ਦਿੱਤਾ।

ਇਕ ਮਹੀਨੇ ਬਾਅਦ ਉਸ ਦਾ ਫੋਨ ਆਇਆ, "ਅੰਕਲ ਜੀ ਮੈਂ ਅਮਰਜੀਤ ਆਂ।" ਮੈਂ ਪਹਿਚਾਣਿਆ ਨਹੀਂ, ਇਸ ਲਈ ਪੁੱਛਿਆ, "ਕਿਹੜਾ ਅਮਰਜੀਤ?" ਉਸ ਨੇ ਉੱਤਰ ਦਿੱਤਾ, "ਓਹੀ, ਜਿਸ ਦੀ ਭੈਣ ਨੇ ਸ਼ਰਾਬ ਦੀ ਦਵਾਈ ਲੈਣ ਲਈ ਤੁਹਾਡੇ ਸੀ ਕੋਲ ਭੇਜਿਆ।" ਮੈਂ ਯਾਦ ਕਰਦਿਆਂ ਕਿਹਾ, "ਕਾਕਾ ਅਮਰਜੀਤ ਕੀ ਹਾਲ ਹੈ ਤੇਰਾ?" ਉਹ ਬੋਲਿਆ, "ਅੰਕਲ ਜੀ ਤੁਹਾਡੀ ਦਵਾਈ ਬਹੁਤ ਵਧੀਆ ਸੀ, ਪਰ ਮੇਰੇ ਕੋਲੋਂ ਅੱਧੀ ਖਰਾਬ ਹੋ ਗਈ। ਹੋਰ ਲੈਣੀ ਐ।" ਮੈਂ ਪੁੱਛਿਆ, "ਵਧੀਆ ਕਿਵੇਂ ਸੀ, ਕੋਈ ਭਲਾ ਕੀਤਾ ਉਸ ਨੇ ਤੈਨੂੰ?" ਉਹ ਬੋਲਿਆ, "ਜਿਵੇਂ ਕਈ ਦਵਾਈਆਂ ਗਰਮ ਹੁੰਦੀਆਂ ਨੇ, ਇਹ ਠੰਡੀ ਸੀ। ਕੋਈ ਨੁਕਸਾਨ ਨਹੀਂ ਕੀਤਾ, ਸਗੋਂ ਮਨ ਨੂੰ ਠੰਡਕ ਦਿੱਤੀ।" ਮੈਂ ਕਿਹਾ, "ਠੰਡਕ ਹੀ ਦਿੱਤੀ ਕਿ ਕੁਝ ਆਰਾਮ ਵੀ ਕੀਤਾ?" ਉਹ ਬੋਲਿਆ, "ਅੰਕਲ ਜੀ ਮੈਂ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ, ਟਾਈਮ ਹੈ ਤੁਹਾਡੇ ਕੋਲ?" ਮੈਂ ਕਿਹਾ, "ਮੇਰੇ ਕੋਲ ਤਾਂ ਬਹੁਤ ਟਾਈਮ ਹੈ ਤੂੰ ਕਹਿ ਜੋ ਕਹਿਣਾ ਹੈ।"

ਉਹ ਦੱਸਣ ਲੱਗਾ, "ਅੰਕਲ ਜੀ, ਦਰਅਸਲ ਮੈਂ ਸ਼ਰਾਬ ਤਾਂ ਘਟ ਪੀਂਦਾ ਹਾਂ, ਭੰਗ ਵਧੇਰੇ ਪੀਂਦਾ ਹਾਂ। ਮੈਂ ਟਰੱਕ ਚਲਾਉਂਦਾ ਹਾਂ। ਜਦੋਂ ਬਾਹਰ ਗਿਆ ਰਹਿੰਦਾ ਹਾਂ ਇਕ ਵਾਰ ਵੀ ਨਹੀਂ ਪੀਂਦਾ। ਹਫਤਾ ਭਰ ਯਾਦ ਵੀ ਨਹੀਂ ਆਉਂਦੀ, ਪਰ ਜਦੋਂ ਘਰ ਆਉਂਦਾ ਹਾਂ, ਹਾਲੇ ਰਾਹ ਵਿਚ ਹੀ ਹੁੰਦਾ ਹਾਂ ਕਿ ਸ਼ਰੀਰ ਟੁੱਟਣ ਲੱਗ ਪੈਂਦਾ ਹੈ। ਫਿਰ ਨਹੀਂ ਰਹਿ ਹੁੰਦਾ। ਫਿਰ ਤਾਂ ਜਿੰਨੇ ਦਿਨ ਘਰ ਰਹਿੰਦਾ ਹਾਂ ਦਿਨ ਰਾਤ ਪੀਈ ਜਾਂਦਾ ਹਾਂ। ਵਿਚੇ ਸ਼ਰਾਬ ਲਈ ਜਾਂਦਾ ਹਾਂ। ਬੱਸ ਪੀਈ ਜਾਂਦਾ ਹਾਂ ਤੇ ਉਲਟੀਆਂ ਕਰੀ ਜਾਂਦਾ ਹੈ। ਬੰਦ ਕਰਦਾ ਹਾਂ ਤਾਂ ਹੈਂਗ ਆਊਟ ਸੌਰੀ ਹੈਂਗ ਓਵਰ ਹੋ ਜਾਂਦਾ ਹੈ। ਅੰਕਲ ਜੀ ਮੈਂ ਤੰਗ ਹਾਂ। ਇਹ ਕੋਈ ਜ਼ਿੰਦਗੀ ਹੈ, ਸਾਰਾ ਦਿਨ ਉਲਟੀਆਂ ਨਾਲ ਕੱਪੜੇ ਭਰੇ ਰਹਿੰਦੇ ਹਨ। ਪਲੀਜ਼ ਮੈਨੂੰ ਇਸ ਵਿਚੋਂ ਕੱਢੋ। ਦੱਸੋ ਮੈਂ ਕਦੋਂ ਆਵਾਂ?" ਮੈਂ ਉਸ ਨੂੰ ਅਗਲੇ ਦਿਨ ਆਉਣ ਦਾ ਸਮਾਂ ਦੇ ਦਿੱਤਾ।

ਉਸ ਦੇ ਕੇਸ ਦਾ ਨਿਰੀਖਣ ਕਰਦਿਆਂ ਮੈਂ ਸੋਚਿਆ, "ਐਗਰੀਮਨੀ ਨੇ ਆਪਣਾ ਕੰਮ ਕਰ ਦਿੱਤਾ ਹੈ। ਇਕ ਆਦਮੀ ਜੋ ਮਹੀਨਾ ਪਹਿਲਾਂ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਉਹ ਸ਼ਰਾਬ ਪੀਂਦਾ ਹੈ, ਇਸ ਫੁੱਲ-ਦਵਾਈ ਦੀਆਂ ਕੁਝ ਖੁਰਾਕਾਂ ਨੇ ਹੀ ਉਸ ਤੋਂ ਨਾ ਸਿਰਫ ਸ਼ਰਾਬ ਪੀਣ ਦਾ ਇਕਬਾਲ ਕਰਵਾ ਲਿਆ, ਸਗੋਂ ਇਕ ਛਿਪੇ ਨਸ਼ੇ ਭੰਗ ਦਾ ਵੀ ਸੱਚ ਉਗਲਵਾ ਲਿਆ। ਵੱਡੀ ਗੱਲ ਇਹ ਕਿ ਉਸ ਦੀ ਆਤਮਾ ਹੁਣ ਨਿਰਮਲ ਹੋ ਗਈ ਹੈ ਤੇ ਹੁਣ ਉਹ ਇਨ੍ਹਾਂ ਨਸ਼ਿਆਂ ਨੂੰ ਲਾਹਣਤ ਸਮਝ ਕੇ ਇਨ੍ਹਾਂ ਨੂੰ ਗਲੋਂ ਲਾਹੁਣਾ ਚਾਹੁੰਦਾ ਹੈ। ਜਦੋਂ ਕੋਈ ਕਿਸੇ ਚੀਜ਼ ਨੂੰ ਗੰਦੀ ਸਮਝ ਕੇ ਉਸ ਤੋਂ ਛੁਟਕਾਰਾ ਪਾਉਣਾ ਚਾਹੇ, ਉਸ ਲਈ ਐਗਰੀਮਨੀ ਨਹੀਂ, ਇਕ ਹੋਰ ਬੈਚ ਦਵਾਈ ਹੁੰਦੀ ਹੈ, ਜੋ ਮੈਂ ਉਸ ਨੂੰ ਆਏ ਨੂੰ ਦੇਣ ਦਾ ਮਨ ਬਣਾਇਆ।

ਇਸ ਲਈ ਐਗਰੀਮਨੀ ਬੈਚ ਰੈਮਡੀ ਉਨ੍ਹਾਂ ਲਈ ਹੈ, ਜੋ ਕਿਸੇ ਦੇ ਮੱਥੇ ਲੱਗਣ ਤੋਂ ਸ਼ਰਮਾਉਂਦੇ ਹਨ, ਬਹਿਸ ਵਿਚ ਪੈਣ ਤੋਂ ਭੱਜਦੇ ਹਨ ਤੇ 'ਤੂੰ ਤੂੰ, ਮੈਂ ਮੈਂ' ਕਰਨ ਤੋਂ ਡਰਦੇ ਹਨ। ਉਹ ਕਿਸੇ ਲਫੜੇ ਵਿਚ ਪੈ ਕੇ ਆਪਣੇ ਮਨ ਦੀ ਸ਼ਾਂਤੀ ਭੰਗ ਨਹੀਂ ਕਰਦੇ, ਭਾਵੇਂ ਉਨ੍ਹਾਂ ਨੂੰ ਇਸ ਵਿਚੋਂ ਕੋਈ ਲਾਭ ਹੀ ਕਿਉਂ ਨਾ ਹੁੰਦਾ ਹੋਵੇ। ਉਹ ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਖੁਸ਼ਮਿਜਾਜ਼ ਬਣੇ ਰਹਿੰਦੇ ਹਨ।

ਡਾ. ਵੀ. ਕ੍ਰਿਸ਼ਨਾਮੂਰਤੀ ਇਸ ਦਵਾਈ ਬਾਰੇ ਜ਼ਿਕਰ ਕਰਦੇ ਲਿਖਦੇ ਹਨ, "ਜਦੋਂ ਤੁਹਾਨੂੰ ਆਪਣੇ ਹੱਕ ਲਈ ਬਹਿਸ ਕਰਨਾ, ਝਗੜਨਾ ਜਾਂ ਲੜਨਾ ਪਵੇ; ਜਦੋਂ ਤੁਹਾਨੂੰ ਆਪਣੀ ਰਕਮ ਬਰਾਮਦ ਕਰਨ ਲਈ ਥਾਣੇ ਜਾਂ ਕਚਹਿਰੀ ਦਾ ਰਾਹ ਅਖਤਿਆਰ ਕਰਨਾ ਪਵੇ; ਜਦੋਂ ਤੁਹਾਨੂੰ ਕਿਸੇ ਅੱਗੇ ਇਹ ਫਰਿਆਦ ਕਰਨੀ ਪਵੇ ਕਿ ਉਹ ਕਿਸੇ ਦੂਜੇ ਆਦਮੀ ਨੂੰ ਕਹੇ ਕਿ ਉਹ ਤੁਹਾਨੂੰ ਤੰਗ ਨਾ ਕਰੇ; ਜਦੋਂ ਤੁਹਾਨੂੰ ਕਿਸੇ ਲਾਭਕਾਰੀ ਕਾਰਜ ਵਿਚ ਜੱਦੋ ਜਹਿਦ ਕਰਨੀ ਪਵੇ ਅਤੇ ਜਦੋਂ ਤੁਹਾਨੂੰ ਆਪਣੇ ਅਨੁਸਾਰ ਕੰਮ ਕਰਨ ਲਈ ਕਿਸੇ ਨਾਲ ਮੱਥਾ ਲਾਉਣਾ ਪਵੇ, ਤਾਂ ਤੁਸੀਂ ਇਸ ਦਵਾਈ ਦੀਆਂ ਇਕ ਇਕ ਗੋਲੀ ਦੀਆਂ ਪੰਜ ਤੋਂ ਦਸ ਖੁਰਾਕਾਂ ਅੱਧੇ ਅੱਧੇ ਘੰਟੇ ਬਾਅਦ ਲਵੋ। ਇੱਦਾਂ ਕਰਨ ਨਾਲ ਹੀ ਤੁਹਾਨੂੰ ਬੈਚ ਫਲਾਵਰ ਦਵਾਈਆਂ ਦੀ ਉਹ ਸ਼ਕਤੀ ਸਮਝ ਆ ਜਾਵੇਗੀ, ਜੋ ਸਾਰੀਆਂ ਕਿਤਾਬਾਂ ਪੜ੍ਹਨ ਨਾਲ ਨਹੀਂ ਆ ਸਕਦੀ।" ਐਗਰੀਮਨੀ ਵਕੀਲਾਂ ਤੇ ਦਲਾਲਾਂ, ਟੀ. ਵੀ. ਐਂਕਰਾਂ ਤੇ ਸਿਕਿਊਰਿਟੀ ਕਰਮਚਾਰੀਆਂ ਦਾ ਟਾਨਿਕ ਹੈ। ਐਗਰੀਮਨੀ ਉਨ੍ਹਾਂ ਲਈ ਵੀ ਵਰਦਾਨ ਹੈ, ਜੋ ਆਪਣੇ ਉਦਗਾਰਾਂ ਨੂੰ ਦਬਾਉਣ ਤੇ ਆਪਣੀਆਂ ਚਿੰਤਾਵਾਂ ਨੂੰ ਛੁਪਾਉਣ ਲਈ ਦਾਰੂ ਦਾ ਸਹਾਰਾ ਲੈਂਦੇ ਹਨ।

ਉਪਰੋਕਤ ਬਿਰਤਾਂਤ ਤੋਂ ਕਈ ਪਾਠਕ ਇਹ ਸਮਝ ਸਕਦੇ ਹਨ ਕਿ ਐਗਰੀਮਨੀ ਸ਼ਰਾਬ ਛੁਡਾਉਣ ਦੀ ਦਵਾਈ ਹੈ, ਪਰ ਅਜਿਹਾ ਬਿਲਕੁਲ ਨਹੀਂ ਹੈ। ਇਹ ਤਾਂ ਵਿਅਕਤੀ ਦੇ ਸੁਭਾਅ ਦੀ ਉਸ ਊਣਤਾਈ ਨੂੰ ਦੂਰ ਕਰਦੀ ਹੈ, ਜਿਸ ਕਾਰਨ ਉਹ ਆਪ ਵਿਚ ਹੀ ਸਿਮਟਿਆ ਰਹਿਣ ਕਰ ਕੇ ਖੁਲ੍ਹਦਾ ਨਹੀਂ ਤੇ ਆਪਣੀ ਘੁਟਣ ਦੂਜਿਆਂ ਨਾਲ ਸਾਂਝਾ ਨਹੀਂ ਕਰਦਾ। ਫਿਰ ਚਾਹੇ ਉਸ ਨੂੰ ਕੋਈ ਵੀ ਸਰੀਰਕ ਜਾਂ ਮਾਨਸਿਕ ਰੋਗ ਹੋਵੇ ਉਹ ਵੀ ਇਸ ਦੇ ਸੇਵਨ ਨਾਲ ਦੂਰ ਹੋ ਜਾਵੇਗਾ। ਇਸ ਤਰ੍ਹਾਂ ਇਹ ਸ਼ਰਾਬ ਦਾ ਨਸ਼ਾ ਕਰਨ ਵਾਲਿਆਂ ਨੂੰ ਤਾਂ ਠੀਕ ਕਰਦੀ ਹੈ, ਪਰ ਇਸ ਨਾਲ ਉਹੀ ਨਸ਼ੇੜੀ ਠੀਕ ਹੋਣਗੇ, ਜੋ ਗਮ ਭੁਲਾਉਣ ਲਈ ਪੀਂਦੇ ਹਨ। ਜੇ ਕੋਈ ਸ਼ਰਾਬ ਨੂੰ ਟਾਨਿਕ ਸਮਝ ਕੇ ਪੀਂਦਾ ਹੈ; ਸਮਾਜਕ ਔਕਾਤ ਦਿਖਾਉਣ ਲਈ ਪੀਂਦਾ ਹੈ; ਕਮਜ਼ੋਰੀ ਦੂਰ ਕਰਨ ਲਈ ਪੀਂਦਾ ਹੈ, ਸ਼ੌਕ ਪੂਰਾ ਕਰਨ ਲਈ ਪੀਂਦਾ ਹੈ ਜਾਂ ਹੌਸਲਾ ਵਧਾਉਣ ਲਈ ਪੀਂਦਾ ਹੈ, ਉਹ ਇਸ ਦਵਾਈ ਨਾਲ ਠੀਕ ਨਹੀਂ ਹੋ ਸਕਦਾ। ਅਜਿਹੀਆਂ ਮਾਨਸਿਕਤਾਵਾਂ ਦੇ ਇਲਾਜ ਲਈ ਹੋਰ ਦਵਾਈਆਂ ਹਨ।

ਐਗਰੀਮਨੀ ਸਕੂਲਾਂ-ਕਾਲਜਾਂ ਵਿਚ ਜਾਂਦੇ ਉਨ੍ਹਾਂ ਨੌਜਵਾਨਾਂ ਲਈ ਬੜੀ ਉਪਯੋਗੀ ਸਿੱਧ ਹੋ ਸਕਦੀ ਹੈ, ਜੋ ਬਾਹਰ ਜਾ ਕੇ ਕੋਈ ਨਸ਼ਾ ਕਰ ਲੈਂਦੇ ਹਨ ਤੇ ਘਰ ਆ ਕੇ ਦੱਸਦੇ ਨਹੀਂ। ਸਮੇਂ ਸਿਰ ਦੇਣ ਨਾਲ ਇਹ ਉਨ੍ਹਾਂ ਵਿਚ ਗਲਤ ਗੱਲਾਂ ਛੁਪਾਉਣ ਦੀ ਪ੍ਰਵਿਰਤੀ ਉਭਰਨ ਹੀ ਨਹੀਂ ਦੇਵੇਗੀ ਤੇ ਜੇ ਉੱਭਰ ਪਵੇ ਤਾਂ ਉਸ ਨੂੰ ਭਲੀ ਭਾਂਤ ਸੰਭਾਲ ਲਵੇਗੀ। ਇਸ ਨਾਲ ਸਬੰਧਤ ਜੇ ਉਨ੍ਹਾਂ ਦੀ ਪੜ੍ਹਾਈ-ਲਿਖਾਈ ਦੀ ਕੋਈ ਸਮੱਸਿਆ ਹੋਵੇ, ਉਹ ਵੀ ਹੱਲ ਹੋ ਜਾਵੇਗੀ।

ਬੈਚ ਫਲਾਵਰ ਦਵਾਈਆਂ ਦੀ ਤਾਸੀਰ ਨੂੰ ਯਾਦ ਰੱਖਣ ਲਈ ਹੋਮਿਓਪੈਥ ਅਕਸਰ ਕੋਈ ਨਾ ਕੋਈ ਆਕਰਸ਼ਕ ਫਿਕਰਾ ਘੜ ਲੈਂਦੇ ਹਨ, ਜੋ ਉਨ੍ਹਾਂ ਦੀਆਂ ਪ੍ਰਵਿਰਤੀਆਂ ਦੀ ਤਰਜਮਾਨੀ ਕਰਦਾ ਹੋਵੇ। ਐਗਰੀਮਨੀ ਨੂੰ ਕਈ ਹੋਮਿਓਪੈਥ "ਹਸਦਾ ਮਖੌਟਾ" ਕਹਿੰਦੇ ਹਨ, ਕਈ ਇਸ ਨੂੰ "ਕੰਡਿਆਂ ਦਾ ਫੁੱਲ" ਦੱਸਦੇ ਹਨ ਤੇ ਕਈ "ਪਿੰਜਰ ਦਾ ਝੁੱਲ" ਸਮਝਦੇ ਹਨ; ਪਰ ਮੇਰੇ ਲਈ ਇਹ "ਕੰਕਾਲ ਦਾ ਰੁਮਾਲ" ਹੈ।

# ਹਨੇਰਿਆਂ ਤੋਂ ਮੁਕਤੀ



ਪ੍ਰੋਫੈਸਰ ਜਸਵੰਤ ਸਿੰਘ ਦੇ ਰਿਟਾਇਰ ਹੋਣ ਤੋਂ ਬਾਅਦ ਉਨ੍ਹਾਂ ਦਾ ਘਰ ਵਿਚ ਪਹਿਲਾ ਹੀ ਦਿਨ ਸੀ। ਉਹ ਬੜੀ ਬੇਚੈਨੀ ਮਹਿਸੂਸ ਕਰ ਰਹੇ ਸਨ। ਆਪਣੇ ਆਪ ਨੂੰ ਹੀ ਸਵਾਲ ਪੁੱਛਦੇ, "ਕੀ ਮੈਂ ਹੁਣ ਘਰ ਵਿਹਲਾ ਬੈਠਿਆ ਕਰਾਂਗਾ? ਅਜੇ ਚੰਗਾ ਭਲਾ ਤਾਂ ਹਾਂ, ਕੀ ਹੋਇਐ ਮੈਨੂੰ? ਰਿਟਾਇਰ ਹੋਣਾ ਕੋਈ ਬਿਮਾਰੀ ਨਹੀਂ, ਇਹ ਤਾਂ ਆਜ਼ਾਦੀ ਹੈ, ਹੁਣ ਆਪਣੀ ਮਰਜੀ ਅਨੁਸਾਰ ਕੰਮ ਕਰਨ ਦਾ ਮੌਕਾ ਮਿਲਿਆ ਸਗੋਂ।" ਇਹ ਸੋਚ ਕੇ ਉਨ੍ਹਾਂ ਦੇ ਮਨ ਨੂੰ ਖੁਸ਼ੀ ਹੋਈ ਅਤੇ ਆਪਣੇ ਤਰੀਕੇ ਨਾਲ ਕੰਮ ਕਰਨ ਦਾ ਫੈਸਲਾ ਕੀਤਾ। ਆਪਣੇ ਕੋਲ ਪਈਆਂ ਉਨ੍ਹਾਂ ਕੁਝ ਕਿਤਾਬਾਂ ਲਈਆਂ, ਉਹ ਜਾਣਦੇ ਸਨ ਕਿਸ ਉਮਰ ਵਿਚ ਕਿਸ ਤਰ੍ਹਾਂ ਦੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। ਉਨ੍ਹਾਂ ਬੱਸ ਅੱਡੇ 'ਤੇ ਜਾ ਕੇ ਕਿਤਾਬਾਂ ਵੰਡਣ ਦਾ ਯਤਨ ਕੀਤਾ। ਕੰਮ ਜਿੰਨਾ ਸੌਖਾ ਲੱਗਦਾ ਸੀ, ਓਨਾ ਸੌਖਾ ਨਹੀਂ ਸੀ।

**ਅੰਮ੍ਰਿਤ ਕੌਰ, ਬਡਰੁੱਖਾਂ**
**ਫੋਨ: 91-98767-14004**

ਉਹ ਸੋਚ ਰਹੇ ਸਨ ਕਿ ਕੋਸ਼ਿਸ਼ ਕੀਤਿਆਂ ਸਭ ਕੁਝ ਹੋ ਸਕਦਾ ਹੈ। ਉਨ੍ਹਾਂ ਨੇ ਦਸ ਕੁ ਜਣਿਆਂ ਨੂੰ ਕਿਤਾਬਾਂ ਦੇ ਦਿੱਤੀਆਂ ਅਤੇ ਉਨ੍ਹਾਂ ਨੂੰ ਪੜ੍ਹਨ ਲਈ ਪ੍ਰੇਰਿਆ। ਦੂਜੇ-ਤੀਜੇ ਦਿਨ ਆ ਕੇ ਪੁੱਛਦੇ ਕਿ ਕਿਤਾਬ ਪੜ੍ਹੀ ਜਾਂ ਨਹੀਂ? ਚਾਰ-ਪੰਜ ਦਿਨ ਤਾਂ ਕਿਸੇ ਪਾਸਿਓਂ ਕੋਈ ਹੁੰਗਾਰਾ ਨਹੀਂ ਮਿਲਿਆ, ਪਰ ਪ੍ਰੋਫੈਸਰ ਸਾਹਿਬ ਦੇ ਵਾਰ ਵਾਰ ਕਹਿਣ 'ਤੇ ਕੁਝ ਕੁ ਨੇ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ।

ਬੰਤਾ ਸਿੰਘ ਡਰਾਈਵਰ ਨੂੰ ਵੀ ਪ੍ਰੋਫੈਸਰ ਸਾਹਿਬ ਨੇ ਇੱਕ ਕਿਤਾਬ ਪੜ੍ਹਨ ਲਈ ਦਿੱਤੀ ਸੀ, ਜਦੋਂ ਉਹ ਪੜ੍ਹਨ ਬਾਰੇ ਸੋਚਦਾ ਤਾਂ ਨਾਲ ਹੀ ਇੱਕ ਵਿਚਾਰ ਪੈਦਾ ਹੁੰਦਾ, 'ਹੁਣ ਕੋਈ ਉਮਰ ਐ ਪੜ੍ਹਨ ਦੀ!' ਪਰ ਬੰਤਾ ਸਿੰਘ ਨੂੰ ਪ੍ਰੋਫੈਸਰ ਸਾਹਿਬ ਦੀ ਸ਼ਖਸੀਅਤ ਨੇ ਬਹੁਤ ਪ੍ਰਭਾਵਿਤ ਕੀਤਾ। ਇਸ ਲਈ ਉਸ ਨੇ ਵੀ ਕਿਤਾਬ ਪੜ੍ਹਨੀ ਸ਼ੁਰੂ ਕਰ ਦਿੱਤੀ, ਜਦੋਂ ਪੜ੍ਹਨੀ ਸ਼ੁਰੂ ਕੀਤੀ ਤਾਂ ਛੱਡਣ ਦਾ ਜੀਅ ਨਾ ਕਰੇ। ਕਿੰਨੀਆਂ ਚੰਗੀਆਂ ਗੱਲਾਂ ਬੜੀ ਸੌਖੀ ਭਾਸ਼ਾ ਵਿਚ ਲਿਖੀਆਂ ਸਨ। ਹੁਣ ਤੱਕ ਉਹ ਤਾਂ ਇਹੀ ਸਮਝਦਾ ਰਿਹਾ ਸੀ ਕਿ ਉਸ ਨੂੰ ਕਿਤਾਬ ਦੀ ਸਮਝ ਨਹੀਂ ਆਵੇਗੀ। ਕਿੰਨੀਆਂ ਆਮ ਗੱਲਾਂ ਜੇ ਚੰਗੇ ਤਰੀਕੇ ਨਾਲ ਕਰੀਏ ਤਾਂ ਜੀਵਨ ਬਦਲ ਸਕਦੀਆਂ ਹਨ। ਉਹ ਸੋਚ ਰਿਹਾ ਸੀ ਕਿ ਜੇ ਸਭ ਕੁਝ ਪਹਿਲਾਂ ਪੜ੍ਹ ਲਿਆ ਹੁੰਦਾ ਤਾਂ ਜੀਵਨ ਹੀ ਬਦਲ ਜਾਣਾ ਸੀ। ਪੜ੍ਹਦਿਆਂ ਉਸ ਨੂੰ ਨੀਂਦ ਦੇ ਝੂਟੇ ਆਉਣ ਲੱਗੇ।

ਬੰਤਾ ਸਿੰਘ ਨੂੰ ਕਾਫੀ ਸ਼ੋਰ-ਸ਼ਰਾਬਾ ਸੁਣਾਈ ਦੇਣ ਲੱਗਾ। ਕਦੇ ਜਾਪਦਾ ਬਹੁਤ ਨੇੜੇ ਹੈ, ਕਦੇ ਬਹੁਤ ਦੂਰ। ਨਹੀਂ...ਨਹੀਂ...ਇਹ ਤਾਂ ਉਸ ਦੇ ਅੰਦਰੋਂ ਸੁਣਾਈ ਦੇ ਰਿਹਾ ਸੀ। ਭਾਂਤ ਭਾਂਤ ਦੀਆਂ ਮੂਰਤਾਂ ਬਣ ਰਹੀਆਂ ਸਨ, ਪਰ ਸਪੱਸ਼ਟ ਕੋਈ ਵੀ ਨਹੀਂ ਸੀ। ਉਸ ਨੇ ਗਹੁ ਨਾਲ ਦੇਖਣ ਦੀ ਕੋਸ਼ਿਸ਼ ਕੀਤੀ। ਇੱਕ ਮੂਰਤ ਸਪੱਸ਼ਟ ਹੋਣ ਲੱਗੀ, ਪਰ ਯਤਨ ਕਰਨ 'ਤੇ ਵੀ ਪਛਾਣ ਨਾ ਸਕਿਆ।

"ਤੂੰ ਕੌਣ ਏਂ?...ਆਹ ਰੌਲਾ ਕੀਹਨੇ ਪਾ ਰੱਖਿਐ? ਬੰਤਾ ਸਿੰਘ ਨੇ ਪੁੱਛਿਆ।

"ਅਸੀਂ ਤੁਹਾਡੇ ਧੀਆਂ ਪੁੱਤਰ।" ਆਵਾਜ਼ ਆਈ, ਪਰ ਆਕਾਰ ਸਪੱਸ਼ਟ ਨਾ ਹੋਇਆ।

"ਧੱਕੇ ਨਾਲ ਈ ਧੀਆਂ-ਪੁੱਤਰ ਬਣਦੇ ਓ, ਜਾਓ ਸੌਣ ਦਿਓ।" ਬੰਤਾ ਸਿੰਘ ਬੜਬੜਾਇਆ।

"ਜੇ ਤੁਸੀਂ ਧੀਆਂ-ਪੁੱਤਰਾਂ ਨੂੰ ਚੰਗੇ ਬਣਾਉਗੇ, ਤਾਂ ਹੀ ਚੈਨ ਦੀ ਨੀਂਦ ਸੌਂ ਸਕੋਗੇ।" ਆਵਾਜ਼ ਬੜੀ ਪਿਆਰੀ ਸੀ।

"ਮੈਨੂੰ ਨ੍ਹੀਂ ਸਮਝ ਆਉਂਦੀ ਥੋਡੀ ਕੋਈ ਵੀ ਗੱਲ।" ਉਹ ਖਿਝ ਕੇ ਬੋਲਿਆ।

"ਚਲੋ ਠੀਕ ਐ, ਗੁੱਸੇ ਨਾ ਹੋਵੋ, ਮੈਂ ਦੱਸਦੀ ਆਂ। ਮੈਂ ਤੁਹਾਡੀ ਸੋਚ, ਜਿਸ ਨੂੰ ਜਦੋਂ ਵੀ ਤੁਸੀਂ ਆਪਣੇ ਮਨ, ਬਚਨ ਅਤੇ ਕਰਮ ਰਾਹੀਂ ਪ੍ਰਗਟ ਕਰਦੇ ਓ, ਮੈਨੂੰ ਅਤੇ ਆਪਣੇ ਆਪ ਨੂੰ ਦੁਨੀਆਂ ਕੋਲੋਂ ਚੰਗਾ ਜਾਂ ਬੁਰਾ ਕਹਾਉਂਦੇ ਓ। ਆਹ, ਜਿਹੜੇ ਸ਼ੋਰ ਮਚਾ ਰਹੇ ਨੇ, ਇਹ ਤੁਹਾਡੇ ਵਿਚਾਰ ਨੇ-ਕੋਈ ਆਉਂਦੈ, ਕੋਈ ਜਾਂਦੈ। ਪੱਕੇ ਤੌਰ 'ਤੇ ਨਹੀਂ ਟਿਕਦੇ। ਇਸ ਲਈ ਅੰਦਰ ਘੜਮੱਸ ਪਿਆ ਰਹਿੰਦੈ। ਪਰ ਹਾਂ...ਜੇ ਤੁਸੀਂ ਨੇਕੀ, ਇਮਾਨਦਾਰੀ ਅਤੇ ਸੱਚਾਈ ਨੂੰ ਆਪਣੇ ਅੰਦਰ ਵਸਾ ਲਵੋਗੇ ਤਾਂ ਚੰਗੇ ਲੋਕ ਤੁਹਾਡੀ ਵੀ ਤਾਰੀਫ ਕਰਨਗੇ ਅਤੇ ਸਾਡੀ ਵੀ।" ਬੰਤਾ ਸਿੰਘ ਨੂੰ ਆਵਾਜ਼ ਬੜੀ ਪਿਆਰੀ ਲੱਗ ਰਹੀ ਸੀ, ਇਸ ਲਈ ਉਹ ਚੁੱਪ-ਚਾਪ ਸੁਣ ਰਿਹਾ ਸੀ, ਪਰ ਇਸ ਦੇ ਨਾਲ ਹੀ ਉਸ ਨੂੰ ਇੱਕ ਹੋਰ ਆਵਾਜ਼ ਸੁਣਾਈ ਦਿੱਤੀ।



"ਹੱਥ ਵਿਚ ਕਿਤਾਬ, ਉਂਜ ਸੁੱਤੇ ਪਏ ਨੇ, ਪਤਾ ਨਹੀਂ ਹੁਣ ਪੜ੍ਹਨ ਦਾ ਕੀ ਝੱਲ ਚੜ੍ਹਿਐ, ਐਸ ਉਮਰੇ।" ਇਹ ਤਾਂ ਬੰਤਾ ਸਿੰਘ ਦੀ ਪਤਨੀ ਦੀ ਆਵਾਜ਼ ਸੀ। ਬੰਤਾ ਸਿੰਘ ਦੇ ਹੱਥੋਂ ਕਿਤਾਬ ਫੜ ਕੇ ਉਸ ਨੇ ਇੱਕ ਪਾਸੇ ਰੱਖ ਦਿੱਤੀ।

ਬੰਤਾ ਸਿੰਘ ਉੱਠ ਕੇ ਬੈਠ ਗਿਆ। ਉਹ ਹੈਰਾਨ ਪ੍ਰੇਸ਼ਾਨ ਸੀ, ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਨੇ ਸੁਪਨਾ ਦੇਖਿਆ ਹੈ ਜਾਂ ਫਿਰ ਕਿਤਾਬ ਵਿਚ ਪੜ੍ਹਿਆ ਹੈ ਸਾਰਾ ਕੁਝ। ਸ਼ਾਇਦ ਰਲਵਾਂ-ਮਿਲਵਾਂ ਸੀ। ਕਿਤਾਬ ਪੜ੍ਹਦਿਆਂ ਅੱਖ ਲੱਗ ਗਈ ਹੋਵੇਗੀ।

"ਅੱਧੀ ਰਾਤ ਨੂੰ ਚਾਹ ਬਣਵਾ ਲਈ, ਐਂ ਪੜ੍ਹਨ ਲੱਗੇ ਨੇ ਜਿਵੇਂ ਪੇਪਰ ਦੇਣੇ ਹੁੰਦੇ ਨੇ, ਐਹਾ ਜਾ ਕੀ ਐ ਏਹਦੇ 'ਚ?" ਉਸ ਦੀ ਪਤਨੀ ਬੁੜਬੁੜ ਕਰ ਰਹੀ ਸੀ।

"ਓਏ...ਕਿਸੇ ਨੇ ਦਿੱਤੀ ਸੀ ਪੜ੍ਹਨ ਨੂੰ। ਮੈਂ ਤਾਂ ਲੈਂਦਾ ਨ੍ਹੀਂ ਸੀ, ਧੱਕੇ ਨਾਲ ਦੇ'ਤੀ...; ਪਰ ਕਿਤਾਬ ਹੈ ਬੜੀ ਵਧੀਆ। ਤੂੰ ਵੀ ਪੜ੍ਹ ਕੇ ਦੇਖ, ਆਹ ਜਿਹੜਾ ਬਲੱਡ ਵਧਾਈ ਰੱਖਦੀ ਐਂ, ਸਭ ਠੀਕ ਹੋ ਜੂ।" ਆਖ ਕੇ ਉਹ ਕੰਮ 'ਤੇ ਜਾਣ ਲਈ ਤਿਆਰ ਹੋਣ ਲੱਗਾ ਅਤੇ ਉਸ ਦੀ ਪਤਨੀ ਬੁੜਬੁੜ ਕਰਦੀ ਰਸੋਈ ਵਿਚ ਚਲੀ ਗਈ।

ਬੰਤਾ ਸਿੰਘ ਨੇ ਸਮੇਂ ਸਿਰ ਬੱਸ ਅੱਡੇ 'ਤੇ ਜਾ ਲਾਈ। ਉਸ ਨੂੰ ਡਰਾਇਵਰੀ ਕਰਦਿਆਂ ਬਾਰਾਂ-ਤੇਰਾਂ ਸਾਲ ਹੋ ਗਏ ਸਨ, ਪਰ ਅੱਜ ਵਾਂਗ ਉਸ ਨੂੰ ਕਦੇ ਵੀ ਮਹਿਸੂਸ ਨਹੀਂ ਸੀ ਹੋਇਆ। ਬੱਸ ਖਚਾ ਖਚ ਭਰੀ ਪਈ ਸੀ, ਫਿਰ ਵੀ ਪੜ੍ਹਨ ਵਾਲੇ ਮੁੰਡੇ-ਕੁੜੀਆਂ ਬੱਸ ਵਿਚ ਧੁਸ ਦੇ ਕੇ ਚੜ੍ਹਨ ਦੀ ਕੋਸ਼ਿਸ਼ ਕਰ ਰਹੇ ਸਨ। ਸਮੇਂ ਅਨੁਸਾਰ ਉਸ ਨੇ ਬੱਸ ਤੋਰੀ। ਇੱਕ ਕਾਲਜੀਏਟ ਮੁੰਡੇ ਨੇ ਬੁਰੀ ਭਾਵਨਾ ਨਾਲ ਬੱਸ ਦੇ ਡੰਡੇ ਦਾ ਸਹਾਰਾ ਲਈ ਖੜ੍ਹੀ ਕੁੜੀ ਦੇ ਹੱਥ ਉੱਤੇ ਹੱਥ ਰੱਖਣ ਦੀ ਕੋਸ਼ਿਸ਼ ਕੀਤੀ। ਉਸ ਦਾ ਧਿਆਨ ਹੱਥ ਵਿਚ ਫੜੀ ਕਿਤਾਬ ਵੱਲ ਗਿਆ। ਉਸ ਨੂੰ ਲੱਗਿਆ, ਜਿਵੇਂ ਉਹ ਆਪਣੇ ਆਪ ਨੂੰ ਹੀ ਗਾਲ੍ਹ ਕੱਢਣ ਲੱਗਾ ਹੋਵੇ। ਉਸ ਨੇ ਆਪਣਾ ਹੱਥ ਰੋਕ ਲਿਆ। ਸੀਟ 'ਤੇ ਬੈਠੇ ਇੱਕ ਤੀਹ ਪੈਂਤੀ ਸਾਲ ਦੇ ਚੰਗੇ ਸੂਟ-ਬੂਟ ਵਾਲੇ ਬੰਦੇ ਨੇ ਆਪਣੀਆਂ ਕੱਛਾਂ ਵਿਚ ਹੱਥ ਦਿੱਤੇ ਅਤੇ ਨਾਲ ਬੈਠੀ ਔਰਤ ਦੀ ਵੱਖੀ ਵੱਲ ਉਂਗਲ ਸਿੱਧੀ ਕੀਤੀ, ਪਰ ਉਸ ਨੇ ਇੱਕ ਦਮ ਮੁੱਠੀਆਂ ਬੰਦ ਕਰ ਲਈਆਂ ਅਤੇ ਆਪਣਾ ਸਿਰ ਝਟਕਿਆ ਜਿਵੇਂ ਦਿਮਾਗ ਵਿਚ ਆਏ ਬੁਰੇ ਵਿਚਾਰਾਂ ਨੂੰ ਸੁੱਟਣਾ ਚਾਹੁੰਦਾ ਹੋਵੇ।

ਬੰਤਾ ਸਿੰਘ ਨੇ ਅੱਜ ਕੋਈ ਵੀ ਘਟੀਆ ਗਾਣਿਆਂ ਵਾਲੀ ਕੈਸੇਟ ਨਾ ਚਲਾਈ। ਕੰਡਕਟਰ ਨੇ ਉਸ ਨੂੰ ਕਈ ਵਾਰ ਇਸ਼ਾਰਾ ਵੀ ਕੀਤਾ ਗਾਣੇ ਲਾਉਣ ਲਈ, ਪਰ ਉਸ ਨੇ ਧਿਆਨ ਨਾ ਦਿੱਤਾ। ਅਖੀਰ ਟਿਕਟਾਂ ਕੱਟ ਕੇ ਵਿਹਲਾ ਹੋਇਆ ਕੰਡਕਟਰ ਆ ਕੇ ਇੰਜਣ 'ਤੇ ਬੈਠ ਗਿਆ। ਉਸ ਨੇ ਬੰਤਾ ਸਿੰਘ ਨੂੰ ਕੁਝ ਕਿਹਾ। ਬੰਤਾ ਸਿੰਘ ਨੇ ਇੱਕ ਕੈਸੇਟ ਚਲਾ ਦਿੱਤੀ, ਜਿਹੜੀ ਕਈ ਮਹੀਨਿਆਂ ਤੋਂ ਬੱਸ ਵਿਚ ਪਈ ਹੋਈ ਸੀ, ਪਰ ਸੁਣੀ ਕਦੇ ਵੀ ਨਹੀਂ ਸੀ। ਇਸ ਵਿਚ ਯੋਧਿਆਂ ਦੀਆਂ ਵਾਰਾਂ ਸਨ, ਜਿਨ੍ਹਾਂ ਨੇ ਧੀਆਂ-ਭੈਣਾਂ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਦੀ ਵੀ ਪ੍ਰਵਾਹ ਨਾ ਕੀਤੀ। ਇੱਕ ਵਾਰੀ ਤਾਂ ਕੰਡਕਟਰ ਨੇ ਬੁੱਲ੍ਹ ਜਿਹੇ ਵੱਟ ਕੇ ਆਪਣਾ ਸਿਰ ਸੱਜੇ ਖੱਬੇ ਹਿਲਾਇਆ, ਜਿਵੇਂ ਉਸ ਨੂੰ ਬੰਤਾ ਸਿੰਘ ਦੇ ਦਿਮਾਗ 'ਤੇ ਸ਼ੱਕ ਹੋ ਰਿਹਾ ਹੋਵੇ ਕਿ ਸਹੀ ਹੈ ਜਾਂ ਨਹੀਂ! ਪਰ ਜਦੋਂ ਉਸ ਨੇ ਦੋ-ਚਾਰ ਗੱਲਾਂ ਸੁਣੀਆਂ ਤਾਂ ਉਸ ਦਾ ਸਿਰ ਨੀਵਾਂ ਹੋ ਗਿਆ, ਕਿਉਂਕਿ ਇਨ੍ਹਾਂ ਮਹਾਨ ਸੂਰਬੀਰਾਂ ਬਾਰੇ ਉਸ ਨੂੰ ਕੁਝ ਵੀ ਪਤਾ ਨਹੀਂ ਸੀ।

ਬੰਤਾ ਸਿੰਘ ਨੇ ਅੱਗੇ ਲੱਗੇ ਸ਼ੀਸ਼ੇ ਵਿਚ ਦੀ ਕਈ ਵਾਰੀ ਸਵਾਰੀਆਂ 'ਤੇ ਨਿਗਾਹ ਮਾਰੀ, ਅੱਜ ਕੋਈ ਵੀ ਮਨਚਲਾ ਸ਼ਰਾਰਤ ਕਰਦਾ ਨਾ ਦਿਸਿਆ। ਉਹ ਸੋਚ ਰਿਹਾ ਸੀ, ਕਿਤਾਬ ਵਿਚ ਲਿਖੀ ਹਰ ਗੱਲ ਸੱਚ ਹੈ ਕਿ ਅਸੀਂ ਖੁਦ ਹੀ ਗੰਦੇ ਵਿਚਾਰਾਂ ਨੂੰ ਫੈਲਾਅ ਕੇ ਸਮਾਜ ਨੂੰ ਗੰਦਾ ਕਰਦੇ ਹਾਂ। ਕਿਤਾਬ ਵਿਚ ਲਿਖਿਆ ਸੀ ਕਿ ਹਰੇਕ ਵਿਅਕਤੀ ਦੇ ਅੰਦਰ ਚੰਗਿਆਈ ਤੇ ਬੁਰਿਆਈ ਦੋਵੇਂ ਹੁੰਦੀਆਂ ਹਨ। ਜਿਹੋ ਜਿਹਾ ਮਾਹੌਲ ਸਿਰਜਿਆ ਜਾਵੇਗਾ, ਉਹੀ ਕੁਝ ਅੰਦਰੋਂ ਬਾਹਰ ਨਿਕਲ ਆਵੇਗਾ। ਜਿਵੇਂ ਹੁਣ ਦੇ ਬਹੁਤੇ ਗਾਇਕਾਂ ਦੇ ਬੇਤੁਕੇ ਗੀਤਾਂ ਨੂੰ ਸੁਣ ਕੇ ਚੜ੍ਹਦੀ ਉਮਰ ਦੇ ਬੱਚੇ ਸ਼ਰਾਬ ਪੀਣ ਅਤੇ ਹਥਿਆਰ ਚੁੱਕਣ ਨੂੰ ਆਪਣੀ ਟੌਹਰ ਸਮਝਦੇ ਹਨ। ਹਾਂ, ਥੋੜ੍ਹੇ ਦਿਨਾਂ ਦੀ ਤਾਂ ਗੱਲ ਹੈ ਉਹ ਇੱਕ ਵਿਆਹ ਵਿਚ ਗਿਆ ਸੀ। ਉੱਥੇ ਚਲਦੇ ਗੀਤਾਂ ਨੂੰ ਸੁਣ ਕੇ ਫੁਕਰਪੁਣੇ ਵਿਚ ਆ ਕੇ ਚਲਾਈ ਗੋਲੀ ਇੱਕ ਬਰਾਤੀ ਦੇ ਮੋਢੇ ਵਿਚ ਵੱਜੀ ਤੇ ਸਾਰਿਆਂ ਨੂੰ ਭਾਜੜਾਂ ਪੈ ਗਈਆਂ ਸਨ। ਸੁਣਿਆ ਹੈ, ਕਈ ਥਾਂਈਂ ਤਾਂ ਵਿਆਹਾਂ ਵਿਚ ਚੱਲੀਆਂ ਗੋਲੀਆਂ ਨਾਲ ਮੌਤਾਂ ਵੀ ਹੋਈਆਂ ਹਨ। ਇਹੀ ਗੱਲਾਂ ਸੋਚਦਿਆਂ ਉਸ ਨੇ ਬੱਸ ਟਿਕਾਣੇ ਪਹੁੰਚਾ ਕੇ ਰੋਕ ਦਿੱਤੀ। ਬੰਤਾ ਸਿੰਘ ਮੋਢੇ ਉੱਤੇ ਪਰਨਾ ਰੱਖ ਹੇਠਾਂ ਉਤਰਿਆ।

"ਕਿਉਂ ਬਈ ਕਿਤਾਬ ਪੜ੍ਹੀ ਸੀ?" ਕਿਸੇ ਨੇ ਪਿੱਛੋਂ ਦੀ ਬੰਤਾ ਸਿੰਘ ਦੇ ਮੋਢੇ 'ਤੇ ਹੱਥ ਰੱਖ ਕੇ ਪੁੱਛਿਆ। ਉਸ ਨੇ ਪਿੱਛੇ ਮੁੜ ਕੇ ਦੇਖਿਆ, ਇਹ ਤਾਂ ਪ੍ਰੋਫੈਸਰ ਸਾਹਿਬ ਸਨ।

"ਹਾਂ ਜੀ ਥੋੜ੍ਹੀ ਜਿਹੀ ਰਹਿੰਦੀ ਐ...।"

ਬੰਤਾ ਸਿੰਘ ਹੋਰ ਵੀ ਕੁਝ ਕਹਿਣਾ ਚਾਹੁੰਦਾ ਸੀ, ਪਰ ਪ੍ਰੋਫੈਸਰ ਸਾਹਿਬ ਦੇ ਦੁਆਲੇ ਦਸ ਕੁ ਜਣਿਆਂ ਦੀ ਇੱਕ ਜਮਾਤ ਬਣ ਗਈ। ਉਨ੍ਹਾਂ ਵਿਚ ਕਾਲਜੀਏਟ ਮੁੰਡਾ ਅਤੇ ਸੂਟ- ਬੂਟ ਵਾਲਾ ਬੰਦਾ ਵੀ ਸ਼ਾਮਲ ਸਨ। ਉਨ੍ਹਾਂ ਵਿਚੋਂ ਕੁਝ ਨੇ ਕਿਤਾਬਾਂ ਦੀ ਕੀਮਤ ਦੇਣੀ ਚਾਹੀ, ਪਰ ਪ੍ਰੋਫੈਸਰ ਸਾਹਿਬ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਕਿਸੇ ਹੋਰ ਨੂੰ ਪੜ੍ਹਨ ਲਈ ਦੇ ਦਿਓ।

"ਚੰਗੀਆਂ ਕਿਤਾਬਾਂ ਪੜ੍ਹਨ ਨਾਲ ਬੰਦੇ ਦੇ ਅੰਦਰ ਛੁਪੀ ਚੰਗਿਆਈ ਬਾਹਰ ਆ ਜਾਂਦੀ ਹੈ।" ਪ੍ਰੋਫੈਸਰ ਸਾਹਿਬ ਕਹਿ ਰਹੇ ਸਨ।

ਬੰਤਾ ਸਿੰਘ ਨੂੰ ਪ੍ਰੋਫੈਸਰ ਸਾਹਿਬ ਦੀਆਂ ਗੱਲਾਂ ਬਹੁਤ ਚੰਗੀਆਂ ਲੱਗ ਰਹੀਆਂ ਸਨ। ਉਸ ਦਾ ਜੀਅ ਕਰਦਾ ਸੀ ਕਿ ਉਹ ਵੀ ਪ੍ਰੋਫੈਸਰ ਹੁੰਦਾ, ਪਰ ਹੁਣ ਤਾਂ ਕੁਝ ਨਹੀਂ ਸੀ ਬਣ ਸਕਦਾ। ਉਸ ਨੂੰ ਯਾਦ ਸੀ, ਨੌਵੀਂ ਜਮਾਤ ਵਿਚ ਪੜ੍ਹਦਿਆਂ ਮਾਸਟਰ ਜੀ ਨੇ ਉਸ ਨੂੰ ਬਾਪੂ ਦਾ ਅੰਗੂਠਾ ਰਿਪੋਰਟ ਕਾਰਡ 'ਤੇ ਲਵਾ ਕੇ ਲਿਆਉਣ ਲਈ ਕਿਹਾ ਸੀ। ਉਹ ਅੰਗਰੇਜ਼ੀ ਅਤੇ ਹਿਸਾਬ ਵਿਚੋਂ ਫੇਲ੍ਹ ਸੀ, ਇਸ ਕਰਕੇ ਬਾਪੂ ਤੋਂ ਡਰਦਿਆਂ ਉਸ ਨੇ ਆਪਣੇ ਹੀ ਪੈਰ ਦੇ ਅੰਗੂਠੇ ਨੂੰ ਸਿਆਹੀ ਲਾ ਕੇ ਲਾ ਲਿਆ। ਮਾਸਟਰ ਜੀ ਪਛਾਣ ਗਏ ਸਨ। ਉਨ੍ਹਾਂ ਨੇ ਕੁੱਟ-ਕੁੱਟ ਕੇ ਜੋਰ ਲਾ ਲਿਆ, ਪਰ ਉਸ ਨੇ ਸੱਚ ਨਹੀਂ ਸੀ ਦੱਸਿਆ। ਸ਼ਾਇਦ ਉਸ ਸਮੇਂ ਸੱਚ ਬੋਲਣ ਦੀ ਹਿੰਮਤ ਨਹੀਂ ਸੀ। ਉਹ ਮੁੜ ਸਕੂਲ ਨਹੀਂ ਗਿਆ ਅਤੇ ਪ੍ਰਾਈਵੇਟ ਮਸਾਂ ਰੋ ਧੋ ਕੇ ਦਸਵੀਂ ਪਾਸ ਕੀਤੀ।

"ਬੰਤਾ ਸਿੰਘ, ਕੀ ਸੋਚ ਰਹੇ ਓ?"

"ਜੀ ਤੁਸੀਂ ਕਿੰਨਾ ਚੰਗਾ ਕੰਮ ਕਰ ਰਹੇ ਓਂ, ਦੇਵਤਿਆਂ ਵਰਗਾ।" ਉਸ ਨੇ ਬੜੀ ਮਾਸੂਮੀਅਤ ਨਾਲ ਕਿਹਾ। ਉਸ ਦੇ ਮੂੰਹੋਂ ਕੀ ਬੋਲਿਆ ਗਿਆ, ਉਸ ਨੂੰ ਪਤਾ ਹੀ ਨਾ ਲੱਗਾ।

"ਮੈਂ ਹੀ ਨਹੀਂ, ਸਗੋਂ ਤੁਸੀਂ ਵੀ ਬਹੁਤ ਕੁਝ ਕਰ ਸਕਦੇ ਹੋ, ਮੇਰੇ ਤੋਂ ਵੀ ਵੱਧ। ਤੁਹਾਡੀ ਬੱਸ ਵਿਚ ਜਿਹੜੀਆਂ ਸਵਾਰੀਆਂ ਚੜ੍ਹਦੀਆਂ ਨੇ, ਉਨ੍ਹਾਂ ਦਾ ਖਿਆਲ ਰੱਖ ਕੇ, ਉਨ੍ਹਾਂ ਨੂੰ ਗੰਦ ਮੰਦ ਨਾ ਸੁਣਾਓ, ਨਾ ਫਿਲਮਾਂ ਰਾਹੀਂ ਗੰਦ ਮੰਦ ਦਿਖਾਓ।"

ਬੰਤਾ ਸਿੰਘ ਨੇ ਕੈਸੇਟ ਵਾਲੀ ਗੱਲ ਸੁਣਾਈ ਕਿ ਕਿਸ ਤਰ੍ਹਾਂ ਸਾਰੀਆਂ ਸਵਾਰੀਆਂ 'ਤੇ ਯੋਧਿਆਂ ਦੀਆਂ ਵਾਰਾਂ ਦਾ ਅਸਰ ਹੋਇਆ ਸੀ। ਗੱਲ ਸੁਣ ਕੇ ਪ੍ਰੋਫੈਸਰ ਸਾਹਿਬ ਨੂੰ ਆਪਣੀ ਕੋਸ਼ਿਸ਼ ਕਾਮਯਾਬ ਹੁੰਦੀ ਲੱਗੀ ਅਤੇ ਉਨ੍ਹਾਂ ਨੂੰ ਧੁਰ ਅੰਦਰ ਤੱਕ ਸਕੂਨ ਮਿਲਿਆ।

"ਬੰਤਾ ਸਿੰਘ ਤੇਰੇ ਅੰਦਰ ਚੰਗਿਆਈ ਐ, ਇਸ ਕਰਕੇ ਐਨੀ ਛੇਤੀ ਅਸਰ ਹੋਇਐ ਤੇਰੀ ਸੋਚ 'ਤੇ।" ਬੰਤਾ ਸਿੰਘ ਨੂੰ ਸੁਣ ਕੇ ਚੰਗਾ ਵੀ ਲੱਗਿਆ ਅਤੇ ਸ਼ਰਮ ਵੀ ਆਈ। ਕੰਡਕਟਰ ਨੇ 'ਵਾਜ ਮਾਰੀ, ਬੱਸ ਦੇ ਤੁਰਨ ਦਾ ਸਮਾਂ ਹੋ ਚੁਕਾ ਸੀ। ਉਸ ਨੇ ਪ੍ਰੋਫੈਸਰ ਸਾਹਿਬ ਤੋਂ ਹੱਥ ਜੋੜ ਕੇ ਵਿਦਾ ਲਈ।

ਪ੍ਰੋਫੈਸਰ ਸਾਹਿਬ ਬੰਤਾ ਸਿੰਘ ਨੂੰ ਜਾਂਦਿਆਂ ਵੇਖ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਅਲੋਕਾਰ ਚਮਕ ਸੀ ਅਜਿਹੀ ਚਮਕ, ਜਿਹੜੀ ਸਾਰੀ ਦੁਨੀਆਂ ਨੂੰ ਰੁਸ਼ਨਾ ਸਕਦੀ ਹੈ, ਗਿਆਨ ਦਾ ਚਾਨਣ ਵੰਡ ਕੇ। ਅਜਿਹਾ ਚਾਨਣ, ਜਿਹੜਾ ਇਨਸਾਨ ਦੀਆਂ ਅੱਖਾਂ ਅਤੇ ਕੰਨਾਂ ਰਾਹੀਂ ਉਸ ਦੀ ਅੰਦਰਲੀ ਰੌਸ਼ਨੀ ਨਾਲ ਇਕਮਿਕ ਹੋ ਜਾਂਦਾ ਹੈ ਅਤੇ ਇਨਸਾਨ ਦੀ ਅੰਦਰਲੀ ਤੇ ਬਾਹਰਲੀ ਦੁਨੀਆਂ ਨੂੰ ਰੌਸ਼ਨ ਕਰਕੇ ਉਸ ਨੂੰ ਹਨੇਰਿਆਂ ਵਿਚ ਭਟਕਣ ਦੇ ਸਰਾਪ ਤੋਂ ਮੁਕਤ ਕਰਦਾ ਹੈ।

## ਗੁਰਬਾਣੀ ਗਿਆਨ

# ਕਾਰਨ ਕਰਨ ਕਰੀਮ...

**ੴ ਸਤਿਗੁਰ ਪਰਸਾਦਿ॥**
ਰਾਮਕਲੀ ਮਹਲਾ ੫॥
ਕਾਰਨ ਕਰਨ ਕਰੀਮ॥
ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥
ਖੁਦਿ ਖੁਦਾਇ ਵਡ ਬੇਸੁਮਾਰ॥
ਓੁਂ ਨਮੋ ਭਗਵੰਤ ਗੁਸਾਈ॥
ਖਾਲਕ ਰਵਿ ਰਹਿਆ ਸਰਬ ਠਾਈ॥ ਰਹਾਉ॥
ਜਗੰਨਾਥ ਜਗਜੀਵਨ ਮਾਧੋ॥
ਭਉ ਭੰਜਨ ਰਿਦ ਮਾਹਿ ਅਰਾਧੋ॥
ਰਿਖੀਕੇਸ ਗੋਪਾਲ ਗੋੁਵਿੰਦ॥
ਪੂਰਨ ਸਰਬਤ੍ਰ ਮੁਕੰਦ॥
ਮਿਹਰਵਾਨ ਮਉਲਾ ਤੂਹੀ ਏਕ॥
ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕੁ ਕਰੇ ਹਾਕੁ॥
ਕੁਰਾਨ ਕਤੇਬ ਤੇ ਪਾਕੁ॥
ਨਾਰਾਇਣ ਨਰਹਰ ਦਇਆਲ॥
ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ॥
ਲੀਲਾ ਕਿਛੁ ਲਖੀ ਨ ਜਾਇ॥
ਮਿਹਰ ਦਇਆ ਕਰਿ ਕਰਨੈਹਾਰ॥
ਭਗਤਿ ਬੰਦਗੀ ਦੇਹਿ ਸਿਰਜਣਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥
ਏਕੋ ਅਲਹੁ ਪਾਰਬ੍ਰਹਮ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਉਸ ਮਿਹਰਬਾਨ ਪ੍ਰਭੂ ਕਰਤਾ ਪੁਰਖ ਦੀ ਉਪਮਾ ਕਰਦੇ ਆਖਦੇ ਹਨ, ਓੁਂ ਨਮੋ ਭਗਵੰਤ ਗੁਸਾਈ॥ ਹੇ ਭਗਵਾਨ ਜੀ! ਹੇ ਧਰਤੀ ਦੇ ਮਾਲਕ ਜੀ! ਤੂੰ ਇਸ ਸਾਰੀ ਖਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਹੈਂ ਅਤੇ ਤੂੰ ਸਭ ਥਾਂ ਹੀ ਮੌਜੂਦ ਹੈਂ; ਹੇ ਸਰਬ ਵਿਆਪਕ ਪਰਮੇਸ਼ਰ ਪਿਤਾ ਜੀ, ਤੈਨੂੰ ਘਟ ਘਟ ਵਿਚ ਵੱਸਣ ਵਾਲੇ ਪ੍ਰਤਿਪਾਲਕ ਨੂੰ ਸਦਾ ਸਦਾ ਨਮਸਕਾਰ ਹੈ।

ਕਾਰਨ ਕਰਨ ਕਰੀਮ॥
ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥
ਖੁਦਿ ਖੁਦਾਇ ਵਡ ਬੇਸੁਮਾਰ॥

ਕਾਰਨ-ਹੇ ਜਗਤ ਦੇ ਮੂਲ ਕਰਤਾ ਪੁਰਖ, ਤੈਨੂੰ ਨਮਸਕਾਰ ਹੈ। ਕਰੀਮ-ਬਖਸ਼ਿਸ਼ ਕਰਨ ਵਾਲੇ ਪ੍ਰਭ ਜੀ। ਸਾਰੇ ਜੀਵਾਂ ਦੀ ਪ੍ਰਤਿਪਾਲ ਪਾਲਨਾ ਕਰਨ ਵਾਲਾ ਮਾਲਕ। ਰਹੀਮ- ਸਭ 'ਤੇ ਰਹਿਮ ਕਰਨ ਵਾਲਾ। ਹੇ ਅੱਲਾਹ, ਹੇ ਅਲੱਖ-ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ। ਹੇ ਪ੍ਰਭੂ ਪਾਰਬ੍ਰਹਮ ਜੀ, ਤੂੰ ਆਪ ਹੀ ਸਭ ਜੀਵਾਂ ਦਾ ਖਸਮ ਹੈਂ। ਤੂ ਬੇਅੰਤ ਹੈਂ, ਬੇਅੰਤ ਹੈਂ।

ਜਗੰਨਾਥ ਜਗਜੀਵਨ ਮਾਧੋ॥
ਭਉ ਭੰਜਨ ਰਿਦ ਮਾਹਿ ਅਰਾਧੋ॥
ਰਿਖੀਕੇਸ ਗੋਪਾਲ ਗੋੁਵਿੰਦ॥
ਪੂਰਨ ਸਰਬਤ੍ਰ ਮੁਕੰਦ॥

ਸਤਿਗੁਰੂ ਜੀ ਆਖਦੇ ਨੇ, ਹੇ ਇਸ ਜਗਤ ਦੇ ਨਾਥ ਪ੍ਰਭ ਜੀ, ਹੇ ਇਸ ਜਗਤ ਦੇ ਜੀਵਨ ਪ੍ਰਭ ਜੀ, ਮਾਧੋ, ਹੇ ਮਾਇਆ ਦੇ ਪਤੀ ਪ੍ਰਭੂ, ਜੀਵਾਂ ਦਾ ਹਰ ਇਕ ਡਰ ਦੂਰ ਕਰਨ ਵਾਲੇ ਮਿਹਰਬਾਨ ਪਿਤਾ ਜੀ; ਹੇ ਹਿਰਦੇ ਵਿਚ ਆਰਾਧਨ ਜੋਗ ਪ੍ਰਭ ਜੀ, ਹੇ ਇੰਦ੍ਰਿਆਂ ਦੇ ਮਾਲਕ ਪਰਮੇਸ਼ਰ ਜੀ, ਹੇ ਗੋਪਾਲ, ਹੇ ਗੋਵਿੰਦ, ਮੁਕੰਦ ਹੇ ਮੁਕਤੀ ਦੇ ਦਾਤੇ, ਤੂ ਸਭਨੀ ਥਾਂਈਂ ਵਿਆਪਕ ਹੈਂ।

ਮਿਹਰਵਾਨ ਮਉਲਾ ਤੂਹੀ ਏਕ॥
ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕੁ ਕਰੇ ਹਾਕੁ॥
ਕੁਰਾਨ ਕਤੇਬ ਤੇ ਪਾਕੁ॥

ਸ਼ਬਦ ਦੀਆਂ ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਜੀ ਕਹਿੰਦੇ ਨੇ, ਹੇ ਮਿਹਰਵਾਨ ਪ੍ਰਭ ਜੀ, ਸਿਰਫ ਤੂ ਹੀ ਪੀਰਾਂ ਪੈਕੰਬਰਾਂ ਸ਼ੇਖਾਂ-ਇਨ੍ਹਾਂ ਸਾਰਿਆਂ ਨੂੰ ਨਜਾਤ ਦੇਣ ਵਾਲਾ ਹੈਂ। ਹੇ ਭਾਈ, ਉਹ ਮਉਲਾ ਹੀ ਸਭਨਾਂ ਦੇ ਦਿਲਾਂ ਦਾ ਮਾਲਕ ਹੈ, ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਉਹ ਮਿਹਰਵਾਨ ਮਉਲਾ ਸਦਾ ਹੀ ਹੱਕੋ ਹੱਕ ਕਰਦਾ ਹੈ; ਹੇ ਭਾਈ ਉਹ ਮਉਲਾ ਕੁਰਾਨ ਕਤੇਬ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਦੱਸੇ ਸਰੂਪ ਤੋਂ ਵੱਖਰਾ ਹੈ।

ਨਾਰਾਇਣ ਨਰਹਰ ਦਇਆਲ॥
ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ॥
ਲੀਲਾ ਕਿਛੁ ਲਖੀ ਨ ਜਾਇ॥

ਸਤਿਗੁਰੂ ਪਿਤਾ ਜੀ ਆਖਦੇ ਨੇ, ਹੇ ਭਾਈ! ਉਹ ਦਇਆ ਦਾ ਸਾਗਰ ਪ੍ਰਭੂ ਪਰਮਾਤਮਾ ਆਪ ਹੀ ਨਾਰਾਇਣ ਹੈ ਅਤੇ ਆਪ ਹੀ ਨਰ ਸਿੰਘ ਹੈ; ਹੇ ਭਾਈ ਉਹ ਰਾਮ ਸਭਨਾਂ ਜੀਆਂ ਵਿਚ ਰਮਿਆ ਹੋਇਆ ਹੈ ਅਤੇ ਹਰ ਇਕ ਜੀਵ ਦਾ ਉਹੀ ਆਸਰਾ ਹੈ; ਭਾਈ ਉਹੀ ਬਾਸੁਦੇਵ ਹੈ, ਜੋ ਸਭਨੀ ਥਾਂਈਂ ਵੱਸ ਰਿਹਾ ਹੈ, ਉਸ ਦੀ ਲੀਲਾ ਕਹੀ ਨਹੀਂ ਜਾ ਸਕਦੀ।

ਮਿਹਰ ਦਇਆ ਕਰਿ ਕਰਨੈਹਾਰ॥
ਭਗਤਿ ਬੰਦਗੀ ਦੇਹਿ ਸਿਰਜਣਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥
ਏਕੋ ਅਲਹੁ ਪਾਰਬ੍ਰਹਮ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਅਰਦਾਸ ਕਰਦੇ ਨੇ, ਹੇ ਸਾਰੇ ਜੀਵਾਂ ਦੇ ਰਚਨਹਾਰ ਮਿਹਰਬਾਨ ਪਿਤਾ, ਹੇ ਸਿਰਜਣਹਾਰ ਮਿਹਰ ਕਰ ਕੇ, ਦਇਆ ਕਰ ਕੇ ਤੂ ਆਪ ਹੀ ਜੀਵਾਂ ਨੂੰ ਆਪਣੀ ਭਗਤੀ ਦਿੰਦਾ ਹੈ, ਆਪਣੀ ਬੰਦਗੀ ਦਿੰਦਾ ਹੈ; ਨਾਨਕ ਆਖਦਾ ਹੈ, ਗੁਰੂ ਨੇ ਜਿਸ ਮਨੁੱਖ ਦੇ ਭਰਮ ਭੁਲੇਖੇ ਦੂਰ ਕਰ ਦਿੱਤੇ, ਉਸ ਨੂੰ ਮੁਸਲਮਾਨਾਂ ਦਾ ਅੱਲਾਹ ਅਤੇ ਹਿੰਦੂਆਂ ਦਾ ਪਾਰਬ੍ਰਹਮ ਇੱਕੋ ਹੀ ਦਿਸ ਪੈਂਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਪਹਿਲਵਾਨ ਸੁਖਵੰਤ ਸਿੰਘ ਦੀ ਜੀਵਨ ਗਾਥਾ

ਪੰਜਾਬੀ ਖੇਡ ਸਾਹਿਤ

28



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਰੁਸਤਮੇ ਹਿੰਦ ਸੁਖਵੰਤ ਸਿੰਘ ਸਿੱਧੂ ਐੱਮ. ਏ. ਤਕ ਪੜ੍ਹਿਆ ਪਹਿਲਵਾਨ ਹੈ। 1970ਵਿਆਂ 'ਚ ਮੈਂ ਉਹਦੇ ਬਾਰੇ ਲੇਖ ਲਿਖਿਆ ਸੀ, 'ਪੜ੍ਹਿਆ-ਲਿਖਿਆ ਪਹਿਲਵਾਨ' ਜੋ 'ਸਚਿੱਤਰ ਕੌਮੀ ਏਕਤਾ' ਵਿਚ ਛਪਿਆ। ਪੜ੍ਹੇ-ਲਿਖੇ ਕਈ ਬੰਦੇ ਪਹਿਲਵਾਨਾਂ ਨੂੰ ਪੜ੍ਹੇ-ਲਿਖੇ ਨਹੀਂ ਸਮਝਦੇ। ਅਖੇ ਪੜ੍ਹੇ-ਲਿਖੇ ਹੋਣ ਤਾਂ ਉਹ ਮਿੱਟੀ ਨਾਲ ਮਿੱਟੀ ਕਿਉਂ ਹੋਣ? ਉਨ੍ਹਾਂ ਭਾਣੇ ਅਖਾੜਿਆਂ ਦੀ ਮਿੱਟੀ 'ਚ ਲੱਥ-ਪੱਥ ਹੋਈ ਜਾਣਾ, ਕੰਨ ਰਗੜਾ ਕੇ ਮੋਟੇ ਕਰਾ ਬਹਿਣੇ, ਜ਼ੋਰ ਕਰਦਿਆਂ ਹਉਂਕੀ ਜਾਣਾ, ਮੁੜ੍ਹਕਾ ਵਹਾਉਣਾ ਤੇ ਇਕ ਦੂਜੇ ਨਾਲ ਗੁੱਥਮਗੁੱਥਾ ਹੋਈ ਜਾਣਾ-ਅਨਪੜ੍ਹ ਹੋਣਾ ਨਹੀਂ ਤਾਂ ਹੋਰ ਕੀ ਹੈ? ਸਿਆਣਾ ਬਿਆਣਾ ਲੇਖਕ ਬਰਨਾਰਡ ਸ਼ਾਅ ਹਰਮਨ ਪਿਆਰੀ ਖੇਡ ਫੁੱਟਬਾਲ ਬਾਰੇ ਕਹਿੰਦਾ ਸੀ ਕਿ ਇਕ ਬਾਲ ਨੂੰ ਬਾਈ ਜਣੇ ਠੇਡੇ ਮਾਰੀ ਜਾਣ ਤੋਂ ਵੱਡੀ ਮੂਰਖਤਾ ਹੋਰ ਕੀ ਹੋ ਸਕਦੀ ਹੈ! ਕਿਸੇ ਵਿਦਵਾਨ ਦਾ ਮੂੰਹ ਥੋੜਾ ਫੜ ਲੈਣਾ?

1970 ਵਿਚ ਦਸਵਾਂ ਹਿੰਦ ਕੇਸਰੀ ਬਣਨ ਵੇਲੇ ਸੁਖਵੰਤ ਸਿੰਘ ਜੂੜੇ ਵਾਲਾ ਪਹਿਲਾ ਸਰਦਾਰ ਪਹਿਲਵਾਨ ਸੀ। ਪਹਿਲਵਾਨੀ ਕਰਦਿਆਂ ਕੇਸ ਮਿੱਟੀ ਨਾਲ ਭਰ ਜਾਂਦੇ, ਜਿਸ ਕਰਕੇ ਜੂੜਾ ਰੱਖੀ ਰੱਖਣਾ ਸਭ ਤੋਂ ਔਖਾ ਕੰਮ ਸੀ। ਆਖਰ ਆਪਣੀ ਤੇ ਮਾਤਾ ਦੀ ਇੱਛਾ ਦੇ ਉਲਟ ਉਸ ਨੂੰ ਜੂੜਾ ਮੁੰਨਾਉਣਾ ਪਿਆ। 1971 ਵਿਚ ਉਹ ਰੁਸਤਮੇ ਹਿੰਦ ਬਣਿਆ ਤਾਂ ਗੁਰਜ ਨਾਲ 51,000 ਰੁਪਏ ਇਨਾਮ ਮਿਲਿਆ। ਉਨੀਂ ਦਿਨੀਂ ਇਕਵੰਜਾ ਹਜ਼ਾਰ ਦੇ ਪੰਜ ਕਿੱਲੇ ਖਰੀਦੇ ਜਾ ਸਕਦੇ ਸਨ। 1977 ਦੇ ਆਸ-ਪਾਸ ਜਦੋਂ ਮੈਂ ਪਹਿਲੀ ਵਾਰ ਸੁਖਵੰਤ ਸਿੰਘ ਨੂੰ ਦਿੱਲੀ, ਉਹਦੇ ਸ਼ਾਹਦਰੇ ਵਾਲੇ ਘਰ 'ਚ ਮਿਲਿਆ ਸਾਂ ਤਾਂ ਕਾਫੀ ਖੁੱਲ੍ਹ ਕੇ ਗੱਲਾਂ ਹੋਈਆਂ ਸਨ। ਉਹ ਮੈਨੂੰ ਬੜੇ ਨਿਮਰ ਸੁਭਾਅ ਦਾ ਪੁਲਿਸ ਅਫਸਰ ਲੱਗਾ ਸੀ। ਉੱਦਣ ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਏਅਰਪੋਰਟ 'ਤੇ ਛੱਡ ਕੇ ਮੁੜਿਆ ਸੀ। ਵਿਦਾ ਹੁੰਦਿਆ ਮੈਂ ਪੁੱਛਿਆ ਸੀ, "ਬਹੁਤ ਲੰਮਾ ਸਮਾਂ ਹੋ ਗਿਐ ਤੁਹਾਨੂੰ ਘੁਲਦਿਆਂ ਤੇ ਸਰੀਰ ਨੂੰ ਦੁੱਖ ਦਿੰਦਿਆਂ, ਆਖਰ ਕੀ ਖੱਟਿਆ ਭਲਵਾਨੀ 'ਚੋਂ?"

ਉਹਨੇ ਆਪਣੀ ਮੋਟੀ ਧੌਣ ਤੇ ਗੋਲ ਕੰਨਾਂ ਉਤੋਂ ਦੀ ਭਾਰਾ ਹੱਥ ਫੇਰਦਿਆਂ ਕਿਹਾ ਸੀ, "ਬੜਾ ਕੁਝ। ਮਾਣ ਵਡਿਆਈ ਤੇ ਜਗਤ ਵਿਚ ਸ਼ੋਭਾ, ਇਨਾਮ ਤੇ ਗੁਰਜਾਂ; ਤੇ ਸਭ ਤੋਂ ਵੱਡੀ ਗੱਲ ਆਪਣੇ ਆਪ ਨੂੰ ਜਿਸਮਾਨੀ ਤੌਰ 'ਤੇ ਤਕੜਾ ਰੱਖਿਆ। ਤੁਸੀਂ ਦੇਖਦੇ ਈ ਓ, ਦੁਨੀਆਂ ਤਕੜੇ ਦੀ ਆ, ਮਾੜੇ ਦੀ ਕਾਹਦੀ ਦੁਨੀਆਂ?"

"ਤਾਂ ਫੇਰ ਮਾੜੇ ਕੀ ਕਰਨ?" ਮੈਂ ਮਲਕੜੇ ਜਿਹੇ ਪੁੱਛਿਆ ਸੀ।

ਉਹ ਮੋਟੇ ਬੁੱਲ੍ਹਾਂ 'ਚੋਂ ਹੱਸਿਆ ਸੀ, "ਮਾੜੇ ਤਕੜੇ ਹੋਣ, ਹੋਰ ਕੀ?"

ਸੱਚੀ ਗੱਲ ਹੈ, ਮਾੜਿਆਂ ਦਾ ਤਕੜੇ ਹੋਣ ਬਿਨਾ ਗੁਜ਼ਾਰਾ ਨਹੀਂ। ਮੈਕਸਿਮ ਗੋਰਕੀ ਦਾ ਵੀ ਕਥਨ ਹੈ, ਤਕੜੇ ਮਾੜਿਆਂ ਨੂੰ ਲੁੱਟਦੇ ਹਨ ਤੇ ਸਿਆਣੇ ਮੂਰਖਾਂ ਨੂੰ ਹੋਰ ਮੂਰਖ ਬਣਾਉਂਦੇ ਹਨ। ਤਦੇ ਸੁਖਵੰਤ ਸਿੰਘ ਪੜ੍ਹ-ਲਿਖ ਕੇ ਸਿਆਣਾ ਹੋਇਆ ਤੇ ਘੋਲ ਘੁਲ ਕੇ ਤਕੜਾ। ਉਸ ਨੇ ਪਹਿਲਵਾਨਾਂ ਨਾਲ ਜੁੜੀਆਂ ਕਈ ਮਿੱਥਾਂ ਤੋੜੀਆਂ। ਇਕ ਮਿੱਥ ਸੀ ਕਿ ਕੇਸ ਰੱਖ ਕੇ ਪਹਿਲਵਾਨੀ ਨਹੀਂ ਕੀਤੀ ਜਾ ਸਕਦੀ। ਦੂਜੀ ਸੀ, ਪੜ੍ਹਿਆ-ਲਿਖਿਆ ਬੰਦਾ ਪਹਿਲਵਾਨ ਨਹੀਂ ਬਣ ਸਕਦਾ। ਤੀਜੀ ਸੀ, ਪਹਿਲਵਾਨਾਂ ਦਾ ਬੁਢੇਪਾ ਬੁਰੇ ਹਾਲੀਂ ਬੀਤਦੈ ਤੇ ਚੌਥੀ ਸੀ ਲੇਖਕ ਬਣਨਾ; ਪਰ ਸੁਖਵੰਤ ਸਿੰਘ ਨੇ ਇਹ ਚਾਰੇ ਮਿੱਥਾਂ ਤੋੜੀਆਂ। 1966 'ਚ ਜਦੋਂ ਉਹ ਪਹਿਲੀ ਵਾਰ ਨੈਸ਼ਨਲ ਚੈਂਪੀਅਨ ਬਣਿਆ, ਉਦੋਂ ਸਪੋਰਟਸ ਕਾਲਜ ਜਲੰਧਰ ਦਾ ਸਭ ਤੋਂ ਹੁਸ਼ਿਆਰ ਵਿਦਿਆਰਥੀ ਸੀ। ਹੁਣ ਬੁੱਢੇਵਾਰੇ ਵੀ ਘੋੜੇ ਵਰਗਾ ਪਿਆ ਅਤੇ 10 ਮਾਰਚ 2021 ਨੂੰ ਆਪਣਾ 78ਵਾਂ ਜਨਮ ਦਿਨ ਮਨਾਵੇਗਾ। ਲੱਖਾਂ ਡੰਡ ਬੈਠਕਾਂ ਲਾਉਣ ਤੇ ਸੈਂਕੜੇ ਕੁਸ਼ਤੀਆਂ ਲੜਨ ਦੇ ਬਾਵਜੂਦ ਉਸ ਦੇ ਹੱਡ ਗੋਡੇ ਹਾਲਾਂ ਕਾਇਮ ਹਨ।

ਉਸ ਦਾ ਜਨਮ 10 ਮਾਰਚ 1944 ਨੂੰ ਚੱਕ ਨੰਬਰ 361 ਝੰਗ ਬਰਾਂਚ, ਜਿਲਾ ਲਾਇਲਪੁਰ ਵਿਚ ਮਾਤਾ ਹਰਕ੍ਰਿਸ਼ਨ ਕੌਰ ਦੀ ਕੁੱਖੋਂ ਨਾਨਕੇ ਘਰ ਹੋਇਆ ਸੀ। ਉਹਦੇ ਨਾਨਾ ਜੀ ਸਰਦਾਰ ਮੋਤੀ ਸਿੰਘ ਸਹੋਤਾ ਲੰਬੜਦਾਰ ਪਿੰਡ ਪੰਡੋਰੀ ਗੰਗਾ ਸਿੰਘ, ਜਿਲਾ ਹੁਸ਼ਿਆਰਪੁਰ ਦੇ ਸਨ। ਉਨ੍ਹਾਂ ਦੀ ਚੱਕ ਨੰਬਰ 361 ਵਿਚ 15 ਮੁਰੱਬੇ ਜ਼ਮੀਨ ਸੀ। ਦਸਦੇ ਹਨ ਕਿ ਪੱਦੀ ਜਾਗੀਰ ਤੋਂ ਦੋ ਕੁ ਸੌ ਜਨੇਤੀ ਘੋੜੇ ਬੱਘੀਆਂ, ਊਠ ਬੱਘੀਆਂ, ਬੈਲ ਗੱਡੀਆਂ ਤੇ ਘੋੜੇ ਊਠਾਂ 'ਤੇ ਬਰਾਤ ਗਏ ਸਨ। ਸੁਖਵੰਤ ਦੇ ਮਾਤਾ ਜੀ ਦਸਦੇ ਹੁੰਦੇ ਸਨ ਕਿ ਵਿਆਹ 'ਚ 35 ਪੀਪੇ ਦੇਸੀ ਘਿਉ ਦੇ ਲੱਗੇ ਸਨ। ਇਹ ਸਮਝ ਲਓ ਕਿ ਸੁਖਵੰਤ ਘਿਉ 'ਚ ਜੰਮਿਆ, ਘਿਉ 'ਚ ਪਲਿਆ ਤੇ ਘਿਉ ਖਾ ਕੇ ਹੀ ਭਲਵਾਨੀ ਦੀਆਂ ਗੁਰਜਾਂ ਜਿੱਤਦਾ ਰਿਹਾ।

ਉਨ੍ਹਾਂ ਦਾ ਜੱਦੀ ਪਿੰਡ ਪੱਦੀ ਜਾਗੀਰ ਜਿਲਾ ਜਲੰਧਰ ਵਿਚ ਹੈ। ਸੁਖਵੰਤ ਦੇ ਪਿਤਾ ਭਗਤ ਗੋਬਿੰਦ ਸਿੰਘ ਪੁਲਿਸ ਵਿਚ ਥਾਣੇਦਾਰ ਸਨ ਤੇ ਕੱਦ ਕਾਠ ਦੇ ਤਕੜੇ ਜੁਆਨ ਸਨ। ਉਹ ਜੁਆਨੀ ਵਿਚ ਦੋ ਸੌ ਲੀਟਰ ਦਾ ਡਰੰਮ ਖੂਹ 'ਚ ਲਮਕਾਉਂਦੇ ਤੇ ਪਾਣੀ ਨਾਲ ਭਰਿਆ ਡਰੰਮ ਇਕੱਲੇ ਹੀ ਬਾਹਰ ਖਿੱਚ ਲੈਂਦੇ। ਉਨ੍ਹਾਂ ਨੇ ਪੁੱਤਰ ਨੂੰ ਬਚਪਨ ਵਿਚ ਹੀ ਪਹਿਲਵਾਨੀ ਦੇ ਲੜ ਲਾ ਦਿੱਤਾ ਸੀ। ਮੁੱਛ ਫੁੱਟਦਿਆਂ ਸੁਖਵੰਤ ਸਿੰਘ ਦਾ ਕੱਦ 6 ਫੁੱਟ 3 ਇੰਚ ਹੋ ਗਿਆ ਸੀ ਤੇ ਭਾਰ ਸਵਾ ਕੁਇੰਟਲ। ਉਸ ਨੇ ਮੁੱਢਲੀ ਪੜ੍ਹਾਈ ਪੱਦੀ ਜਾਗੀਰ ਤੇ ਮੈਟ੍ਰਿਕ ਅੱਟੇ ਤੋਂ ਕਰਨ ਪਿੱਛੋਂ ਸਪੋਰਟਸ ਕਾਲਜ ਜਲੰਧਰ ਵਿਚ ਦਾਖਲਾ ਲਿਆ ਤੇ ਨਾਥਾਂ ਦੀ ਬਗੀਚੀ ਵਾਲੇ ਅਖਾੜੇ ਤੋਂ ਘੁਲਣਾ ਸ਼ੁਰੂ ਕੀਤਾ। ਛੁੱਟੀਆਂ 'ਚ ਪਿੰਡ ਆਉਂਦਾ ਤਾਂ ਪਿਤਾ ਜੀ ਖੁਦ ਉਸ ਦੀ ਮਾਲਸ਼ ਕਰਦੇ ਤੇ ਸੌ-ਸੌ ਡੰਡ-ਬੈਠਕਾਂ ਦੇ ਪੰਦਰਾਂ ਸਪਾਟੇ ਲੁਆਉਂਦੇ। ਉਸ ਨੂੰ ਤੜਕਸਾਰ ਡੰਡ-ਬੈਠਕਾਂ ਕੱਢਦਾ ਵੇਖ ਮਾਤਾ, ਪਤੀ ਨੂੰ ਕਲਪਦੀ, "ਇਹਦਾ ਲਹੂ ਕਿਉਂ ਪੀਨਾਂ? ਉਤੋਂ ਕੱਕਰ ਪੈਂਦਾ ਤੇ ਇਹਨੂੰ ਨੰਗਾ ਡਲੀ ਅਰਗਾ ਕੱਢ ਦਿੰਨਾਂ!" ਪਰ ਪਿਤਾ ਜੀ ਸਮਝਦੇ ਸਨ ਕਿ ਭਲਵਾਨੀ ਦੀ ਭਗਤੀ ਬੜੀ ਕਠਿਨ ਹੈ ਤੇ ਇਹ ਕਰੜੀ ਤਪੱਸਿਆ ਨਾਲ ਹੀ ਸਿਰੇ ਚੜ੍ਹਨੀ ਹੈ। ਕਿਸੇ ਕਿੱਸਾਕਾਰ ਨੇ ਸੱਚ ਹੀ ਲਿਖਿਆ ਹੈ,

ਲਾਮ ਲੋਹੇ ਦੇ ਚਣੇ ਹੈ ਪਹਿਲਵਾਨੀ
ਜਿੰਦ ਬੱਕਰੇ ਵਾਂਗ ਕੁਹਾਈਦੀ ਏ।
ਮੁੜ੍ਹਕੇ ਡੋਲ੍ਹ ਕੇ ਵਿਚ ਅਖਾੜਿਆਂ ਦੇ
ਜਾਨ ਮਾਰ ਕੇ ਜਾਨ ਬਚਾਈਦੀ ਏ...।

ਪੜ੍ਹਾਈ ਤੇ ਪਹਿਲਵਾਨੀ ਦੇ ਸਿਰ 'ਤੇ ਉਹ ਸੈਂਟਰਲ ਰਿਜ਼ਰਵ ਪੁਲਿਸ ਵਿਚ ਠਾਣੇਦਾਰ ਭਰਤੀ ਹੋਇਆ ਸੀ, ਜਿਥੋਂ ਬਟਾਲੀਅਨ ਦਾ ਕਮਾਂਡੈਂਟ ਬਣ ਕੇ ਰਿਟਾਇਰ ਹੋਇਆ। ਇਸ ਦੌਰਾਨ ਉਸ ਨੇ ਐਨ. ਆਈ. ਐਸ. ਤੋਂ ਕੋਚਿੰਗ ਦਾ ਕੋਰਸ ਪਾਸ ਕੀਤਾ ਅਤੇ ਇੰਟਰਨੈਸ਼ਨਲ ਕੁਸ਼ਤੀ ਜੱਜ ਤੇ ਰੈਫਰੀ ਬਣਿਆ। ਉਸ ਨੂੰ ਰਾਸ਼ਟਰਪਤੀ ਵੱਲੋਂ ਪੁਲਿਸ ਮੈਡਲ ਫਾਰ ਮੈਰੀਟੋਰੀਅਸ ਸਰਵਿਸ ਨਾਲ ਸਨਮਾਨਿਤ ਕੀਤਾ ਗਿਆ। ਦੇਸ਼-ਵਿਦੇਸ਼ ਵਿਚ ਉਸ ਨੂੰ ਹੋਰ ਵੀ ਕਈ ਮਾਨ ਸਨਮਾਨ ਮਿਲੇ, ਜਿਨ੍ਹਾਂ ਵਿਚ ਕੈਲੀਫੋਰਨੀਆ ਦੇ ਰਾਏ ਭਰਾਵਾਂ ਵੱਲੋਂ ਗਿਆਰਾਂ ਲੱਖਾ ਅਵਾਰਡ ਵੀ ਸ਼ਾਮਲ ਹੈ।

ਸੀ. ਆਰ. ਪੀ. ਦੀ ਨੌਕਰੀ ਕਰਦਿਆਂ ਉਸ ਨੇ ਸਾਰਾ ਭਾਰਤ ਗਾਹਿਆ। ਦਿੱਲੀ ਦੇ ਪੁਲਿਸ ਸਟੇਸ਼ਨਾਂ ਤੋਂ ਲੈ ਕੇ ਕਦੇ ਨੀਮਚ, ਮਨੀਪੁਰ, ਭੁਪਾਲ, ਜੰਮੂ ਕਸ਼ਮੀਰ, ਪੰਜਾਬ, ਮਦਰਾਸ, ਅੰਡੇਮਾਨ ਨਿਕੋਬਾਰ ਤੇ ਕਦੇ ਆਪਣੇ ਪਿੰਡ ਨੇੜੇ ਨਕੋਦਰ 'ਚ ਡਿਊਟੀ ਨਿਭਾਈ। ਉਹਦੀ ਜੀਵਨ ਗਾਥਾ 'ਭਾਰਤ ਦਾ ਪਹਿਲਾ ਸਰਦਾਰ ਹਿੰਦ ਕੇਸਰੀ ਪਹਿਲਵਾਨ ਸੁਖਵੰਤ ਸਿੰਘ' ਉਸ ਦੀ ਪਤਨੀ ਸੁਰਿੰਦਰਜੀਤ ਕੌਰ ਸਿੱਧੂ ਨੇ ਉਵੇਂ ਹੀ ਲਿਖੀ, ਜਿਵੇਂ ਸੁਖਵੰਤ ਸਿੰਘ ਨੇ ਲਿਖਾਈ। ਸੁਰਿੰਦਰਜੀਤ ਕੌਰ ਨੇ ਆਪਣੀ ਤਰਫੋਂ ਲਿਖਿਆ, "ਇਹ ਕਿਤਾਬ ਮੈਂ ਪਾਠਕਾਂ ਦੀ ਸੁਵਿਧਾ ਲਈ ਪਹਿਲਵਾਨ ਸਾਹਿਬ ਦੀ ਜ਼ੁਬਾਨੀ ਲਿਖ ਰਹੀ ਹਾਂ, ਕਿਉਂਕਿ ਸ਼ਾਇਦ ਮੈਂ ਆਪਣੇ ਸ਼ਬਦਾਂ ਵਿਚ ਵੱਡੇ ਦੰਗਲਾਂ ਦਾ ਵੇਰਵਾ ਅੱਛੀ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਨਾ ਲਿਖ ਸਕਦੀ। ਇਸ ਕਰਕੇ ਮੈਂ ਇਨ੍ਹਾਂ ਦੇ ਸ਼ਬਦਾਂ ਵਿਚ ਹੀ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਉਂ ਇਹ ਸੁਖਵੰਤ ਸਿੰਘ ਦੀ ਸਵੈਜੀਵਨੀ ਹੀ ਕਹੀ ਜਾ ਸਕਦੀ ਹੈ।" ਇਸ ਵਿਚ ਪਹਿਲਵਾਨਾਂ ਦੀ ਦੁਨੀਆਂ ਦੇ ਦਰਸ਼ਨ ਕਰਾਉਣ ਨਾਲ ਹੋਰ ਵੀ ਕਾਫੀ ਰੌਚਕ ਮਸਾਲਾ ਹੈ। ਫਲਸਫਾਨਾ ਅੰਦਾਜ਼ ਵਿਚ ਜੀਵਨ ਦੀਆਂ ਅਟੱਲ ਸੱਚਾਈਆਂ ਬਿਆਨ ਕੀਤੀਆਂ ਹਨ।

ਸੁਰਿੰਦਰਜੀਤ ਕੌਰ ਲਿਖਦੀ ਹੈ ਕਿ ਪਹਿਲਵਾਨ ਸਾਹਿਬ ਇਕ ਬਹੁ-ਪੱਖੀ ਸ਼ਖਸੀਅਤ ਹਨ। ਉਹ ਬਾ-ਰਸੂਖ ਪੁਲਿਸ ਅਫਸਰ, ਜੀਅਦਾਰ ਪਹਿਲਵਾਨ, ਆਗਿਆਕਾਰ ਪੁੱਤਰ, ਪਿਆਰਾ ਵੀਰ, ਮੋਹ ਭਰਿਆ ਪਿਤਾ ਤੇ ਬਹੁਤ ਹੀ ਪਿਆਰਾ ਪਤੀ ਹੈ। ਪਿਆਰ ਤਾਂ ਜਾਣੀ ਇਨ੍ਹਾਂ ਵਿਚ ਕੁੱਟ-ਕੁੱਟ ਕੇ ਭਰਿਆ ਹੋਇਆ ਹੈ...ਕਈ ਬਜੁਰਗਾਂ ਦੇ ਮੂੰਹੋਂ ਇਹ ਸੁਣ ਕੇ ਬੜਾ ਮਜ਼ਾ ਆਉਂਦਾ ਹੈ, ਜਦੋਂ ਉਹ ਕਹਿੰਦੇ ਹਨ, 'ਸੁੱਖਿਆ ਭੁੱਖਿਆ ਤੂੰ ਬਹੁਤ ਪਿਆਰਾ ਹੈਂ!'

ਸੁਖਵੰਤ ਸਿੰਘ ਦੀਆਂ ਤਿੰਨ ਭੈਣਾਂ ਹਨ ਤੇ ਇਕ ਭਰਾ, ਜੋ ਪੱਦੀ ਜਾਗੀਰ ਵਿਚ ਰੁਸਤਮ ਫਾਰਮ 'ਤੇ ਖੇਤੀਬਾੜੀ ਕਰਦੈ। ਵਿਆਹੀਆਂ ਵਰੀਆਂ ਤਿੰਨ ਧੀਆਂ ਤੇ ਇਕ ਪੁੱਤਰ ਹੈ, ਜੋ ਕੈਨੇਡਾ ਦੀ ਆਰ. ਸੀ. ਐਮ. ਪੀ. ਵਿਚ ਕਾਰਪੋਰਲ ਅਫਸਰ ਹੈ। ਉਸ ਦੀ ਪਤਨੀ ਵੀ ਪੁਲਿਸ ਅਫਸਰ ਹੈ। ਦੋ ਪੋਤੇ ਹਨ, ਜੋ ਸਕੂਲ ਜਾਣ ਲੱਗੇ ਹਨ। ਬਾਬਾ ਸੁਖਵੰਤ ਸਿਓਂ ਉਨ੍ਹਾਂ ਨੂੰ ਪੰਜ ਡਾਲਰ ਦੇ ਕੇ ਵਡਿਆ ਲੈਂਦਾ ਹੈ ਤੇ ਕਮਰੇ ਦੀ ਸਾਫ ਸਫਾਈ ਕਰਵਾ ਲੈਂਦਾ ਹੈ। ਪਰਿਵਾਰ ਦਾ ਪੱਕਾ ਟਿਕਾਣਾ ਕੈਨੇਡਾ ਦੇ ਸ਼ਹਿਰ ਸੱਰੀ ਵਿਚ ਹੈ, ਜਦ ਕਿ ਪੱਕਾ ਪਤਾ ਪੱਦੀ ਜਾਗੀਰ, ਜਿਲਾ ਜਲੰਧਰ ਦਾ ਹੀ ਹੈ। ਉਥੇ ਉਨ੍ਹਾਂ ਦਾ ਬੀੜ ਸ਼ੇਰ ਸਿੰਘ ਵਿਖੇ ਰੁਸਤਮ ਫਾਰਮ ਹਾਊਸ ਹੈ। ਸਿਆਲ 'ਚ ਉਹ ਵਤਨੀਂ ਗੇੜਾ ਮਾਰਦੇ ਹਨ।

'ਭਾਰਤ ਦਾ ਪਹਿਲਾ ਸਰਦਾਰ ਹਿੰਦ ਕੇਸਰੀ ਪਹਿਲਵਾਨ ਸੁਖਵੰਤ ਸਿੰਘ' ਕੌਫੀ ਟੇਬਲ ਬੁੱਕ ਵਰਗੀ ਪੁਸਤਕ ਹੈ, ਜਿਸ ਦੇ 204 ਮੋਮੀ ਪੰਨਿਆਂ 'ਤੇ ਪਹਿਲਵਾਨ ਦੇ ਪਰਿਵਾਰ, ਜੀਵਨ, ਨੌਕਰੀ ਅਤੇ ਕੁਸ਼ਤੀਆਂ ਜਿੱਤਣ ਲਈ ਕੀਤੇ ਸੰਘਰਸ਼ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। 40 ਪੰਨੇ ਕਾਲੀਆਂ ਚਿੱਟੀਆਂ ਤਸਵੀਰਾਂ ਤੇ 48 ਪੰਨੇ ਰੰਗਦਾਰ ਤਸਵੀਰਾਂ ਦੇ ਹਨ, ਜਿਨ੍ਹਾਂ ਵਿਚੋਂ ਪਹਿਲਵਾਨ, ਉਨ੍ਹਾਂ ਦੇ ਪਰਿਵਾਰ ਅਤੇ ਹੋਰਨਾਂ ਪਹਿਲਵਾਨਾਂ ਦੇ ਦਰਸ਼ਨ ਦੀਦਾਰ ਹੁੰਦੇ ਹਨ। ਪੁਸਤਕ ਬੜੀ ਰੀਝ ਨਾਲ ਛਾਪੀ ਹੈ। ਨੌਜੁਆਨਾਂ ਲਈ ਇਹ ਪ੍ਰੇਰਨਾ ਦਾ ਸੋਮਾ ਸਿਧ ਹੋ ਸਕਦੀ ਹੈ। ਪੁਸਤਕ ਦੇ ਪਹਿਲੇ ਪੰਨੇ 'ਤੇ ਲਿਖਿਆ ਹੈ: ਵਾਰਸ ਸ਼ਾਹ ਉਹ ਸਦਾ ਹੀ ਜੀਂਵਦੇ ਨੇ, ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ। ਸਮਰਪਣ, ਪਰਮ ਸਤਿਕਾਰਯੋਗ ਸਵਰਗਵਾਸੀ ਸਰਦਾਰ ਭਗਤ ਗੋਬਿੰਦ ਸਿੰਘ ਥਾਣੇਦਾਰ ਸਾਹਿਬ ਨੂੰ, ਜਿਨ੍ਹਾਂ ਦੀ ਲਗਨ ਅਤੇ ਜਨੂੰਨ ਨੇ ਪਹਿਲਵਾਨ ਸਾਹਿਬ ਨੂੰ ਇਸ ਪਦਵੀ 'ਤੇ ਪੁਚਾਇਆ।

ਪੁਸਤਕ ਵਿਚ ਕੁਸ਼ਤੀ ਦੇ ਫਲਸਫੇ ਤੋਂ ਲੈ ਕੇ ਸੁਖਵੰਤ ਸਿੰਘ ਦਾ ਪਰਿਵਾਰਕ ਪਿਛੋਕੜ, ਮੁੱਢਲੀ ਸਿੱਖਿਆ, ਹਾਈ ਸਕੂਲ ਤੇ ਕਾਲਜਾਂ ਦੀ ਸਿੱਖਿਆ ਤੇ ਕੁਸ਼ਤੀ ਦੀ ਸਿੱਖਿਆ ਬਾਰੇ ਵੇਰਵੇ ਨਾਲ ਜਾਣਕਾਰੀ ਦਿੱਤੀ ਹੈ। ਜੀਵਨ ਦੀਆਂ ਖੁਸ਼ੀਆਂ ਗਮੀਆਂ ਸਾਂਝੀਆਂ ਕੀਤੀਆਂ ਹਨ। ਜਿੱਤੀਆਂ ਜਿੱਤਾਂ ਦਾ ਜਲੌਅ ਵਿਖਾਇਆ ਹੈ। ਮੈਡਲਾਂ ਤੇ ਗੁਰਜਾਂ ਦਾ ਜ਼ਿਕਰ ਕੀਤਾ ਹੈ। ਖੇਡ ਸਭਿਆਚਾਰ ਦੀ ਗੱਲ ਕੀਤੀ ਹੈ। ਬੱਚਿਆਂ, ਵਿਦਿਆਥੀਆਂ ਤੇ ਨੌਜੁਆਨਾਂ ਨੂੰ ਸਰੀਰਕ ਕਸਰਤ ਤੇ ਖੇਡਾਂ ਦੇ ਲੜ ਲੱਗਣ ਲਈ ਪ੍ਰੇਰਿਆ ਗਿਆ ਹੈ। ਅਦਬ-ਅਦਾਬ ਦੇ ਗੁਣ ਦੱਸੇ ਹਨ। ਨਫਰਤ ਦੀ ਥਾਂ ਪਿਆਰ ਵੰਡਣ ਦੀ ਪ੍ਰੇਰਨਾ ਹੈ। ਦੀਨ ਤੇ ਦੁਨਿਆਵੀ ਗੱਲਾਂ ਹਨ। ਸੁਖਵੰਤ ਨਿੱਕੀਆਂ ਖੁਸ਼ੀਆਂ ਨਾਲ ਸੰਤੁਸ਼ਟ ਹੋ ਜਾਣ ਵਾਲਾ ਵੱਡਾ ਪਹਿਲਵਾਨ ਹੈ। ਉਹਦੇ ਬਾਰੇ ਅਨੇਕਾਂ ਕਲਮਾਂ ਨੇ ਲੇਖ ਲਿਖੇ। ਕਿਸੇ ਨੇ ਉਸ ਨੂੰ 'ਪਿਆਰ ਦਾ ਵਗਦਾ ਦਰਿਆ' ਕਿਹਾ, ਕਿਸੇ ਨੇ 'ਕੀਮਤੀ ਗੁਣਾਂ ਦਾ ਸੁਮੇਲ' ਤੇ ਕਿਸੇ ਨੇ 'ਹਰਮਨ ਪਿਆਰੀ ਸ਼ਖਸੀਅਤ' ਆਖਿਆ ਹੈ। ਕਿਸੇ ਨੇ 'ਚੀਤੇ ਕੀ ਤਰਹ ਝਪਟਨੇ ਵਾਲਾ ਪਹਿਲਵਾਨ' 'ਬੇਟਾ ਬਾਪ ਸੇ ਸਵਾਇਆ', 'ਬੁਧੀਜੀਵੀ ਪਹਿਲਵਾਨ', 'ਭਾਰਤ ਦਾ ਸਰਦਾਰ ਹਿੰਦ ਕੇਸਰੀ' ਕਿਸੇ ਨੇ ਹਸਮੁੱਖ ਤੇ ਮਿਲਾਪੜੇ ਸੁਭਾਅ ਵਾਲਾ ਤੇ ਕਿਸੇ ਨੇ 'ਪੱਦੀ ਜਾਗੀਰ ਦੇ ਸਰਦਾਰਾਂ ਦਾ ਪੁੱਤ' ਆਦਿ ਦੇ ਸਿਰਲੇਖ ਦਿੱਤੇ ਹਨ।

ਪੁਲਿਸ ਦਾ ਵੱਡਾ ਅਫਸਰ ਬਣ ਕੇ ਅਤੇ ਪਹਿਲਵਾਨੀ ਦੀਆਂ ਗੁਰਜਾਂ ਜਿੱਤ ਕੇ ਵੀ ਉਹ ਆਪਣੇ ਹੱਥੀਂ ਕੰਮ ਕਰਨ ਵੱਲੋਂ ਮੁੱਖ ਨਹੀਂ ਮੋੜਦਾ। ਉਸ ਦੀ ਪਤਨੀ ਨੇ ਲਿਖਿਆ, "ਅਸੀਂ ਮਿਲਣ-ਗਿਲਣ ਲਈ ਦਿੱਲੀਓਂ ਪਿੰਡ ਪਹੁੰਚੇ। ਪਿਤਾ ਜੀ ਇਨ੍ਹਾਂ ਨੂੰ ਖੂਹ 'ਤੇ ਲੈ ਗਏ। ਇਨ੍ਹਾਂ ਨੇ ਡੰਡ ਬੈਠਕਾਂ ਕੱਢੀਆਂ ਤੇ ਹਲਟ ਖਿੱਚਿਆ। ਪਿਤਾ ਜੀ ਵਰਜਿਸ਼ ਦੇਖ ਕੇ ਬਹੁਤ ਖੁਸ਼ ਹੋਏ। ਵਰਜਿਸ਼ ਤੋਂ ਬਾਅਦ ਇਨ੍ਹਾਂ ਦੀ ਮਾਲਸ਼ ਕਰ ਰਹੇ ਸਨ, ਜਦ ਸੀਰੀ ਨੇ ਆ ਕੇ ਦੱਸਿਆ ਕਿ ਰੂੜੀ ਖਿਲਾਰਨ ਵਾਸਤੇ ਦਿਹਾੜੀਦਾਰ ਨਹੀਂ ਮਿਲੇ। ਪਿਤਾ ਜੀ ਕਹਿਣ ਲੱਗੇ, ਸੁੱਖੇ ਫੜ ਕਹੀ ਤੇ ਦਸ ਕੁ ਗੱਡੇ ਰੂੜੀ ਖੇਤਾਂ 'ਚ ਖਿਲਾਰ ਦੇਹ, ਕਿਉਂਕਿ ਸਵੇਰ ਨੂੰ ਖੇਤ ਵਾਹੁਣੇ ਹਨ। ਮੈਂ ਘਰ ਜਾਨਾਂ ਤੇ ਤੇਰੇ ਵਾਸਤੇ ਬਦਾਮਾਂ ਦੀ ਸਰਦਾਈ ਰਗੜ ਕੇ ਲਿਆਉਨਾਂ। ਸਾਡੇ ਘਰ ਅਖਾੜਾ ਗੁੱਡਣ ਵਾਲੀ ਕਹੀ ਬਹੁਤ ਵੱਡੀ ਸੀ। ਸਿਰਫ ਪਹਿਲਵਾਨ ਸਾਹਿਬ ਹੀ ਉਸ ਨੂੰ ਚਲਾ ਸਕਦੇ ਸਨ। ਪਹਿਲਵਾਨ ਸਾਹਿਬ ਤਾਂ ਹਰ ਰੋਜ਼ ਉਸ ਕਹੀ ਨਾਲ ਅਖਾੜਾ ਗੁੱਡਦੇ ਸਨ। ਪਹਿਲਵਾਨੀ ਵਿਚ ਅਖਾੜਾ ਗੁੱਡਣਾ ਵੀ ਵਧੀਆ ਵਰਜਿਸ਼ ਹੈ। ਪਿਤਾ ਜੀ ਦੱਸਦੇ ਹੁੰਦੇ ਸਨ ਕਿ ਪਹਿਲਵਾਨ ਰਹੀਮ ਸੁਲਤਾਨੀ ਵਾਲਾ ਸਿਤਾਰੇ-ਹਿੰਦ ਆਪਣੀ ਸਭ ਤੋਂ ਵੱਧ ਵਰਜਿਸ਼ ਭਾਰੀ ਕਹੀ ਨਾਲ ਅਖਾੜਾ ਗੁੱਡ ਕੇ ਹੀ ਕਰਦਾ ਹੁੰਦਾ ਸੀ।

ਪਹਿਲਵਾਨ ਸਾਹਿਬ ਨੇ ਦੋ ਕੁ ਘੰਟਿਆਂ ਵਿਚ ਸਾਰੀ ਰੂੜੀ ਖੇਤਾਂ ਵਿਚ ਖਿਲਾਰ ਦਿੱਤੀ। ਪਿਤਾ ਜੀ ਬਹੁਤ ਖੁਸ਼ ਹੋਏ ਤੇ ਸ਼ਾਬਾਸ਼ ਦਿੰਦਿਆਂ ਕਿਹਾ ਕਿ ਇਹੋ ਕੰਮ ਦੋ ਦਿਹਾੜੀਆਂ ਨੇ ਪੂਰੀ ਦਿਹਾੜੀ ਵਿਚ ਕਰਨਾ ਸੀ। ਰਿਟਾਇਰ ਹੋਣ ਪਿੱਛੋਂ ਉਹ ਬੱਚਿਆਂ ਪਾਸ ਕੈਨੇਡਾ ਚਲਾ ਗਿਆ, ਜਿਥੇ ਪੂਰਾ ਪਰਿਵਾਰ ਹੀ ਸੈਟਲ ਹੋ ਗਿਆ। ਉਥੇ ਉਹ ਕੋਈ ਨਾ ਕੋਈ ਡਿਊਟੀ ਨਿਭਾਉਂਦਾ ਆ ਰਿਹੈ। ਇਥੋਂ ਤੱਕ ਕਿ 77ਵੇਂ ਸਾਲ ਦੀ ਉਮਰ ਵਿਚ ਵੀ ਆਪਣੇ ਆਪ ਨੂੰ ਰੁਝੇਵੇਂ ਵਿਚ ਰੱਖ ਰਿਹੈ ਤੇ ਪਾਰਟ ਟਾਈਮ ਕੰਮ ਕਰੀ ਜਾ ਰਿਹੈ।

ਸੁਰਿੰਦਰਜੀਤ ਕੌਰ ਲਿਖਦੀ ਹੈ, "ਮੈਂ ਆਪਣੇ ਆਪ ਨੂੰ ਖੁਸ਼ਨਸੀਬ ਸਮਝਦੀ ਹਾਂ ਕਿ ਪਹਿਲਵਾਨ ਸਾਹਿਬ ਨੇ ਪਟਿਆਲੇ ਦੀ ਨੈਸ਼ਨਲ ਚੈਂਪੀਅਨਸ਼ਿਪ ਦੇ ਗੋਲਡ ਮੈਡਲ ਤੋਂ ਬਿਨਾ ਬਾਕੀ ਸਾਰੇ ਕੁਸ਼ਤੀ ਦੇ ਵੱਡੇ ਟਾਈਟਲ, ਗੋਲਡ ਮੈਡਲ ਤੇ ਹੋਰ ਜਿੱਤਾਂ ਸਾਡੀ ਸ਼ਾਦੀ ਹੋਣ ਤੋਂ ਬਾਅਦ ਹੀ ਜਿੱਤੇ ਹਨ ਤੇ ਅੱਜ ਜੋ ਵੀ ਇੱਜ਼ਤ ਮਾਣ, ਸ਼ੁਹਰਤ, ਰੈਂਕ, ਪੈਸਾ ਜੋ ਵੀ ਹੈ, ਇਹ ਸਭ ਪਹਿਲਵਾਨੀ ਦੀ ਹੀ ਦੇਣ ਹੈ।" ਇਸ ਤੱਥ ਨਾਲ ਇਕ ਹੋਰ ਮਿੱਥ ਵੀ ਟੁੱਟ ਜਾਂਦੀ ਹੈ ਕਿ ਕੋਈ ਪਹਿਲਵਾਨ ਵਿਆਹੇ ਵਰੇ ਜਾਣ ਤੇ ਕਬੀਲਦਾਰ ਬਣਨ ਪਿੱਛੋਂ ਤਕੜਾ ਪਹਿਲਵਾਨ ਨਹੀਂ ਰਹਿ ਸਕਦਾ ਜਾਂ ਹੋਰ ਜਿੱਤਾਂ ਨਹੀਂ ਜਿੱਤ ਸਕਦਾ।

ਪਹਿਲਵਾਨ ਸੁਖਵੰਤ ਸਿੰਘ ਸਾਹਿਤ ਪੜ੍ਹਨ ਦਾ ਸ਼ੌਕੀਨ ਹੋਣ ਨਾਲ ਖੋਜੀ ਬਿਰਤੀ ਵਾਲਾ ਖੋਜਾਰਥੀ ਵੀ ਹੈ। ਆਪਣੇ ਪਰਿਵਾਰਕ ਪਿਛੋਕੜ ਬਾਰੇ ਲਿਖਦਾ ਹੈ, "ਮੈਂ ਇਕ ਚੰਗੇ ਜੱਟ ਪਰਿਵਾਰ ਵਿਚ ਪੈਦਾ ਹੋਇਆ। ਇਸ ਪਰਿਵਾਰ ਦਾ ਸਬੰਧ ਪਿੱਛੋਂ ਫੂਲ-ਮਹਿਰਾਜ ਘਰਾਣੇ ਨਾਲ ਹੈ। ਸਾਡੇ ਬਜੁਰਗਾਂ ਦੇ ਏਥੇ ਬਾਈ ਪਿੰਡ ਹਨ। ਇਸੇ ਕਰਕੇ ਇਸ ਇਲਾਕੇ ਨੂੰ ਬਾਹੀਆ ਕਹਿੰਦੇ ਹਨ। ਸਾਡੇ ਵੱਡੇ ਵਡੇਰੇ ਮਾਲਵੇ ਵਿਚੋਂ ਆ ਕੇ ਦੁਆਬੇ ਦੀ ਧਰਤੀ 'ਤੇ ਵਸ ਗਏ। ਵੱਡੇ ਵਡੇਰਿਆਂ ਦੀ ਦੁਆਬੇ ਵਿਚ ਆ ਕੇ ਵਸ ਜਾਣ ਦੀ ਇਕ ਦਿਲਚਸਪ ਕਹਾਣੀ ਹੈ। ਸਾਡੇ ਬਜੁਰਗ ਦੱਸਦੇ ਹਨ ਕਿ ਸਾਡੇ ਸਭ ਤੋਂ ਵੱਡੇ ਬਜੁਰਗ ਸਰਦਾਰ ਸ਼ੇਰ ਸਿੰਘ ਹੁਣਾਂ ਦੀ ਭੂਆ ਸਰਦਾਰਨੀ ਸਾਹਿਬ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਕਰਨਲ ਮੇਘ ਸਿੰਘ ਦੀ ਪਤਨੀ ਸੀ। ਅੰਗਰੇਜ਼ ਉਸ ਵਕਤ ਬੜੀ ਚੜ੍ਹਾਈ ਵਿਚ ਸਨ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਅਤੇ ਘਰ 'ਚ ਫੁੱਟ ਪੈ ਗਈ ਸੀ, ਜਿਸ ਦੇ ਨਤੀਜੇ ਵਜੋਂ ਸਿੱਖ ਫੌਜਾਂ ਹਰ ਰੋਜ਼ ਹਾਰ ਰਹੀਆਂ ਸਨ। ਇਨ੍ਹਾਂ ਲੜਾਈਆਂ ਵਿਚ ਹੀ ਕਰਨਲ ਮੇਘ ਸਿੰਘ ਸ਼ਹੀਦ ਹੋ ਗਏ ਤੇ ਅੰਗਰੇਜ਼ਾਂ ਨੇ ਫਿਲੌਰ ਦੇ ਇਤਿਹਾਸਕ ਕਿਲੇ ਨੂੰ ਘੇਰ ਲਿਆ। ਕਰਨਲ ਮੇਘ ਸਿੰਘ ਦੀ ਰਿਹਾਇਸ਼ ਫਿਲੌਰ ਦੇ ਇਸੇ ਕਿਲੇ ਵਿਚ ਸੀ। ਸਰਦਾਰਨੀ ਸਾਹਿਬ ਕੌਰ ਨੂੰ ਪਤੀ ਦੀ ਮੌਤ 'ਤੇ ਕਿਲੇ ਨੂੰ ਅੰਗਰੇਜ਼ਾਂ ਦੇ ਘੇਰੇ ਦਾ ਪਤਾ ਲੱਗ ਗਿਆ। ਸਰਦਾਰਨੀ ਬਹੁਤ ਹੀ ਦਲੇਰ ਤੇ ਸਮਝਦਾਰ ਔਰਤ ਸੀ। ਸਰਦਾਰਨੀ ਨੇ ਅੰਗਰੇਜ਼ਾਂ ਨਾਲ ਨਿਪਟਨ ਲਈ ਕਿਲੇ ਦੇ ਦਰਵਾਜੇ ਖੁਲ੍ਹਵਾ ਦਿੱਤੇ ਤੇ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੋ ਗਈ। ਅੰਗਰੇਜ਼ ਅਫਸਰ






*ਪਹਿਲਵਾਨ ਸੁਖਵੰਤ ਸਿੰਘ ਅਤੇ (ਸੱਜੇ) ਉਨ੍ਹਾਂ ਦਾ ਪੁੱਤਰ ਤੇ ਨੂੰਹ*

(ਬਾਕੀ ਅਗਲੇ ਸਫੇ 'ਤੇ)

# ਫੁੱਟਬਾਲ ਦੀ ਨਰਸਰੀ ਮਾਹਿਲਪੁਰ ਦੇ ਹਿੱਸੇ ਦਾ ਮੈਰਾਡੋਨਾ

ਸਿਰਲੇਖ ਪੜ੍ਹ ਕੇ ਇੰਜ ਲੱਗੇਗਾ, ਜਿਵੇਂ ਪਿਛਲੇ ਸਾਲ ਇਸ ਫਾਨੀ ਸੰਸਾਰ ਨੂੰ ਸਦੀਵੀ ਯਾਦਾਂ ਦੇ ਕੇ ਰੁਖਸਤ ਹੋਣ ਵਾਲੇ ਮਹਾਨ ਫੁੱਟਬਾਲਰ ਡੀਏਗੋ ਮੈਰਾਡੋਨਾ ਦਾ ਦੁਆਬੇ ਦੇ ਨਿੱਕੇ ਜਿਹੇ ਕਸਬੇ ਮਾਹਿਲਪੁਰ ਨਾਲ ਕੋਈ ਨਿੱਜੀ ਰਾਬਤਾ ਰਿਹਾ ਹੋਵੇ। ਇੰਜ ਬਿਲਕੁਲ ਵੀ ਨਹੀਂ ਹੈ, ਸਗੋਂ ਉਸ ਨੇ ਤਾਂ ਸ਼ਾਇਦ ਇਸ ਕਸਬੇ ਦਾ ਨਾਮ ਵੀ ਨਹੀਂ ਸੁਣਿਆ ਹੋਵੇਗਾ; ਪਰ ਮਾਹਿਲਪੁਰ ਤੇ ਇਸ ਦੇ ਆਲੇ-ਦੁਆਲੇ ਵੱਸਦੇ ਪਿੰਡਾਂ ਵਿਚਲੇ ਜਿਹੜੇ ਕਦੀ ਫੁੱਟਬਾਲ ਗਰਾਊਂਡ ਦੇ ਵਿਚਦੀ ਵੀ ਲੰਘੇ ਹੋਣਗੇ, ਇਸ ਚਮਤਕਾਰੀ ਖਿਡਾਰੀ ਨੂੰ ਜਾਣਦੇ ਹੋ ਸਕਦੇ ਹਨ। ਸ਼ਾਇਦ ਬਹੁਤਿਆਂ ਨੇ ਕਦੇ ਉਸ ਨੂੰ ਖੇਡਦੇ ਕਦੇ ਟੀ. ਵੀ. 'ਚ ਵੀ ਨਾ ਦੇਖਿਆ ਹੋਵੇ ਤੇ



ਜਸਕਰਨ ਸਿੰਘ (ਡਾ.)
ਫੋਨ: 91-98154-80892

ਕਈ ਉਸ ਦੇ ਦੇਸ਼ ਬਾਰੇ ਵੀ ਅਣਜਾਣ ਹੋਣ।

ਭਾਵੇਂ ਹੁਣ ਤਾਂ ਲਗਭਗ ਬਹੁਤ ਸਾਰੇ ਖਿਡਾਰੀਆਂ ਬਾਰੇ ਜਾਣਕਾਰੀ ਕੇਬਲ ਟੀ. ਵੀ. 'ਤੇ ਇੰਟਰਨੈਟ ਦੇ ਮਾਧਿਅਮ ਰਹੀ ਫੁੱਟਬਾਲ ਦੇ ਸ਼ੌਕੀਨਾਂ ਨੂੰ ਹੁੰਦੀ ਹੈ, ਪਰ ਜੇ 20-25 ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਇਸ ਇਲਾਕੇ ਵਿਚ ਖੇਡਦੇ ਸਮੇਂ ਜੇ ਕਿਸੇ ਫੁੱਟਬਾਲਰ ਨੇ ਬਹੁਤੀ ਹਵਾ ਕਰਨ ਲੱਗ ਜਾਣਾ ਤਾਂ ਅਕਸਰ ਮੈਰਾਡੋਨਾ ਦਾ ਵਾਸਤਾ ਦਿੱਤਾ ਜਾਂਦਾ ਸੀ ਕਿ 'ਹੁਣ ਬਹੁਤਾ ਮੈਰਾਡੋਨਾ ਨਾ ਬਣ' ਜਾਂ ਫਿਰ 'ਤੂੰ ਵੱਡਾ ਮੈਰਾਡੋਨਾ ਆ' ਵਗੈਰਾ ਵਗੈਰਾ।

ਹੈਰਾਨੀ ਇਸ ਗੱਲ ਦੀ ਸੀ ਕਿ ਕਈ ਵਾਰੀ ਨਾ ਕਹਿਣ ਵਾਲੇ ਨੂੰ ਪਤਾ ਹੁੰਦਾ ਸੀ ਕਿ ਮੈਰਾਡੋਨਾ ਕੀ ਸ਼ੈਅ ਹੈ ਤੇ ਨਾ ਸੁਣਨ ਵਾਲੇ ਨੂੰ, ਪਰ ਚੰਭਲਿਆ ਖਿਡਾਰੀ ਵੀ ਸੁਰਤ 'ਚ ਆ ਜਾਂਦਾ ਸੀ। ਸ਼ਾਇਦ ਹੁਣ ਵੀ ਇੱਥੇ ਐਦਾਂ ਹੀ ਹੋਵੇ। ਮੈਰਾਡੋਨਾ ਖੇਡਦੇ ਸਮੇਂ 10 ਨੰਬਰ ਦੀ ਜਰਸੀ ਪਾਉਂਦਾ ਸੀ, ਇਹ ਵੀ ਗਰਾਊਂਡ ਜਾਣ ਵਾਲੇ ਲਗਭਗ ਹਰ ਫੁੱਟਬਾਲਰ ਨੂੰ ਪਤਾ ਹੁੰਦਾ ਹੈ। ਇਹ ਸਾਰਾ ਕੁਝ ਇਸ ਇਲਾਕੇ ਵਿਚਲੇ ਲੋਕਾਂ ਦਾ ਇਸ ਖੇਡ ਪ੍ਰਤੀ ਮੋਹ ਤੇ ਇਸ ਖੇਡ ਦੇ ਧੁਨੰਤਰਾਂ ਦਾ ਸਤਿਕਾਰ ਹੈ।

ਖੇਡ ਮਾਹਰਾਂ ਦੁਆਰਾ ਮੈਰਾਡੋਨਾ ਨੂੰ ਪਿਛਲੀ ਸਦੀ ਦੇ ਬਿਹਤਰੀਨ ਫੁਟਬਾਲਰਾਂ ਵਿਚ ਵੀ ਸ਼੍ਰੋਮਣੀ ਮੰਨਿਆ ਜਾਂਦਾ ਹੈ। ਇੱਕ ਸਮੇਂ ਉਸ ਦੀ ਪ੍ਰਸਿੱਧੀ ਉਸ ਦੇ ਗੁਆਂਢੀ ਮੁਲਕ ਫੁੱਟਬਾਲ ਦੇ ਮੱਕਾ ਕਹੇ ਜਾਣ ਵਾਲੇ ਬ੍ਰਾਜ਼ੀਲ ਦੇ ਮਹਾਨ ਖਿਡਾਰੀ ਪੇਲੇ ਨੂੰ ਵੀ ਪਾਰ ਕਰ ਗਈ ਸੀ। ਉਸ ਦੁਆਰਾ 1986 ਦੇ ਵਿਸ਼ਵ ਕੱਪ ਵਿਚ ਸੈਮੀਫਾਈਨਲ ਮੈਚ ਦੌਰਾਨ ਇੰਗਲੈਂਡ ਖਿਲਾਫ ਕੀਤਾ ਗਿਆ 'ਹੈਂਡ ਆਫ ਗੌਡ' ਗੋਲ ਅੱਜ ਵੀ ਬੁਝਾਰਤ ਬਣਿਆ ਹੋਇਆ ਹੈ ਤੇ ਉਹ ਵਿਸ਼ਵ ਕੱਪ ਉਸ ਨੇ ਅਰਜਨਟਾਈਨਾ ਨੂੰ ਆਪਣੇ ਦਮ 'ਤੇ ਜਿੱਤਾ ਦਿੱਤਾ ਸੀ। ਕਈ ਵਾਰ ਤਾਂ ਵਿਰੋਧੀ ਟੀਮ ਦੇ ਸਾਰੇ ਖਿਡਾਰੀ ਰਲ ਕੇ ਵੀ ਇਕੱਲੇ ਮੈਰਾਡੋਨਾ ਨੂੰ ਗੋਲ ਕਰਨ ਤੋਂ ਨਾ ਰੋਕ ਪਾਉਂਦੇ ਤੇ ਉਹ ਸਾਰਿਆਂ ਨੂੰ ਇਕੱਲਾ ਹੀ ਡੌਜ ਦਿੰਦਾ ਹੋਇਆ ਬਾਲ ਨੂੰ ਗੋਲ ਲਾਈਨ ਤੋਂ ਪਾਰ ਕਰ ਆਉਂਦਾ। ਵਿਰੋਧੀ ਖਿਡਾਰੀਆਂ ਦੇ ਸਿਰ ਚਕਰਾਂ ਜਾਂਦੇ ਤੇ ਦੇਖਣ ਵਾਲਿਆਂ ਦੇ ਦੰਦਾਂ ਹੇਠਾਂ ਉਂਗਲੀਆਂ ਆ ਜਾਂਦੀਆਂ।

ਮੁੱਕਦੀ ਗੱਲ, ਉਹ ਆਪਣੇ ਜ਼ਮਾਨੇ 'ਚ ਖੇਡ ਦੁਨੀਆਂ ਦਾ ਜਾਦੂਗਰ ਹੋ ਨਿਬੜਿਆ। ਖੇਡ ਜੀਵਨ ਦੇ ਅੰਤਲੇ ਪੜਾਅ ਦੌਰਾਨ ਉਸ 'ਤੇ ਨਸ਼ਾ ਕਰਕੇ ਖੇਡਣ ਦੇ ਗੰਭੀਰ ਦੋਸ਼ ਵੀ ਲੱਗੇ ਤੇ ਉਸ ਦੇ ਸੁਨਹਿਰੀ ਖੇਡ ਜੀਵਨ-ਕਾਲ ਦਾ ਦੁਖਦਾਈ ਅੰਤ ਹੋਇਆ; ਪਰ ਫਿਰ ਵੀ ਉਸ ਦੇ ਚਾਹੁਣ ਵਾਲਿਆਂ ਨੇ ਉਸ ਦੀ ਨਸ਼ਾ ਸੇਵਨ ਦੀ ਗਲਤੀ ਅੱਗੇ ਵੀ ਉਸ ਦੀ ਮਕਬੂਲੀਅਤ ਨੂੰ ਫਿੱਕਾ ਨਹੀਂ ਪੈਣ ਦਿੱਤਾ। ਉਸ ਦੀ ਖੇਡ ਦੇ ਚਰਚੇ ਵਿਸ਼ਵ ਭਰ 'ਚ ਉਸ ਦੇ ਸਨਿਆਸ ਲੈਣ ਤੋਂ ਬਾਅਦ ਵੀ ਜਾਰੀ ਰਹੇ ਤੇ ਸ਼ਾਇਦ ਉਸ ਦੇ ਇਸ ਫਾਨੀ ਸੰਸਾਰ ਨੂੰ ਛੱਡ ਜਾਣ ਤੋਂ ਬਾਅਦ ਵੀ ਜਾਰੀ ਰਹਿਣਗੇ।

ਮੈਰਾਡੋਨਾ ਆਪਣੀ ਸਮਾਜਵਾਦੀ ਖੱਬੇ ਪੱਖੀ ਰਾਜਨੀਤਕ ਵਿਚਾਰਧਾਰਾ ਕਰਕੇ ਵੀ ਜਾਣਿਆ ਜਾਂਦਾ ਰਿਹਾ ਹੈ। ਉਸ ਦੇ ਦੇਸ਼ ਦਾ ਮਹਾਨ ਇਨਕਲਾਬੀ ਐਰਨੈਸਟੋ ਚੀ ਗਵੇਰਾ ਉਸ ਦਾ ਰੋਲ ਮਾਡਲ ਸੀ। ਇਸ ਕਰਕੇ ਉਹ ਅੱਜ ਦੇ ਬਹੁਤੇ ਖਿਡਾਰੀਆਂ ਵਾਂਗ ਖੇਡ ਤੱਕ ਹੀ ਮਹਿਦੂਦ ਨਹੀਂ ਰਹਿੰਦਾ ਸੀ ਅਤੇ ਨਾ ਹੀ ਸੱਤਾਧਾਰੀਆਂ ਦੀ ਤਰਫਦਾਰੀ ਕਰਦਾ ਸੀ। ਸਗੋਂ ਸਮੇਂ-ਸਮੇਂ 'ਤੇ ਹਕੂਮਤਾਂ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕਰਦਾ। ਭਾਰਤ ਵਿਚ ਫੁੱਟਬਾਲ ਦਾ ਗੜ੍ਹ ਪੱਛਮੀ ਬੰਗਾਲ ਦੀ ਰਾਜਧਾਨੀ ਕਲਕੱਤਾ ਮੰਨਿਆ ਜਾਂਦਾ ਹੈ। ਬੰਗਾਲੀ ਇਸ ਖੇਡ ਨੂੰ ਬੇਤਹਾਅ ਪਿਆਰ ਕਰਦੇ ਹਨ, ਜਿਸ ਦਾ ਮੈਰਾਡੋਨਾ ਨੂੰ ਵੀ ਪਤਾ ਸੀ। ਉਹ ਆਪਣੇ ਜੀਵਨ ਕਾਲ ਦੌਰਾਨ ਦੋ ਵਾਰ ਬੰਗਾਲ ਦੇ ਦੌਰੇ 'ਤੇ ਗਿਆ ਤੇ ਲੋਕਾਂ ਨੇ ਆਪਣੇ ਮਹਿਬੂਬ ਖਿਡਾਰੀ ਨੂੰ ਬੇਹੱਦ ਮਾਣ-ਸਤਿਕਾਰ ਦਿੱਤਾ। ਇਕ ਵਾਰ ਤਾਂ ਉੱਥੋਂ ਦੀ ਕਮਿਊਨਿਸਟ ਸਰਕਾਰ ਨੇ ਉਸ ਨੂੰ ਸ਼ਾਹੀ ਮਹਿਮਾਨ ਵਾਂਗ ਨਿਵਾਜਿਆ ਸੀ।

ਫੁੱਟਬਾਲ ਦੁਨੀਆਂ ਦੀ ਸਭ ਤੋਂ ਹਰਮਨ ਪਿਆਰੀ ਖੇਡ ਹੈ, ਜੋ ਸੰਸਾਰ ਦੇ ਕੋਨੇ ਕੋਨੇ 'ਚ ਖੇਡੀ ਜਾਂਦੀ ਹੈ, ਪਰ ਲਾਤੀਨੀ ਅਮਰੀਕੀ ਦੇਸ਼ਾਂ, ਜਿਨ੍ਹਾਂ ਵਿਚ ਬ੍ਰਾਜ਼ੀਲ, ਅਰਜਨਟਾਈਨਾ, ਪੇਰਾਗੁਏ, ਉਰੂਗੁਏ ਅਤੇ ਮੈਕਸੀਕੋ ਆਦਿ ਨੇ ਇਸ ਖੇਡ 'ਚ ਆਪਣਾ ਦਬਦਬਾ ਰੱਖਿਆ ਹੈ। ਯੂਰਪੀਅਨ ਦੇਸ਼ਾਂ ਨੂੰ ਇਸ ਖੇਡ ਨਾਲ ਇਸ਼ਕ ਹੈ। ਅੱਤ ਦਰਜੇ ਦੀ ਗਰੀਬੀ ਹੰਢਾ ਰਹੇ ਕਈ ਅਫਰੀਕੀ ਦੇਸ਼ ਵੀ ਇਸ ਖੇਡ 'ਚ ਆਪਣਾ ਲੋਹਾ ਮਨਵਾਉਂਦੇ ਹਨ।

ਖੈਰ! ਭਾਰਤ ਵਿਚ ਵੀ ਇਹ ਖੇਡ ਬਹੁਤ ਹਰਮਨ ਪਿਆਰੀ ਹੈ, ਭਾਵੇਂ ਸੰਸਾਰ ਪੱਧਰ 'ਤੇ ਹੁਣ ਅਸੀਂ ਫਾਡੀ ਹੋਈਏ।

ਹੁਣ ਪੰਜਾਬ ਦੀ ਗੱਲ ਕਰੀਏ ਤਾਂ ਇੱਥੋਂ ਦੇ ਜਿਲਾ ਹੁਸ਼ਿਆਰਪੁਰ ਵਿਚਲੇ ਕਸਬੇ ਮਾਹਿਲਪੁਰ ਨੇ ਦੇਸ਼ ਵਿਚ ਫੁੱਟਬਾਲ ਦੇ ਸੁਨਹਿਰੀ ਯੁੱਗ ਵਿਚ ਬਹੁਤ ਯੋਗਦਾਨ ਪਾਇਆ ਹੈ, ਜਦੋਂ ਸਾਡੇ ਦੇਸ਼ ਦੀ ਟੀਮ ਓਲੰਪਿਕਸ ਵਿਚ ਖੇਡਦੀ ਸੀ ਅਤੇ



ਡੀਏਗੋ ਮੈਰਾਡੋਨਾ





ਜਰਨੈਲ ਸਿੰਘ ਪਨਾਮ



ਫੁੱਟਬਾਲ ਦੀ ਨਰਸਰੀ ਮਾਹਿਲਪੁਰ ਵਿਖੇ ਅਭਿਆਸ ਕਰਦੇ ਹੋਏ ਖਿਡਾਰੀ

ਏਸ਼ੀਅਨ ਚੈਂਪੀਅਨਸ਼ਿਪ ਜਿੱਤਦੀ ਸੀ। ਇਹ ਗੱਲ 50ਵਿਆਂ ਤੇ 60ਵਿਆਂ ਦੀ ਹੋਵੇਗੀ। ਉਸ ਤੋਂ ਬਾਅਦ ਸੰਸਾਰ ਪੱਧਰ ਤੇ ਦੇਸ਼ ਵਿਚ ਇਸ ਖੇਡ ਦਾ ਮੁਕਾਮ ਕਾਇਮ ਨਹੀਂ ਰਹਿ ਸਕਿਆ। ਹੁਣ ਤਾਂ ਬਹੁਤੀ ਵਾਰ ਏਸ਼ੀਅਨ ਚੈਂਪੀਅਨਸ਼ਿਪ ਲਈ ਸਾਡੀ ਟੀਮ ਕੁਆਲੀਫਾਈ ਵੀ ਨਹੀਂ ਕਰਦੀ, ਜਿੱਤਣਾ ਤਾਂ ਦੂਰ ਦੀ ਗੱਲ!

ਦੇਸ਼ ਵਿਚ ਤੇ ਪੰਜਾਬ ਵਿਚ ਫੁੱਟਬਾਲ ਦਾ ਪੱਧਰ ਜਿਹੋ ਜਿਹਾ ਵੀ ਰਿਹਾ ਹੋਵੇ ਪਰ ਮਾਹਿਲਪੁਰ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਮੈਰਾਡੋਨਾ ਬਣਨ ਦੀ ਜ਼ਿੱਦ ਜਾਰੀ ਰਹੀ। ਇਸ ਖੇਡ ਨੇ ਕੁਝ ਖਿਡਾਰੀਆਂ ਦੀ ਜ਼ਿੰਦਗੀ ਸੰਵਾਰ ਵੀ ਦਿੱਤੀ। ਪੁਲਿਸ, ਫੌਜ, ਬਿਜਲੀ ਬੋਰਡ ਤੇ ਰੇਲਵੇ ਆਦਿ ਨੇ ਲੋਕਲ ਮੈਰਾਡੋਨਿਆਂ ਨੂੰ ਸਰਕਾਰੀ ਨੌਕਰੀਆਂ ਨਾਲ ਨਿਵਾਜਿਆ ਅਤੇ ਕਈਆਂ ਨੂੰ ਨਾਮੀ ਕਲੱਬਾਂ ਨੇ ਦੌਲਤ ਤੇ ਸ਼ੁਹਰਤ ਵੀ ਖੂਬ ਬਖਸ਼ੀ। ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਫੁੱਟਬਾਲ ਵਿੰਗ ਤੇ ਆਲੇ-ਦੁਆਲੇ ਦੇ ਸਕੂਲ-ਕਾਲਜ ਤੇ ਛੋਟੇ-ਵੱਡੇ ਕਲੱਬ ਇਸ ਖੇਡ ਦੀ ਪ੍ਰਫੁਲਤਾ 'ਚ ਅਹਿਮ ਯੋਗਦਾਨ ਪਾਉਂਦੇ ਆ ਰਹੇ ਹਨ। ਪਿੰਡ ਪੱਧਰ ਦੇ ਟੂਰਨਾਮੈਂਟਾਂ 'ਚ ਵੀ ਕੌਮਾਂਤਰੀ ਪੱਧਰ ਦੇ ਸਿਰਮੌਰ ਖਿਡਾਰੀ ਹਿੱਸਾ ਲੈਂਦੇ ਦੇਖੇ ਜਾ ਸਕਦੇ ਹਨ। ਦਰਸ਼ਕ ਆਪਣੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਆਪਣੇ ਪਸੰਦੀਦਾ ਖਿਡਾਰੀਆਂ ਦੀ ਖੇਡ ਦਾ ਅਨੰਦ ਮਾਣਦੇ ਹਨ। ਇਸ ਖਿੱਤੇ ਤੋਂ ਉਠਦੀਆਂ ਫੁੱਟਬਾਲ ਦੀਆਂ ਤਰੰਗਾਂ ਆਲੇ-ਦੁਆਲੇ ਦੇ ਮੀਲਾਂ ਦੂਰ ਸਾਰੇ ਪਿੰਡਾਂ, ਕਸਬਿਆਂ, ਸ਼ਹਿਰਾਂ ਜਿਵੇਂ ਹੁਸ਼ਿਆਰਪੁਰ, ਫਗਵਾੜਾ, ਬੰਗਾ ਅਤੇ ਗੜ੍ਹਸ਼ੰਕਰ ਆਦਿ ਤੱਕ ਫੈਲੀਆਂ ਹੋਈਆ ਹਨ। ਇਥੋਂ ਤੱਕ ਕਿ ਲੜਕੀਆਂ ਵੀ ਸਕੂਲ ਤੇ ਕਾਲਜ ਪੱਧਰ 'ਤੇ ਇਸ ਖੇਡ 'ਚ ਹਿੱਸਾ ਲੈਂਦੀਆਂ ਹਨ।

ਅਫਸੋਸ! ਇਸ ਇਲਾਕੇ ਦੇ ਬਹੁਤੇ 'ਮੈਰਾਡੋਨੇ' ਦੇਸ਼ ਵਿਚ ਇਸ ਖੇਡ ਦੀ ਬੇਕਦਰੀ ਦੀ ਭੇਟ ਚੜ੍ਹ ਗਏ। ਹਰ ਕੋਈ ਪਨਾਮੀਆ ਜੈਲਾ (ਇਲਾਕੇ ਦਾ ਨਾਮਵਾਰ ਫੁੱਟਬਾਲਰ ਅਰਜਨ ਅਵਾਰਡੀ ਜਰਨੈਲ ਸਿੰਘ ਪਨਾਮ) ਨਾ ਬਣ ਸਕਿਆ। ਘਰਾਂ ਦੀਆਂ ਤੰਗੀਆਂ ਤੁਰਸ਼ੀਆਂ ਪਹਿਲਾਂ ਉਨ੍ਹਾਂ ਨੂੰ ਗਰਾਊਂਡ ਛਡਾ ਦਿੰਦੀਆਂ ਹਨ ਤੇ ਫਿਰ ਕਈ ਵਾਰ ਦੇਸ਼ ਵੀ; ਪਰ ਲੋਕਲ ਪੱਧਰ 'ਤੇ ਇਸ ਖੇਡ ਦੀ ਮਕਬੂਲੀਅਤ ਇਸ ਇਲਾਕੇ ਵਿਚ ਪੀੜ੍ਹੀ-ਦਰ-ਪੀੜੀ ਕਾਇਮ ਹੈ ਤੇ ਵਿਦੇਸ਼ਾਂ 'ਚ ਬੈਠੇ ਇਸ ਖੇਡ ਨੂੰ ਚਾਹੁਣ ਵਾਲੇ ਨਵੇਂ ਉਭਰ ਰਹੇ ਖਿਡਾਰੀਆਂ ਨੂੰ ਟੂਰਨਾਮੈਂਟਾਂ ਦਾ ਆਯੋਜਨ ਕਰਕੇ ਤੇ ਮਾਇਕ ਮਦਦ ਰਾਹੀਂ ਪ੍ਰਫੁਲਤ ਕਰਦੇ ਰਹਿੰਦੇ ਹਨ। ਇਸ ਨਿਰਾਸ਼ਾ ਤੇ ਵਿਦੇਸ਼ ਜਾਣ ਦੀ ਆਪੋਧਾਪੀ ਦੇ ਦੌਰ 'ਚ ਵੀ ਇੱਥੋ ਦੇ ਮੁੱਛ-ਫੁੱਟਾਂ ਨੂੰ ਸ਼ਾਇਦ ਹੁਣ ਵੀ ਮੈਰਾਡੋਨਾ ਤੇ ਪਨਾਮੀਆ ਜੈਲਾ ਬਣਨ ਦੇ ਸੁਪਨੇ ਅਜੇ ਵੀ ਜ਼ਰੂਰ ਆਉਂਦੇ ਹੋਣਗੇ।

# ਪਹਿਲਵਾਨ ਸੁਖਵੰਤ ਸਿੰਘ ਦੀ ਜੀਵਨ ਗਾਥਾ

(ਬਾਕੀ ਅਗਲੇ ਸਫੇ 'ਤੇ)

ਸਰਦਾਰਨੀ ਦੀ ਇਸ ਦਲੇਰੀ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਤੇ ਸਰਦਾਰਨੀ ਨੂੰ ਇਕ ਪਿੰਡ ਜਾਗੀਰ ਵਜੋਂ ਦੇਣ ਦੀ ਪੇਸ਼ਕਸ਼ ਕੀਤੀ। ਸਰਦਾਰਨੀ ਨੇ ਮਨਜ਼ੂਰ ਕਰ ਲਈ ਤੇ ਕਿਲਾ ਛੱਡਣ ਲਈ ਰਜ਼ਾਮੰਦ ਹੋ ਗਈ। ਬਜੁਰਗ ਦਸਦੇ ਹਨ ਕਿ ਸਰਦਾਰਨੀ ਆਪਣਾ ਲਾਮ ਲਸ਼ਕਰ ਅਤੇ ਸੇਵਾਦਾਰਾਂ ਨੂੰ ਲੈ ਕੇ ਕਿਲੇ ਫਿਲੌਰ ਤੋਂ ਗੁਰਾਇਆ ਵੱਲ ਨੂੰ ਚੱਲ ਪਈ। ਗੁਰਾਇਆ ਤੋਂ ਕਰੀਬ ਤਿੰਨ ਕੁ ਮੀਲ 'ਤੇ ਇਕ ਥੇਹ ਆਇਆ, ਜਿਥੇ ਉਨ੍ਹਾਂ ਨੇ ਆਪਣੀਆਂ ਘੋੜੇ ਗੱਡੀਆਂ ਰੋਕ ਕੇ ਪੜਾਅ ਕੀਤਾ। ਇਸ ਥੇਹ ਵਾਲੇ ਪਿੰਡ ਦਾ ਨਾਂ ਪੱਦੀ ਸੀ। ਸਵੇਰੇ ਉੱਠ ਕੇ ਪੱਦੀ ਪਿੰਡ ਦੇ ਲੋਕਾਂ ਨੂੰ ਸਰਦਾਰਨੀ ਦੇ ਸੇਵਾਦਾਰਾਂ ਤੋਂ ਸਾਰਾ ਹਾਲ ਪਤਾ ਲੱਗਾ ਤਾਂ ਪਿੰਡ ਦੇ ਮੋਹਤਬਰ ਬੰਦਿਆਂ ਨੇ ਸਰਦਾਰਨੀ ਨੂੰ ਇਹੋ ਪਿੰਡ ਜਾਗੀਰ ਵਿਚ ਲੈਣ ਲਈ ਕਿਹਾ। ਸਰਦਾਰਨੀ ਨੇ ਇਹ ਗੱਲ ਮੰਨ ਲਈ ਤੇ ਅੰਗਰੇਜ਼ ਸਰਕਾਰ ਨੂੰ ਇਹੋ ਪਿੰਡ ਜਾਗੀਰ ਵਜੋਂ ਦੇਣ ਲਈ ਕਿਹਾ। ਅੰਗਰੇਜ਼ ਸਰਕਾਰ ਨੇ ਇਸ ਪਿੰਡ ਦੇ ਨਾਂ ਨਾਲ ਜਾਗੀਰ ਜੋੜ ਕੇ ਪਿੰਡ ਦਾ ਨਾਂ ਪੱਦੀ ਜਾਗੀਰ ਰੱਖ ਦਿੱਤਾ। ਬਹੁਤ ਦੇਰ ਤਕ ਇਸ ਪਿੰਡ ਨੂੰ ਸਰਦਾਰਨੀ ਦੀ ਪੱਦੀ ਵੀ ਕਹਿੰਦੇ ਰਹੇ ਹਨ।

ਬਜੁਰਗ ਦਸਦੇ ਸਨ ਕਿ ਸਰਦਾਰਨੀ ਦਾ ਇਕ ਹੀ ਬੇਟਾ ਸੀ, ਜਿਸ ਦੀ ਉਮਰ ਉਸ ਵੇਲੇ ਦਸ ਕੁ ਸਾਲ ਦੀ ਸੀ। ਆਪਣੇ ਬੇਟੇ ਦੇ ਨਾਲ ਰਹਿਣ ਲਈ ਸਰਦਾਰਨੀ ਨੇ ਆਪਣੇ ਭਰਾ ਦਾ ਬੇਟਾ ਸ਼ੇਰ ਸਿੰਘ, ਜੋ ਕਰੀਬ ਉਸੇ ਉਮਰ ਦਾ



ਪਹਿਲਵਾਨ ਸੁਖਵੰਤ ਸਿੰਘ ਆਪਣੀ ਪਤਨੀ ਅਤੇ ਪੋਤਿਆਂ ਨਾਲ

ਸੀ, ਪਿੰਡ ਮਹਿਰਾਜ ਤੋਂ ਆਪਣੇ ਕੋਲ ਲੈ ਆਂਦਾ। ਸਰਦਾਰਨੀ ਦੇ ਬੇਟੇ ਦੀ ਬਚਪਨ ਵਿਚ ਹੀ ਮੌਤ ਹੋ ਗਈ। ਕਰਨਲ ਮੇਘ ਸਿੰਘ ਦੇ ਅਸਲੀ ਵਾਰਸ ਦੀ ਮੌਤ ਹੋ ਜਾਣ ਨਾਲ ਅੰਗਰੇਜ਼ ਸਰਕਾਰ ਨੇ ਦਿੱਤੀ ਗਈ ਜਾਗੀਰ ਵਾਪਸ ਲੈ ਲਈ। ਹੁਣ ਸਰਦਾਰਨੀ ਦਾ ਇਕੋ ਇਕ ਸਹਾਰਾ ਉਸ ਦਾ ਭਤੀਜਾ ਸ਼ੇਰ ਸਿੰਘ ਸੀ। ਸਰਦਾਰਨੀ ਨੇ ਆਸ-ਪਾਸ ਦੇ ਪਿੰਡਾਂ ਤੋਂ ਜ਼ਮੀਨ ਖਰੀਦਣੀ ਸ਼ੁਰੂ ਕਰ ਦਿੱਤੀ ਤੇ ਸਰਦਾਰ ਸ਼ੇਰ ਸਿੰਘ ਦੇ ਨਾਂ ਲੁਆਉਣੀ ਸ਼ੁਰੂ ਕਰ ਦਿੱਤੀ। ਪੱਦੀ ਜਾਗੀਰ ਦੇ ਨਾਲ ਦੇ ਬੜੇ ਪਿੰਡ ਤੋਂ 100 ਏਕੜ ਜ਼ਮੀਨ ਖਰੀਦ ਕੇ ਸਰਦਾਰ ਸ਼ੇਰ ਸਿੰਘ ਦੇ ਨਾਂ ਲੁਆਈ, ਜਿਸ ਨੂੰ ਅੱਜ ਵੀ ਬੀੜ ਸਰਦਾਰ ਸ਼ੇਰ ਸਿੰਘ ਕਹਿੰਦੇ ਹਨ। ਇਹ ਬੇ-ਚਿਰਾਗ ਪਿੰਡ ਅੱਜ ਵੀ ਸਰਕਾਰੀ ਨਕਸ਼ੇ ਵਿਚ ਹੈ। ਤੇ ਇਸ ਪਿੰਡ ਦੇ ਸਰਦਾਰ ਸ਼ੇਰ ਸਿੰਘ ਤੋਂ ਬਾਅਦ ਮੇਰੇ ਦਾਦਾ ਜੀ ਸਰਦਾਰ ਉਧੇ ਸਿੰਘ ਲੰਬੜਦਾਰ ਸਨ। ਫਿਰ ਮੇਰੇ ਪਿਤਾ ਜੀ ਲੰਬੜਦਾਰ ਸਨ ਤੇ ਹੁਣ ਮੇਰਾ ਛੋਟਾ ਭਰਾ ਸਰਦਾਰ ਇੰਦਰਰਾਜ ਸਿੰਘ ਲੰਬੜਦਾਰ ਹੈ।

ਸਰਦਾਰ ਸ਼ੇਰ ਸਿੰਘ ਨੇ ਪਿੰਡ ਪੱਦੀ ਜਾਗੀਰ ਦੇ ਉਸ ਥੇਹ ਉਤੇ ਕਿਲਾ ਸਰਦਾਰ ਸ਼ੇਰ ਸਿੰਘ ਬਣਵਾਇਆ ਸੀ। ਇਹ ਕਿਲਾ ਅੱਜ ਤੱਕ ਸਰਦਾਰ ਸ਼ੇਰ ਸਿੰਘ ਦੇ ਪਰਿਵਾਰ ਦੀ ਰਿਹਾਇਸ਼ਗਾਹ ਹੈ। ਇਸੇ ਕਿਲੇ ਵਿਚ ਮੈਂ ਆਪਣਾ ਬਚਪਨ ਗੁਜ਼ਾਰਿਆ ਤੇ ਇਥੇ ਹੀ ਕਸਰਤਾਂ ਕਰਦਾ ਪਹਿਲਵਾਨ ਬਣਿਆ। ਅੱਜ ਵੀ ਮੇਰੀ ਪੱਕੀ ਰਿਹਾਇਸ਼ ਸਰਦਾਰ ਸ਼ੇਰ ਸਿੰਘ ਦੇ ਪਹਿਲੇ ਜੱਦੀ ਘਰ ਵਿਚ ਹੈ। ਸਰਦਾਰ ਸ਼ੇਰ ਸਿੰਘ ਦੇ ਚਾਰ ਬੇਟੇ ਸਨ। ਮੇਰਾ ਪੜਦਾਦਾ ਸਰਦਾਰ ਦਲੀਪ ਸਿੰਘ ਉਨ੍ਹਾਂ ਦਾ ਸਭ ਤੋਂ ਵੱਡਾ ਬੇਟਾ ਸੀ। ਸਾਡੀ ਬੰਸਾਵਲੀ ਇੰਜ ਤੁਰਦੀ ਆ ਰਹੀ ਹੈ- ਸਰਦਾਰ ਸ਼ੇਰ ਸਿੰਘ ਦਾ ਬੇਟਾ ਦਲੀਪ ਸਿੰਘ, ਅੱਗੇ ਉਦੈ ਸਿੰਘ, ਅੱਗੇ ਭਗਤ ਗੋਬਿੰਦ ਸਿੰਘ, ਅੱਗੇ ਸੁਖਵੰਤ ਸਿੰਘ, ਮੇਰਾ ਬੇਟਾ ਸੰਜੀਵਨ ਸਿੰਘ ਤੇ ਉਸ ਦੇ ਬੇਟੇ ਕਾਕਾ ਉਦੈ ਪ੍ਰਤਾਪ ਸਿੰਘ ਤੇ ਕਾਕਾ ਵੀਰ ਪ੍ਰਤਾਪ ਸਿੰਘ।

ਰਾਣੀ ਸਾਹਿਬ ਕੌਰ ਦੀ ਸਮਾਧ ਹਾਲੀ ਵੀ ਸਾਡੇ ਕਿਲੇ ਵਿਚ ਹੈ। ਸਾਡੇ ਪਰਿਵਾਰ ਦੀ ਰਵਾਇਤ ਅਨੁਸਾਰ ਸਾਡੇ ਪਰਿਵਾਰ ਵਿਚ ਜਦ ਲੜਕਾ ਪੈਦਾ ਹੁੰਦਾ ਹੈ ਜਾਂ ਨਵ-ਵਿਆਹੀ ਵਹੁਟੀ ਆਉਂਦੀ ਹੈ ਤਾਂ ਉਸ ਦਾ ਸਭ ਤੋਂ ਪਹਿਲਾਂ ਮਾਤਾ ਦੀ ਸਮਾਧ 'ਤੇ ਮੱਥਾ ਟਿਕਾਇਆ ਜਾਂਦਾ ਹੈ। ਪਿਤਾ ਜੀ ਨੇ ਆਪਣੇ ਪੂਰੇ ਹੋਣ ਤੋਂ ਪਹਿਲਾਂ ਹੀ ਸਾਨੂੰ ਦੋਹਾਂ ਭਰਾਵਾਂ ਨੂੰ ਬਿਠਾ ਕੇ ਜ਼ਮੀਨ, ਜਾਇਦਾਦ, ਘਰ ਬਾਰ, ਸਭ ਕੁਝ ਵੰਡ ਦਿੱਤਾ ਸੀ। ਪਰਮਾਤਮਾ ਦਾ ਸੱਦਾ ਆਉਣ 'ਤੇ ਉਹ ਚਲੇ ਗਏ। ਇਹ ਸੱਚ ਹੈ ਕਿ ਮਾਪਿਆਂ ਦੀ ਛਾਂ ਸਿਰਾਂ 'ਤੇ ਸਦਾ ਨਹੀਂ ਰਹਿੰਦੀ। ਮੇਰੇ ਮਾਤਾ ਜੀ ਵੀ ਸਦੀਵੀ ਵਿਛੋੜਾ ਦੇ ਗਏ। ਕਿਸੇ ਨੇ ਸੱਚ ਹੀ ਕਿਹਾ ਹੈ: ਤਿੰਨ ਰੰਗ ਨਹੀਂ ਲੱਭਣੇ-ਹੁਸਨ, ਜੁਆਨੀ, ਮਾਪੇ; ਤਿੰਨ ਰੰਗ ਨਹੀਂ ਲੱਭਣੇ...। ਤੇ ਇਹ ਪੁਸਤਕ ਇਨ੍ਹਾਂ ਸ਼ਬਦਾਂ ਨਾਲ ਸੰਤੋਖੀ ਗਈ, "ਜੇ ਦੇਖਾਂ ਤੇਰੀ ਰਹਿਮਤ ਵੱਲੇ, ਤਾਂ ਬੱਲੇ ਈ ਬੱਲੇ, ਬੱਲੇ ਈ ਬੱਲੇ!"

# ਕਾਵਿ-ਜਗਤ

## ਵਾਰ ਕਿਸਾਨਾਂ ਦੀ

ਸੁਣ ਵੀਰ ਜਵਾਨਾਂ ਯੋਧਿਆ,
ਤੂੰ ਅੰਨ ਦਾਤਾ ਕਿਰਸਾਨ
ਤੇਰਾ ਜੇਰਾ ਵਾਂਗ ਹਿਮਾਲਿਆ,
ਤੇਰੀ ਅੰਬਰਾਂ ਤੀਕ ਉਡਾਣ
ਤੂੰ ਹਿੰਦੂ ਸਿੱਖ ਈਸਾਈ ਨਹੀਂ,
ਤੂੰ ਨਾ ਹੀ ਮੁਸਲਮਾਨ
ਤੇਰੀ ਇੱਕੋ ਹੀ ਪਹਿਚਾਣ ਹੈ,
ਤੇਰਾ ਦੀਨ ਤੇਰਾ ਈਮਾਨ।

ਤੂੰ ਮਾਂ ਧਰਤੀ ਦਾ ਲਾਡਲਾ,
ਤੇਰੇ ਕਦਮਾਂ ਵਿਚ ਤੂਫਾਨ
ਤੇਰੇ ਡੌਲੇ ਜਦ ਵੀ ਫਰਕਦੇ,
ਹਿੱਲ ਜਾਂਦਾ ਏ ਅਸਮਾਨ
ਅੱਜ ਲੱਗਾ ਹਾਕਮ ਦੇਸ਼ ਦਾ,
ਪਈ ਕਰਦੀ ਏ ਧੱਕ ਧੱਕ
ਤੂੰ ਡਿਗਣੈ ਜਦ ਅਸਮਾਨ ਤੋਂ,
ਤੇਰਾ ਟੁੱਟ ਜਾਣਾ ਏ ਲੱਕ।

ਸਮਾਂ ਯੁਗ ਪਲਟਾਊ ਆ ਗਿਐ,
ਅਸੀਂ ਬਦਲਾਂਗੇ ਇਤਿਹਾਸ
ਤੇਰੀ ਬੀ. ਜੇ. ਪੀ. ਦੇ ਨਾਲ ਹੀ,
ਤੇਰਾ ਹੋ ਜਾਣੈ ਸੱਤਿਆਨਾਸ
ਬੜਾ ਉਡਿਐਂ ਵਿਚ ਅਸਮਾਨ ਦੇ,
ਹੁਣ ਕਰ ਧਰਤੀ 'ਤੇ ਵਾਸ
ਚਾਹ ਵੇਚੀਂ ਵਿਚ ਟ੍ਰੇਨ ਦੇ,
ਤੈਨੂੰ ਚਾਹ ਹੀ ਆਉਣੀ ਰਾਸ।

ਤੈਨੂੰ ਦੁਨੀਆਂ ਰਹੀ ਸਮਝਾਂਵਦੀ,
ਛਡ ਮੋਦੀਆ ਚੁੱਕਣੀ ਅੱਤ
ਤੂੰ ਬੰਦਾ ਬਣ ਨਾ ਸਕਿਆ,



ਤੇਰੀ ਤਾਕਤ ਨੂੰ ਅਜਮਾਉਣ
ਇੰਝ ਲਗਦਾ ਮੋਦੀ ਸਮਝਦੈ,
ਉਹਦੇ ਬਾਪ ਦਾ ਹਿੰਦੁਸਤਾਨ।

ਸਾਡੀ ਮਾਂ ਧਰਤੀ ਵੱਲ ਵੇਖਿਐ,
ਉਹਨੇ ਟੇਢੀ ਨਜ਼ਰ ਉਠਾਲ
ਅੰਬਾਨੀ ਅਤੇ ਅਡਾਨੀ ਜਿਹੇ,
ਰਲੇ ਚੋਰ ਉਚੱਕੇ ਨਾਲ
ਇਸ ਮਹਾਮਾਰੀ ਦੇ ਦੌਰ ਵਿਚ,
ਚੱਲੀ ਚਵਲਾਂ ਭੈੜੀ ਚਾਲ
ਲਾਗੂ ਕੀਤਾ ਕਾਲੇ ਕਾਨੂੰਨ ਨੂੰ,
ਆਇਆ ਦੁਨੀਆਂ ਵਿਚ ਭੁਚਾਲ।

ਦੋ ਐਮ. ਪੀ. ਮੇਰੇ ਪੰਜਾਬ ਦੇ,
ਸੁੱਖਾ ਅਮਲੀ, ਸਿਮਰੋ ਕੰਗਾਲ
ਰਹੇ ਤਲਵੇ ਮੋਦੀ ਦੇ ਚੱਟਦੇ,
ਨਹੀਂ ਕੀਤਾ ਕੋਈ ਸਵਾਲ
ਪਿਛੋਂ ਦੇ ਅਸਤੀਫੇ ਬੈਠ ਗਏ,
ਮੂੰਹ ਢੱਕ ਲਏ ਨਾਲ ਰੁਮਾਲ
ਜਦੋਂ ਰੱਬ ਨੇ ਮਾਰਾਂ ਮਾਰੀਆਂ,
ਕਿਸੇ ਪੁਛਣਾ ਨਹੀਂ ਫਿਰ ਹਾਲ।

ਦਿੱਲੀ ਕਿਰਸਾਨਾਂ ਘੇਰ ਲਈ,
ਚਾਰੇ ਪਾਸਿਓਂ ਘੇਰਾ ਪਾ
ਭਾਰਤ ਦੀਆਂ ਦਸਾਂ ਦਿਸ਼ਾਵਾਂ 'ਚੋਂ,
ਗਿਆ ਹੜ੍ਹ ਕਿਰਸਾਨੀ ਦਾ ਆ
ਬੁਢੇ ਬਾਪੂ ਤੇ ਮਾਂਵਾਂ ਤੁਰ ਪਏ,
ਨਾਲੇ ਤੁਰ ਪਏ ਭੈਣ ਭਰਾ
ਹੱਕ ਲੈ ਕੇ ਮੁੜਾਂਗੇ ਘਰਾਂ ਨੂੰ,
ਲਈਆਂ ਸਭ ਨੇ ਕਸਮਾਂ ਖਾ।

ਤੂੰ ਹਿਟਲਰਾ ਦਿੱਲੀ ਨੂੰ ਜਾਂਦੀਆਂ,
ਸਭ ਸੜਕਾਂ ਦਿੱਤੀਆਂ ਪੁਟਾ
ਕਿਤੇ ਪੱਥਰ ਧਰੇ ਲਿਆ ਕੇ,
ਕਿਤੇ ਬੈਰੀਅਰ ਦਿੱਤੇ ਲਾ
ਅੰਨ ਦਾਤੇ ਵੀਰ ਕਿਸਾਨ ਨੇ,
ਦਿੱਤੇ ਵਾਂਗ ਗੁਬਾਰਿਆਂ ਉਡਾ
ਚਾਰੇ ਪਾਸਿਓਂ ਦਿੱਲੀ ਘੇਰ ਕੇ,
ਲਿਆ ਬੇਗਮ ਪੁਰਾ ਵਸਾ।

ਗੱਲ ਸੁਣ ਵੇ ਜਾਲਮ ਮੋਦੀਆ,
ਅਸੀਂ ਜਾਣਾ ਏ ਲੈ ਕੇ ਹੱਕ
ਤੈਨੂੰ ਦੁਨੀਆਂ ਪਾਊ ਲਾਹਨਤਾਂ,
ਤੇਰੀ ਵੱਢ ਕੇ ਜਾਣੀ ਨੱਕ
ਤੇਰੀ ਛਾਤੀ ਛੱਪਨ (56) ਇੰਚ ਦੀ,
ਤੇਰੀ ਰੱਬ ਨੇ ਮਾਰੀ ਮੱਤ
ਤੂੰ ਕਿਰਤੀ ਤੇ ਕਿਰਸਾਨ ਦੀ,
ਪੀਤੀ ਰੱਜ ਕੇ ਪਾਪੀਆ ਰੱਤ
ਗਲੀਆਂ ਵਿਚ ਧੱਕੇ ਖਾਏਂਗਾ,
ਤੇਰੇ ਸਿਰ 'ਤੇ ਨਾ ਰਹਿਣੀ ਛੱਤ।

ਗੱਲ ਸੁਣ ਵੇ ਜਾਲਮ ਮੋਦੀਆ,
ਤੈਨੂੰ ਕਹਿੰਦੇ ਨੇ ਕਿਰਸਾਣ
ਊਧਮ, ਭਗਤ, ਸਰਾਭੇ, ਸੂਰਮੇ,
ਤੈਨੂੰ ਆਏ ਨੇ ਸਮਝਾਣ
ਇਹ ਜੋ ਬੈਠੇ ਦਿੱਲੀ ਘੇਰ ਕੇ,
ਤੇਰੇ ਘਰ ਆਇਆ ਭਗਵਾਨ
'ਸੁਰਜੀਤ' ਅਵਾਜਾਂ ਦੇਂਵਦੀ,
ਕਰ ਇਨ੍ਹਾਂ ਦਾ ਸਨਮਾਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਅੱਜ ਦਾ ਕਿਸਾਨ

ਸੱਤਰ ਸਾਲ ਵਿਚ ਉਤ ਤੈਂ ਸੋਚਿਆ ਨਾ
ਸਦਾ ਨਹੀਂ ਜੇ ਸੱਤਾ ਦੀ ਝੜੀ ਰਹਿਣੀ।
ਕੋਈ ਰੋਜ਼ ਤੂੰ ਚੱਜ ਦਾ ਕੰਮ ਕਰ ਲੈ
ਕੋਟੋ ਸਦਾ ਨੀਂ ਦਫਤਰੀਂ ਜੜੀ ਰਹਿਣੀ।
ਲੋਕ ਭਲਾਈ ਤੇ ਦਇਆ ਦੇ ਦਮ ਭਰ ਲੈ
ਤਿੱਕੜੀ ਨਾਲ ਨਹੀਂ ਸਦਾ ਹੀ ਖੜ੍ਹੀ ਰਹਿਣੀ।

ਤਾਨਾਸ਼ਾਹੀ ਤੋਂ ਭੋਰਾ ਗੁਰੇਜ ਕਰ ਲੈ
ਭੀੜਾਂ ਉੱਠੀਆਂ ਜਰਾ ਨੀ ਤੜੀ ਰਹਿਣੀ।
ਪੈਰ ਧਰਦਾ ਐਂ ਜਿਵੇਂ ਫਕੀਰੀਆਂ ਵਿਚ
ਜਨਤਾ ਖਿਚਿਆ ਇਕ ਨੀ ਫੜੀ ਰਹਿਣੀ।
ਨਿੱਤ ਨਵੇਂ ਜੋ ਦੇਸ਼ ਦੀ ਸੈਰ ਚੜ੍ਹਦਾ ਐਂ
ਆਪਣੇ ਦੇਸ਼ ਵਿਚ ਤੇਰੀ ਨੀ ਮੜ੍ਹੀ ਰਹਿਣੀ।

ਆਖਰ ਉਮਰ ਦੀ ਡੋਰ ਨੇ ਟੁੱਟ ਜਾਣਾ
ਗੁੱਡੀ ਸਦਾ ਨੀ ਜੱਗ 'ਤੇ ਚੜ੍ਹੀ ਰਹਿਣੀ।
ਦੇਹ ਮਲੰਗਾਂ ਨੂੰ ਦੇਸ਼ ਬਰਬਾਦ ਕਰ'ਤਾ
ਜਮਹੂਰੀਅਤ ਜਾਗੀ ਤਾਂ ਛੜੇ ਨਾ ਛੜੀ ਰਹਿਣੀ।
ਦੋ ਜਹਾਜ ਜੋ ਨਵੇਂ ਨੋਟਾਂ ਦੇ ਭਰੀ ਬੈਠੈਂ
ਨਹੀਂ ਉਡਣੇ ਮਾਇਆ ਵਿਚ ਸੜੀ ਰਹਿਣੀ।

ਲੋਕ ਰੂਪ ਹਨ ਰੱਬ ਦਾ ਚਰਨ ਫੜ ਲੈ
ਰਿਹਾ ਆਕੜਿਆ ਫਿਰ ਨੀ ਘੜੀ ਰਹਿਣੀ।
'ਸੰਦੀਪ' ਬੀਬਾ ਤੂੰ ਬਾਲ ਲੈ ਦੀਪ ਸੱਚ ਦਾ
ਸੱਚ ਦੇ ਦੀਪ ਨਾ ਝੂਠ ਦੀ ਝੜੀ ਰਹਿਣੀ।

*-ਸੰਦੀਪ ਕੌਰ*
*ਫੋਨ: 209-851-1716*

## ਅਮੇਲਿਆਂ ਦਾ ਮੇਲਾ

ਅਸੀਂ ਸਦੀਆਂ ਸਦੀਆਂ ਤੋਂ, ਹਰ ਯੁੱਗ ਵਿਚ
'ਭਾਰਤ' ਸ਼ਬਦ ਦੇ ਅਰਥਾਂ ਦਾ ਬੂਟਾ ਉਗਾਉਣ ਲਈ
ਆਪਣਾ ਖੂਨ ਪਸੀਨਾ ਬੀਜਦੇ ਰਹੇ,
ਉਮਰਾਂ ਸੰਗ ਸਿੰਜਦੇ,
ਤੇ ਪਲ ਪਲ ਜਾਨਾਂ ਦਾ ਖਾਦ ਪਾਉਂਦੇ ਰਹੇ।
ਅਰਥਾਂ ਦੇ ਬੂਟੇ ਦੇ ਫਲਾਂ ਨੂੰ ਸੰਨ੍ਹਾਂ ਲੱਗਦੀਆਂ 'ਤੇ
ਅਸੀਂ ਕੰਮਾਂ ਭੰਨੇ 'ਤੇ ਸੌਦੇ ਰਹੇ, ਮੇਲੇ ਲਗਾਉਂਦੇ ਰਹੇ।

ਹਾਂ, ਉਹ ਮੇਲਾ ਸੀ
ਜਿਸ ਵਿਚ ਉਹਦੇ ਚਾਲਕ ਇੱਕੋ ਥਾਂ ਬੈਠੇ
'ਕੱਲ੍ਹ', 'ਅੱਜ' ਤੇ 'ਕੱਲ੍ਹ' ਦੇ ਚੱਕਰਵਿਊ ਵਿਚ
ਸਮੇਂ ਨੂੰ ਦੂਹਾ-ਦੂਹ ਦੌੜਾਉਂਦੇ ਰਹੇ,
ਤੇ ਸਮੇਂ ਹੱਥ ਥਮਾ ਕੇ ਹੱਕਾਂ ਦੀ ਲੁੱਟ ਦੇ ਛੈਣੇ
ਲੋਕਤਾ ਦੇ ਪਿੰਡੇ 'ਤੇ ਵਰ੍ਹਾਉਂਦੇ।
ਅਸੀਂ ਆਉਣ ਵਾਲੇ ਕੱਲ੍ਹ ਨੂੰ
ਭਵਿੱਖ ਸਮਝ ਕੇ ਅਤੀਤ ਹੰਢਾਉਂਦੇ ਰਹੇ,
ਸਮੇਂ ਦੇ ਵਰ੍ਹਦੇ ਛੈਣੇ ਖਾ ਖਾ
ਅਤੀਤ ਦੀ ਆ ਰਹੀ ਹਵਾ ਵਿਚ ਝੂਲਦੇ
ਇੱਕ ਦੂਜੇ ਦੇ ਗਲਮਿਆਂ ਨੂੰ ਹੱਥ ਪਾਉਂਦੇ ਰਹੇ।

ਉਹ ਮੇਲਾ, ਜਿਸ ਵਿਚ ਪੀਰ-ਫਕੀਰ, ਬਲੀ-ਪੈਗੰਬਰ
ਇਤਿਹਾਸ, ਮਿਥਿਹਾਸ ਸ਼ਾਮਲ ਸਨ,
ਇਹ ਸਭ ਤੇ ਕੱਲ੍ਹ, ਅੱਜ ਤੇ ਕੱਲ੍ਹ ਦਾ ਤ੍ਰੈਲੋਕ
ਇੱਕਮੁੱਠ ਸਾਥ ਸਾਥ ਸ਼ਾਮਲ ਸਨ।
ਅੱਜ ਵਿਚ ਲੱਗਿਆ ਐਸਾ ਮੇਲਾ
ਭਲਕ ਦੇ ਡੁੱਬਣ ਲਈ ਖੂਹ ਹੁੰਦਾ ਹੈ,
ਜਿਸ ਵਿਚ ਅੱਜ ਦੀਆਂ ਅੱਖਾਂ ਸਾਹਵੇਂ
ਭਵਿੱਖ ਫਨਾਹ ਦੂਹੋ-ਦੂਹ ਹੁੰਦਾ ਹੈ।

ਭੁੱਖਾਂ ਲਈ ਖੁਦ ਦੋਸ਼ੀ ਠਹਿਰਾਇਆ
ਮਨੁੱਖ ਦਾ ਪਾਪੀ ਪੇਟ ਸ਼ਾਮਲ ਹੁੰਦਾ ਹੈ,
ਧਰਮ ਤੇ ਦੇਸ਼-ਭਗਤੀ ਓਹਲੇ
ਇਨਸਾਫ ਤੇ ਹੱਕਾਂ ਦਾ ਮਲੀਆ-ਮੇਟ ਸ਼ਾਮਲ ਹੁੰਦਾ ਹੈ।
ਇੱਦਾਂ ਦੇ ਮੇਲੇ ਵਿਚ ਬੜਾ ਕੁਝ ਸ਼ਾਮਲ ਹੁੰਦਾ ਹੈ,
ਕਿਰਤ ਦੀ ਲੁੱਟ ਤੇ ਜ਼ੁਲਮ ਵਿਰੁੱਧ ਖੁਦਕਸ਼ੀ ਦਾ ਆਲਮ ਹੁੰਦਾ ਹੈ,
ਪਰ ਜ਼ੁਲਮ ਵਿਰੁੱਧ ਦੁਹਾਈ ਸ਼ਾਮਲ ਨਹੀਂ ਹੁੰਦੀ,
ਹੱਕਾਂ ਲਈ ਲੜਾਈ ਸ਼ਾਮਲ ਨਹੀਂ ਹੁੰਦੀ।

ਜਿਸ ਕੌਮ ਨੇ ਐਸੇ ਮੇਲਿਆਂ ਦਾ ਮੇਲਾ
ਸਦੀਆਂ ਤੋਂ ਹੰਢਾਇਆ ਹੋਵੇ,
ਉਸ ਕੌਮ ਦੇ ਇਤਿਹਾਸ ਦੇ ਪਹੀਆ
ਮੁੱਦਤਾਂ ਤੋਂ ਹੋ ਚੁੱਕਾ ਜਾਮ ਹੁੰਦਾ ਹੈ,
ਉਹਦਾ ਕੱਲ੍ਹ 'ਸਤਯੁੱਗ' ਹੁੰਦਾ ਹੈ, ਅੱਜ 'ਕਲਯੁੱਗ' ਹੁੰਦਾ ਹੈ,
ਭਲਕ ਦਾ ਨਹੀਂ ਕੋਈ ਨਾਮੋ ਨਿਸ਼ਾਨ ਹੁੰਦਾ ਹੈ।

ਅਸੀਂ ਕੰਮਾਂ ਭੰਨੇ,
ਸਦੀਆਂ ਤੋਂ ਲੱਗਦੀਆਂ ਕਿਰਤ ਨੂੰ ਸੰਨ੍ਹਾਂ ਉੱਪਰ
ਸੌਂਦੇ ਰਹੇ, ਮੇਲੇ ਲਗਾਉਂਦੇ ਰਹੇ,
ਹੁਣ ਜਦ ਤੁਸੀਂ ਆਪੇ ਹੀ ਆਪਣੇ ਖੇਤੀ ਕਾਨੂੰਨਾਂ ਉੱਪਰ
ਅੱਜ ਦੇ ਚੋਰਾਂ ਦਾ ਸਿਰਨਾਵਾਂ ਲਿਖ ਕੇ
ਆਪਣੇ ਜੁਰਮ ਦਾ ਇਕਬਾਲ ਕੀਤਾ ਹੈ,
ਤਾਂ ਪੜ੍ਹ ਕੇ ਇਬਾਰਤ ਸਮੇਂ ਨੇ, ਵਿਰਸੇ 'ਚੋਂ ਖਿੱਚ ਕੇ ਸ਼ਕਤੀ
ਸਦੀਆਂ ਤੋਂ ਅੜੇ ਹੋਏ ਸਾਡੇ ਕਦਮਾਂ ਨੂੰ
ਮੁੜ ਸਫਰ 'ਤੇ ਚਾੜ੍ਹ ਦਿੱਤਾ ਹੈ।

ਪੀੜ੍ਹੀ ਦਰ ਪੀੜ੍ਹੀ ਹਿੱਕਾਂ ਵਿਚ ਦੱਬੇ
ਅਸਮਾਨਾਂ ਨੂੰ ਸਿਰਾਂ 'ਤੇ ਤਣ ਕੇ,
ਅੱਜ ਦੇ ਹਾਣ ਦੇ ਬਣ ਕੇ,
ਖੇਤਾਂ ਤੋਂ ਦਿੱਲੀ ਤੱਕ, ਸਦੀਆਂ ਦਾ ਫਾਸਲਾ
ਚੰਦ ਘੰਟਿਆਂ ਵਿਚ ਤੈਅ ਕਰ ਕੇ,
ਰੁਕ ਗਏ ਇਤਿਹਾਸ ਦੀ ਸਰਦਲ 'ਤੇ ਆਏ ਹਾਂ
ਸਦੀਆਂ ਲੰਬੇ ਅਨਘਟੇ ਅੰਦੋਲਨ ਨੂੰ ਰੂਹਾਂ ਵਿਚ ਭਰ ਕੇ।

ਇਹ ਅੰਦੋਲਨ ਜਿਸ ਨੇ ਆ
ਦਿੱਲੀ ਦਾ ਬੂਹਾ ਖੜਕਾਇਆ ਹੈ,
ਇਹ ਜੋ ਕੌਮ ਦੇ ਪੇਸ਼ਾਵਰ ਲੀਡਰਾਂ ਨੂੰ
ਉਲੰਘ ਕੇ ਆਇਆ ਹੈ,
ਉਹ ਤ੍ਰੈਕਾਲਾਂ ਦਾ ਮੇਲਾ ਨਹੀਂ
ਜਿੱਦਾਂ ਅੱਜ ਵਿਚ ਭਟਕਦੀ ਅਤੀਤ ਦੀ ਅੱਖ ਦੇ
ਨਜ਼ਰ ਆਇਆ ਹੈ, ਜੋ ਅਸੀਂ ਸਦੀਆਂ ਤੋਂ ਹੰਢਾਇਆ ਹੈ।

ਇੱਕ ਅਰਸੇ ਤੋਂ ਕਈ ਯੁੱਗ ਸਾਥ ਸਾਥ ਰਹੇ ਚਲਦੇ
ਦਿੱਲੀ ਦੀਆਂ ਸੜਕਾਂ 'ਤੇ,
ਕਾਰਾਂ, ਬੰਦਿਆਂ ਵਲੋਂ ਖਿੱਚੇ ਜਾ ਰਿਕਸ਼ੇ
ਤੇ ਅਵਾਰਾ ਗਾਂਵਾਂ ਦਾ ਰੂਪ ਧਾਰ ਕੇ,
ਇਤਿਹਾਸ ਦੀ ਜਿਸ ਅੱਖ ਵਿਚ
ਸੁੱਕੀਆਂ ਮਿਰਚਾਂ ਬਣ ਲੜਦੇ,
ਉਸ ਅੱਖ ਦੀ ਨਜ਼ਰੇ, ਇਹ ਅੰਦੋਲਨ ਜਿਸ ਨੇ ਆ
ਦਿੱਲੀ ਦੇ ਬੂਹੇ 'ਤੇ ਡੇਰਾ ਲਾਇਆ ਹੈ,
ਇਹ ਤ੍ਰੈਕਾਲਾਂ ਦਾ ਮੇਲਾ ਨਹੀਂ,
ਇਹਦੇ ਵਿਚ ਅਮੇਲਿਆਂ ਦਾ ਮੇਲਾ ਸਮਾਇਆ ਹੈ।

ਅਮੇਲਿਆਂ ਦੇ ਇਸ ਮੇਲੇ ਵਿਚ,
ਅਸਾਡੀਆਂ ਰੂਹਾਂ 'ਤੇ ਸਵਾਰ
ਜ਼ੁਲਮ ਦੇ ਖਿਲਾਫ, ਹੱਕਾਂ ਲਈ ਹਰ ਅਨ-ਲੜੀ ਲੜਾਈ ਦੇ
ਉਲਾਂਵੇ ਦਾ ਨਿਸ਼ਾਨ ਸ਼ਾਮਲ ਹੈ,
ਇਹਦੇ ਵਿਚ ਭਾਣੇ ਮੰਨਣ ਲਈ ਵੱਟੀ ਹੋਈ
ਸਦੀਆਂ ਲੰਬੀ ਕਸੀਸ ਵਿਚ ਡੱਕਿਆ ਤੂਫਾਨ ਸ਼ਾਮਲ ਹੈ,
ਇਹਦੇ ਵਿਚ ਸਦੀਆਂ ਤੋਂ ਹੋਰਾਂ ਲਈ ਹੋਣੀਆਂ ਘੜਦੇ
ਨਾ-ਹੋਣਿਆਂ ਦੀਆਂ ਹੋਣੀਆਂ ਦਾ ਹਰ ਸੁਆਲ ਸ਼ਾਮਲ ਹੈ,
ਏਸੇ ਲਈ ਤਾਂ ਇਹਦੇ ਵਿਚ ਹਰ ਕਿਰਤੀ ਕਿਰਸਾਨ
ਬਜ਼ੁਰਗ, ਬਾਲ, ਜਵਾਨ, ਮੁਟਿਆਰ ਸ਼ਾਮਲ ਹੈ,
ਹੱਕ ਸੱਚ ਦੀ ਸੋਚ ਤੇ ਕਲਮ ਦੀ
ਮਨੁੱਖਤਾ ਦੇ ਦੋਖੀਆਂ ਨੂੰ ਪੈਂਦੀ ਮਾਰ ਸ਼ਾਮਲ ਹੈ।
ਅਮੇਲਿਆਂ ਦੇ ਇਸ ਮੇਲੇ ਵਿਚ
ਮਨੁੱਖ ਦਾ ਹੋਣੇ, ਜੀਣੇ ਤੇ ਕਿਰਤ ਦਾ
ਹਰ ਅਧਿਕਾਰ ਸ਼ਾਮਲ ਹੈ,
ਤਾਂਹੀਓਂ ਤਾਂ ਇਸ ਵਿਚ ਸਾਰਾ ਸੰਸਾਰ ਸ਼ਾਮਲ ਹੈ।

ਅਮੇਲਾ ਹੈ
ਸਦੀਆਂ ਤੋਂ ਅਧੂਰੇ ਲਟਕਦੇ ਆ ਰਹੇ ਕਾਰਜ ਨਿਭਾਉਣ ਦਾ,
ਸਾਡੇ ਸਤਿਕਾਰ ਪਾਤਰ ਉਹ, ਅੰਤਮ ਕ੍ਰਿਆਵਾਂ ਦੇ ਹੱਕਦਾਰ ਜੋ
ਮੋਢਿਆਂ 'ਤੇ ਚੁੱਕੇ ਫਿਰਦੇ ਆਂ ਜੋ
ਆਪੋ-ਆਪਣੇ ਮੁਰਦਿਆਂ ਨੂੰ ਦਫਨਾਉਣ ਦਾ।
ਅਮੇਲਾ ਹੈ ਪੀਰਾਂ, ਫਕੀਰਾਂ, ਬਲੀ ਪੈਗੰਬਰਾਂ
ਸਾਡਾ ਅੱਜ ਉੱਪਰ ਤਣੇ,
ਭੂਤ ਦੇ ਅੰਬਰਾਂ ਨੂੰ ਅੱਜ ਦੇ ਮੋਰਾਂ ਲਾਹ,
ਇਤਿਹਾਸ ਵਿਚ ਉਨ੍ਹਾਂ ਨੂੰ
ਉਨ੍ਹਾਂ ਦੀ ਜਗ੍ਹਾਂ ਬਿਠਾਉਣ ਦਾ,
ਪੁਰਖਿਆਂ ਨੂੰ ਹੰਢਾਉਣਾ ਛੱਡ, ਪੈਰੀਂ ਹੱਥ ਲਾ,
'ਅੱਜ' ਦਾ ਮੂੰਹ ਕੱਲ੍ਹ ਵਲੋਂ ਮੋੜ ਕੇ
'ਭਲਕ' ਨੂੰ ਵੱਲ ਨੂੰ ਭਵਾਉਣ ਦਾ,
ਮਨ ਦੇ ਬੂਹੇ ਇਹ ਖਬਰ ਪਹੁੰਚਾਉਣ ਦਾ:
ਇਤਿਹਾਸ ਦਾ ਸਫਰ ਅਗਾਂਹ ਨੂੰ ਪਰਿਵਰਤਨ
ਸੰਗ ਮਿਣਿਆ ਜਾਂਦਾ ਹੈ,
ਪਰੰਪਰਾਵਾਂ ਦੇ ਗਜ਼ਾਂ ਨਾਲ ਨਾ ਮਿਣਿਆਂ
ਤੇ ਨਾ ਗਿਣਿਆ ਜਾਂਦਾ ਹੈ।

ਅਮੇਲਿਆਂ ਦੇ ਇਸ ਮੇਲੇ ਵਿਚ
ਸਭ ਤੋਂ ਤਾਕਤਵਰ ਜੋ ਨਾ ਡੱਕਿਆ ਜਾਣਾ ਰਾਜ ਤਖਤਾਂ ਤੋਂ,
ਪਿੱਠ ਲਾ ਕੇ ਵਿਰਸੇ ਸੰਗ
ਮੁਗਲਾਂ ਦੀ ਪਰਛਾਈ ਨੂੰ ਲਲਕਾਰ ਕੇ
ਚਹੁੰ ਕੂਟੀਂ ਤਰਕ ਵਿਗਿਆਨ ਇਨਸਾਨੀਅਤ ਦੀ
ਜੋਤ ਬਾਲ ਕੇ, 'ਭਲਕ' ਨੂੰ ਹਾਕ ਮਾਰ ਕੇ 'ਅੱਜ' ਸ਼ਾਮਲ ਹੈ,
ਤਾਂਹੀਓਂ ਤਾਂ ਇਸ ਵਿਚ ਸਾਰਾ ਜੱਗ ਸ਼ਾਮਲ ਹੈ।

ਅਤੀਤ ਦੀਆਂ ਕੋਟੇਸ਼ਨਾਂ ਦਾ ਭੰਡਾਰ ਜੋ
ਅੱਜ ਦੇ ਗਲੇ ਦਾ ਬਣ ਸਕਦਾ ਹੈ ਸ਼ਿੰਗਾਰ ਉਹ,
ਪਰ ਉਹ ਚਾਹੇ, ਵਿਚਰਦਾ ਹੈ ਜਾਂ ਘਟਦਾ ਹੈ
ਅੱਜ ਦਾ ਸੱਚ ਹਮੇਸ਼ਾ ਬੋਲਣ ਲਈ
ਅੱਜ ਦੇ ਸਮੇਂ ਦੀ ਜ਼ੁਬਾਨ ਹੀ ਵਰਤਦਾ ਹੈ।
ਬਹੁਤ ਖਤਰਨਾਕ ਹੁੰਦਾ ਹੈ ਅੱਜ ਦੇ ਅੰਦੋਲਨ ਨੂੰ
ਅਤੀਤ ਦੇ ਮੇਲੇ ਤੱਕ ਘਟਾ ਲੈਣਾ,
ਤੇ ਭਲਕ ਨੂੰ ਵੱਧੋ ਵੱਧ ਇਸ ਮੇਲੇ ਦਾ ਅਰਦਲੀ ਬਣਾ ਲੈਣਾ।

ਅਸੀਂ ਸਦੀਆਂ ਸਦੀਆਂ ਤੋਂ, ਹਰ ਯੁੱਗ ਵਿਚ
'ਭਾਰਤ' ਸ਼ਬਦ ਦੇ ਅਰਥਾਂ ਦਾ ਬੂਟਾ
ਹਰ ਰੁੱਤ ਤੇ ਮੌਸਮ ਵਿਚ, ਹਰ ਆਬੂ-ਹਵਾ ਵਿਚ
ਆਪਣੇ ਖੂਨ, ਪਸੀਨੇ ਤੇ ਜਾਨਾਂ ਨਾਲ
ਬੀਜਦੇ, ਉਗਾਉਂਦੇ, ਪਾਲਦੇ ਰਹੇ ਹਾਂ,
ਉਹਦੇ ਫਲਾਂ ਦਾ ਜਦ ਹੁਣ ਹਿਸਾਬ ਮੁਕਾਉਣ ਆਏ ਹਾਂ,
ਤਾਂ ਵੱਟੀ ਹੋਈ ਸਦੀਆਂ ਲੰਬੀ ਕਸੀਸ ਵਿਚ ਨੱਪਿਆਂ
ਹੱਕ ਸੱਚ ਦੇ ਜਲਾਲ ਵਿਚ ਨੱਚਦਾ ਗਾਉਂਦਾ ਤੂਫਾਨ ਬਣ ਕੇ,
ਲੁੱਟ-ਖੋਹ ਲਾਲਸਾ ਨੇ ਜੋ ਸੁਆਲ ਸਾਡੀ ਹੋਂਦ 'ਤੇ ਲਾਇਆ ਹੈ
ਉਹਦੇ ਹਾਣ ਦਾ ਸੁਆਲ ਲੁੱਟ-ਖੋਹ ਦੀ
ਹੋਂਦ ਉੱਪਰ ਝੁਲਾਉਣ ਆਏ ਹਾਂ।

ਵੱਟੀ ਹੋਈ ਸਦੀਆਂ ਲੰਬੀ ਕਸੀਸ ਵਿਚ ਨੱਪਿਆਂ
ਹੱਕ ਸੱਚ ਦੇ ਜਲਾਲ ਵਿਚ ਨੱਚਦਾ ਗਾਉਂਦਾ
ਇਹ ਜੋ ਤੂਫਾਨ ਆਇਆ ਹੈ,
ਇਹ ਕੱਲ੍ਹ, ਅੱਜ ਤੇ ਕੱਲ੍ਹ ਦੇ ਤ੍ਰੈਲੋਕ ਦਾ ਮੇਲਾ ਨਹੀਂ,
ਇਹ ਅੱਜ ਵਿਚ ਲੱਗਿਆ, ਅਮੇਲਿਆਂ ਦਾ ਮੇਲਾ ਹੈ
ਜਿਸ ਵਿਚ ਅਤੀਤ ਸੰਗ ਪਿੱਠ ਲਾ ਕੇ,
ਚਹੁੰ ਕੂਟੀਂ ਤਰਕ, ਵਿਗਿਆਨ, ਇਨਸਾਨੀਅਤ
ਦੀ ਜੋਤ ਬਾਲਦਾ ਹੋਇਆ
'ਭਲਕ' ਨੂੰ ਹਾਕ ਮਾਰਦਾ ਹੋਇਆ, 'ਅੱਜ' ਸ਼ਾਮਲ ਹੈ,
ਤਾਂਹੀਓਂ ਤਾਂ ਇਸ ਵਿਚ ਸਾਰਾ ਜੱਗ ਸ਼ਾਮਲ ਹੈ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

# ਹਿੰਸਾ ਅਤੇ ਪਾਗਲਪਣ ਦੀ ਸੂਖਮ ਪੇਸ਼ਕਾਰੀ: ਰਾਨ

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਅਕੀਰਾ ਕੁਰੋਸਾਵਾ ਦੀ ਫਿਲਮ 'ਰਾਨ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਜੰਗ ਦੀ ਵਿਕਰਾਲਤਾ ਅਤੇ ਸ਼ਾਸਕਾਂ ਦੀ ਬੇਈਮਾਨੀ ਦੀ ਗੱਲ ਕੀਤੀ ਗਈ ਹੈ। -ਸੰਪਾਦਕ***



ਅਕੀਰਾ ਕੁਰੋਸਾਵਾ ਦੀ ਫਿਲਮ 'ਰਾਨ' ਦਾ ਅਰਥ ਬਣਦਾ ਹੈ: ਹਫੜਾ-ਦਫੜੀ ਜੋ ਫਿਲਮ ਦੀ ਗਤੀ ਨੂੰ ਸੈੱਟ ਕਰਦੀ ਹੈ। ਫਿਲਮ 'ਰਾਨ' ਦੀ ਕਹਾਣੀ ਦਾ ਧੁਰਾ ਸ਼ੇਕਸਪੀਅਰ ਦੇ ਡਰਾਮੇ 'ਕਿੰਗ ਲੀਅਰ' ਦੇ ਆਲੇ-ਦੁਆਲੇ ਘੁੰਮਦਾ ਹੈ। ਇਸ ਡਰਾਮੇ ਦੀ ਕਹਾਣੀ ਬੇਹੱਦ ਦਿਲਚਸਪ ਹੈ। ਇਸ ਵਿਚ ਕਿੰਗ ਲੀਅਰ ਨਾਮ ਦਾ ਰਾਜਾ ਹਕੀਕਤ ਦੀ ਥਾਂ ਸੱਤਾ ਦੀ ਉਪਰਲੀ ਚਮਕ-ਦਮਕ ਦਾ ਆਦੀ ਹੋ ਜਾਂਦਾ ਹੈ। ਉਹ ਸੱਤਾ ਦੀ ਸਹਾਇਤਾ ਨਾਲ ਪ੍ਰਾਪਤ ਹੋਏ ਹਰ ਤਰ੍ਹਾਂ ਦਾ ਆਦਰ-ਮਾਣ ਤੇ ਸੁੱਖ-ਸਹੂਲਤਾਂ ਤਾਂ ਭੋਗਣੀ ਚਾਹੁੰਦਾ ਹੈ ਪਰ ਜਨਤਾ ਪ੍ਰਤੀ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਚੁੱਕਣ ਲਈ ਤਿਆਰ ਨਹੀਂ। ਉਸ ਦੇ ਤਿੰਨੇ ਮੁੰਡੇ ਉਸ ਦੀ ਇਸ ਕਮਜ਼ੋਰੀ ਨੂੰ ਤਾੜ ਲੈਂਦੇ ਹਨ ਤੇ ਉਨ੍ਹਾਂ ਦਾ ਉਸ ਪ੍ਰਤੀ ਵਤੀਰਾ ਇੱਜ਼ਤ-ਮਾਣ ਦੀ ਥਾਂ ਨਿੰਦਾ ਤੇ ਭੰਡਣ ਵਾਲਾ ਹੋ ਜਾਂਦਾ ਹੈ। ਫਿਲਮ ਵਿਚ ਇਹ ਸਾਰਾ ਕੁਝ ਇੰਨੀ ਬਾਰੀਕੀ ਤੇ ਤਿੱਖੇ ਰੂਪ ਵਿਚ ਫਿਲਮਾਇਆ ਗਿਆ ਹੈ ਕਿ ਦਰਸ਼ਕ ਕਿੰਗ ਲੀਅਰ ਦੀ ਤਰਾਸਦੀ ਤੇ ਉਸ ਦੀ ਮਾਨਸਿਕ ਟੁੱਟ-ਭੱਜ ਦੇ ਅਮਲ ਨੂੰ ਨਜ਼ਦੀਕ ਤੋਂ ਦੇਖ ਸਮਝ ਸਕਦਾ ਹੈ।

ਇਸ ਫਿਲਮ ਦਾ ਥੀਮ 'ਦੇਅਰ ਵਿਲ ਵੀ ਬਲੱਡ' ਹੈ। ਇਹ ਥੀਮ ਫਿਲਮ ਦੇ ਸੰਗੀਤ, ਇਸ ਦੀ ਗਤੀ, ਇਸ ਦੇ ਕਿਰਦਾਰਾਂ ਦੀ ਤਰਜ਼ੇ-ਜ਼ਿੰਦਗੀ, ਘਟਨਾਵਾਂ ਦੀ ਅਨਿਸ਼ਚਿਤਤਾ ਤੇ ਕਿੰਗ ਲੀਅਰ ਦੇ ਕਿਰਦਾਰ ਨੂੰ ਪਰਦੇ 'ਤੇ ਪੇਸ਼ ਕਰ ਰਹੇ ਅਦਾਕਾਰ ਤਤਸੁਈਆ ਨਕਦੇਈ ਦੇ ਹਾਵਾਂ-ਭਾਵਾਂ ਰਾਹੀ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਇਹ ਫਿਲਮ ਲਿਖਣ ਤੇ ਫਿਰ ਇਸ ਲਈ ਫੰਡ ਇਕੱਠਾ ਕਰਨ ਲਈ ਅਕੀਰਾ ਕੁਰੋਸਾਵਾ ਨੇ ਦਸ ਸਾਲ ਲਗਾਤਾਰ ਇੰਤਜ਼ਾਰ ਕੀਤਾ। ਇਸ ਦੌਰਾਨ ਉਸ ਨੇ ਫਿਲਮਾਂਕਣ ਨਾਲ ਸਬੰਧਿਤ ਹਜ਼ਾਰਾਂ ਸਕੈਚ ਤੇ ਲੜਾਈ ਦੀਆਂ ਅਨੇਕਾਂ ਡਰਾਇੰਗਾਂ ਬਣਾਈਆਂ। ਇਨ੍ਹਾਂ ਰਾਹੀਂ ਉਸ ਨੇ ਆਪਣੇ ਅਤੀਤ ਤੇ ਜ਼ਿੰਦਗੀ ਦੀਆਂ ਘਟਨਾਵਾਂ ਦੀ ਇਸ ਫਿਲਮ ਦੇ ਨਿਰਮਾਣ ਵਿਚ ਵਰਤੋਂ ਨੂੰ ਵੀ ਚਿਤਰਿਆ। ਫਿਲਮ ਦੀ ਇੱਕ ਹੋਰ ਖਾਸੀਅਤ ਸਾਰੀ ਫਿਲਮ ਵਿਚ ਮੌਤ ਦਾ ਸੰਗੀਤ ਟੁਣਕਣ ਦੀ ਹੈ, ਅਰਥਾਤ ਪੂਰੀ ਫਿਲਮ ਵਿਚ ਜੰਗ ਤੇ ਮੌਤ ਹੀ ਕਿਰਦਾਰਾਂ ਦੀ ਹੋਣੀ ਤੈਅ ਕਰ ਰਹੇ ਹਨ, ਵਿਚਲਾ ਰਸਤਾ ਕੋਈ ਨਹੀਂ। ਫਿਲਮ ਮੌਤ ਤੇ ਜੰਗ ਦੇ ਇਸ ਚਿਤਰਨ ਦੌਰਾਨ ਬੁੱਧ ਧਰਮ ਦੇ ਚਿੰਨ੍ਹਾਂ ਤੇ ਸਿੱਖਿਆਵਾਂ ਦਾ ਜ਼ਬਰਦਸਤ ਪ੍ਰਯੋਗ ਕਰਦੀ ਹੈ। ਇਹ ਇਸ ਫਿਲਮ ਦੀ ਦਾਰਸ਼ਨਿਕ ਗਹਿਰਾਈ ਦਾ ਧੁਰਾ ਵੀ ਹੋ ਨਿਬੜਦਾ ਹੈ। ਕੀ ਸੱਤਾ ਤੇ ਹਿੰਸਾ ਨੂੰ ਇੱਕ-ਦੂਜੇ ਤੋਂ ਨਿਖੇੜ ਕੇ ਪੜ੍ਹਿਆ ਜਾ ਸਕਦਾ ਹੈ? ਕੀ ਸਟੇਟ ਜਾਂ ਰਾਜ ਆਪਣੇ-ਆਪ ਵਿਚ ਹੀ ਹਿੰਸਾਤਮਕ ਢਾਂਚਾ ਤਾਂ ਨਹੀਂ? ਕੀ ਹਿੰਸਾ ਹੀ ਸੱਤਾ ਪ੍ਰਾਪਤੀ ਤੇ ਉਸ ਨੂੰ ਬਣਾਈ ਰੱਖਣ ਦਾ ਇਕਲੌਤਾ ਸਾਧਨ ਤਾਂ ਨਹੀਂ?

ਇਨ੍ਹਾਂ ਸਵਾਲਾਂ ਦੇ ਜਵਾਬ ਫਿਲਮ ਦੀ ਪਟਕਥਾ ਦੇ ਨਾਲ-ਨਾਲ ਖੁੱਲ੍ਹਦੇ ਜਾਂਦੇ ਹਨ। ਫਿਲਮ ਵਿਚ ਅਹਿੰਸਾ ਤੇ ਹਿੰਸਾ ਬਾਰੇ ਤੁਲਨਾਤਮਿਕ ਬਿਰਤਾਂਤ ਲਗਾਤਾਰ ਚੱਲਦਾ ਰਹਿੰਦਾ ਹੈ। ਇਸ ਵਿਚ ਜਿਹੜੇ ਕਿਰਦਾਰ ਹਿੰਸਾ ਦੇ ਰਾਹ 'ਤੇ ਚੱਲਦਿਆਂ ਬੁੱਧ ਦੇ ਫਲਸਫੇ ਤੋਂ ਦੂਰ ਹੁੰਦੇ ਜਾਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਵਿਚ ਹਾਲਾਤ ਨਰਕ ਵਾਂਗ ਬਣਦੇ ਜਾਂਦੇ ਹਨ ਤੇ ਹੌਲੀ-ਹੌਲੀ ਉਨ੍ਹਾਂ ਦੀ ਮਾਨਸਿਕ ਹਾਲਤ ਵਿਗੜਦੀ ਜਾਂਦੀ ਹੈ। ਉਸ ਦੀ ਇਸ ਹਾਲਤ ਨੂੰ ਦੋ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ ਇਹ ਕਿ ਇੱਕ ਪਰਿਵਾਰ ਵਿਚ ਸੱਤਾ ਤਬਦੀਲੀ ਦਾ ਅਮਲ ਵੀ ਕਿਸੇ ਰਾਜ ਦੀ ਸੱਤਾ ਤਬਦੀਲੀ ਵਾਂਗ ਹੀ ਹਿੰਸਕ ਤੇ ਖ਼ੂਨੀ ਹੋ ਸਕਦੀ ਹੈ। ਦੂਜਾ ਇਹ ਕਿ ਪਰਿਵਾਰਕ ਰਿਸ਼ਤਿਆਂ ਦੀ ਵਿਆਕਰਨ ਵੀ ਬਹੁਤ ਵਾਰ ਸਮਾਜਿਕ ਤੇ ਸਿਆਸੀ ਹਾਲਾਤ ਹੀ ਤੈ ਕਰਦੇ ਹਨ ਜਿਨ੍ਹਾਂ ਨਾਲ ਨਜਿੱਠੇ ਬਿਨਾਂ ਸ਼ਾਂਤੀ ਦੀ ਗੱਲ ਕਰਨੀ ਮੂਰਖਤਾ ਹੀ ਹੈ।

ਅਕੀਰਾ ਕੁਰੋਸਾਵਾ ਦੀ ਖਾਸੀਅਤ ਇਹ ਹੈ ਕਿ ਉਹ ਰੰਗਾਂ, ਸੰਗੀਤ ਅਤੇ ਲੰਮੇ ਤੇ ਨਜ਼ਦੀਕੀ ਦ੍ਰਿਸ਼ਾਂ ਦੁਆਰਾ ਇਸ ਤਰ੍ਹਾਂ ਦੀ ਕਹਾਣੀ ਸਿਰਜਦਾ ਹੈ ਕਿ ਇਹ ਕਿਸੇ ਕਲਪਨਾ ਲੋਕ ਦਾ ਹਿੱਸਾ ਹੀ ਲੱਗਦਾ ਹੈ। ਇਸ ਫਿਲਮ ਦੀ ਸਭ ਤੋਂ ਜ਼ਿਆਦਾ ਪ੍ਰਸੰਸਾ ਜੰਗ ਦੇ ਭਿਆਨਕ ਪਰ ਬਹੁਤ ਹੀ ਸ਼ਾਨਦਾਰ ਢੰਗਾਂ ਨਾਲ ਦਰਸਾਏ ਦ੍ਰਿਸ਼ਾਂ ਲਈ ਹੁੰਦੀ ਹੈ। ਜਦੋਂ ਇਸ ਵਿਚ ਇਸ ਤੱਥ 'ਤੇ ਧਿਆਨ ਦਿੱਤਾ ਜਾਂਦਾ ਹੈ ਕਿ ਅਕੀਰਾ ਨੇ ਇਹ ਸਭ ਉਦੋਂ ਫਿਲਮਾਇਆਂ ਜਦੋਂ ਕਪਿਊਟਰ ਤੇ ਡਿਜ਼ੀਟਲ ਤਕਨੀਕਾਂ ਦਾ ਨਾਮੋ-ਨਿਸ਼ਾਨ ਨਹੀਂ ਸੀ ਤਾਂ ਉਸ ਦੀ ਕਲਪਨਾ ਤੇ ਨਿਰਦੇਸ਼ਨ ਅੱਗੇ ਸਿਰ ਝੁਕਦਾ ਹੈ।

ਫਿਲਮ 'ਰਾਨ' ਇਸ ਲਈ ਵੀ ਦੇਖਣੀ ਚਾਹੀਦੀ ਹੈ ਕਿ ਇਹ ਹਿੰਸਾ ਅਤੇ ਪਾਗਲਪਣ ਵਿਚਕਾਰ ਬਣਦੇ ਸਬੰਧਾਂ 'ਤੇ ਕਰਾਰਾ ਵਿਅੰਗ ਹੈ। ਫਿਲਮ ਦੇਖਦਿਆਂ ਜਾਬਰ ਰਾਜੇ ਦੀ ਹੋਣੀ ਦੇ ਸਾਖਸ਼ਾਤ ਦਰਸ਼ਨ ਹੁੰਦੇ ਹਨ ਜੋ ਸਾਰੀ ਉਮਰ ਲੋਕਾਈ ਨੂੰ ਜੰਗ ਦੀ ਬਰਬਰਤਾ ਵਿਚ ਧੱਕਦਾ ਹੈ ਪਰ ਉਮਰ ਦੇ ਅੰਤਲੇ ਵਰ੍ਹਿਆਂ ਵਿਚ ਖੁਦ ਚੈਨ ਨਾਲ ਜਿਊਣਾ ਚਾਹੁੰਦਾ ਹੈ। ਅਕੀਰਾ ਅਨੁਸਾਰ ਅਜਿਹੇ ਸ਼ਖਸ ਦੀ ਤਰਾਸਦੀ ਦੁਨੀਆ ਦੀ ਸਭ ਤੋਂ ਵੱਡੀ ਤਰਾਸਦੀ ਹੈ ਜਿਸ ਨੂੰ ਜ਼ਿੰਦਗੀ ਦੀ ਸਮਝ ਮੌਤ ਦੁਆਰਾ ਦਰਵਾਜ਼ਾ ਖੜਕਾਉਣ 'ਤੇ ਹੁੰਦੀ ਹੈ। ਫਿਲਮ ਸ਼ੇਕਸਪੀਅਰ ਦੇ ਡਰਾਮੇ ਦਾ ਜਪਾਨੀ ਪੁਨਰ-ਜਨਮ ਕਹੀ ਜਾ ਸਕਦੀ ਹੈ।








*ਫਿਲਮਸਾਜ਼ ਅਕੀਰਾ ਕੁਰੋਸਾਵਾ, (ਵਿਚਕਾਰ) ਫਿਲਮ 'ਰਾਨ' ਦਾ ਪੋਸਟਰ ਅਤੇ (ਐਨ ਸੱਜੇ) ਫਿਲਮ ਰਾਨ ਦੀ ਇਕ ਝਲਕ।*

# ਕਲਾ ਅਤੇ ਕਿਸਾਨ ਦਾ ਸੋਹਣਾ ਸੰਗਮ

ਕਿਸਾਨ ਅੰਦੋਲਨ ਦੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਵੱਲੋਂ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਜਿੱਤ ਕੇ ਸੰਸਦ ਮੈਂਬਰ ਬਣਿਆ ਸਨੀ ਦਿਓਲ ਅਤੇ ਉਸ ਦਾ ਪਿਤਾ ਧਰਮਿੰਦਰ ਭਾਵੇਂ ਅਜੇ ਤੱਕ ਚੁੱਪ ਹਨ ਪਰ ਇਸ ਪਰਿਵਾਰ ਦੇ ਨੌਜਵਾਨ ਅਭੈ ਦਿਓਲ ਨੇ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ। ਯਾਦ ਰਹੇ ਕਿ ਅਭੈ ਦਿਓਲ ਧਰਮਿੰਦਰ ਦੇ ਛੋਟੇ ਭਰਾ ਮਰਹੂਮ ਅਜੀਤ ਦਿਓਲ ਦਾ ਪੁੱਤਰ ਹੈ ਅਤੇ ਵੱਖ-ਵੱਖ ਮਸਲਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਦਾ ਰਹਿੰਦਾ ਹੈ।

ਅਭੈ ਦਿਓਲ ਦੀ ਇਕ ਹੋਰ ਖਾਸੀਅਤ ਇਹ ਵੀ ਹੈ ਕਿ ਉਹ ਫਿਲਮੀ ਦੁਨੀਆ ਅੰਦਰ ਵੀ ਕਦੀ ਭੇਡਚਾਲ ਦਾ ਸ਼ਿਕਾਰ ਨਹੀਂ ਹੋਇਆ। ਉਸ ਨੇ ਜਿਹੜੀਆਂ ਫਿਲਮਾਂ ਵਿਚ ਕੰਮ ਕੀਤਾ ਹੈ, ਉਹ ਵੀ ਅਕਸਰ ਆਮ ਫਿਲਮਾਂ ਨਾਲੋਂ ਹਟ ਕੇ ਹੁੰਦੀਆਂ ਹਨ ਅਤੇ ਇਨ੍ਹਾਂ ਫਿਲਮਾਂ ਦੇ ਵਿਸ਼ੇ ਵੀ ਬੜੇ ਵਿਲੱਖਣ ਹੁੰਦੇ ਹਨ।







*ਅਭੈ ਦਿਓਲ, ਸੋਨਾਕਸ਼ੀ ਸਿਨਹਾ ਅਤੇ ਤਾਪਸੀ ਪੰਨੂ।*

ਅਭੈ ਦਿਓਲ ਨੇ ਕਿਸਾਨ ਅੰਦੋਲਨ ਦੇ ਮਾਮਲੇ ਵਿਚ ਅਦਾਕਾਰਾ ਤਾਪਸੀ ਪੰਨੂ ਅਤੇ ਸਵਰਾ ਭਾਸਕਰ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਪ੍ਰਸੰਸਾ ਕੀਤੀ ਹੈ। ਉਸ ਨੇ ਆਪਣੇ ਟਵੀਟ ਵਿਚ ਪੌਪ ਗਾਇਕਾ ਰਿਆਨਾ ਨੂੰ ਵੀ ਟੈਗ ਕੀਤਾ ਹੈ। ਯਾਦ ਰਹੇ ਕਿ ਇਸ ਮਾਮਲੇ ਵਿਚ ਬਹੁਤ ਘੱਟ ਫਿਲਮੀ ਸਿਤਾਰੇ ਬੋਲੇ ਹਨ। ਹਾਲ ਹੀ ਵਿਚ ਅਦਾਕਾਰ ਨਸੀਰੂਦੀਨ ਸ਼ਾਹ ਨੇ ਬਹੁਤ ਕਮਾਲ ਦੀਆਂ ਟਿੱਪਣੀਆਂ ਇਸ ਪ੍ਰਸੰਗ ਵਿਚ ਕੀਤੀਆਂ ਹਨ। ਇਸੇ ਦੌਰਾਨ ਅਦਾਕਾਰਾ ਤਾਪਸੀ ਪੰਨੂ ਨੇ ਆਪਣੀ ਆਉਣ ਵਾਲੀ ਫਿਲਮ 'ਲੂਪ ਲਪੇਟਾ' ਦੀ ਫੋਟੋ ਸਾਂਝੀ ਕੀਤੀ ਹੈ। ਤਾਪਸੀ ਇਸ ਫਿਲਮ ਵਿਚ ਸਾਵੀ ਨਾਂ ਦਾ ਕਿਰਦਾਰ ਨਿਭਾਵੇਗੀ। ਅਦਾਕਾਰਾ ਨੇ ਇਸ ਫਿਲਮ ਦੀ ਪਹਿਲੀ ਝਲਕ ਆਪਣੇ ਇੰਸਟਾਗ੍ਰਾਮ ਅਤੇ ਟਵਿੱਟਰ ਖਾਤੇ 'ਤੇ ਸਾਂਝੀ ਕੀਤੀ ਹੈ। ਉਸ ਨੇ ਆਪਣੀ ਪੋਸਟ ਵਿਚ ਲਿਖਿਆ ਹੈ ਕਿ ਜ਼ਿੰਦਗੀ ਵਿਚ ਕਦੇ-ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਜਦੋਂ ਇਨਸਾਨ ਨੂੰ ਖੁਦ ਨੂੰ ਸਵਾਲ ਕਰਨਾ ਪੈਂਦਾ ਹਨ।

ਚੇਤੇ ਰਹੇ ਕਿ ਅਕਸ਼ੈ ਕੁਮਾਰ ਅਤੇ ਅਜੇ ਦੇਵਗਨ ਵਰਗੇ ਕੁਝ ਅਦਾਕਾਰਾਂ ਨੇ ਕਿਸਾਨ ਅੰਦੋਲਨ ਦੇ ਮਾਮਲੇ ਵਿਚ ਸਰਕਾਰਾ ਦਾ ਪੱਖ ਪੂਰਨ ਦਾ ਯਤਨ ਕੀਤਾ ਹੈ ਪਰ ਇਨ੍ਹਾਂ ਫਿਲਮੀ ਹਸਤੀਆਂ ਦੀ ਨੁਕਤਾਚੀਨੀ ਬਹੁਤ ਹੋਈ ਹੈ। ਆਲੋਚਨਾ ਕਰਨ ਵਾਲਿਆਂ ਨੇ ਕਿਹਾ ਹੈ ਕਿ ਕਿਸਾਨ ਇਸ ਵੇਲੇ ਬੇਹੱਦ ਸੰਕਟ ਵਿਚੋਂ ਲੰਘ ਰਹੇ ਹਨ, ਸਰਕਾਰ ਇਨ੍ਹਾਂ ਕਿਸਾਨਾਂ ਦੀ ਬਾਂਹ ਫੜਨ ਦੀ ਥਾਂ ਖੇਤੀ ਦੀ ਵਾਗਡੋਰ ਵਪਾਰੀਆਂ ਦੇ ਹੱਥ ਦੇਣ ਦੀਆਂ ਤਿਆਰੀਆਂ ਕਰ ਰਿਹਾ ਹੈ। ਇਸ ਨਾਲ ਕਿਸਾਨਾਂ ਅਤੇ ਇਨ੍ਹਾਂ ਦੇ ਪਰਿਵਾਰਾਂ ਦੀ ਹਾਲਤ ਹੋਰ ਜ਼ਿਆਦਾ ਵਿਗੜੇਗੀ। ਇਸੇ ਕਰ ਕੇ ਹੀ ਕਿਸਾਨ ਆਪਣੀ ਹੋਂਦ ਬਚਾਉਣ ਖਾਤਰ ਪਿਛਲੇ ਕਈ ਮਹੀਨਿਆਂ ਤੋਂ ਸਰਕਾਰ ਖਿਲਾਫ ਘੋਲ ਵਿਚ ਡਟੇ ਹੋਏ ਹਨ। ***-ਗੁਰਜੰਟ ਸਿੰਘ***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

**Time to buy new home in Tracy, Manteca, Lothrop and Stockton**

## Hot Listing in San Jose, CA

288 S 12th Street,
San Jose, CA 95112
3 Bedrooms 3 Bathrooms
Living Area: 1602 Sq. Ft.
Lot Size 6560 Sq. Ft.
**Asking: $1,199,000**



ਪਿਛਲੇ 33 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 83 Shenado Place, San Jose, CA 95136
2. 273 Granville Ct. San Jose, CA 95139
3. 139 Vivid Lane, Hayward, CA 94544
4. 315 Crest Dr. San Jose, CA 95127
5. 27471 Ponderosa Ct. Hayward, CA 94545
6. 27659 Persimmon Dr. Hayward, CA 94544
7. 3121 Jerrold Zanzi Ln., Tracy, CA 95377
8. 188 Briarwood Dr., Hayward, CA 94544
9. 13028 Water Street, San Jose, CA 95111
10. 4563 Wheeler Dr., Fremont, CA 94538
11. 8804 Bryden Way, Sacramento, CA 95826
12. 4096 Partridge Dr., San Jose, CA 95121

**Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Purchase Loan and Refinance

15 & 30 Yr Fixed Rates Are Still Better!!! Refinance Now At Zero Cost

**Call Sukhveer (Sukhi) Gill** Ph: 510-207-9067
DHMS, Loan Broker
CA BRE Lic.#01180969
NMLS# 352095



**We support Farmers**

ਆਓ, ਕਿਸਾਨੀ ਸੰਘਰਸ਼ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਦੀ ਹਮਾਇਤ 'ਚ ਆਪਣਾ ਬਣਦਾ ਯੋਗਦਾਨ ਪਾਈਏ

